ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

3-9 ਜਨਵਰੀ 2024

ਸਾਲ 15ਵਾਂ - ਅੰਕ 1
email : info@sadelok.com
Ph. : 510-706-1300
Fax : 925-373-1300



ਸਿੱਖ ਕੌਮ ਦੀ ਪੱਗ ਮੁੜ ਸਿਰ 'ਤੇ ਰੱਖਣ ਲਈ
ਜਿਨ੍ਹਾਂ ਨੇ ਜ਼ਾਲਮ ਨੂੰ ਸੋਧ ਕੇ ਹੱਸ ਕੇ ਫਾਂਸੀਆਂ ਦੇ ਰੱਸੇ ਚੁੰਮੇ ਉਨ੍ਹਾਂ ਮਹਾਨ ਸ਼ਹੀਦ ਨੂੰ
**ਕੋਟਿ-ਕੋਟਿ ਪ੍ਰਣਾਮ** (ਦੇਖੋ ਸਫ਼ਾ 33 'ਤੇ)

## ਸਿੱਖ ਪੰਥ ਨੇ ਮਹਾਨ ਵਿਦਵਾਨ ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਹੈਡ ਗ੍ਰੰਥੀ ਗੁਰਦੁਆਰਾ ਬੰਗਲਾ ਸਾਹਿਬ ਅਮਰੀਕਾ ਦੌਰੇ 'ਤੇ



15

## ਜਥੇਦਾਰ ਕਾਉਂਕੇ ਦੇ ਕਾਤਲਾਂ ਨੂੰ ਮੌਤ ਦੀ ਸਜ਼ਾ ਦੇਣੀ ਚਾਹੀਦੀ : ਜਥੇਦਾਰ ਗਿ. ਹਰਪ੍ਰੀਤ ਸਿੰਘ



10

## ਪੰਜਾਬ ਕੋਲ ਦੇਣ ਲਈ ਪਾਣੀ ਦੀ ਇਕ ਵੀ ਬੂੰਦ ਨਹੀਂ : ਮੁੱਖ ਮੰਤਰੀ ਭਗਵੰਤ ਮਾਨ



22

# ਨਵੇਂ ਵਰ੍ਹੇ 'ਤੇ ਸੈਂਕੜੇ ਸ਼ਰਧਾਲੂ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ



(ਦੇਖੋ ਸਫ਼ਾ 16 'ਤੇ)

# ਪੈਰੋਲ 'ਤੇ ਆਏ ਸਿੱਖਾਂ ਨੂੰ ਵੀ ਘਰ ਨਸੀਬ ਨਹੀਂ

## ਸਿੱਖਾਂ ਨਾਲ ਧੱਕੇ ਦੀ ਇੰਤਹਾ





(ਦੇਖੋ ਸਫ਼ਾ 20 'ਤੇ)

## ਭਾਈ ਰਾਜੋਆਣਾ ਨੇ ਲਿਖਿਆ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ

## ਮੈਂ ਕੋਈ ਗੁਨਾਹ ਕੀਤਾ ਹੀ ਨਹੀਂ ਤਾਂ ਫਿਰ ਪਛਤਾਵਾ ਕਿਸ ਗੱਲ ਦਾ, ਮੁਆਫੀ ਕਿਸ ਗੱਲ ਦੀ ?



ਪਟਿਆਲਾ : ਪਿਛਲੇ ਦਿਨੀਂ ਲੋਕ ਸਭਾ 'ਚ ਆਪਣੇ ਸੰਬੋਧਨ ਦੌਰਾਨ ਗ੍ਰਹਿ ਮੰਤਰੀ ਨੇ ਬੰਦੀ ਸਿੰਘਾਂ ਦੇ ਇਕ ਮੁੱਦੇ 'ਤੇ ਜਵਾਬ ਦਿੰਦਿਆਂ ਕਿਹਾ ਸੀ ਕਿ ਜਿਸ ਸ਼ਖਸ ਨੂੰ ਆਪਣੇ ਕੀਤੇ ਦਾ ਪਛਾਵਾ ਨਹੀਂ, ਉਸ ਨੂੰ ਮੁਆਫ਼ੀ ਕਹੀ। ਇਸ ਦੇ ਜਵਾਬ 'ਚ ਭਾਈ ਬਲਵੰਤ ਸਿੰਘ ਰਾਜੋਆਣਾ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਚਾਰ ਸਫ਼ਿਆਂ ਦਾ ਇਕ ਪੱਤਰ ਲਿਖਿਆ ਹੈ ਅਤੇ ਉਨ੍ਹਾਂ ਵਲੋਂ ਦਿੱਤੇ ਗਏ ਉਕਤ ਬਿਆਨ 'ਤੇ ਕਈ ਸਵਾਲ ਚੁੱਕੇ ਹਨ। ਪੱਤਰ 'ਚ ਭਾਈ ਰਾਜੋਆਣਾ ਨੇ ਲਿਖਿਆ ਹੈ ਕਿਦ ਮੈਂ ਸਮੁੱਚੀ ਮਨੁੱਖਤਾ ਦੀ ਚੜ੍ਹਦੀ ਕਲਾ ਲਈ ਉਸ ਅਕਾਲ ਪੁਰਖ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ। ਤੁਸੀਂ ਦੇਸ਼ ਦੀ ਸੰਸਦ ਵਿਚ ਖੜ੍ਹ ਕੇ 28 ਸਾਲਾਂ ਤੋਂ ਜੇਲ੍ਹ ਅਤੇ 17 ਸਾਲਾਂ ਤੋਂ ਫਾਂਸੀ ਚੱਕੀ ਵਿਚ ਬੈਠੇ ਮੈਨੂੰ ਸੰਬੋਧਨ ਕਰਦੇ ਹੋਏ ਇਹ ਕਿਹਾ ਹੈ ਕਿ ਅਗਰ ਉਸ ਨੂੰ ਆਪਣੇ ਗੁਨਾਹ ਦਾ ਅਹਿਸਾਸ ਹੀ ਨਹੀਂ ਹੈ, ਪਛਤਾਵਾ ਹੀ ਨਹੀਂ ਹੈ, ਉਹ ਵਿਅਕਤੀ ਦਇਆ ਦਾ, ਰਹਿਮ ਦਾ ਹੱਕਦਾਰ ਨਹੀਂ ਹੈ। ਤੁਹਾਡੇ ਵਲੋਂ ਸੰਸਦ ਵਿਚ ਦਿੱਤੇ ਹੋਏ ਬਿਆਨ 'ਤੇ ਮੈਂ ਇਹੀ ਕਹਿਣਾ

(ਦੇਖੋ ਸਫ਼ਾ 10 'ਤੇ)

Khalsa Affairs
ਖਾਲਸਾ ਅਫੇਅਰਜ਼ ਚੈਨਲ 'ਤੇ ਇਸ਼ਤਿਹਾਰ ਦੇਣ ਜਾਂ ਲਾਈਵ ਕਵਰੇਜ਼ ਲਈ ਸੰਪਰਕ ਕਰੋ
www.khalsaaffairs.com
510-706-1300

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories PERM
Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas
Other Immigrantion Services
- Citizenship
- e-Verify, 1-9 and
- Other Compliance Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ
• BIA ਅਪੀਲ • 9 Circuit ਅਪੀਲ
• ਸਿਟੀਜਨਸ਼ਿਪ • ਗਰੀਨਕਾਰਡ
ਸ. ਹਰਮਿੰਦਰ ਸਿੰਘ ਸਮਾਣਾ
ਆਫਿਸ ਮੈਨੇਜਰ 209-481-7750
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
Law office of Anthony Nwosu
239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
PH: 209-624-3919
Anthony Nwosu Attorney at Law 510-788-4558

# ਵੋਟ 5 ਮਾਰਚ, 2024



ਜਨਤਕ ਸੁਰੱਖਿਆ ਲਈ



ਬੇਘਰੇ ਲੋਕਾਂ ਲਈ



ਛੋਟੇ ਕਾਰੋਬਾਰ ਨੂੰ
ਉਤਸ਼ਾਹਿਤ ਕਰਨ ਲਈ

## ★ ਸੁਰੱਖਿਅਤ ਅਤੇ ਸਾਫ਼ ਆਂਢ-ਗੁਆਂਢ ★

## ਕਮਿਊਨਿਟੀ ਨੇ ਨਿਸ਼ਕਾਮ ਸੇਵਾਦਾਰ ਅਤੇ ਤਜਰਬੇਕਾਰ ਨੇਤਾ

- ਅਸੀਂ ਇਕੱਠੇ ਮਿਲ ਕੇ ਆਪਣੇ ਭਾਈਚਾਰੇ ਨੂੰ ਵੱਧ ਰਹੇ ਅਪਰਾਧਾਂ ਤੋਂ ਬਚਾਵਾਂਗੇ ਅਤੇ ਆਂਢ-ਗੁਆਂਢ ਦੀ ਸੁਰੱਖਿਆ ਨੂੰ ਉਤਸ਼ਾਹਿਤ ਕਰਾਂਗੇ।
- ਜਿਵੇਂ ਕਿ ਹਰ ਇੱਕ ਨੂੰ ਵਧੀਆ ਘਰ ਦੀ ਲੋੜ ਹੈ। ਅਸੀਂ ਮਿਲ ਕੇ ਬੇਘਰਿਆਂ ਨੂੰ ਘਰ ਬਣਾਉਣ ਅਤੇ ਸਾਫ਼-ਸੁਥਰੇ ਆਂਢ-ਗੁਆਂਢ ਨੂੰ ਬਣਾਈ ਰੱਖਣ ਵੱਲ ਧਿਆਨ ਦੇਵਾਂਗੇ।
- ਅਸੀਂ ਸਾਰੇ ਮਿਲ ਕੇ ਛੋਟੇ ਕਾਰੋਬਾਰਾਂ ਨੂੰ ਉਤਸ਼ਾਹਿਤ ਕਰਾਂਗੇ।
- ਅਸੀਂ ਸਾਰੇ ਪਾਰਕਾਂ, ਗਲੀਆਂ ਨੂੰ ਸੁਰੱਖਿਅਤ ਅਤੇ ਸਾਫ਼ ਸਥਰਾ ਰੱਖਣ ਵੱਲ ਵਿਸ਼ੇਸ਼ ਧਿਆਨ ਦੇਵਾਂਗੇ।



ਹੋਰ ਜਾਣਕਾਰੀ ਲਈ ਸੰਪਰਕ ਕਰੋ ਤੁਹਾਡਾ ਆਪਣਾ

## ਸ. ਸੁਖਦੇਵ ਸਿੰਘ ਬੈਨੀਵਾਲ

**For San Jose City Council - District 8**

**(408) 421-9463 or email : voteBainiwal@gmail.com**

**visit www.Votebainiwal.com #BainiwalForAll**

Paid for by Sukhdev Bainiwal for City Council 2024 FPPc#1463066

# ਨਵੇਂ ਸਾਲ 2024 ਦੀ ਆਮਦ 'ਤੇ ਗੁਰਦੁਆਰਾ ਸਨਵਾਕੀਨ ਵਿਖੇ ਹੋਏ ਵਿਸ਼ੇਸ਼ ਪ੍ਰੋਗਰਾਮ

ਨਵੇਂ ਸਾਲ 2024 ਦੀ ਆਮਦ 'ਤੇ ਗੁਰਦੁਆਰਾ ਸਨਵਾਕੀਨ ਵਿਖੇ ਹੋਏ ਵਿਸ਼ੇਸ਼ ਪ੍ਰੋਗਰਾਮ



ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਹਰ ਸਾਲ ਦੀ ਤਰਾਂ ਇਸ ਨਵੇਂ ਸਾਲ 2024 ਦੀ ਆਮਤ 'ਤੇ ਸੈਂਟਰਲ ਵੈਲੀ ਦੇ ਸਭ ਤੋਂ ਪਹਿਲੇ ਅਤੇ ਸਰਕਾਰੀ ਤੌਰ 'ਤੇ ਹੈਰੀਟੇਜ਼ ਦਾ ਦਰਜਾ ਪ੍ਰਾਪਤ ਗੁਰਦੁਆਰਾ "ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ ਵਿਖੇ ਵਿਸ਼ੇਸ਼ ਪ੍ਰੋਗਰਾਮ ਕਰਵਾਏ ਗਏ। ਜਿਨ੍ਹਾਂ ਵਿੱਚ ਪਾਠਾ ਦੇ ਭੋਗ ਉਪਰੰਤ ਸਜਾਏ ਗਏ ਗੁਰਮਤਿ ਸਮਾਗਮ ਵਿੱਚ ਗੁਰੂਘਰ ਦੇ ਮੁੱਖ ਗ੍ਰੰਥੀ ਭਾਈ ਕੁਲਵੰਤ ਸਿੰਘ ਧਾਲੀਵਾਲ ਇਤਿਹਾਸਕ ਕਥਾ ਰਾਹੀ ਸੰਗਤਾਂ ਗੁਰਮਤਿ ਨਾਲ ਜੋੜਦੇ ਹੋਏ ਨਿਹਾਲ ਕੀਤਾ। ਜਦ ਕਿ ਗੁਰੂਘਰ ਦੇ ਹਜ਼ੂਰੀ ਕੀਰਤਨੀਏ ਭਾਈ ਜੋਗਿੰਦਰ ਸਿੰਘ ਯੋਗੀ ਦੇ ਕੀਰਤਨੀ ਜੱਥੇ ਅਤੇ ਹੋਰ ਕੀਰਤਨੀ ਜੱਥਿਆਂ ਵੱਲੋਂ ਸੰਗਤਾਂ ਨੂੰ ਨਿਰੋਲ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ ਗਿਆ। ਇਸ ਸਮੇਂ ਸਥਾਨਿਕ ਗਾਇਕ ਕਲਾਕਾਰਾਂ ਵਿੱਚੋਂ ਗਾਇਕਾਂ ਬੀਬੀ ਦਿਲਪ੍ਰੀਤ ਕੌਰ ਅਤੇ ਗਾਇਕ ਪੱਪੀ ਭਦੌੜ ਨੇ ਧਾਰਮਿਕ ਗੀਤਾਂ ਰਾਹੀ ਹਾਜ਼ਰੀ ਭਰੀ। ਇਸ ਸਮੇਂ ਸੰਗਤਾਂ ਨੇ ਰਲ ਕੇ ਗੁਰਬਾਣੀ ਸਿਮਰਨ ਜਾਪ ਵੀ ਕੀਤਾ। ਨਵੇਂ ਸਾਲ ਦੀ ਆਮਦ 'ਤੇ ਹਮੇਸ਼ਾ ਵਾਂਗ ਸੰਗਤਾਂ ਨੂੰ ਧੰਨ-ਧੰਨ ਸ੍ਰੀ ਗੁਰੂ ਸਾਹਿਬ ਦੇ ਲੜ ਲਗਣ ਲਈ ਪ੍ਰੇਰਿਆਂ ਗਿਆ। ਗੁਰੂ ਦਾ ਲੰਗਰ ਅਤੁੱਟ ਵਰਤਿਆ। ਅੰਤ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਇਹ ਨਵੇਂ ਵਰੇ ਦਾ ਪਹਿਲਾ ਸਮਾਗਮ ਸਰਬੱਤ ਦੇ ਭਲੇ ਅਤੇ ਸਮੁੱਚੀ ਦੁਨੀਆ ਅੰਤ ਸ਼ਾਂਤੀ ਦੀ ਅਰਦਾਸ ਨਾਲ ਯਾਦਗਾਰੀ ਹੋ ਨਿਬੜਿਆਂ।

ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com



Balsani Welders & Builders
We Design, Manufacture & Ship Nationwide
All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences





ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।



ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।





- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

ਸਾਡੇ ਲੋਕ

# ਪੰਜਾਬ ਪੁਲਿਸ ਦਾ 7.6 ਫੁੱਟ ਲੰਬਾ ਸਾਬਕਾ ਕਾਂਸਟੇਬਲ ਹੈਰੋਇਨ ਸਮੇਤ ਗ੍ਰਿਫ਼ਤਾਰ

## *ਇੰਡੀਆਜ਼ ਗੌਟ ਟੈਲੇਂਟ 'ਚ ਵੀ ਲੈ ਚੁੱਕੈ ਹਿੱਸਾ*



ਤਰਨਤਾਰਨ : ਪੰਜਾਬ ਪੁਲਿਸ ਦੇ 7.6 ਫੁੱਟ ਲੰਬੇ ਕਾਂਸਟੇਬਲ ਦੀਪ ਸਿੰਘ ਨੂੰ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਨੇ ਤਰਨਤਾਰਨ ਤੋਂ 500 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ ਹੈ। ਆਪਣੇ ਕੱਦ ਅਤੇ ਸਰੀਰ ਲਈ ਜਾਣੇ ਜਾਂਦੇ ਦੀਪ ਸਿੰਘ ਇੰਡੀਆਜ਼ ਗੌਟ ਟੈਲੇਂਟ ਸ਼ੋਅ 'ਚ ਵੀ ਨਜ਼ਰ ਆ ਚੁੱਕੇ ਹਨ ਤੇ ਕੁਝ ਸਮਾਂ ਪਹਿਲਾਂ ਉਨ੍ਹਾਂ ਨੇ ਪੰਜਾਬ ਪੁਲਿਸ 'ਚ ਕਾਂਸਟੇਬਲ ਦੇ ਅਹੁਦੇ ਤੋਂ ਅਸਤੀਫਾ ਦਿੱਤਾ ਸੀ।

ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (SSOC) ਦੀ ਟੀਮ ਨੇ ਦੀਪ ਸਿੰਘ ਤੇ ਉਸਦੇ ਦੋ ਸਾਥੀਆਂ ਨੂੰ ਵੀ ਗ੍ਰਿਫਤਾਰ ਕਰ ਲਿਆ ਹੈ। ਮੁਲਜ਼ਮਾਂ ਨੂੰ ਅਦਾਲਤ 'ਚ ਪੇਸ਼ ਕੀਤਾ ਜਾਣਾ ਹੈ ਜਿਸ ਤੋਂ ਬਾਅਦ ਉਨ੍ਹਾਂ ਨੂੰ ਰਿਮਾਂਡ 'ਤੇ ਲੈ ਕੇ ਪੁੱਛਗਿੱਛ ਕੀਤੀ ਜਾਵੇਗੀ। ਮੁਲਜ਼ਮ ਆਪਣੀ ਕਾਰ 'ਤੇ ਪੰਜਾਬ ਪੁਲਿਸ ਦਾ ਸਟਿੱਕਰ ਲਗਾ ਕੇ ਘੁੰਮਦੇ ਰਹਿੰਦੇ ਸਨ। ਫਿਲਹਾਲ ਸਟੇਟ ਸਪੈਸ਼ਲ ਆਪ੍ਰੇਸ਼ਨ ਸੈਲਰੀ ਨੇ ਮੁਲਜ਼ਮਾਂ ਖਿਲਾਫ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# 2024 ਚੜ੍ਹਦਿਆਂ ਹੀ ਅੱਠ ਅਰਬ ਤੋਂ ਵੀ ਟੱਪ ਜਾਵੇਗੀ ਦੁਨੀਆ ਦੀ ਜਨਸੰਖਿਆ



ਵਾਸ਼ਿੰਗਟਨ : ਦੁਨੀਆ ਭਰ ਵਿਚ ਜਨਸੰਖਿਆ ਲਗਾਤਾਰ ਵਧਦੀ ਜਾ ਰਹੀ ਹੈ। ਅਮਰੀਕੀ ਜਨਗਣਨਾਂ ਬਿਓਰੋ ਦੁਆਰਾ ਜਾਰੀ ਅੰਕੜਿਆਂ ਅਨੁਸਾਰ ਸਾਲ 2024 ਦੀ ਇੱਕ ਜਨਵਰੀ ਦੀ ਅੱਧੀ ਰਾਤ ਨੂੰ ਦੁਨੀਆ ਦੀ ਜਨਸੰਖਿਆ 8 ਅਰਬ ਨੂੰ ਪਾਰ ਕਰ ਜਾਵੇਗੀ।

ਸਭ ਤੋਂ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਪਿਛਲੇ ਇੱਕ ਸਾਲ ਵਿੱਚ ਵਿਸ਼ਵ ਦੀ ਆਬਾਦੀ ਵਿੱਚ ਸਾਢੇ 7 ਕਰੋੜ ਲੋਕਾਂ ਦਾ ਵਾਧਾ ਹੋਇਆ ਹੈ। ਇਸ ਨਾਲ ਨਵੇਂ ਸਾਲ ਦੇ ਦਿਨ ਯਾਨੀ 1 ਜਨਵਰੀ ਨੂੰ ਇਹ ਵਾਧਾ ਅੱਠ ਅਰਬ ਤੋਂ ਵੱਧ ਹੋ ਜਾਵੇਗਾ। ਪਿਛਲੇ ਸਾਲ ਵਿਸ਼ਵ ਭਰ ਵਿੱਚ ਵਿਕਾਸ ਦਰ ਸਿਰਫ਼ ਇੱਕ ਫ਼ੀਸਦੀ ਤੋਂ ਵੀ ਘੱਟ ਸੀ। ਜਨਗਣਨਾ ਬਿਊਰੋ ਦੇ ਅੰਕੜਿਆਂ ਦੇ ਅਨੁਸਾਰ, 2024 ਦੇ ਸ਼ੁਰੂ ਵਿੱਚ ਦੁਨੀਆ ਭਰ ਵਿੱਚ ਹਰ ਸਕਿੰਟ ਵਿੱਚ 4.3 ਜਨਮ ਅਤੇ ਦੋ ਮੌਤਾਂ ਹੋਣ ਦੀ ਸੰਭਾਵਨਾ ਹੈ।

ਅਧਿਕਾਰਤ ਅੰਕੜਿਆਂ ਦੇ ਅਨੁਸਾਰ, ਪਿਛਲੇ ਸਾਲ ਵਿਚ 75,162,541 ਦਾ ਵਾਧਾ ਹੋਇਆ ਹੈ, ਜਿਸ ਨਾਲ 1 ਜਨਵਰੀ, 2024 ਨੂੰ ਵਿਸ਼ਵ ਦੀ ਅਨੁਮਾਨਿਤ ਆਬਾਦੀ 8,019,876,189 ਹੋ ਗਈ ਹੈ। ਹਾਲਾਂਕਿ, ਘਟਦੀ ਜਣਨ ਦਰ ਅਤੇ ਨੌਜਵਾਨਾਂ ਦੇ ਛੋਟੇ ਅਨੁਪਾਤ ਵਰਗੇ ਕਾਰਕਾਂ ਦੇ ਕਾਰਨ, ਜਨਗਣਨਾ ਬਿਊਰੋ ਦਾ ਅੰਦਾਜ਼ਾ ਹੈ ਕਿ ਨੌਂ ਅਰਬ ਦੀ ਆਬਾਦੀ ਤੱਕ ਪਹੁੰਚਣ ਵਿੱਚ 14 ਸਾਲਾਂ ਤੋਂ ਵੱਧ ਸਮਾਂ ਲੱਗੇਗਾ। ਇਸ ਤੋਂ ਇਲਾਵਾ, 10 ਅਰਬ ਤੱਕ ਪਹੁੰਚਣ ਲਈ ਸਾਢੇ 16 ਸਾਲ ਲੱਗਣ ਦਾ ਅਨੁਮਾਨ ਹੈ। ਇਹ ਅਨੁਮਾਨ ਹੌਲੀ ਵਿਕਾਸ ਦਰ ਨੂੰ ਦਰਸਾਉਂਦਾ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕੋਵਿਡ -19 ਮਹਾਂਮਾਰੀ ਨੇ ਆਬਾਦੀ ਵਾਧੇ ਨੂੰ ਵੀ ਪ੍ਰਭਾਵਿਤ ਕੀਤਾ ਹੈ।

# ਡੋਨਲਡ ਟਰੰਪ ਵਿਰੁੱਧ ਫੈਸਲੇ ਤੋਂ ਬਾਅਦ ਕੋਲੋਰਾਡੋ ਸੁਪਰੀਮ ਕੋਰਟ ਦੇ ਜੱਜਾਂ ਨੂੰ ਮਿਲੀਆਂ ਧਮਕੀਆਂ

## *ਮਾਮਲਾ ਜਾਂਚ ਲਈ ਐਫ ਬੀ ਆਈ ਦੇ ਹਵਾਲੇ*


ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਕੋਲੋਰਾਡੋ ਰਾਜ ਦੀ ਸੁਪਰੀਮ ਕੋਰਟ ਵੱਲੋਂ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਰਾਜ ਵਿਚ 2024 ਦੀਆਂ ਮੁੱਢਲੀਆਂ ਨਾਮਜ਼ਦਗੀ ਚੋਣਾਂ ਵਿਚ ਹਿੱਸਾ ਲੈਣ ਤੋਂ ਅਯੋਗ ਕਰਾਰ ਦੇਣ ਉਪਰੰਤ ਜੱਜਾਂ ਨੂੰ ਮਿਲ ਰਹੀਆਂ ਧਮਕੀਆਂ ਕਾਰਨ ਉਨਾਂ ਦੀ ਸੁਰੱਖਿਆ ਵਧਾ ਦੇਣ ਦੀਆਂ ਰਿਪੋਰਟਾਂ ਹਨ। ਜੱਜ ਦੇ ਘਰਾਂ ਤੇ ਅਦਾਲਤਾਂ ਵਿਚ ਸੁਰੱਖਿਆ ਸਖਤ ਕਰ ਦਿੱਤੀ ਗਈ ਹੈ। ਸਟੇਟ ਸੁਪਰੀਮ ਕੋਰਟ ਨੇ 19 ਦਸੰਬਰ ਨੂੰ ਦਿੱਤੇ ਆਪਣੇ ਫੈਸਲੇ ਵਿਚ ਕਿਹਾ ਹੈ ਕਿ ਜਨਵਰੀ 6,2021 ਨੂੰ ਰਾਜਧਾਨੀ ਵਿਚ ਟਰੰਪ ਨੇ ਹਿੰਸਾ ਨੂੰ ਉਤਸ਼ਾਹਿਤ ਕੀਤਾ ਜਿਸ ਦਾ ਅਰਥ ਹੈ ਕਿ ਉਹ ਬਗਾਵਤੀ ਗਤੀਵਿਧੀਆਂ ਵਿਚ ਸ਼ਾਮਿਲ ਹੋਇਆ ਇਸ ਲਈ ਉਸ ਨੂੰ ਅਮਰੀਕੀ ਸੰਵਿਧਾਨ ਦੀ 14 ਵੀਂ ਸੋਧ ਤਹਿਤ ਅਹੁੱਦਾ ਸੰਭਾਲਣ ਦੇ ਅਯੋਗ ਕਰਾਰ ਦਿੱਤਾ ਜਾਂਦਾ ਹੈ। ਐਫ ਬੀ ਆਈ ਦੇ ਬੁਲਾਰੇ ਵਿਕੀ ਮਿਗੋਇਆ ਨੇ ਇਕ ਜਾਰੀ ਬਿਆਨ ਵਿਚ ਕਿਹਾ ਹੈ ਕਿ ਐਫ ਬੀ ਆਈ ਹਾਲਾਤ ਤੋਂ ਜਾਣੂ ਹੈ ਤੇ ਉਹ ਹਾਲਾਤ ਨਾਲ ਨਜਿੱਠਣ ਲਈ ਸਥਾਨਕ ਲਾਅ ਇਨਫੋਰਸਮੈਂਟ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰ ਰਹੇ ਹਨ। ਉਨਾਂ ਕਿਹਾ ਕਿ ਉਹ ਕਿਸ ਵੀ ਧਮਕੀ ਦੀ ਡੂੰਘਾਈ ਨਾਲ ਜਾਂਚ ਕਰਨਗੇ ਤੇ ਮਾਮਲੇ ਦੀ ਤਹਿ ਤੱਕ ਜਾਇਆ ਜਾਵੇਗਾ। ਡੈਨਵਰ ਪੁਲਿਸ ਵਿਭਾਗ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਜੱਜਾਂ ਦੇ ਘਰਾਂ ਨੇੜੇ ਗਸ਼ਤ ਵਧਾ ਦਿੱਤੀ ਗਈ ਹੈ ਤੇ ਜੇਕਰ ਜੱਜਾਂ ਵੱਲੋਂ ਹੋਰ ਸੁਰੱਖਿਆ ਮੰਗੀ ਜਾਵੇਗੀ ਤਾਂ ਉਹ ਦਿੱਤੀ ਜਾਵੇਗੀ।

# ਅਮਰੀਕਾ ਦੇ ਸੂਬੇ ਮੈਸਾਚੁਸੇਟਸ 'ਚ 11 ਬੈਡਰੂਮ ਅਤੇ 42 ਕਰੋੜ ਦੀ ਹਵੇਲੀ 'ਚ ਧੀ ਸਮੇਤ ਅਮੀਰ ਭਾਰਤੀ ਪਰਿਵਾਰ ਦੀ ਪਤੀ-ਪਤਨੀ ਸਮੇਤ ਇਕ ਪਰਿਵਾਰ ਦੀਆਂ ਮਿਲੀਆਂ ਤਿੰਨ ਲਾਸ਼ਾਂ



ਨਿਊਯਾਰਕ, (ਰਾਜ ਗੋਗਨਾ) : ਬੀਤੇ ਦਿਨੀਂ ਇਕ ਆਲੀਸ਼ਾਨ ਮਹਿਲ ਜਿਸ ਦੀ ਅੰਦਾਜ਼ਨ ਕੀਮਤ 5.45 ਮਿਲੀਅਨ ਅਮਰੀਕੀ ਡਾਲਰ ਹੈ। ਜੋ ਇੱਕ ਸਾਲ ਪਹਿਲਾਂ ਇਸਨੂੰ ਮੈਸੇਚਿਉਸੇਟਸ-ਅਧਾਰਤ ਵਿਲਸਨਡੇਲ ਐਸੋਸੀਏਟਸ ਐਲਐਲਸੀ ਨੂੰ 3 ਮਿਲੀਅਨ ਡਾਲਰ ਵਿੱਚ ਵੇਚਿਆ ਗਿਆ ਸੀ। ਮੀਡੀਆ ਰਿਪੋਰਟਾਂ ਦੇ ਅਨੁਸਾਰ, ਭਾਰਤੀ ਮੂਲ ਦੇ ਕਮਲ ਨੇ ਸਾਲ 2019 ਵਿੱਚ 19,000 ਵਰਗ ਫੁੱਟ ਦੀ ਇਹ ਜਾਇਦਾਦ 4 ਮਿਲੀਅਨ ਡਾਲਰ ਵਿੱਚ ਖਰੀਦੀ ਸੀ ਜਿਸ ਵਿੱਚ 11 ਬੈਡਰੂਮ ਅਤੇ 13 ਬਾਥਰੂਮ ਸੀ। ਅਮਰੀਕਾ ਦੇ ਮੈਸੇਚਿਉਸੇਟਸ ਸੂਬੇ ਵਿੱਚ ਭਾਰਤੀ ਮੂਲ ਦਾ ਇਹ ਇੱਕ ਅਮੀਰ ਜੋੜਾ ਅਤੇ ਉਨ੍ਹਾਂ ਦੀ ਧੀ 11 ਬੈਡਰੂਮ ਅਤੇ 13 ਬਾਥਰੂਮਾਂ ਵਾਲੇ ਆਲੀਸ਼ਾਨ ਮਹਿਲ ਵਿੱਚ ਬੀਤੇਂ ਦਿਨੀਂ ਲੰਘੇ ਦਸੰਬਰ ਮਹੀਨੇ ਵਿੱਚ ਮ੍ਰਿਤਕ ਪਾਏ ਗਏ ਹਨ। ਜਿਸ ਘਰ ਤੋਂ ਉਨ੍ਹਾਂ ਦੀਆਂ ਲਾਸ਼ਾਂ ਮਿਲੀਆਂ ਹਨ, ਉਸ ਦੀ ਕੀਮਤ 5 ਮਿਲੀਅਨ ਅਮਰੀਕੀ ਡਾਲਰ ਯਾਨੀ 41,62,44,250 ਰੁਪਏ ਦੱਸੀ ਜਾਂਦੀ ਹੈ। ਮੀਡੀਆ ਰਿਪੋਰਟਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਸ਼ੁਰੂਆਤੀ ਤੌਰ 'ਤੇ ਇਹ ਮਾਮਲਾ ਘਰੇਲੂ ਹਿੰਸਾ ਨਾਲ ਜੁੜਿਆ ਜਾਪਦਾ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਪਰਿਵਾਰ ਦੀ ਕੰਪਨੀ ਵੀ ਦੋ ਸਾਲ ਪਹਿਲਾਂ ਦੀਵਾਲੀਆ ਹੋ ਗਈ ਸੀ। ਫਿਲਹਾਲ ਪੁਲਸ ਮੌਤ ਦੇ ਕਾਰਨਾਂ ਦਾ ਪਤਾ ਲਗਾਉਣ 'ਚ ਲੱਗੀ ਹੋਈ ਹੈ।ਨਾਰਫੋਕ ਡਿਸਟ੍ਰਿਕਟ ਅਟਾਰਨੀ (ਡੀਏ) ਮਾਈਕਲ ਮੋਰੀਸੀ ਨੇ ਦੱਸਿਆ ਕਿ ਰਾਕੇਸ਼ ਕਮਲ (57), ਉਨ੍ਹਾਂ ਦੀ ਪਤਨੀ ਟੀਨਾ ਕਮਲ (54) ਅਤੇ ਉਨ੍ਹਾਂ ਦੀ 18 ਸਾਲਾ ਧੀ ਅਰਿਆਨਾ ਦੀਆਂ ਲਾਸ਼ਾਂ ਡੋਵਰ ਸਥਿਤ ਉਨ੍ਹਾਂ ਦੇ ਆਲੀਸ਼ਾਨ ਘਰ ਤੋਂ ਸ਼ਾਮ 7:30 ਵਜੇ ਮਿਲੀਆਂ। ਡੋਵਰ ਖੇਤਰ ਮੈਸੇਚਿਉਸੇਟਸ ਦੀ ਰਾਜਧਾਨੀ ਬੋਸਟਨ ਤੋਂ ਲਗਭਗ 32 ਕਿਲੋਮੀਟਰ ਦੱਖਣ-ਪੱਛਮ ਵਿੱਚ ਸਥਿਤ ਹੈ। ਹਾਲਾਂਕਿ ਇਹ ਪਰਿਵਾਰ ਪਿਛਲੇ ਕੁਝ ਸਮੇਂ ਤੋਂ ਆਰਥਿਕ ਤੰਗੀ ਦਾ ਸਾਹਮਣਾ ਕਰ ਰਿਹਾ ਸੀ। ਟੀਨਾ ਕਮਲ ਨੇ ਪਿਛਲੇ ਸਾਲ 2022 ਵਿਚ ਦੀਵਾਲੀਆਪਨ ਲਈ ਅਰਜ਼ੀ ਦਿੱਤੀ ਸੀ ਅਤੇ ਉਸ ਦੇ ਘਰ 'ਤੇ ਨੋਟਿਸ ਵੀ ਲਗਾਇਆ ਗਿਆ ਸੀ। ਮ੍ਰਿਤਕ ਪਰਿਵਾਰ ਦੇ ਨੇੜਿਓਂ ਪੁਲਿਸ ਨੂੰ ਇਕ ਬੰਦੂਕ ਵੀ ਮਿਲੀ ਸੀ।ਟੀਨਾ ਅਤੇ ਉਸਦਾ ਪਤੀ ਰਾਕੇਸ਼ ਪਹਿਲਾਂ ਐਜੂਨੋਵਾ (EduNova) ਨਾਮ ਦੀ ਸਿੱਖਿਆ ਖੇਤਰ ਨਾਲ ਸਬੰਧਤ ਕੰਪਨੀ ਚਲਾਉਂਦੇ ਸਨ, ਹਾਲਾਂਕਿ ਬਾਅਦ ਵਿੱਚ ਇਹ ਬੰਦ ਹੋ ਗਈ ਸੀ। ਅਟਾਰਨੀ ਮੌਰਸਿਸੇ ਨੇ ਇਸ ਘਟਨਾ ਨੂੰ 'ਘਰੇਲੂ ਹਿੰਸਾ' ਕਰਾਰ ਦਿੱਤਾ ਅਤੇ ਕਿਹਾ ਕਿ ਰਾਕੇਸ਼ ਕਮਲ ਦੀ ਲਾਸ਼ ਨੇੜੇ ਇਕ ਬੰਦੂਕ ਵੀ ਮਿਲੀ ਹੈ। ਨਿਊਯਾਰਕ ਪੋਸਟ ਦੀ ਰਿਪੋਰਟ ਮੁਤਾਬਕ ਮੋਰਸਿਸੇ ਨੇ ਇਹ ਦੱਸਣ ਤੋਂ ਇਨਕਾਰ ਕਰ ਦਿੱਤਾ ਕਿ ਕੀ ਪਰਿਵਾਰ ਦੇ ਤਿੰਨ ਮੈਂਬਰਾਂ ਨੂੰ ਗੋਲੀ ਮਾਰ ਕੇ ਮਾਰਿਆ ਗਿਆ ਸੀ ਅਤੇ ਕਿਸ ਨੇ ਮਾਰਿਆ ਸੀ। ਉਨ੍ਹਾਂ ਨੇ ਦੱਸਿਆ ਕਿ ਇਹ ਕਤਲ ਹੈ ਜਾਂ ਖੁਦਕੁਸ਼ੀ ਇਸ ਬਾਰੇ ਕੁਝ ਕਹਿਣ ਤੋਂ ਪਹਿਲਾਂ ਉਹ ਮੈਡੀਕਲ ਰਿਪੋਰਟ ਦੀ ਉਡੀਕ ਕਰ ਰਹੇ ਹਨ। ਉਮੀਦ ਹੈ ਕਿ ਰਿਪੋਰਟ ਆਉਣ ਤੋਂ ਬਾਅਦ ਹੀ ਇਸ ਬਾਰੇ ਕੁਝ ਕਿਹਾ ਜਾਵੇਗਾ। ਜ਼ਿਲ੍ਹਾ ਅਟਾਰਨੀ ਨੇ ਇਸ ਸਮੇਂ ਮੌਤਾਂ ਦੇ ਪਿੱਛੇ ਕਾਰਨ ਬਾਰੇ ਅੰਦਾਜ਼ਾ ਲਗਾਉਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ, "ਇਹ ਬੇਹੱਦ ਮੰਦਭਾਗਾ ਹੈ ਅਤੇ ਸਾਡੀ ਡੂੰਘੀ ਹਮਦਰਦੀ ਕਮਲ ਪਰਿਵਾਰ ਨਾਲ ਹੈ।" ਦੱਸਿਆ ਜਾ ਰਿਹਾ ਹੈ ਕਿ ਕਮਲ ਜੋੜਾ ਪਿਛਲੇ ਕੁਝ ਸਾਲਾਂ ਤੋਂ ਵਿੱਤੀ ਸੰਕਟ ਦਾ ਸਾਹਮਣਾ ਕਰ ਰਿਹਾ ਸੀ ਅਤੇ ਕੰਪਨੀ ਸਿਰਫ 5 ਸਾਲਾਂ ਵਿੱਚ ਬੰਦ ਹੋ ਗਈ ਸੀ। ਦਸਤਾਵੇਜ਼ਾਂ ਮੁਤਾਬਕ ਕਮਲ ਜੋੜੇ ਦੀ ਕੰਪਨੀ ਸਾਲ 2016 'ਚ ਸ਼ੁਰੂ ਹੋਈ ਸੀ ਪਰ ਦਸੰਬਰ 2021 'ਚ ਬੰਦ ਹੋ ਗਈ ਸੀ। EduNova ਦੀ ਵੈੱਬਸਾਈਟ 'ਤੇ ਟੀਨਾ ਕਮਲ ਨੂੰ ਕੰਪਨੀ ਦੀ ਮੁੱਖ ਸੰਚਾਲਨ ਅਧਿਕਾਰੀ ਦੱਸਿਆ ਗਿਆ ਹੈ। ਇਸ ਵਿੱਚ ਉਸ ਨੂੰ ਹਾਰਵਰਡ ਯੂਨੀਵਰਸਿਟੀ ਅਤੇ ਦਿੱਲੀ ਯੂਨੀਵਰਸਿਟੀ ਦੀ ਸਾਬਕਾ ਵਿਦਿਆਰਥੀ ਵੀ ਦੱਸਿਆ ਗਿਆ ਹੈ। ਜ਼ਿਲ੍ਹਾ ਅਟਾਰਨੀ ਨੇ ਦੱਸਿਆ ਕਿ ਇੱਕ-ਦੋ ਦਿਨ ਤੱਕ ਪਰਿਵਾਰਕ ਮੈਂਬਰਾਂ ਵੱਲੋਂ ਕੋਈ ਜਾਣਕਾਰੀ ਨਾ ਮਿਲਣ ਤੇ ਉਨ੍ਹਾਂ ਦੀ ਗੰਭੀਰਤਾ ਨਾਲ ਭਾਲ ਸ਼ੁਰੂ ਕਰ ਦਿੱਤੀ ਗਈ। ਉਨ੍ਹਾਂ ਕਿਹਾ ਕਿ ਘਰ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੀ ਕੋਈ ਵੀ ਪਿਛਲੀ ਪੁਲੀਸ ਰਿਪੋਰਟ ਜਾਂ ਘਰੇਲੂ ਘਟਨਾ ਨਹੀਂ ਹੋਈ। ਉਨ੍ਹਾਂ ਕਿਹਾ, ਇੱਥੇ ਕੋਈ ਪੁਲਿਸ ਰਿਪੋਰਟ ਨਹੀਂ ਆਈ ਹੈ, ਇੱਥੇ ਕੋਈ ਸਮੱਸਿਆ ਨਹੀਂ ਹੈ, ਕੋਈ ਘਰੇਲੂ ਸਮੱਸਿਆ ਨਹੀਂ ਜਾਪਦੀ ਹੈ, ਉਸ ਘਰ ਜਾਂ ਗੁਆਂਢ ਵਿੱਚ ਅਜਿਹਾ ਕੁਝ ਨਹੀਂ ਹੈ ਜਿਸ ਬਾਰੇ ਮੈਂ ਜਾਣਦਾ ਹਾਂ। "ਇਹ ਮੌਤਾਂ ਇਸ ਵੇਲੇ ਜਾਂਚ ਅਧੀਨ ਹਨ ਅਤੇ ਜਾਂਚਕਰਤਾਵਾਂ ਨੇ ਸਾਰੀ ਰਾਤ ਘਟਨਾ ਸਥਾਨ 'ਤੇ ਕੰਮ ਕੀਤਾ ਹੈ ਅਤੇ ਕਮਲ ਪਰਿਵਾਰ ਨੇ ਇਹ ਘਰ ਸੰਨ 2019 ਵਿੱਚ ਖਰੀਦਿਆ ਸੀ। ਦਿ ਪੋਸਟ ਦੇ ਮੁਤਾਬਕ, ਕਮਲ ਪਰਿਵਾਰ ਦੀ ਆਲੀਸ਼ਾਨ ਹਵੇਲੀ ਦੀ ਕੀਮਤ 5.45 ਮਿਲੀਅਨ ਅਮਰੀਕੀ ਡਾਲਰ ਹੈ।ਅਤੇ ਉਹਨਾਂ ਉੱਤੇ 83 ਕਰੋੜ ਦਾ ਕਰਜ਼ਾ ਸੀ। ਜਿੰਨਾਂ ਨੇ ਤੰਗ ਆ ਕੇ ਆਪਣੀ ਜੀਵਨ ਲੀਲਾ ਆਤਮ ਹੱਤਿਆ ਕਰਕੇ ਖਤਮ ਕਰ ਲਈ ਅਤੇ ਇੱਕ ਸਾਲ ਪਹਿਲਾਂ ਇਸਨੂੰ ਮੈਸੇਚਿਉਸੇਟਸ-ਅਧਾਰਤ ਵਿਲਸਨਡੇਲ ਐਸੋਸੀਏਟਸ ਐਲਐਲਸੀ ਨੂੰ ਕਰਜ਼ੇ ਕਾਰਨ 3 ਮਿਲੀਅਨ ਡਾਲਰ ਵਿੱਚ ਵੇਚਿਆ ਗਿਆ ਸੀ। ਮੀਡੀਆ ਰਿਪੋਰਟਾਂ ਮੁਤਾਬਕ ਕਮਲ ਨੇ ਸਾਲ 2019 'ਚ 19,000 ਵਰਗ ਫੁੱਟ ਦੀ ਇਹ ਜਾਇਦਾਦ 4 ਮਿਲੀਅਨ ਅਮਰੀਕੀ ਡਾਲਰ 'ਚ ਖਰੀਦੀ ਸੀ, ਜਿਸ 'ਚ 11 ਦੇ ਕਰੀਬ ਬੈੱਡਰੂਮ ਹਨ।ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਮਾਰੇ ਗਏ ਇਹ ਲੋਕ ਇਕ ਆਲੀਸ਼ਾਨ ਮਹਿਲ ਵਿਚ ਇਕੱਲੇ ਰਹਿੰਦੇ ਸਨ। ਇਹ ਇਲਾਕਾ ਰਾਜ ਦੇ ਸਭ ਤੋਂ ਦੂਰ-ਦੁਰਾਡੇ ਇਲਾਕਿਆਂ ਵਿੱਚ ਗਿਣਿਆ ਜਾਂਦਾ ਸੀ। ਇਸ ਦੌਰਾਨ ਟੀਨਾ ਦੇ ਲਿੰਕਡਇਨ ਤੋਂ ਮਿਲੀ ਜਾਣਕਾਰੀ ਅਨੁਸਾਰ ਜੋੜੇ ਦੀ ਧੀ ਅਰਿਆਨਾ ਮਿਡਲਬਰੀ ਕਾਲਜ ਦੀ ਇਕ ਵਿਦਿਆਰਥਣ ਸੀ ਅਤੇ ਵਰਮਾਂਟ ਸੂਬੇ ਦੇ ਇੱਕ ਪ੍ਰਾਈਵੇਟ ਲਿਬਰਲ ਆਰਟਸ ਸਕੂਲ ਵਿੱਚ 64,800 ਅਮਰੀਕੀ ਡਾਲਰ ਦੀ ਫੀਸ ਨਾਲ ਨਿਊਰੋਸਾਇੰਸ ਦੀ ਪੜ੍ਹਾਈ ਕਰ ਰਹੀ ਸੀ।

# ਟੈਕਸਾਸ ਵਿਚ ਲਾਪਤਾ ਗਰਭਵਤੀ ਨਬਾਲਗ ਕੁੜੀ ਤੇ ਦੋਸਤ ਮੁੰਡੇ ਦੀਆਂ ਕਾਰ ਵਿਚੋਂ ਮਿਲੀਆਂ ਲਾਸ਼ਾਂ




ਲਾਸ਼ਾਂ ਮਿਲਣ ਉਪਰੰਤ ਮੌਕੇ 'ਤੇ ਪੁਲਿਸ ਵੱਲੋਂ ਕੀਤੀ ਗਈ ਨਿਸ਼ਾਨਦੇਹੀ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਟੈਕਸਾਸ ਰਾਜ ਵਿਚ ਲਾਪਤਾ ਗਰਭਵਤੀ ਨਾਬਾਲਗ ਕੁੜੀ ਤੇ ਉਸ ਦੇ ਦੋਸਤ ਮੁੰਡੇ ਦੀਆਂ ਕਾਰ ਵਿਚੋਂ ਲਾਸ਼ਾਂ ਬਰਾਮਦ ਹੋਣ ਦੀ ਖਬਰ ਹੈ। ਪੁਲਿਸ ਨੇ ਕਿਹਾ ਹੈ ਕਿ ਦੋਨਾਂ ਦੇ ਹੀ ਗੋਲੀਆਂ ਵੱਜੀਆਂ ਹੋਈਆਂ ਹਨ ਹਾਲਾਂ ਕਿ ਅਜੇ ਇਹ ਸਪਸ਼ਟ ਨਹੀਂ ਹੈ ਕਿ ਇਹ ਖੁਦਕੁੱਸ਼ੀ ਜਾਂ ਕਤਲ ਦਾ ਮਾਮਲਾ ਹੈ। ਪੁਲਿਸ ਅਨੁਸਾਰ ਲਾਸ਼ਾਂ ਇਕ ਅਪਾਰਮੈਂਟ ਕੰਪਲੈਕਸ ਨੇੜੇ ਕਾਰ ਵਿਚੋਂ ਮਿਲੀਆਂ ਜੋ ਕਾਰ ਪਿਛਲੇ 3-4 ਦਿਨਾਂ ਤੋਂ ਇਥੇ ਖੜੀ ਸੀ। ਸੈਨ ਐਨਟੋਨੀਓ ਪੁਲਿਸ ਮੁੱਖੀ ਵਿਲੀਅਮ ਮੈਕਮੈਨਸ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਕਿ ਅਧਿਕਾਰੀਆਂ ਦਾ ਵਿਸ਼ਵਾਸ਼ ਹੈ ਕਿ ਇਹ ਲਾਸ਼ਾਂ 18 ਸਾਲਾ ਸਵੰਨਾਹ ਸੋਟੋ ਤੇ ਉਸ ਦੇ ਦੋਸਤ ਮੁੰਡੇ ਦੀਆਂ ਹਨ ਪਰੰਤੂ ਅਜੇ ਇਸ ਸਬੰਧੀ ਪੁਸ਼ਟੀ ਨਹੀਂ ਹੋਈ। ਉਨਾਂ ਕਿਹਾ ਕਿ ਮਾਮਲੇ ਦੀ ਜਾਂਚ ਜਾਰੀ ਹੈ ਤੇ ਡਾਕਟਰੀ ਜਾਂਚ ਉਪਰੰਤ ਹੀ ਮੌਤ ਦੇ ਅਸਲ ਕਾਰਨਾਂ ਬਾਰੇ ਪਤਾ ਲੱਗ ਸਕੇਗਾ। ਮੈਕਮੈਨਸ ਅਨੁਸਾਰ ਮੌਕੇ ਦਾ ਦ੍ਰਿਸ਼ ਬਹੁਤ ਹੀ ਪੇਚੀਦਾ ਹੈ ਤੇ ਇਸ ਬਾਰੇ ਡੂੰਘਾਈ ਨਾਲ ਜਾਂਚ ਕੀਤੀ ਜਾਵੇਗੀ। ਸੈਨ ਐਨਟੋਨੀਓ ਪੁਲਿਸ ਲੈਫਟੀਨੈਂਟ ਮਾਈਕਲ ਰਾਮੋਸ ਨੇ ਕਿਹਾ ਹੈ ਕਿ ਇਹ ਸੰਗੀਨ ਹੱਤਿਆਵਾਂ ਦਾ ਮਾਮਲਾ ਹੈ ਕਿਉਂਕਿ ਇਕ ਅਣਜੰਮੇ ਬੱਚੇ ਦੀ ਵੀ ਮੌਤ ਹੋਈ ਹੈ। ਲੀਓਨ ਵੈਲੀ ਪੁਲਿਸ ਵਿਭਾਗ ਅਨੁਸਾਰ ਸੋਟੋ ਪਿਛਲੇ 9 ਮਹੀਨੇ ਤੋਂ ਗਰਭਵਤੀ ਸੀ ਤੇ ਉਹ ਜਰੂਰੀ ਡਾਕਟਰੀ ਜਾਂਚ ਲਈ ਹਸਪਤਾਲ ਨਹੀਂ ਪੁੱਜੀ। ਇਸ ਉਪਰੰਤ ਪਰਿਵਾਰ ਨੇ ਉਸ ਦੇ ਲਾਪਤਾ ਹੋਣ ਦੀ ਸ਼ਿਕਾਇਤ ਦਰਜ ਕਰਵਾਈ ਸੀ। ਟੈਕਸਾਸ ਡਿਪਾਰਟਮੈਂਟ ਆਫ ਪਬਲਿਕ ਸੇਫਟੀ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਸੋਟੋ ਨੂੰ ਆਖਰੀ ਵਾਰ 22 ਦਸੰਬਰ ਨੂੰ ਲਿਓਨ ਵੈਲੀ ਵਿਚ ਗਰੀਸੋਮ ਰੋਡ ਦੇ 6000 ਬਲਾਕ ਵਿਚ ਵੇਖਿਆ ਗਿਆ ਸੀ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਅਮਰੀਕਾ ਵੱਲੋਂ ਨਵੇਂ ਸਾਲ ਦਾ ਤੋਹਫ਼ਾ, ਤਨਖਾਹ ਦਰਾਂ 'ਚ ਕੀਤਾ ਵਾਧਾ




ਵਾਸ਼ਿੰਗਟਨ : ਨਵਾਂ ਸਾਲ ਅਮਰੀਕਾ ਦੇ ਲੋਕਾਂ ਲਈ ਵੱਡੀ ਖੁਸ਼ਖ਼ਬਰੀ ਲੈ ਕੇ ਆਇਆ ਹੈ। ਅਮਰੀਕਾ ਦੇ 22 ਕੁ ਰਾਜਾਂ ਨੇ ਆਪਣੀ ਘੱਟੋ-ਘੱਟ ਉਜਰਤ ਦਰ ਵਿੱਚ ਵਾਧਾ ਕੀਤਾ ਹੈ। ਜੋ ਕਿ ਪਹਿਲੀ ਤਰੀਕ ਤੋਂ ਲਾਗੂ ਹੋਇਆ ਹੈ। ਇੱਥੇ ਘੱਟੋ-ਘੱਟ ਉਜਰਤ ਇੱਕ ਨਿਸ਼ਚਿਤ ਰਕਮ ਹੈ ਜੋ ਕਿਸੇ ਵੀ ਕਾਰੋਬਾਰ ਨੂੰ ਆਪਣੇ ਕਾਮਿਆਂ ਨੂੰ ਅਦਾ ਕਰਨੀ ਪੈਂਦੀ ਹੈ। ਅਮਰੀਕਾ ਵਿੱਚ ਮਜ਼ਦੂਰੀ ਡਾਲਰ ਪ੍ਰਤੀ ਘੰਟੇ ਵਿੱਚ ਅਦਾ ਕੀਤੀ ਜਾਂਦੀ ਹੈ।

ਇੱਥੇ ਦੱਸ ਦਈਏ ਕਿ ਅਮਰੀਕਾ ਦੇ 22 ਰਾਜਾਂ ਵਿੱਚੋਂ ਜਿਨ੍ਹਾਂ ਨੇ ਆਪਣੀ ਉਜਰਤ ਦਰਾਂ ਵਿੱਚ ਵਾਧਾ ਕੀਤਾ ਹੈ, ਇਨ੍ਹਾਂ ਵਿਚ ਸਭ ਤੋਂ ਵੱਧ ਵਾਧਾ ਨਿਊਯਾਰਕ, ਕੈਲੀਫੋਰਨੀਆ ਅਤੇ ਵਾਸ਼ਿੰਗਟਨ ਰਾਜ ਵਿੱਚ ਹੋਇਆ ਹੈ। ਇੱਥੇ ਕਾਮਿਆਂ ਨੂੰ ਘੱਟੋ-ਘੱਟ 16 ਡਾਲਰ ਪ੍ਰਤੀ ਘੰਟਾ ਮਿਲੇਗਾ। ਇਸ ਫ਼ੈਸਲੇ ਨਾਲ ਅਮਰੀਕਾ 'ਚ ਰਹਿ ਰਹੇ ਹਜ਼ਾਰਾਂ ਭਾਰਤੀਆਂ ਨੂੰ ਫ਼ਾਇਦਾ ਹੋਣ ਵਾਲਾ ਹੈ।

ਰਾਜਾਂ ਵੱਲੋਂ ਕੀਤੇ ਵਾਧੇ ਤੋਂ ਬਾਅਦ ਹੁਣ ਵੱਖ-ਵੱਖ ਰਾਜਾਂ ਵਿੱਚ ਮਜ਼ਦੂਰੀ ਦਰਾਂ ਇਸ ਪ੍ਰਕਾਰ ਹਨ। ਅਲਾਸਕਾ 'ਚ 11 ਡਾਲਰ 73 ਸੈਂਟ, ਐਰੀਜੋਨਾ 'ਚ 14.35 ਸੈਂਟ, ਕੈਲੀਫੋਰਨੀਆ 'ਚ16 ਡਾਲਰ, ਕੋਲੋਰਾਡੋ 'ਚ 14.42, ਕੈਨੇਟੀਕਟ 'ਚ 15.69, ਡੇਲਾਵਰ 'ਚ 13.25, ਹਵਾਈ 'ਚ 14 ਡਾਲਰ, ਇਲੀਨੋਇਸ 'ਚ 14 ਡਾਲਰ, ਮੇਨ 'ਚ 14.15, ਮੈਰੀਲੈਂਡ 'ਚ 15 ਡਾਲਰ, ਮਿਸ਼ੀਗਨ 'ਚ 10.33, ਮਿਨੇਸੋਟਾ 'ਚ 10 ਡਾਲਰ 85 ਸੈਂਟ, ਮਿਸੂਰੀ 'ਚ 12.30, ਮੋਂਟਾਨਾ 'ਚ 10.30, ਨੇਬਰਾਸਕਾ 'ਚ 12:00 ਡਾਲਰ, ਨਿਊਜਰਸੀ 'ਚ 15.1 ਸੈਂਟ, ਨਿਊਯਾਰਕ 'ਚ 16 ਡਾਲਰ, ਓਹਾਇਓ 'ਚ 10.45 ਸੈਂਟ, ਰੋਡੇ ਆਈਲੈਂਡ 'ਚ14 ਡਾਲਰ ,ਦੱਖਣੀ ਡਕੋਟਾ 'ਚ 11.20,ਵਰਮੋਂਟ 'ਚ 13.67 ਅਤੇ ਵਾਸ਼ਿੰਗਟਨ 'ਚ 16.28 ਸੈਂਟ ਹੋਵੇਗੀ।

# ਅਮਰੀਕਾ ਦੀ ਸਰਕਾਰ 34000 ਅਰਬ ਡਾਲਰ ਦੇ ਰਿਕਾਰਡ ਕਰਜ਼ੇ ਹੇਠ ਦਬੀ



ਵਾਸ਼ਿੰਗਟਨ : ਅਮਰੀਕਾ ਵਿਚ ਸੰਘੀ ਸਰਕਾਰ ਦਾ ਕੁੱਲ ਰਾਸ਼ਟਰੀ ਕਰਜ਼ਾ 34 ਹਜ਼ਾਰ ਅਰਬ ਡਾਲਰ ਦੇ ਰਿਕਾਰਡ ਉੱਚ ਪੱਧਰ 'ਤੇ ਪਹੁੰਚ ਗਿਆ ਹੈ। ਕਰਜ਼ੇ ਦਾ ਇਹ ਪੱਧਰ ਦਰਸਾਉਂਦਾ ਹੈ ਕਿ ਦੇਸ਼ ਦੇ ਵਹੀ-ਖਾਤੇ ਨੂੰ ਸੁਧਾਰਨ ਲਈ ਆਉਣ ਵਾਲੇ ਸਾਲਾਂ ਵਿੱਚ ਸਰਕਾਰ ਨੂੰ ਸਿਆਸੀ ਅਤੇ ਆਰਥਿਕ ਮੋਰਚੇ 'ਤੇ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਅਮਰੀਕੀ ਵਿੱਤ ਵਿਭਾਗ ਨੇ ਅੱਜ ਦੇਸ਼ ਦੀ ਵਿੱਤੀ ਸਥਿਤੀ 'ਤੇ ਰਿਪੋਰਟ ਜਾਰੀ ਕੀਤੀ ਹੈ। ਇਹ ਸਿਆਸੀ ਤੌਰ 'ਤੇ ਵੰਡੇ ਦੇਸ਼ ਲਈ ਤਣਾਅ ਪੈਦਾ ਕਰਨ ਵਾਲੀ ਹੈ। ਰਿਪੋਰਟ ਮੁਤਾਬਕ ਸਾਲਾਨਾ ਬਜਟ ਤੋਂ ਬਿਨਾਂ ਸਰਕਾਰ ਦੇ ਕੰਮ ਦਾ ਕੁਝ ਹਿੱਸਾ ਠੱਪ ਹੋ ਸਕਦਾ ਹੈ।

# ਦਸੰਬਰ 2023 'ਚ ਅਮਰੀਕਾ ਪਹੁੰਚਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਹੋਈ 2 ਲੱਖ ਤੋਂ ਪਾਰ



ਵਾਸ਼ਿੰਗਟਨ : ਦਸੰਬਰ 2023 ਵਿਚ ਮੈਕਸੀਕੋ ਤੋਂ ਅਮਰੀਕੀ ਸਰਹੱਦ ਪਾਰ ਕਰਨ ਵਾਲੇ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਦੀ ਗਿਣਤੀ 2,25,000 ਤੋਂ ਵੱਧ ਹੋ ਗਈ, ਜੋ ਕਿ 2000 ਤੋਂ ਬਾਅਦ ਸਭ ਤੋਂ ਵੱਧ ਮਹੀਨਾਵਾਰ ਅੰਕੜਾ ਹੈ। ਸੀ.ਐੱਨ.ਐੱਨ. ਨੇ ਇਹ ਰਿਪੋਰਟ ਯੂ. ਐੱਸ. ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਦੇ ਸ਼ੁਰੂਆਤੀ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਦਿੱਤੀ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪ੍ਰਵਾਸੀਆਂ ਦੀ ਆਮਦ ਦਸੰਬਰ ਵਿੱਚ ਪ੍ਰਤੀ ਦਿਨ 10,000 ਤੋਂ ਵੱਧ ਲੋਕਾਂ ਤੋਂ ਵੱਧ ਪਹੁੰਚ ਗਈ ਸੀ ਅਤੇ ਹਾਲ ਹੀ ਦੇ ਦਿਨਾਂ ਵਿੱਚ ਇਸ ਵਿਚ ਗਿਰਾਵਟ ਸ਼ੁਰੂ ਹੋਈ। ਇਸ ਤੋਂ ਇਲਾਵਾ, ਮਹੀਨੇ ਦੀ ਸ਼ੁਰੂਆਤ ਤੋਂ ਗੈਰ-ਕਾਨੂੰਨੀ ਢੰਗ ਨਾਲ ਅਮਰੀਕੀ ਸਰਹੱਦ ਪਾਰ ਕਰਨ ਵਾਲੇ ਬੱਚਿਆਂ ਦੀ ਗਿਣਤੀ ਵਿੱਚ 6.5 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਟੈਕਸਾਸ ਦੇ ਗਵਰਨਰ ਗ੍ਰੇਗ ਐਬੋਟ ਨੇ ਸ਼ੁੱਕਰਵਾਰ ਨੂੰ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ 'ਤੇ ਗੈਰ-ਦਸਤਾਵੇਜ਼ੀ ਪ੍ਰਵਾਸੀਆਂ 'ਤੇ ਸੰਘੀ ਸਰਕਾਰ ਦੇ ਰੁਖ ਕਾਰਨ ਦੇਸ਼ ਨੂੰ ਤਬਾਹ ਕਰਨ ਦਾ ਦੋਸ਼ ਲਗਾਇਆ।

# ਟਰੰਪ ਖ਼ਿਲਾਫ਼ ਧੋਖਾਧੜੀ ਮਾਮਲੇ 'ਚ ਜਲਦ ਆਵੇਗਾ ਫ਼ੈਸਲਾ, ਲੱਗ ਸਕਦੈ 25 ਕਰੋੜ ਦਾ ਜੁਰਮਾਨਾ



ਨਿਊਯਾਰਕ : ਨਿਊਯਾਰਕ ਦੀ ਮੈਨਹਾਟਨ ਸੁਪਰੀਮ ਕੋਰਟ ਦੇ ਜਸਟਿਸ ਆਰਥਰ ਐਂਗੋਰਨ ਵੱਲੋਂ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਖਿਲਾਫ਼ ਧੋਖਾਧੜੀ ਦੇ ਮਾਮਲੇ ਦਾ ਫ਼ੈਸਲਾ ਸੁਣਾਇਆ ਜਾਵੇਗਾ। ਉਹ ਇਸ ਮਾਮਲੇ 'ਤੇ ਫ਼ੈਸਲਾ ਸੁਣਾਉਣ ਵਾਲੇ ਹਨ। ਉਨ੍ਹਾਂ ਕਿਹਾ ਕਿ ਅਦਾਲਤ ਵੱਲੋਂ ਜਨਵਰੀ ਦੇ ਅੰਤ ਤੱਕ ਟਰੰਪ ਨੂੰ ਆਪਣਾ ਫ਼ੈਸਲਾ ਸੁਣਾਏ ਜਾਣ ਦੀ ਸੰਭਾਵਨਾ ਹੈ। ਇਸ ਮਾਮਲੇ 'ਚ ਟਰੰਪ 'ਤੇ ਕਰਜ਼ਾ ਲੈਣ ਅਤੇ ਬੀਮੇ ਦੀਆਂ ਸ਼ਰਤਾਂ ਪੂਰੀਆਂ ਕਰਨ ਲਈ ਆਪਣੀ ਜਾਇਦਾਦ ਦੇ ਮੁੱਲਾਂਕਣ ਦੇ ਅੰਕੜੇ ਵਧਾਉਣ ਦਾ ਦੋਸ਼ ਹੈ।

ਟਰੰਪ ਦੇ ਦੋ ਸਭ ਤੋਂ ਵੱਡੇ ਪੁੱਤਰ ਐਰਿਕ ਅਤੇ ਡੋਨਾਲਡ ਟਰੰਪ ਜੂਨੀਅਰ 'ਤੇ ਵੀ ਨਿਊਯਾਰਕ ਦੇ ਅਟਾਰਨੀ ਜਨਰਲ ਲੈਟੀਆ ਜੇਮਸ ਨੇ ਇਸ ਮਾਮਲੇ ਵਿੱਚ ਦੋਸ਼ ਲਗਾਇਆ ਹੈ। ਇਸ ਕੇਸ ਦੀ ਸੁਣਵਾਈ 2 ਅਕਤੂਬਰ, 2023 ਤੋਂ ਸ਼ੁਰੂ ਹੋਈ ਸੀ। ਹੁਣ ਇਸ ਕੇਸ ਦੀ ਅੰਤਿਮ ਬਹਿਸ ਲਈ ਅਦਾਲਤ ਵਿੱਚ ਮੁੜ ਸੁਣਵਾਈ ਹੋਵੇਗੀ। ਜੱਜ ਐਂਗੋਰ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਟਰੰਪ ਦੁਆਰਾ ਧੋਖਾਧੜੀ ਕੀਤੀ ਗਈ ਹੈ ਪਰ ਜੁਰਮਾਨਾ ਕਿੰਨਾ ਹੋਣਾ ਚਾਹੀਦਾ ਹੈ ਇਸ ਬਾਰੇ ਕੋਈ ਫ਼ੈਸਲਾ ਨਹੀਂ ਲਿਆ ਗਿਆ ਹੈ। ਕਾਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਜੱਜ ਪੂਰੇ 250 ਮਿਲੀਅਨ ਡਾਲਰ ਦਾ ਜੁਰਮਾਨਾ ਲਗਾ ਸਕਦਾ ਹੈ ਜਾਂ ਵਿੱਤੀ ਦਾਅਵੇ ਨੂੰ ਖਾਰਜ ਵੀ ਕਰ ਸਕਦਾ ਹੈ।

ਪ੍ਰੈਸ ਰਿਪੋਰਟ ਅਨੁਸਾਰ ਕਰਜ਼ਦਾਰਾਂ ਅਤੇ ਬੀਮਾ ਕੰਪਨੀ ਦੁਆਰਾ ਕਲੇਮ ਕੀਤੇ ਗਏ ਵਿੱਤੀ ਨੁਕਸਾਨ ਅਤੇ ਅਟਾਰਨੀ ਜਨਰਲ ਦੁਆਰਾ ਮੰਗੇ ਗਏ ਮੁਆਵਜ਼ੇ ਵਿੱਚ ਜੁਰਮਾਨੇ ਦੀ ਰਕਮ ਨੂੰ ਮੁਆਫ ਕਰਨਾ ਸੰਭਵ ਨਹੀਂ ਹੈ। ਇਸ ਮਾਮਲੇ ਵਿੱਚ 11 ਹਫ਼ਤਿਆਂ ਵਿੱਚ 40 ਗਵਾਹਾਂ ਨੇ ਗਵਾਹੀ ਦਿੱਤੀ ਹੈ। ਟਰੰਪ ਪਰਿਵਾਰ ਵੱਲੋਂ ਇਨ੍ਹਾਂ ਸਾਰੇ ਦੋਸ਼ਾਂ ਦਾ ਖੰਡਨ ਕੀਤਾ ਗਿਆ ਸੀ। ਹਾਲਾਂਕਿ ਅਦਾਲਤ ਨੇ ਕੇਸ ਸ਼ੁਰੂ ਹੋਣ ਤੋਂ ਪਹਿਲਾਂ ਹੀ ਟਰੰਪ ਨੂੰ ਧੋਖਾਧੜੀ ਲਈ ਜ਼ਿੰਮੇਵਾਰ ਠਹਿਰਾਇਆ ਸੀ। ਇਸ ਤੋਂ ਬਾਅਦ ਟਰੰਪ ਦੀ ਕੰਪਨੀ ਦੀਆਂ ਕਾਰੋਬਾਰੀ ਲਾਈਨਾਂ ਰੱਦ ਕਰ ਦਿੱਤੀਆਂ ਗਈਆਂ। ਹਾਲਾਂਕਿ ਇਸ ਫ਼ੈਸਲੇ 'ਤੇ ਅੰਤਿਮ ਫ਼ੈਸਲਾ ਆਉਣ ਤੱਕ ਰੋਕ ਲਗਾ ਦਿੱਤੀ ਗਈ ਹੈ। ਮਾਹਰਾਂ ਦਾ ਮੰਨਣਾ ਹੈ ਕਿ ਇਹ ਕਾਨੂੰਨੀ ਲੜਾਈ ਲੰਮਾ ਸਮਾਂ ਚੱਲੇਗੀ। ਇਸ ਮਾਮਲੇ 'ਚ ਟਰੰਪ ਅਪੀਲ ਕਰ ਸਕਦੇ ਹਨ ਅਤੇ 2024 ਦੀਆਂ ਰਾਸ਼ਟਰਪਤੀ ਚੋਣਾਂ ਤੋਂ ਬਾਅਦ ਵੀ ਇਹ ਕੇਸ ਜਾਰੀ ਰੱਖਿਆ ਜਾ ਸਕਦਾ ਹੈ। ਜੇਕਰ ਟਰੰਪ ਦੀ ਕੰਪਨੀ ਦਾ ਕਾਰੋਬਾਰੀ ਲਾਇਸੈਂਸ 5 ਸਾਲ ਜਾਂ ਇਸ ਤੋਂ ਵੱਧ ਸਮੇਂ ਲਈ ਮੁਅੱਤਲ ਕੀਤਾ ਜਾਂਦਾ ਹੈ ਤਾਂ ਟਰੰਪ ਦੀ ਕੰਪਨੀ ਨੂੰ ਭਾਰੀ ਨੁਕਸਾਨ ਉਠਾਉਣਾ ਪੈ ਸਕਦਾ ਹੈ। ਟਰੰਪ ਖੁਦ ਇਸ ਮਾਮਲੇ 'ਚ 8 ਦਿਨ ਅਦਾਲਤ 'ਚ ਮੌਜੂਦ ਰਹੇ ਅਤੇ ਉਨ੍ਹਾਂ ਨੇ ਜੱਜ, ਅਟਾਰਨੀ ਜਨਰਲ ਦੇ ਨਾਲ-ਨਾਲ ਅਦਾਲਤ ਦੇ ਕਲਰਕ 'ਤੇ ਵੀ ਹਮਲਾ ਬੋਲਿਆ। ਅਦਾਲਤ ਨੇ ਉਸ ਦੇ ਵਿਵਹਾਰ ਲਈ 15000 ਡਾਲਰ ਦਾ ਜੁਰਮਾਨਾ ਵੀ ਲਗਾਇਆ ਹੈ। ਹੁਣ ਇਸ ਮਾਮਲੇ 'ਚ ਅਦਾਲਤ ਕੀ ਫ਼ੈਸਲਾ ਦਿੰਦੀ ਹੈ, ਇਸ 'ਤੇ ਪੂਰੇ ਅਮਰੀਕਾ ਦੀ ਨਜ਼ਰ ਹੋਵੇਗੀ।

# ਬ੍ਰਿਟਿਸ਼ ਸਿੱਖ ਡਾ. ਅੰਮ੍ਰਿਤਪਾਲ ਸਿੰਘ ਹੰਗਿਨ 'ਨਾਈਟਹੁਡ' ਨਾਲ ਸਨਮਾਨਿਤ

## *ਨਵੇਂ ਸਾਲ ਦੇ ਸਨਮਾਨ ਸੂਚੀ 'ਚ ਭਾਰਤੀ ਮੂਲ ਦੀਆਂ 30 ਸ਼ਖ਼ਸੀਅਤਾਂ ਸ਼ਾਮਲ*



ਬਰਤਾਨੀਆਂ 'ਚ 30 ਸਾਲ ਤੋਂ ਵੱਧ ਸਮੇਂ ਤੋਂ ਮੈਡੀਕਲ ਖੇਤਰ 'ਚ ਸਰਗਰਮ ਡਾਕਟਰ ਅੰਮ੍ਰਿਤਪਾਲ ਸਿੰਘ ਹੈਂਗਿਨ ਨੂੰ ਮਹਾਰਾਜਾ ਚਾਰਲਸ ਤੀਜੇ ਨੇ 'ਨਾਈਟਹੁਡ' ਦੀ ਉਪਾਧੀ ਨਾਲ ਸਨਮਾਨਿਤ ਕਰਨ ਦਾ ਫੈਸਲਾ ਕੀਤਾ ਹੈ। ਨਿਊਕੈਸਲ ਯੂਨੀਵਰਸਿਟੀ ਵਿਚ ਜਨਰਲ ਪ੍ਰੈਕਟਿਸ ਦੇ ਪ੍ਰੋਫੈਸਰ ਡਾ. ਅੰਮ੍ਰਿਤਪਾਲ ਸਿੰਘ ਹੰਗਿਨ ਨੂੰ ਉਨ੍ਹਾਂ ਦੀ ਮੈਡੀਕਲ ਸੇਵਾ ਲਈ 2024 ਨਵੇਂ ਸਾਲ ਦੇ ਸਨਮਾਨ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ।

ਇਸ ਸੂਚੀ 'ਚ ਭਾਰਤੀ ਮੂਲ ਦੇ ਲਗਭਗ 30 ਸਿਹਤ ਸੰਭਾਲ ਪੇਸ਼ੇਵਰ, ਪਰਉਪਕਾਰੀ ਅਤੇ ਕਮਿਊਨਿਟੀ ਵਰਕਰ ਹਨ ਜਿਨ੍ਹਾਂ ਨੂੰ ਸਮਾਜ ਦੀ ਨਿਰਸਵਾਰਥ ਸੇਵਾ ਲਈ ਸਨਮਾਨਿਤ ਕੀਤਾ ਗਿਆ ਹੈ। ਇਹ ਸੂਚੀ ਸ਼ੁਕਰਵਾਰ ਰਾਤ ਨੂੰ ਜਾਰੀ ਕੀਤੀ ਗਈ ਸੀ। ਅੰਮ੍ਰਿਤਪਾਲ ਸਿੰਘ ਨੂੰ ਪ੍ਰੋਫੈਸਰ ਪਾਲੀ ਹੰਗਿਨ ਵਜੋਂ ਵੀ ਜਾਣਿਆ ਜਾਂਦਾ ਹੈ ਅਤੇ ਉਹ ਡਰਹਮ ਯੂਨੀਵਰਸਿਟੀ ਦੇ ਸੰਸਥਾਪਕ ਡੀਨ ਅਤੇ ਬ੍ਰਿਟਿਸ਼ ਮੈਡੀਕਲ ਐਸੋਸੀਏਸ਼ਨ (ਬੀ.ਐਮ.ਏ.) ਦੇ ਸਾਬਕਾ ਪ੍ਰਧਾਨ ਰਹੇ ਹਨ।

ਬਰਤਾਨੀਆਂ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਕਿਹਾ, "ਨਵੇਂ ਸਾਲ ਦੇ ਸਨਮਾਨਾਂ ਦੀ ਸੂਚੀ ਦੇਸ਼ ਭਰ ਦੇ ਲੋਕਾਂ ਅਤੇ ਉਨ੍ਹਾਂ ਲੋਕਾਂ ਦੀਆਂ ਅਸਾਧਾਰਣ ਪ੍ਰਾਪਤੀਆਂ ਨੂੰ ਮਾਨਤਾ ਦਿੰਦੀ ਹੈ ਜਿਨ੍ਹਾਂ ਨੇ ਨਿਰਸਵਾਰਥਤਾ ਅਤੇ ਹਮਦਰਦੀ ਪ੍ਰਤੀ ਸੱਭ ਤੋਂ ਵੱਧ ਵਚਨਬੱਧਤਾ ਵਿਖਾਈ ਹੈ।" ਉਨ੍ਹਾਂ ਕਿਹਾ, "ਤੁਸੀਂ ਇਸ ਦੇਸ਼ ਦਾ ਮਾਣ ਹੋ ਅਤੇ ਸਾਡੇ ਸਾਰਿਆਂ ਲਈ ਪ੍ਰੇਰਣਾ ਸਰੋਤ ਹੋ।"

ਸਰਕਾਰ ਦੇ ਕੈਬਨਿਟ ਦਫਤਰ ਵਲੋਂ ਬ੍ਰਿਟਿਸ਼ ਸ਼ਾਸਕ ਦੇ ਨਾਂ 'ਤੇ ਹਰ ਸਾਲ ਜਾਰੀ ਕੀਤੀ ਜਾਣ ਵਾਲੀ ਸੂਚੀ 'ਚ ਸਟੈਫੋਰਡਸ਼ਾਇਰ ਜਨਰਲ ਪ੍ਰੈਕਟਿਸ 'ਚ ਸੇਵਾਵਾਂ ਲਈ ਆਰਡਰ ਆਫ ਦਿ ਬ੍ਰਿਟਿਸ਼ ਐਂਪਾਇਰ (ਸੀ.ਬੀ.ਈ.) ਦੇ ਕਮਾਂਡਰ ਡਾ. ਚੰਦਰ ਮੋਹਨ ਕੰਨੇਗੰਤੀ ਅਤੇ ਜਨਤਕ ਸਿਹਤ ਲਈ ਸੇਵਾਵਾਂ ਲਈ ਇੰਪੀਰੀਅਲ ਕਾਲਜ ਲੰਡਨ ਦੀ ਸੀਨੀਅਰ ਕਲੀਨਿਕਲ ਫੈਲੋ ਡਾ. ਜਨਤਕ ਸੇਵਾ ਲਈ ਵਪਾਰ ਅਤੇ ਵਪਾਰ ਵਿਭਾਗ ਦੇ ਮੁੱਖ ਵਿੱਤੀ ਅਧਿਕਾਰੀ ਬਿਦੇਸ਼ ਸਰਕਾਰ ਵੱਕਾਰੀ ਸੀ.ਬੀ.ਈ. ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਵਿਚ ਸ਼ਾਮਲ ਹਨ। ਕੈਬਨਿਟ ਦਫਤਰ ਨੇ ਦਸਿਆ ਕਿ ਇਸ ਸਾਲ 1,200 ਤੋਂ ਵੱਧ ਲੋਕਾਂ ਨੂੰ ਉਨ੍ਹਾਂ ਦੀਆਂ ਬੇਮਿਸਾਲ ਪ੍ਰਾਪਤੀਆਂ ਲਈ ਸਨਮਾਨਿਤ ਕੀਤਾ ਗਿਆ ਹੈ। ਪੁਰਸਕਾਰ ਪ੍ਰਾਪਤ ਕਰਨ ਵਾਲਿਆਂ 'ਚ 48 ਫ਼ੀ ਸਦੀ ਔਰਤਾਂ ਹਨ। ਸਾਲ 2024 ਲਈ ਹੋਰ ਉੱਚ ਸਨਮਾਨਾਂ ਵਿਚ ਹਾਲੀਵੁੱਡ ਫਿਲਮ ਨਿਰਮਾਤਾ ਰਿਡਲੇ ਸਕਾਟ ਸ਼ਾਮਲ ਹਨ। ਜਿਨ੍ਹਾਂ ਨੂੰ ਬ੍ਰਿਟਿਸ਼ ਫਿਲਮ ਉਦਯੋਗ ਵਿਚ ਉਨ੍ਹਾਂ ਦੀਆਂ ਸੇਵਾਵਾਂ ਲਈ ਨਾਈਟ 'ਗ੍ਰੈਂਡ ਕਰਾਸ ਆਫ ਦਿ ਆਰਡਰ ਆਫ ਦਿ ਬ੍ਰਿਟਿਸ਼ ਐਂਪਾਇਰ' ਨਾਲ ਸਨਮਾਨਿਤ ਕੀਤਾ ਗਿਆ ਹੈ ਅਤੇ ਵੇਲਸ਼ ਗਾਇਕਾ ਸ਼ਰਲੀ ਬਾਸੀ, ਜਿਨ੍ਹਾਂ ਨੂੰ ਮਰਹੂਮ ਮਹਾਰਾਣੀ ਐਲਿਜ਼ਾਬੈਥ ਦੂਜੀ ਵਲੋਂ 'ਡੇਮ' ਨਾਲ ਸਨਮਾਨਿਤ ਕੀਤਾ ਗਿਆ ਸੀ, ਸੰਗੀਤ ਦੇ ਖੇਤਰ ਵਿਚ ਉਨ੍ਹਾਂ ਦੇ ਯੋਗਦਾਨ ਲਈ 'ਆਰਡਰ ਆਫ ਦਿ ਕੰਪੇਨੀਅਨ ਆਫ ਆਨਰ' ਪ੍ਰਾਪਤ ਕਰਨ ਵਾਲੀ 64 ਵੀਂ ਜੀਵਤ ਮੈਂਬਰ ਬਣ ਗਈ ਹੈ।

# ਜਗਮੀਤ ਸਿੰਘ ਨੇ ਲਿਬਰਲਾਂ ਨਾਲ ਗੱਠਜੋੜ ਸਰਕਾਰ ਬਣਾਉਣ ਤੋਂ ਕੀਤਾ ਇਨਕਾਰ



ਓਟਾਵਾ : ਅਗਲੀਆਂ ਫੈਡਰਲ ਚੋਣਾਂ ਵਿੱਚ ਜੇ ਕਿਸੇ ਵੀ ਪਾਰਟੀ ਨੂੰ ਸਪਸ਼ਟ ਬਹੁਮਤ ਨਹੀਂ ਮਿਲਦਾ ਤਾਂ ਅਜਿਹੇ ਵਿੱਚ ਐਨਡੀਪੀ ਆਗੂ ਜਗਮੀਤ ਸਿੰਘ ਨੇ ਲਿਬਰਲਾਂ ਨਾਲ ਗੱਠਜੋੜ ਸਰਕਾਰ ਬਣਾਉਣ ਦੀ ਸੰਭਾਵਨਾ ਤੋਂ ਇਨਕਾਰ ਕਰ ਦਿੱਤਾ ਹੈ। ਸਾਲ ਦੇ ਅਖੀਰ ਵਿੱਚ ਦਿੱਤੀ ਗਈ ਇੱਕ ਇੰਟਰਵਿਊ ਵਿੱਚ ਜਗਮੀਤ ਸਿੰਘ ਨੇ ਆਖਿਆ ਕਿ ਉਨ੍ਹਾਂ ਦਾ ਧਿਆਨ ਇਸ ਉੱਤੇ ਕੇਂਦਰਿਤ ਨਹੀਂ ਹੈ।ਅਸੀਂ ਚਾਹੁੰਦੇ ਹਾਂ ਕਿ ਪਾਰਲੀਆਮੈਂਟ ਵਿੱਚ ਕਈ ਮੁੱਦਿਆਂ ਨੂੰ ਸੁਲਝਾਇਆ ਜਾਵੇ ਤੇ ਫਿਰ ਅਸੀਂ ਜਿੱਤਣ ਲਈ ਮੈਦਾਨ ਵਿੱਚ ਨਿੱਤਰਾਂਗੇ।ਜਿ ?ਕਰਯੋਗ ਹੈ ਕਿ ਮਾਰਚ 2022 ਵਿੱਚ ਲਿਬਰਲਾਂ ਤੇ ਐਨਡੀਪੀ ਦਰਮਿਆਨ ਇੱਕ ਡੀਲ ਹੋਈ ਸੀ ਜਿਸ ਤਹਿਤ ਐਨਡੀਪੀ ਦੀ ਪਾਲਿਸੀ ਦੀਆਂ ਤਰਜੀਹਾਂ ਉੱਤੇ ਕਾਰਵਾਈ ਕਰਨ ਬਦਲੇ ਪਾਰਟੀ ਨੇ ਘੱਟ ਗਿਣਤੀ ਲਿਬਰਲ ਸਰਕਾਰ ਨੂੰ ਸਹਾਰਾ ਦੇਣ ਦਾ ਵਾਅਦਾ ਕੀਤਾ ਸੀ। ਦੋਵਾਂ ਪਾਰਟੀਆਂ ਵੱਲੋਂ 2025 ਤੱਕ ਆਪਣੀ ਇਸ ਡੀਲ ਨੂੰ ਜਾਰੀ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਉਸ ਸਾਲ ਅਕਤੂਬਰ ਵਿੱਚ ਫੈਡਰਲ ਚੋਣਾਂ ਤੈਅ ਹਨ। ਜਗਮੀਤ ਸਿੰਘ ਨੇ ਆਖਿਆ ਕਿ ਇਸ ਡੀਲ ਨੇ ਉਨ੍ਹਾਂ ਨੂੰ ਲਿਬਰਲਾਂ ਨੂੰ ਨੇੜਿਓਂ ਜਾਨਣ ਸਮਝਣ ਦਾ ਮੌਕਾ ਦਿੱਤਾ ਤੇ ਉਹ ਇਹ ਪਤਾ ਲਾ ਸਕੇ ਕਿ ਕੈਨੇਡੀਅਨਜ਼ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਫੈਡਰਲ ਸਰਕਾਰ ਕੋਲ ਕਿੰਨੀ ਤਾਕਤ ਹੁੰਦੀ ਹੈ। ਜਗਮੀਤ ਸਿੰਘ ਨੇ ਆਖਿਆ ਕਿ ਉਹ ਸਪਸ਼ਟ ਤੌਰ ਉੱਤੇ ਇਹ ਆਖਣਾ ਚਾਹੁੰਦੇ ਹਨ ਕਿ ਫੈਡਰਲ ਸਰਕਾਰ ਲੋਕਾਂ ਲਈ ਕਾਫੀ ਕੁੱਝ ਕਰ ਸਕਦੀ ਹੈ ਪਰ ਉਹ ਕਰ ਨਹੀਂ ਰਹੀ। ਉਨ੍ਹਾਂ ਇਹ ਵੀ ਆਖਿਆ ਕਿ ਉਹ ਦੇਸ਼ ਦਾ ਅਗਲਾ ਪ੍ਰਧਾਨ ਮੰਤਰੀ ਬਣਨਾ ਚਾਹੁੰਦੇ ਹਨ ਤੇ ਇਹ ਉਨ੍ਹਾਂ ਦਾ ਟੀਚਾ ਹੈ ਕਿ ਉਹ ਅਜਿਹਾ ਕਰਕੇ ਰਹਿਣਗੇ। ਇਸ ਸਮੇਂ ਕਰਵਾਏ ਜਾ ਰਹੇ ਸਰਵੇਖਣਾਂ ਤੋਂ ਸਾਹਮਣੇ ਆਇਆ ਹੈ ਕਿ ਹਵਾ ਦਾ ਰੁਖ ਕੰਜ਼ਰਵੇਟਿਵਾਂ ਵੱਲ ਹੈ ਤੇ ਘੱਟ ਗਿਣਤੀ ਸਰਕਾਰ ਕਾਰਨ ਚੋਣਾਂ ਕਦੇ ਵੀ ਹੋ ਸਕਦੀਆਂ ਹਨ। ਇਸ ਉੱਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਅਜਿਹਾ ਹੋਣ ਪਿੱਛੇ ਉਨ੍ਹਾਂ ਨੂੰ ਕੋਈ ਕਾਰਨ ਨਜ਼ਰ ਨਹੀਂ ਆ ਰਿਹਾ।

# ਅਸੀਂ ਵੀ ਧੜੰਮ ਕਰਕੇ ਡਿਗਦੇ ਹਾਂ !



ਤਰਲੋਚਨ ਸਿੰਘ ਦੁਪਾਲ ਪੁਰ
ਸਾਬਕਾ ਮੈਂਬਰ ਐਸ.ਜੀ.ਪੀ.ਸੀ
ਕੈਲੇਫੋਰਨੀਆਂ,ਯੂ.ਐਸ.ਏ
001-408-915-1268

ਇੱਕ ਪਿੰਡ 'ਚ ਮਾਈ ਰਹਿੰਦੀ ਸੀ ਜੋ ਆਪਣੇ 'ਸੰਤੀ' ਨਾਂ ਦੇ ਮੁਤਾਬਕ ਸੰਤਾਂ ਦੀ ਬੜੀ ਸ਼ਰਧਾਲੂ ਸੀ। ਇੱਕ ਬਾਬਾ ਜੀ ਆਪਣੇ ਚੇਲਿਆਂ ਬਾਲਕਿਆਂ ਨਾਲ ਜਦ ਉਹਦੇ ਘਰ ਆਉਂਦੇ ਤਾਂ ਮਾਈ ਨੂੰ ਚਾਅ ਚੜ੍ਹ ਜਾਂਦਾ! ਸੰਤਾਂ ਦੇ ਛਕਣ ਛਕਾਉਣ ਲਈ ਉਹ ਬੜੀ ਸ਼ਰਧਾ ਨਾਲ ਰਸੋਈ 'ਚ ਕੰਮ-ਕਾਜ ਕਰਦੀ।

ਘਰੇ ਆਏ ਸੱਤ-ਅੱਠ ਜਾਂ ਕਈ ਵਾਰ ਇਸਤੋਂ ਵੀ ਵੱਧ ਜਣਿਆਂ ਵਾਸਤੇ ਉਹ ਬੜੀ ਸਾਰੀ ਪ੍ਰਾਤ ਵਿੱਚ ਆਟਾ ਗੁੰਨ੍ਹ ਗੁੰਨ੍ਹ ਤੌਣਾ ਲਾਉਂਦੀ ਅਤੇ ਮਿੱਠੇ ਪਦਾਰਥਾਂ ਦੇ ਨਾਲ ਨਾਲ ਸਬਜ਼ੀ-ਭਾਜੀ ਤਿਆਰ ਕਰਦੀ।

ਭੋਲੀ ਮਾਈ ਇੱਕ ਵਾਰ ਸੰਤਾਂ ਨੂੰ ਕਹਿਣ ਲੱਗੀ ਕਿ ਬਾਬਾ ਜੀ ਤੁਸੀਂ ਸੱਚਖੰਡ ਦਾ ਬੜਾ ਜ਼ਿਕਰ ਕਰਦੇ ਰਹਿੰਦੇ ਹੋ ਕਿਤੇ ਇਸ ਦਾਸਣ ਨੂੰ ਦਰਸ਼ਣ ਕਰਵਾ ਦਿਉ ਓਹਦੇ ? ਸੰਤ ਪਸੀਜ ਗਏ! ਕਹਿੰਦੇ ਮਾਤਾ ਕੱਲ੍ਹ ਸਵੇਰੇ ਮੈਂ ਸੱਚਖੰਡ ਜਾਣਾ ਐ ਉਦੋਂ ਤੂੰ ਮੇਰੇ ਪੈਰ ਘੁੱਟ ਕੇ ਫੜ ਲਈਂ, ਤੈਨੂੰ ਸੱਚਖੰਡ ਲੈ ਚਲਾਂਗੇ! ਪਰ ਸ਼ਰਤ ਇਹ ਹੋਵੇ ਗੀ ਕਿ ਤੂੰ ਆਲਾ ਦੁਆਲਾ ਨਾ ਦੇਖੀਂ ਤੇ ਦੂਜਾ ਮੂੰਹ ਨਾ ਖੋਲ੍ਹੀਂ, ਭਾਵ ਬੋਲੀਂ ਨਾ! ਲਉ ਜੀ ਦੂਜੇ ਦਿਨ ਸਾਰਾ ਪਿੰਡ ਕੀ ਦੇਖਦਾ ਐ- ਸੰਤ ਜੀ ਅਕਾਸ਼ ਵੱਲ੍ਹ ਨੂੰ ਉਡਦੇ ਜਾ ਰਹੇ ਨੇ ਮਾਈ ਸੰਤੀ ਉਨ੍ਹਾਂ ਦੇ ਚਰਨ ਫੜੀ 'ਸੱਚਖੰਡ' ਨੂੰ ਜਾ ਰਹੀ ਐ!! ਥੱਲੇ ਕੋਠਿਆਂ 'ਤੇ ਚੜ੍ਹੀਆਂ ਪਿੰਡ ਦੀਆਂ ਬੀਬੀਆਂ, 'ਤਾਂਹ ਨੂੰ ਮੂੰਹ ਕਰਕੇ ਇਹ ਅਲੌਕਿਕ ਨਜ਼ਾਰਾ ਦੇਖ ਕੇ ਹੈਰਾਨ ਹੁੰਦਿਆਂ ਗੱਲਾਂ ਕਰਨ- 'ਹੈਅ ਹੈਅ ਕੁੜੇ ਸਦਕੇ ਜਾਈਏ ਮਾਈ ਸੰਤੀ ਦੇ, ਭਾਗਾਂ ਵਾਲੀ ਸੱਚਖੰਡ ਨੂੰ ਜਾ ਰਹੀ ਐ!' "ਐਵੇਂ ਈ ਨੀ ਚੱਲੀ ਸੱਚਖੰਡ ਨੂੰ..! ਆਪਣੀ ਵੱਡੀ ਚੌੜੀ ਪਰਾਤ ਦਾ ਆਕਾਰ ਦਰਸਾਉਣ ਲਈ ਆਲੇ ਦੁਆਲੇ ਨੂੰ ਹੱਥ ਫੈਲਾਉਂਦੀ ਉੱਤੋਂ ਮਾਈ ਸੰਤੀ ਦੀ ਅਵਾਜ਼ ਆਈ- "ਐਡੀ ਸਾਰੀ ਪਰਾਤ ਵਿੱਚ ਤੌਣਾ ਗੁੰਨ੍ਹ ਗੁੰਨ੍ਹ ਕੇ ਰੋਟੀਆਂ ਵੀ ਮੈਂ ਹੀ ਪਕਾਉਂਦੀ ਹੁੰਦੀ ਤੀ.! (ਆਪਣੀ ਸੋਭਾ-ਵਡਿਆਈ ਦੀ ਜਦ ਅਸੀਂ ਖੁਦ ਹੀ ਉਹਦੀ ਤਾਈਦ ਕਰਨ ਲਗਦੇ ਹਾਂ ਤਦ ਅਸੀਂ ਵੀ ਏਦਾਂ ਈ 'ਧੜੰਮ-ਧੜੰਮ' ਕਰਦੇ ਥੱਲੇ ਡਿਗਦੇ ਸਮਝੋ!)

# 'ਨਿੱਕੀਆਂ ਜਿੰਦਾਂ ਵੱਡੇ ਸਾਕੇ' ਤੋਂ ਸੇਧ ਲੈ ਕੇ ਨੌਜਵਾਨ ਗੁਰਸਿੱਖੀ ਜੀਵਨ ਅਪਣਾਉਣ 'ਚ ਕਰੇ ਪਹਿਲਕਦਮੀ : ਗਿ. ਹਰਪ੍ਰੀਤ ਸਿੰਘ



ਫਤਹਿਗੜ੍ਹ ਸਾਹਿਬ : ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਨਤਮਸਤਕ ਹੋ ਕੇ ਫਤਹਿਗੜ੍ਹ ਸਾਹਿਬ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤਰਿੰਗ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਝੱਬਰ ਨੇ ਵੀ ਫਤਹਿਗੜ੍ਹ ਸਾਹਿਬ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਸਿੱਖ ਇਤਿਹਾਸ 'ਚ ਫਤਹਿਗੜ੍ਹ ਸਾਹਿਬ ਵਿਖੇ ਸਭ ਤੋਂ ਵੱਡਾ ਸ਼ਹੀਦੀ ਜੋੜ ਮੇਲ ਲੱਗਦਾ ਹੈ ਤੇ ਹਰ ਸਿੱਖ ਦੀ ਇੱਛਾ ਹੁੰਦੀ ਹੈ ਕਿ ਉਹ ਫਤਹਿਗੜ੍ਹ ਸਾਹਿਬ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰੇ। ਉਨ੍ਹਾਂ ਕਿਹਾ ਕਿ ਜੋ ਸਾਕਾ ਸਰਹਿੰਦ ਦੀ ਧਰਤੀ 'ਤੇ ਵਾਪਰਿਆ, ਦੁਨੀਆ ਦੇ ਕਿਸੇ ਵੀ ਕੋਨੇ 'ਚ ਇਸ ਦੀ ਮਿਸਾਲ ਦੇਖਣ ਨੂੰ ਨਹੀਂ ਮਿਲਦੀ।

ਜਥੇਦਾਰ ਸਾਹਿਬ ਨੇ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪਤਿਤਪੁਣਾ ਛੱਡ ਕੇ ਨਿੱਕੀਆਂ ਜਿੰਦਾਂ ਵੱਡੇ ਸਾਕੇ ਤੋਂ ਸੇਧ ਲੈ ਕੇ ਗੁਰਸਿੱਖੀ ਵਾਲਾ ਜੀਵਨ ਅਪਣਾਉਣ 'ਚ ਪਹਿਲਕਦਮੀ ਕਰਨੀ ਚਾਹੀਦੀ ਹੈ ਕਿਉਂਕਿ ਛੋਟੇ ਸਾਹਿਬਜ਼ਾਦਿਆਂ ਵੱਲੋਂ ਸਿੱਖੀ ਲਈ ਜੋ ਸ਼ਹਾਦਤਾਂ ਦਿੱਤੀਆਂ, ਸਾਡੇ ਸਾਰਿਆਂ ਲਈ ਮਿਸਾਲਾਂ ਸਾਹਮਣੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਹਰਪਾਲ ਸਿੰਘ, ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ ਅਤੇ ਹੋਰ ਸਟਾਫ ਮੈਂਬਰ ਸਾਹਿਬਾਨ ਵੀ ਹਾਜ਼ਰ ਸਨ।

# ਕੈਨੇਡਾ ਵਿਚ ਕੋਟਕਪੂਰਾ ਦੇ ਕਰਨਵੀਰ ਸਿੰਘ ਦੀ ਨਿਮੋਨੀਆ ਕਾਰਨ ਮੌਤ



ਵਿੰਨੀਪੈਗ : ਕੈਨੇਡਾ ਤੋਂ ਪੰਜਾਬੀਆਂ ਲਈ ਮੰਦਭਾਗੀ ਖਬਰ ਸਾਹਮਣੇ ਆਈ ਹੈ। ਕੈਨੇਡਾ ਦੇ ਵਿੰਨੀਪੈਗ ਵਿਚ ਸਟੂਡੈਂਟ ਵੀਜ਼ਾ 'ਤੇ ਪੜ੍ਹਾਈ ਕਰਨ ਆਏ 20 ਸਾਲਾ ਪੰਜਾਬੀ ਨੌਜਵਾਨ ਕਰਨਵੀਰ ਸਿੰਘ ਦੀ ਨਿਮੋਨੀਆ ਦੇ ਇਲਾਜ ਦੌਰਾਨ ਮੌਤ ਹੋ ਗਈ ਜਿਸ ਨਾਲ ਉਸ ਦੇ ਪਰਿਵਾਰ ਉੱਪਰ ਦੁੱਖਾਂ ਦਾ ਪਹਾੜ ਟੁੱਟ ਗਿਆ ਹੈ।

ਸਾਲ 2023 ਦਾ ਅੰਤ ਆ ਚੁੱਕਿਆ ਹੈ ਪਰ ਵਿਦੇਸ਼ਾਂ ਤੋਂ ਪੰਜਾਬੀਆਂ ਦੀ ਮੌਤਾਂ ਦੀਆਂ ਖਬਰਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ। ਇਸ ਤਰ੍ਹਾਂ ਦੀ ਇਕ ਹੋਰ ਦੁੱਖਦਾਈ ਖਬਰ ਹੁਣ ਕੈਨੇਡਾ ਦੇ ਵਿੰਨੀਪੈਗ ਤੋਂ ਵੀ ਸਾਹਮਣੇ ਆਈ ਹੈ। ਜਿਥੇ ਪੜ੍ਹਾਈ ਕਰਨ ਸਟੂਡੈਂਟ ਵੀਜ਼ਾ ਉੱਪਰ ਆਏ 20 ਸਾਲਾ ਪੰਜਾਬੀ ਨੌਜਵਾਨ ਦੀ ਨਿਮੋਨੀਆ ਕਾਰਨ ਇਲਾਜ ਦੌਰਾਨ ਮੌਤ ਹੋ ਗਈ ਹੈ। ਇਸ ਨੌਜਵਾਨ ਦਾ ਨਾਮ ਕਰਨਵੀਰ ਸਿੰਘ ਹੈ ਜੋ ਪਿਛਲੇ ਸਾਲ ਹੀ ਕੈਨੇਡਾ ਪੜ੍ਹਾਈ ਕਰਨ ਦੇ ਲਈ ਆਇਆ ਸੀ।

ਸੋਸ਼ਲ ਮੀਡੀਆ ਉੱਪਰ ਕਰਨਵੀਰ ਸਿੰਘ ਦੀ ਮੌਤ ਦੀ ਜਾਣਕਾਰੀ ਕੁਲਵੰਤ ਸਿੰਘ ਵੱਲੋਂ ਦਿੱਤੀ ਗਈ ਜਿਸ ਨੇ ਲਿੱਖਿਆ ਕਿ ਮੈਂ ਆਪਣੇ ਭਤੀਜੇ (ਕਰਨਵੀਰ ਸਿੰਘ) ਲਈ ਫੰਡ ਇਕੱਠਾ ਕਰ ਰਿਹਾ ਹੈ ਤਾਂ ਜੋ ਉਸਦੇ ਮਾਪਿਆਂ ਨੂੰ ਉਸ ਦੀ ਲਾਸ਼ ਭੇਜੀ ਜਾ ਸਕੇ। ਕਰਨਵੀਰ ਆਪਣੇ ਮਾਪਿਆਂ ਦਾ ਇੱਕਲਾ ਬੱਚਾ ਸੀ। ਫੰਡ ਇਕੱਠਾ ਕਰਨ ਲਈ ਲੋਕਾਂ ਦੇ ਸਹਿਯੋਗ ਦੀ ਮੰਗ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਕੈਨੇਡੀਅਨ ਪ੍ਰੋਵਿੰਸ ਉਨਟਾਰੀਓ ਦੇ ਸ਼ਹਿਰ ਬਰੈਂਪਟਨ ਤੋਂ ਕੁੱਝ ਦਿਨ ਪਹਿਲਾਂ ਵੀ ਇਕ ਹੋਰ ਪੰਜਾਬੀ ਨੌਜਵਾਨ ਦੀ ਮੌਤ ਦੀ ਖਬਰ ਸਾਹਮਣੇ ਆਈ ਸੀ। ਜਿਸਦਾ ਨਾਮ ਅਮਰਪਾਲ ਸਿੰਘ ਸੀ ਅਤੇ ਉਸਦੀ ਉੱਮਰ 24 ਸਾਲ ਦੀ ਸੀ। ਅਮਰਪਾਲ ਸਿੰਘ ਦੀ ਦਿਮਾਗੀ ਨਾੜੀ ਫਟਣ ਕਾਨਰ ਉਸਦੀ ਮੌਤ ਹੋਈ ਸੀ। ਉਹ ਪੰਜਾਬ ਦੇ ਡੇਰਾ ਬਾਬਾ ਨਾਨਕ ਨੇੜਲੇ ਪਿੰਡ ਮਸਰਾਲਾ ਦਾ ਰਹਿਣ ਵਾਲਾ ਸੀ ਅਤੇ 2019 ਵਿਚ ਸਟੱਡੀ ਵੀਜ਼ਾ ਉਪਰ ਕੈਨੇਡਾ ਆਇਆ ਸੀ। ਉਸ ਨੇ ਭਾਰਤ ਜਾਣ ਲਈ 26 ਦਸੰਬਰ ਦੀ ਟਿਕਟ ਵੀ ਬੁੱਕ ਕਰਵਾਈ ਹੋਈ ਸੀ ਅਤੇ ਆਪਣਾ ਸਮਾਨ ਵੀ ਪੈਕ ਕਰ ਲਿਆ ਸੀ ਪਰ 26 ਦਸੰਬਰ ਨੂੰ ਦਪਹਿਰ 1 ਵਜੇ ਦੇ ਕਰੀਬ ਅਚਾਨਕ ਉਸ ਦੀ ਦਿਮਾਗੀ ਨਾੜੀ ਫਟ ਗਈ। ਜਿਸ ਤੋਂ ਬਾਅਦ ਉਸਨੂੰ ਹਸਪਤਾਲ ਦਾਖ ਕਰਵਾਇਆ ਗਿਆ। ਜਿਥੇ ਡਾਕਟਰਾਂ ਨੇ ਉਸ ਨੂੰ ਇਲਾਜ ਦੌਰਾਨ ਮ੍ਰਿਤਕ ਐਲਾਨ ਕਰ ਦਿੱਤਾ।



# ਕਨੇਡਾ ਰਹਿੰਦੇ ਪੰਜਾਬੀਆਂ ਦੀਆਂ ਬੁਲੰਦੀਆਂ ਨੂੰ ਨਜ਼ਰ ਲੱਗੀ

ਇਹ ਨਹੀਂ ਕਿ ਬਾਹਰਲੇ ਮੁਲਕਾਂ ਨੂੰ ਪੰਜਾਬੀਆਂ ਦੀ ਲੋੜ ਨਹੀਂ ਰਹੀ ਪਰ ਸਾਡੇ ਉੱਥੇ ਵਸਦੇ ਬਹੁਤ ਸਾਰੇ ਮੁੰਡੇ ਕੁੜੀਆਂ ਨੇ ਆਪਣੀ ਪੱਤ ਆਪ ਗਵਾ ਲਈ ਹੈ। ਕਿਹਾ ਤਾਂ ਇਹ ਵੀ ਜਾ ਰਿਹਾ ਹੈ ਕਿ ਕਨੇਡਾ ਵਸਦੇ ਪੁਰਾਣੇ ਪਰਿਵਾਰ ਇੱਧਰੋਂ ਗਏ ਮੁੰਡੇ ਕੁੜੀਆਂ ਨੂੰ ਮੂੰਹ ਲਾਉਣ ਤੋਂ ਹਟ ਗਏ ਹਨ। ਵਿਰਲੇ ਟਾਵੇਂ ਕੈਨੇਡਾ ਨੂੰ ਆਪ ਵੀ ਅਲਵਿਦਾ ਕਹਿਣ ਲੱਗੇ ਹਨ।

ਅੱਜ ਦਿਨ ਭਰ ਸੋਸ਼ਲ ਮੀਡੀਆ 'ਤੇ ਇਹ ਖਬਰ ਚੱਲਦੀ ਰਹੀ ਕਿ ਕਨੇਡਾ ਵਿੱਚ ਰਹਿੰਦੇ ਚਾਰ ਪੰਜ ਪੰਜਾਬੀ ਮੁੰਡਿਆਂ ਨੇ ਰਲ ਕੇ ਰਾਤ ਵੇਲੇ ਓਂਟਾਰੀਓ ਵਿੱਚ ਇੱਕ ਠੇਕਾ ਲੁੱਟ ਲਿਆ। ਠੇਕੇ ਦੀ ਪਿਛਲੀ ਕੰਧ ਪਾੜ ਕੇ ਕੰਟੇਨਰ ਵਿੱਚ ਸ਼ਰਾਬ ਲੱਦਦੇ ਪੁਲਿਸ ਨੇ ਮੌਕੇ ਉੱਤੇ ਆ ਦਬੋਚੇ। ਇਸ ਤੋਂ ਪਹਿਲਾਂ ਕਾਰ ਚੋਰਾਂ ਦੇ ਗਰੋਹ ਵਿੱਚੋਂ ਕਈ ਸਾਰੇ ਪੰਜਾਬੀ ਨਿਕਲੇ ਸਨ। ਕੈਨੇਡਾ ਵਿੱਚ ਕੋਈ ਦਿਨ ਸੁੱਕਾ ਨਹੀਂ ਜਾਂਦਾ ਜਿਸ ਦਿਨ ਉੱਥੇ ਵਸਦੇ ਕਿਸੇ ਨੌਜਵਾਨ ਪੰਜਾਬੀ ਮੁੰਡੇ ਦੀ ਮੌਤ ਨਾ ਹੋਈ ਹੋਵੇ। ਵਜਾ ਚਾਹੇ ਨਸ਼ਾ ਬਣਿਆ ਹੋਵੇ, ਦਿਲ ਦਾ ਦੌਰਾ ਜਾਂ ਫਿਰ ਆਤਮਹੱਤਿਆ। ਪੰਜਾਬੀਆਂ ਦਾ ਸਿਰ ਨੀਵਾਂ ਹੋਇਆ ਹੈ ਅਤੇ ਕੈਨੇਡਾ ਸਰਕਾਰ ਨੇ ਸਖਤੀ ਫੜ ਲਈ ਹੈ। ਪਿੰਡਾਂ ਵਿੱਚੋਂ ਉੱਠ ਕੇ ਸ਼ਹਿਰਾਂ ਵਿੱਚ ਪੈਰ ਜਮਾਉਣੇ ਆਸਾਨ ਨਹੀਂ ਹੁੰਦੇ। ਨਾ ਹੀ ਸੌਖਾ ਹੁੰਦਾ ਹੈ ਦੂਜੇ ਸੂਬਿਆਂ ਵਿੱਚ ਜਾ ਕੇ ਬੰਜਰ ਨੂੰ ਆਬਾਦ ਕਰਨਾ। ਫਿਰ ਬਾਹਰਲੇ ਦੇਸ਼ਾਂ ਵਿੱਚ ਜਾ ਕੇ ਸੈੱਟ ਹੋਣਾ ਤਾਂ ਅਸੰਭਵ ਵਰਗਾ ਮੁਸ਼ਕਲ ਹੁੰਦਾ ਹੈ। ਪੰਜਾਬੀਆਂ ਨੇ ਇਸ ਸੋਚ ਨੂੰ ਤੋੜਿਆ ਹੈ। ਵਿਦੇਸ਼ਾਂ ਵਿੱਚ ਪੰਜਾਬੀਆਂ ਦੀ ਝੰਡੀ ਹੈ। ਸਿਆਸਤ ਵਿੱਚ ਹਿੱਸੇਦਾਰੀ ਹੈ। ਵਿਦੇਸ਼ ਦੀ ਧਰਤੀ 'ਤੇ ਸਿੱਖੀ ਦੇ ਨਿਸ਼ਾਨ ਸਾਹਿਬ ਝੂਲਣ ਲੱਗੇ ਹਨ। ਗੋਰੇ ਪੰਜਾਬੀਆਂ ਦੇ ਦਫਤਰਾਂ ਵਿੱਚ ਨੌਕਰੀ ਲੈਣ ਲਈ ਕਤਾਰਾਂ ਵਿੱਚ ਲੱਗਣ ਲੱਗੇ ਹਨ।

ਅੱਜ ਕੱਲ੍ਹ ਕੈਨੇਡਾ ਵਿੱਚ ਪਹਿਲਾਂ ਵਾਲੀਆਂ ਗੱਲਾਂ ਨਹੀਂ ਰਹੀਆਂ ਹਨ। ਪਹਿਲਾ ਪਹਿਲ ਜ਼ਿਆਦਾਤਰ ਘੱਟ ਪੜ੍ਹੇ-ਲਿਖੇ ਲੋਕਾਂ ਨੇ ਵਿਦੇਸ਼ ਵੱਲ ਨੂੰ ਮੂੰਹ ਕੀਤਾ ਸੀ। ਦੂਜੇ ਪੜਾਅ ਵਿੱਚ ਇੰਜਨੀਅਰਾਂ ਅਤੇ ਡਾਕਟਰਾਂ ਨੇ ਵਿਦੇਸ਼ ਦੀ ਉਡਾਣ ਭਰੀ ਤਾਂ ਭਾਰਤੀਆਂ ਨੇ ਗੋਰਿਆਂ ਦੀ ਧਰਤੀ 'ਤੇ ਵੱਖਰੀ ਪਛਾਣ ਬਣਾ ਲਈ। ਪਰ ਹੁਣ ਜਿਵੇਂ ਕਨੇਡਾ ਰਹਿੰਦੇ ਪੰਜਾਬੀਆਂ ਦੀਆਂ ਬੁਲੰਦੀਆਂ ਨੂੰ ਨਜ਼ਰ ਲੱਗ ਗਈ ਹੋਵੇ।

ਭਾਰਤੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣੇ ਮੁਲਕ ਕੈਨੇਡਾ ਬਾਰੇ ਬੜੇ ਚਿੰਤਾਜਨਕ ਅੰਕੜੇ ਸਾਹਮਣੇ ਆਏ ਹਨ। ਪਿਛਲੇ ਛੇ ਸਾਲਾਂ ਵਿੱਚ ਮੌਤਾਂ ਦੀ ਗਿਣਤੀ ਵਿੱਚ ਪੰਜ ਗੁਣਾ ਵਾਧਾ ਹੋਇਆ ਹੈ। ਕੈਨੇਡਾ ਜਾਣ ਵਾਲੇ ਨੌਜਵਾਨ ਮੁੰਡੇ, ਕੁੜੀਆਂ ਉਮੀਦਾਂ ਦੇ ਬੋਝ ਥੱਲੇ ਦੱਬ ਕੇ ਰਹਿ ਗਏ ਹਨ। ਪੜ੍ਹਾਈ ਪੂਰੀ ਹੋਣ ਤੋਂ ਬਾਅਦ ਪੈਰ ਨਾ ਲੱਗਣ ਕਰਕੇ ਮਾਨਸਿਕ ਬਿਮਾਰੀਆਂ ਦੀ ਜਕੜ ਵਿੱਚ ਆ ਗਏ ਹਨ। ਕਈਆਂ ਨੇ ਤਾਂ ਅੱਕ ਕੇ ਮੌਤ ਨੂੰ ਗਲੇ ਲਗਾ ਲਿਆ ਹੈ। ਅੰਕੜਿਆਂ ਮੁਤਾਬਿਕ 2018 ਵਿੱਚ ਅੱਠ ਭਾਰਤੀਆਂ ਦੀ ਭੇਤਭਰੀ ਹਾਲਤ ਵਿੱਚ ਮੌਤ ਹੋ ਗਈ ਸੀ। ਪਿਛਲੇ ਸਾਲ 23 ਮੌਤਾਂ ਹੋਈਆਂ ਜਦੋਂ ਕਿ ਚਾਲੂ ਸਾਲ ਦੌਰਾਨ 36 । ਖਾਲਸਾ ਏਡ ਵੱਲੋਂ ਸਰਵੇਖਣ ਤੋਂ ਪਤਾ ਲੱਗਾ ਹੈ ਕਿ ਕੈਨੇਡਾ ਵਿੱਚ ਰਹਿੰਦੇ ਦਸ ਭਾਰਤੀ ਵਿਦਿਆਰਥੀਆਂ ਵਿੱਚੋਂ ਤਿੰਨ ਮਾਨਸਿਕ ਰੋਗ ਦਾ ਸ਼ਿਕਾਰ ਹਨ। ਦਰਅਸਲ ਇਹ ਸਾਹਮਣੇ ਆਇਆ ਹੈ ਕਿ ਵੱਡੀ ਗਿਣਤੀ ਮਾਪਿਆਂ ਨੇ ਆਪਣੇ ਬੱਚੇ ਜ਼ਮੀਨ ਗਹਿਣੇ ਧਰ ਜਾਂ ਸੋਨਾ ਵੇਚ ਕੇ ਬੱਚੇ ਕੈਨੇਡਾ ਪੜ੍ਹਨ ਲਈ ਭੇਜੇ ਸਨ। ਪਰ ਉੱਥੇ ਦੇ ਨਵੇਂ ਹਾਲਾਤ ਵਿੱਚ ਮਾਪਿਆਂ ਨੂੰ ਕਰਜ਼ਾ ਉਤਾਰਨ ਲਈ ਪੈਸੇ ਭੇਜਣਾ ਤਾਂ ਵੱਖਰੀ ਗੱਲ, ਉਨ੍ਹਾਂ ਦਾ ਆਪਣਾ ਵੀ ਪੂਰੀ ਤਰ੍ਹਾਂ ਢਿੱਡ ਨਹੀਂ ਭਰ ਰਿਹਾ। ਇਨ੍ਹਾਂ ਵਿੱਚੋਂ ਕਈ ਸਾਰੇ ਤਾਂ ਅਜਿਹੇ ਹਨ ਜਿਹੜੇ ਆਪਣੀ ਜ਼ਿੰਦਗੀ ਦਾ ਨਿਰਵਾਹ ਕਰਨ ਤੋਂ ਵੀ ਅਸਮਰਥ ਹਨ। ਫਿਰ ਉਹ ਘਰੋਂ ਹੋਰ ਪੈਸੇ ਮੰਗਵਾ ਨਹੀਂ ਸਕਦੇ, ਜਿਸ ਕਰਕੇ ਕੱਲ੍ਹ ਦੀ ਚਿੰਤਾ ਉਨ੍ਹਾਂ ਨੂੰ ਆਤਮ ਹੱਤਿਆ ਦੇ ਰਾਹ ਪੈਣ ਲਈ ਮਜਬੂਰ ਕਰ ਦਿੰਦੀ ਹੈ। ਰਿਪੋਰਟ ਵਿੱਚ ਪੰਜਾਬ ਦੇ ਕਈ ਵਿਦਿਆਰਥੀਆਂ ਦੇ ਨਾਂ ਵੀ ਦਿੱਤੇ ਗਏ ਹਨ ਜਿਹਨਾਂ ਨੇ ਆਪਣੀ ਜ਼ਿੰਦਗੀ ਇਸੇ ਕਰਕੇ ਗਵਾ ਲਈ ਹੈ।

ਇੰਟਰਨੈਸ਼ਨਲ ਸਿੱਖ ਸਟੂਡੈਂਟਸ ਐਸੋਸੀਏਸ਼ਨ ਦੇ ਬੁਲਾਰੇ ਦਾ ਕਹਿਣਾ ਹੈ ਕਿ ਕੈਨੇਡਾ ਆਉਣ ਵਾਲੇ ਜ਼ਿਆਦਾਤਰ ਵਿਦਿਆਰਥੀਆਂ ਦੀ ਉਮਰ 19 ਜਾਂ 20 ਸਾਲ ਹੁੰਦੀ ਹੈ ਅਤੇ ਉਹ ਕੈਨੇਡਾ ਵਿੱਚ ਨਹੀਂ ਚੱਲ ਸਕਦੇ ਹਨ। ਬੁਲਾਰੇ ਮੁਤਾਬਿਕ ਆਤਮ ਹੱਤਿਆ ਦਾ ਵੱਡਾ ਕਾਰਨ ਪੜ੍ਹਾਈ ਪੂਰੀ ਹੋਣ ਤੋਂ ਬਾਅਦ ਵਰਕ ਪਰਮਿਟ ਮਿਲਣ ਵਿੱਚ ਔਕੜਾਂ ਆ ਰਹੀਆਂ ਹਨ। ਜ਼ਿਕਰਯੋਗ ਹੈ ਕਿ ਪੰਜਾਬ ਤੋਂ ਹਰ ਸਾਲ ਢਾਈ ਲੱਖ ਭਾਰਤੀ ਵਿਦਿਆਰਥੀ ਕੈਨੇਡਾ ਨੂੰ ਸਟੂਡੈਂਟ ਵੀਜ਼ੇ ਉੱਤੇ ਜਾ ਰਹੇ ਹਨ। ਟੋਰੰਟੋ ਵਿੱਚ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰ ਐੱਮ ਏ ਗੁਪਤਾ ਦਾ ਮੰਨਣਾ ਹੈ ਕਿ ਘੋਰ ਉਦਾਸੀ ਵਿੱਚ ਦੀ ਲੰਘ ਰਹੇ ਵਿਦਿਆਰਥੀ ਨੂੰ ਢੁਕਵਾਂ ਇਲਾਜ ਨਹੀਂ ਮਿਲ ਰਿਹਾ ਹੈ। ਟੋਰਾਂਟੋ ਦੇ ਸਰਕਾਰੀ ਹਸਪਤਾਲ ਵਿੱਚ ਕਰਦੀ ਕੰਮ ਕਰਦੀ ਇੱਕ ਭਾਰਤੀ ਨਰਸ ਦਾ ਦੱਸਣਾ ਹੈ ਕਿ ਪਿਛਲੇ ਦੋ ਸਾਲਾਂ ਦੌਰਾਨ ਮਨੋਰੋਗ ਤੋਂ ਪੀੜਤ ਵਿਦਿਆਰਥੀ ਦੀ ਗਿਣਤੀ ਦੁੱਗਣੀ ਹੋ ਗਈ ਹੈ। ਸਰਕਾਰੀ ਤੌਰ 'ਤੇ ਮਿਲੇ ਅੰਕੜਿਆਂ ਮੁਤਾਬਿਕ ਸਾਲ 2018 ਦੌਰਾਨ ਭਾਰਤ ਤੋਂ ਪੰਜ ਲੱਖ 17 ਹਜ਼ਾਰ ਵਿਦਿਆਰਥੀ ਵਿਦੇਸ਼ ਪੜ੍ਹਨ ਲਈ ਗਏ ਸਨ। ਉਸ ਤੋਂ ਅਗਲੇ ਸਾਲ ਇਹ ਗਿਣਤੀ ਵਧ ਕੇ 5 ਲੱਖ 80 ਹਜ਼ਾਰ ਹੋ ਗਈ ਸੀ ਜਦੋਂ ਕਿ ਲੰਘੇ ਸਾਲ ਸੱਤ ਲੱਖ 51 ਹਜ਼ਾਰ ਵਿਦਿਆਰਥੀ ਬਾਹਰਲੇ ਦੇਸ਼ਾਂ ਵਿੱਚ ਪੜ੍ਹਨ ਗਏ ਸਨ। ਕੈਨੇਡਾ ਨੇ ਦੋ ਲੱਖ 26 ਹਜ਼ਾਰ ਭਾਰਤੀ ਵਿਦਿਆਰਥੀਆਂ ਨੂੰ ਵੀਜ਼ਾ ਦਿੱਤਾ ਸੀ ਜਿਸ ਵਿੱਚੋਂ ਇੱਕ ਲੱਖ 36 ਹਜ਼ਾਰ ਪੰਜਾਬੀ ਦੱਸੇ ਜਾਂਦੇ ਹਨ। ਹੁਣ ਕਨੇਡਾ ਦਾ ਵੀਜ਼ਾ ਲੈਣਾ ਪਹਿਲਾਂ ਨਾਲੋਂ ਔਖਾ ਹੋ ਗਿਆ ਹੈ, ਕਿਉਂਕਿ ਉੱਥੋਂ ਦੀ ਸਰਕਾਰ ਨੇ ਇੰਟਰਨੈਸ਼ਨਲ ਸਟੂਡੈਂਟਸ ਫੰਡ ਦੁੱਗਣਾ ਕਰ ਦਿੱਤਾ ਹੈ। ਪਹਿਲਾਂ ਇਹ ਫੀਸ 10 ਹਜ਼ਾਰ ਡਾਲਰ ਸੀ ਜਿਹੜੀ ਕਿ ਹੁਣ ਵਧਾ ਕੇ 20670 ਕਰ ਦਿੱਤੀ ਗਈ ਹੈ। ਇੱਥੇ ਹੀ ਬੱਸ ਨਹੀਂ, ਕੈਨੇਡਾ ਦੀ ਸਰਕਾਰ ਨੇ ਸਟੂਡੈਂਟ ਵੀਜ਼ਾ 'ਤੇ ਰਹਿ ਰਹੇ ਵਿਦਿਆਰਥੀਆਂ ਲਈ ਹਫਤੇ ਵਿੱਚ ਸਿਰਫ 20 ਘੰਟੇ ਕੰਮ ਕਰਨ ਦੀ ਪਾਬੰਦੀ ਮੁੜ ਤੋਂ ਲਗਾ ਦਿੱਤੀ ਹੈ। ਪੰਜਾਬ ਦੇ ਕੈਨੇਡਾ ਵਿੱਚ ਪੜ੍ਹਨ ਗਏ 30 ਹਜ਼ਾਰ ਵਿਦਿਆਰਥੀਆਂ ਦੇ ਸਿਰ ਉੱਤੇ 1800 ਕਰੋੜ ਕਰਜ਼ਾ ਹੈ। ਭਾਰਤੀ ਰਿਜ਼ਰਵ ਬੈਂਕ ਅਨੁਸਾਰ 1849 ਵਿਦਿਆਰਥੀ ਕਰਜ਼ਾ ਨਹੀਂ ਮੋੜ ਸਕੇ ਹਨ। ਬੈਂਕਾਂ ਨੂੰ ਹੁਣ ਤਕ ਸਟੂਡੈਂਟ ਲੋਨ ਦਾ 5263 ਕਰੋੜ ਰੁਪਇਆ ਵੱਟੇ ਖਾਤੇ ਪਾਉਣਾ ਪਿਆ ਹੈ। ਪਿਛਲੇ ਪੰਜ ਸਾਲਾਂ ਦੌਰਾਨ 39 ਕਰੋੜ ਰੁਪਏ ਤੋਂ ਵੱਧ ਰਕਮ ਕੈਨੇਡਾ ਨੂੰ ਪੜ੍ਹਾਈ ਦੀ ਫੀਸ ਦੇ ਰੂਪ ਵਿੱਚ ਗਈ ਹੈ।

ਇੱਕ ਪਾਸੇ ਭਾਰਤ ਅਤੇ ਕੈਨੇਡਾ ਦੀ ਸਰਕਾਰ ਦੇ ਆਪਸੀ ਸਬੰਧ ਕੌੜੇ ਕਸੈਲ਼ੇ ਚੱਲ ਰਹੇ ਹਨ, ਦੂਜੇ ਪਾਸੇ ਉੱਥੇ ਰਹਿੰਦੇ ਨੌਜਵਾਨਾਂ ਦੀਆਂ ਹਰਕਤਾਂ ਨੇ ਪੰਜਾਬੀਆਂ ਦੀ ਧੌਣ ਨੀਵੀਂ ਕਰਨੀ ਸ਼ੁਰੂ ਕਰ ਦਿੱਤੀ ਹੈ। ਉੱਥੇ ਰਹਿੰਦੀਆਂ ਸਾਡੀਆਂ ਲੜਕੀਆਂ ਵਿੱਚੋਂ ਬਹੁਤ ਸਾਰੀਆਂ ਉੱਤੇ ਅਜਿਹੇ ਦੋਸ਼ ਲੱਗਦੇ ਹਨ ਕਿ ਸਾਡੇ ਕੰਨ ਪੂਰੀ ਗੱਲ ਸੁਣਨ ਤੋਂ ਨਾਂਹ ਕਰ ਜਾਂਦੇ ਹਨ। ਨਿਰਸੰਦੇਹ ਉੱਥੇ ਵਸਦਿਆਂ ਨੌਜਵਾਨਾਂ ਦੀਆਂ ਮਜਬੂਰੀਆਂ ਹੋਣਗੀਆਂ ਪਰ ਇਹ ਵੀ ਨਹੀਂ ਕਿ ਅਸੀਂ ਆਪਣੇ ਸੰਸਕਾਰਾਂ ਨੂੰ ਤਿਲਾਂਜਲੀ ਦੇ ਦੇਈਏ।

ਕੈਨੇਡਾ ਵਿੱਚ ਬਾਹਰੋਂ ਆਉਣ ਵਾਲਿਆਂ ਲਈ ਹੁਣ ਹਾਲਾਤ ਪਹਿਲਾਂ ਜਿੰਨੇ ਸੁਖਾਵੇਂ ਨਹੀਂ ਰਹੇ ਹਨ। ਕੈਨੇਡਾ ਦੀ ਆਪਣੀ ਵਿੱਤੀ ਹਾਲਤ ਪਤਲੀ ਪੈ ਚੁੱਕੀ ਹੈ। ਇੱਥੋਂ ਤਕ ਕਿ ਮੁਢਲਾ ਆਧਾਰੀ ਢਾਂਚਾ ਵੀ ਲੜਖੜਾ ਕੇ ਰਹਿ ਗਿਆ ਹੈ। ?ਸਿਹਤ ਸੇਵਾਵਾਂ ਬਿਮਾਰ ਹੋ ਚੁੱਕੀਆਂ ਹਨ। ਕੈਨੇਡਾ ਨੇ ਵਿਦਿਆਰਥੀਆਂ ਲਈ ਬੂਹੇ ਭੇੜਨੇ ਬੰਦ ਕਰ ਦਿੱਤੇ ਹਨ। ਕੈਨੇਡਾ ਵਸਦੇ ਵਿਦਿਆਰਥੀ ਦੁਚਿੱਤੀ ਵਿੱਚ ਪੈ ਚੁੱਕੇ ਹਨ ਪਰ ਉਹਨਾਂ ਨੂੰ ਕੋਈ ਕਿਨਾਰਾ ਨਜ਼ਰ ਨਹੀਂ ਆ ਰਿਹਾ ਹੈ। ਭਾਰਤ ਦੇ ਵਿਦਿਆਰਥੀਆਂ ਨੂੰ ਜੇ ਆਪਣੇ ਮੁਲਕ ਵਿੱਚ ਹੀ ਰੌਸ਼ਨ ਭਵਿੱਖ ਨਜ਼ਰ ਆਉਂਦਾ ਹੁੰਦਾ ਤਾਂ ਉਹ ਕਰਜ਼ਾ ਚੁੱਕ ਕੇ ਵਿਦੇਸ਼ ਲਈ ਪੈਰ ਨਾ ਪੁੱਟਦੇ। ਦੇਸ਼ ਵਿਦੇਸ਼ ਦੀਆਂ ਸਰਕਾਰਾਂ ਨੂੰ ਭਵਿੱਖ ਦੀ ਘੁੰਮਣਘੇਰੀ ਵਿੱਚ ਫਸੇ ਵਿਦਿਆਰਥੀਆਂ ਦੀ ਬਾਂਹ ਫੜਨੀ ਚਾਹੀਦੀ ਹੈ। ਸਿਰਫ ਦਾਅਵਿਆਂ ਅਤੇ ਵਾਅਦਿਆਂ ਨਾਲ ਨਹੀਂ ਸਰਨਾ ਹੈ। ਵਿਦੇਸ਼ੀ ਧਰਤੀ 'ਤੇ ਰਹਿ ਰਹੇ ਵਿਦਿਆਰਥੀਆਂ ਨੂੰ ਇਸ ਔਖੀ ਘੜੀ ਵਿੱਚ ਕੌਂਸਲਿੰਗ ਦੀ ਲੋੜ ਹੈ। -ਕਮਲਜੀਤ ਸਿੰਘ ਬਨਵੈਤ

# ਮਨੁੱਖਤਾ ਨੂੰ ਮਾਰੂ ਜੰਗਾਂ ਵੱਲ ਧੱਕਦਾ ਸਾਮਰਾਜੀ ਨਿਜ਼ਾਮ

**ਮਾਨਵ**

'ਇਹ ਖ਼ੁਸ਼ਗਵਾਰ ਸਮਾਂ ਨਹੀਂ'।

ਸੰਸਾਰ ਦੇ ਹਾਕਮ ਹਲਕਿਆਂ ਦੀ ਸਭ ਤੋਂ ਪ੍ਰਸਿੱਧ ਮੈਗਜ਼ੀਨ 'ਦਿ ਇਕੋਨੌਮਿਸਟ' ਵਿਚ ਛਪਿਆ ਤਾਜ਼ਾ ਲੇਖ ਇਨ੍ਹਾਂ ਸ਼ਬਦਾਂ ਨਾਲ ਚੱਲ ਰਹੀਆਂ ਜੰਗਾਂ ਤੇ ਸਾਮਰਾਜੀ ਤਾਕਤਾਂ ਦਰਮਿਆਨ ਵਧ ਰਹੇ ਜੰਗੀ ਤਣਾਅ ਨੂੰ ਬਿਆਨਦਾ ਹੈ। ਬਹੁਤਾ ਸਮਾਂ ਨਹੀਂ ਹੋਇਆ ਜਦੋਂ ਅਜਿਹੇ ਮੈਗਜ਼ੀਨ ਸਰਮਾਏਦਾਰਾ ਪ੍ਰਬੰਧ ਨੂੰ ਸਾਰੀਆਂ ਸਮੱਸਿਆਵਾਂ ਦਾ ਹੱਲ ਦੱਸਦੇ, ਇਸੇ ਪ੍ਰਬੰਧ ਨੂੰ ਇੱਕੋ-ਇੱਕ ਬਦਲ ਵਜੋਂ ਸੁਝਾਇਆ ਕਰਦੇ ਸਨ!

ਅਜੋਕਾ ਸਾਮਰਾਜੀ ਪ੍ਰਬੰਧ ਮਨੁੱਖਤਾ ਨੂੰ ਜੰਗ ਦਰ ਜੰਗ ਨਵੀਆਂ ਨਿਵਾਣਾਂ ਵੱਲ ਧੱਕ ਰਿਹਾ ਹੈ। ਫ਼ਲਸਤੀਨ ਉੱਪਰ ਢਾਹੇ ਜਾ ਰਹੇ ਜ਼ੁਲਮ ਮੱਧ-ਪੂਰਬ ਵਿਚ ਨਵੀਂ ਜੰਗ ਦਾ ਮਾਹੌਲ ਸਿਰਜ ਰਹੇ ਹਨ, ਦੂਜੀ ਸੰਸਾਰ ਜੰਗ ਤੋਂ ਬਾਅਦ ਯੂਰੋਪੀਅਨ ਖਿੱਤੇ ਦੀ ਸਭ ਤੋਂ ਲੰਮੀ, ਯੂਕਰੇਨ ਜੰਗ ਅਜੇ ਚੱਲ ਰਹੀ ਹੈ, ਅਫਰੀਕਾ ਦਾ ਸਾਹੇਲ ਇਲਾਕਾ ਸਾਮਰਾਜੀ ਖਹਿ ਦਾ ਇਲਾਕਾ ਬਣਿਆ ਹੋਇਆ ਹੈ ਤੇ ਅਫਰੀਕੀ ਮੁਲਕਾਂ ਮਾਲੀ, ਸੁਡਾਨ, ਇਥੋਪੀਆ ਆਦਿ ਵਿਚ ਘਰੇਲੂ ਜੰਗ ਲੱਗੀ ਹੋਈ ਹੈ; ਨੇੜ ਗੁਆਂਢ ਮਿਆਂਮਾਰ ਵਿਚ ਵੀ ਜਾਬਰ ਫੌਜੀ ਹਕੂਮਤ ਖਿਲਾਫ ਵੱਖ ਵੱਖ ਸਮੂਹਾਂ ਦੀ ਜੰਗ ਚੱਲ ਰਹੀ ਹੈ। ਪ੍ਰਸ਼ਾਂਤ ਮਹਾਂਸਾਗਰ ਦੇ ਖਿੱਤੇ ਵਿਚ ਵੀ ਦਿਨੋ-ਦਿਨ ਸਾਮਰਾਜੀ ਅਮਰੀਕਾ ਤੇ ਚੀਨ ਦਰਮਿਆਨ ਤਾਇਵਾਨ ਦੇ ਮਸਲੇ ਉੱਤੇ ਸਿੱਧੀ ਜੰਗ ਦਾ ਮਾਹੌਲ ਭੜਕਦਾ ਦਿਸ ਰਿਹਾ ਹੈ। ਕਹਿਣ ਦਾ ਭਾਵ, ਅੱਜ ਦਾ ਇਹ ਸਰਮਾਏਦਾਰਾ-ਸਾਮਰਾਜੀ ਪ੍ਰਬੰਧ ਦੁਨੀਆ ਨੂੰ ਨਿੱਤ ਨਵੀਆਂ ਤੇ ਵਧੇਰੇ ਮਾਰੂ ਜੰਗਾਂ ਵੱਲ ਧੱਕ ਰਿਹਾ ਹੈ ਜਿਸ ਵਿਚ ਲੱਖਾਂ ਹੀ ਬੇਦੋਸ਼ੇ ਲੋਕ ਅਣਆਈ ਮੌਤ ਮਾਰੇ ਜਾ ਰਹੇ ਹਨ, ਕਿੰਨੇ ਹੀ ਬੱਚੇ ਯਤੀਮ ਕੀਤੇ ਜਾ ਰਹੇ ਹਨ।

ਕਈ ਵਿਸ਼ਲੇਸ਼ਕ ਅਜੋਕੀ ਹਾਲਤ ਨੂੰ 1960-70ਵਿਆਂ ਦੀ ਸੰਸਾਰ ਹਾਲਤ ਨਾਲ਼ ਮੇਚਦੇ ਹਨ ਜਦੋਂ ਅਰਬ-ਇਜ਼ਰਾਈਲ ਜੰਗ, 1958 ਵਿਚ ਲਿਬਨਾਨ ਤੇ ਤਾਇਵਾਨ ਦਾ ਸੰਕਟ, 60ਵਿਆਂ ਵਿਚ ਵੀਅਤਨਾਮ ਦੀ ਜੰਗ ਅਤੇ 70ਵਿਆਂ ਵਿਚ ਸ਼ੁਰੂ ਹੋਈ ਅਫ਼ਗਾਨਿਸਤਾਨ ਦੀ ਜੰਗ ਵਰਗੀਆਂ ਵੱਡੀਆਂ ਘਟਨਾਵਾਂ ਬਹੁਤ ਤੇਜ਼ੀ ਨਾਲ ਕੁਝ ਹੀ ਸਾਲਾਂ ਵਿਚ ਵਾਪਰੀਆਂ ਸਨ ਪਰ ਉਦੋਂ ਦੀ ਅਤੇ ਅੱਜ ਦੀ ਹਾਲਤ ਵਿਚ ਬੁਨਿਆਦੀ ਫ਼ਰਕ ਇਹ ਹੈ ਕਿ ਹੁਣ ਪਹਿਲਾਂ ਵਾਂਗ ਅਮਰੀਕੀ ਅਗਵਾਈ ਵਿਚ ਪੱਛਮੀ ਸਾਮਰਾਜੀਆਂ ਲਈ ਮਨਮਰਜੀ ਨਾਲ ਕਿਸੇ ਮੁਲਕ ਉੱਤੇ ਹਮਲਾ ਕਰਨਾ ਇੰਨਾ ਸੌਖਾ ਨਹੀਂ ਰਿਹਾ। ਵੀਅਤਨਾਮ ਵਿਚ ਅਮਰੀਕੀ ਸਾਮਰਾਜ ਨੂੰ ਮਿਲੀ ਹਾਰ, ਅਫ਼ਗਾਨਿਸਤਾਨ ਵਿਚ ਪਹਿਲਾਂ ਸਮਾਜਿਕ-ਸਾਮਰਾਜੀ ਸੋਵੀਅਤ ਯੂਨੀਅਨ (ਸੋਵੀਅਤ ਯੂਨੀਅਨ ਵਿਚ ਸਮਾਜਵਾਦ ਨੂੰ ਪਿਛਲਮੋੜਾ 1956 ਵਿਚ ਖ਼ਰੁਸ਼ਚੇਵ ਦੇ ਆਉਣ ਤੋਂ ਹੀ ਲੱਗ ਗਿਆ ਸੀ, ਉਸ ਤੋਂ ਬਾਅਦ ਉੱਥੇ ਸਿਰਫ ਨਾਂ ਦਾ ਹੀ ਸਮਾਜਵਾਦ ਬਚਿਆ ਸੀ ਜਿਵੇਂ ਅੱਜ ਕੱਲ੍ਹ ਚੀਨ ਵਿਚ ਹੈ) ਤੇ ਮਗਰੋਂ ਸਾਮਰਾਜੀ ਅਮਰੀਕਾ ਦੀ ਹਾਰ ਨੇ ਸਾਬਤ ਕਰ ਦਿੱਤਾ ਹੈ ਕਿ ਸਾਮਰਾਜੀਏ ਅਜਿੱਤ ਨਹੀਂ ਹਨ; ਕਿ ਇਹ ਹੁਣ ਸਦੀ ਪਹਿਲਾਂ ਦਾ ਜ਼ਮਾਨਾ ਨਹੀਂ ਰਿਹਾ ਜਦੋਂ ਸਾਮਰਾਜੀਏ ਮਨਮਰਜ਼ੀ ਨਾਲ ਕਿਸੇ ਮੁਲਕ 'ਤੇ ਕਬਜ਼ਾ ਕਰ ਲੈਂਦੇ ਸਨ। ਬਸਤੀਆਂ ਅੰਦਰ ਚੱਲੀਆਂ ਸਾਮਰਾਜ ਵਿਰੋਧੀ ਲਹਿਰਾਂ ਨੇ ਲੋਕਾਂ ਦੀ ਚੇਤਨਾ ਇੰਨੀ ਕੁ ਵਿਕਸਤ ਕਰ ਦਿੱਤੀ ਹੈ ਕਿ ਉਹ ਹੁਣ ਬਹੁਤਾ ਚਿਰ ਕਿਸੇ ਵਿਦੇਸ਼ੀ ਤਾਕਤ ਦਾ ਕਬਜ਼ਾ ਸਹਿਣ ਨੂੰ ਰਾਜ਼ੀ ਨਹੀਂ।

ਨਾਲ ਹੀ ਚੀਨ-ਰੂਸ ਦੇ ਰੂਪ ਵਿਚ ਉੱਭਰੇ ਦੂਜੇ ਸਾਮਰਾਜੀ ਧੜੇ ਦੀ ਸਥਿਤੀ 60-70ਵਿਆਂ ਦੇ ਸੋਵੀਅਤ ਯੂਨੀਅਨ ਨਾਲੋਂ ਕਿਤੇ ਬਿਹਤਰ ਹੈ। ਇਸ ਨੇ ਜਿੱਥੇ ਪੱਛਮੀ ਸਾਮਰਾਜੀਆਂ ਦੀ ਇੱਕ ਛਤਰ ਦਬਦਬੇ ਵਾਲੀ ਹਾਲਤ ਪੁਗਾ ਦਿੱਤੀ ਹੈ ਉੱਥੇ ਸੰਸਾਰ ਪੱਧਰ ਉੱਤੇ ਗਲਬੇ ਲਈ ਸਾਮਰਾਜੀ ਖਿੱਚੋਤਾਣ ਵੀ ਤੇਜ਼ ਕਰ ਦਿੱਤੀ ਹੈ।

ਜਦੋਂ 1991 ਵਿਚ ਸੋਵੀਅਤ ਯੂਨੀਅਨ ਖਿੰਡਿਆ ਤਾਂ ਇਸ ਨਵੀਂ ਹਾਲਤ ਵਿਚ ਹੋਰ ਹਮਲਾਵਰ ਹੋਏ ਅਮਰੀਕਾ ਦੀ ਨੀਤੀ ਦੀ ਨਿਸ਼ਾਨਦੇਹੀ ਕਰਦਾ ਗੁਪਤ ਦਸਤਾਵੇਜ਼ 'ਵੋਲਫੋਵਿਟਜ ਮੱਤ' ਨਸ਼ਰ ਹੋਇਆ ਜਿਹੜਾ ਅਮਰੀਕਾ ਦੇ ਸੁਰੱਖਿਆ ਵਿਭਾਗ ਨੇ ਜਾਰੀ ਕੀਤਾ ਸੀ। ਪ੍ਰੈੱਸ ਵਿਚ ਨਸ਼ਰ ਹੋਣ ਮਗਰੋਂ ਭਾਵੇਂ ਅਮਰੀਕੀ ਹਕੂਮਤ ਨੂੰ ਇਸ ਦੀ ਸੁਰ ਕੁਝ ਹਲਕੀ ਕਰਨੀ ਪਈ ਪਰ ਹਕੀਕਤ ਇਹ ਸੀ ਕਿ ਅਗਲੇ ਦੋ ਦਹਾਕਿਆਂ ਤੱਕ ਦੀ ਅਮਰੀਕੀ ਸਾਮਰਾਜ ਦੀ ਵਿਸਥਾਰਵਾਦੀ ਨੀਤੀ ਇਸ ਵਿਚ ਜ਼ਾਹਿਰ ਕਰ ਦਿੱਤੀ ਗਈ ਸੀ।

ਇਸੇ ਨੀਤੀ ਤਹਿਤ ਸੰਸਾਰ ਗਲਬੇ ਲਈ 1991 ਤੋਂ ਬਾਅਦ ਅਮਰੀਕਾ ਨੇ ਸੰਸਾਰ ਭਰ ਵਿਚ ਨਵੀਆਂ ਜੰਗਾਂ ਨੂੰ ਅੰਜਾਮ ਦਿੱਤਾ। ਅਮਰੀਕਾ ਨੇ 1991 ਵਿਚ ਇਰਾਕ, 1999 ਵਿਚ ਯੂਗੋਸਲਾਵੀਆ, 2001 ਵਿਚ ਅਫ਼ਗਾਨਿਸਤਾਨ, 2003 ਵਿਚ ਇਰਾਕ, 2011 ਵਿਚ ਲੀਬੀਆ ਤੇ ਸੀਰੀਆ ਆਦਿ 'ਤੇ ਭਾਰੀ ਹਮਲੇ ਕਰ ਕੇ ਸੰਸਾਰ ਭਰ ਦੀਆਂ ਹਕੂਮਤਾਂ ਵਿਚ ਇਹ ਖ਼ੌਫ਼ ਪਾਉਣ ਦੀ ਕੋਸ਼ਿਸ਼ ਕੀਤੀ ਕਿ ਅਮਰੀਕਾ ਹੀ ਹੁਣ ਪੂਰੀ ਦੁਨੀਆ ਦਾ ਚੌਧਰੀ ਹੈ ਤੇ ਜਿਹੜੀ ਵੀ ਹਕੂਮਤ ਉਸ ਦੇ ਕਹਿਣੇ ਮੁਤਾਬਕ ਨਹੀਂ ਚੱਲੇਗੀ, ਉਸ ਦਾ ਹਸ਼ਰ ਇਨ੍ਹਾਂ ਮੁਲਕਾਂ ਵਰਗਾ ਹੀ ਹੋਵੇਗਾ। ਉਂਝ, ਇਰਾਕ ਤੇ ਅਫ਼ਗਾਨਿਸਤਾਨ ਵਿਚ ਅਮਰੀਕਾ ਨੂੰ ਲੱਗੀ ਪਛਾੜ ਨੇ ਇਸ ਦੇ ਇੱਕ ਛਤਰ ਦਬਦਬੇ ਦੀ ਮਿੱਥ ਉਡਾ ਦਿੱਤੀ। ਉਧਰ ਰੂਸ ਦੇ ਸੰਭਲਣ ਅਤੇ ਚੀਨ ਦੇ ਉਭਾਰ ਨੇ ਪੱਛਮੀ ਸਾਮਰਾਜ ਵਿਰੋਧੀ ਨਵੇਂ ਸਾਮਰਾਜੀ ਗੱਠਜੋੜ ਨੂੰ ਜਨਮ ਦਿੱਤਾ। ਇਸ ਗੱਠਜੋੜ ਦੀ ਸਭ ਤੋਂ ਨੁਮਾਇੰਦਾ ਮਿਸਾਲ ਸੀ 2009 ਵਿਚ ਬਰਿਕਸ ਗੱਠਜੋੜ ਦਾ ਬਣਨਾ ਜਿਸ ਵਿਚ ਭਾਰਤ, ਬ੍ਰਾਜ਼ੀਲ ਜਿਹੇ ਨਵੇਂ ਉੱਭਰ ਰਹੇ ਅਰਥਚਾਰਿਆਂ ਨੇ ਵੀ ਬਦਲੇ ਹਾਲਾਤ ਤਹਿਤ ਆਪਣੇ ਹਿੱਤ ਸੁਰੱਖਿਅਤ ਰੱਖਣ ਲਈ ਸ਼ਾਮਲ ਹੋਣਾ ਵਾਜਿਬ ਸਮਝਿਆ। ਚੀਨ, ਰੂਸ ਦੀ ਅਗਵਾਈ ਵਾਲਾ ਇਹ ਗੱਠਜੋੜ ਅੱਜ ਪੱਛਮੀ ਸਾਮਰਾਜੀਆਂ ਦੇ ਮੁਕਾਬਲੇ ਦੂਜੇ ਲੋਟੂ ਧੜੇ ਦੇ ਹਿੱਤ ਪੂਰਨ ਵਾਲਾ ਵੱਡਾ ਮੰਚ ਬਣ ਚੁੱਕਾ ਹੈ।

ਜਨਵਰੀ 2016 ਵਿਚ ਅਮਰੀਕਾ ਦੀ ਕਾਂਗਰਸ ਅੱਗੇ ਆਪਣੇ ਆਖਿਰੀ ਸਾਲਾਨਾ ਭਾਸ਼ਣ ਵਿਚ ਵੇਲੇ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਜ਼ੋਰ ਦੇ ਕੇ ਕਿਹਾ ਸੀ, "ਹਰ ਅਹਿਮ ਕੌਮਾਂਤਰੀ ਮਸਲੇ ਉੱਤੇ ਦੁਨੀਆ ਭਰ ਦੇ ਲੋਕ ਅਗਵਾਈ ਲਈ ਪੇਈਚਿੰਗ ਜਾਂ ਮਾਸਕੋ ਵੱਲ ਨਹੀਂ ਸਗੋਂ ਸਾਡੇ ਵੱਲ ਤੱਕਦੇ ਨੇ।

ਉਸ ਵੇਲੇ ਦਿੱਤਾ ਇਹ ਬਿਆਨ ਅੱਜ ਸੱਤਾਂ ਸਾਲਾਂ ਬਾਅਦ ਹੀ ਹਕੀਕਤ ਤੋਂ ਕਿੰਨਾ ਨਿੱਖੜ ਗਿਆ ਲਗਦਾ ਹੈ। ਯੂਕਰੇਨ ਅਤੇ ਹੁਣ ਫ਼ਲਸਤੀਨ ਦੇ ਮਸਲੇ ਨੇ ਅਮਰੀਕਾ ਅਤੇ ਇਸ ਦੇ ਪੱਛਮੀ ਜੋਟੀਦਾਰਾਂ ਦੀ ਭੜਕਾਊ ਕੂਟਨੀਤੀ ਨੂੰ ਦੁਨੀਆ ਸਾਹਮਣੇ ਨੰਗਾ ਕਰ ਦਿੱਤਾ ਹੈ। ਫਰਵਰੀ ਵਿਚ 'ਵਿਦੇਸ਼ੀ ਸਬੰਧਾਂ ਬਾਰੇ ਯੂਰੋਪੀਅਨ ਕੌਂਸਲ"ਦੇ ਸਰਵੇਖਣ ਮੁਤਾਬਕ ਦੋ-ਤਿਹਾਈ ਤੋਂ ਵੱਧ ਚੀਨੀ, ਰੂਸੀ ਤੇ ਤੁਰਕੀ ਅਤੇ ਭਾਰਤ ਦੇ ਅੱਧਿਓਂ ਵੱਧ ਲੋਕ ਪੱਛਮੀ ਸਾਮਰਾਜ ਦੇ ਇੱਕ ਛਤਰ ਦਾਬੇ ਵਾਲਾ ਸਮਾਂ ਪੁੱਗ ਗਿਆ ਸਮਝਦੇ ਹਨ ਤੇ ਭਵਿੱਖ ਵਿਚ ਚੀਨ ਦੇ ਦਬਦਬੇ ਵਾਲਾ ਨਵਾਂ ਦੌਰ ਬਣਦਾ ਦੇਖ ਰਹੇ ਹਨ।

ਯੂਕਰੇਨ ਜੰਗ ਤੋਂ ਬਾਅਦ ਚੀਨ ਅਤੇ ਰੂਸ ਦੀ ਭਾਈਵਾਲੀ ਹੋਰ ਪੱਕੀ ਹੋਈ ਹੈ। ਫ਼ਲਸਤੀਨ ਮਸਲੇ ਉੱਤੇ ਰੂਸ ਹਮਾਸ ਦੇ ਹੋਰ ਨੇੜੇ ਆ ਚੁੱਕਾ ਹੈ; ਚੀਨ ਨੇ ਇਸ ਮਸਲੇ ਨੂੰ ਖਿੱਤੇ ਵਿਚ ਅਮਰੀਕੀ ਨੀਤੀ ਦੇ ਅਸਫਲ ਹੋਣ ਵਜੋਂ ਪੇਸ਼ ਕਰਦਿਆਂ ਇਸ ਦੀ ਆਲੋਚਨਾ ਕੀਤੀ ਹੈ। ਚੀਨ ਤੇ ਰੂਸ ਨੇ ਪੱਛਮੀ ਪ੍ਰਸ਼ਾਂਤ ਮਹਾਂਸਾਗਰ ਵਿਚ ਚਾਰ ਸਾਲਾਂ ਅੰਦਰ ਹੀ ਛੇ ਫੌਜੀ ਮਸ਼ਕਾਂ ਕੀਤੀਆਂ ਹਨ। ਫਿਰ ਅਗਸਤ ਮਹੀਨੇ ਹੀ ਦੋਹਾਂ ਦੀਆਂ ਸਮੁੰਦਰੀ ਫੌਜਾਂ ਨੇ ਸਾਂਝੀ ਮਸ਼ਕ ਕੀਤੀ। ਬਦਲੇ ਹਾਲਾਤ ਨੇ ਨਾ ਸਿਰਫ ਦੋਹਾਂ ਸਾਮਰਾਜੀ ਧੜਿਆਂ ਦੀ ਆਪਸੀ ਟੱਕਰ ਤੇਜ਼ ਕੀਤੀ ਹੈ ਸਗੋਂ ਇਸ ਟਕਰਾਅ ਵਿਚ ਨਵੇਂ ਖਿਡਾਰੀ ਵੀ ਸ਼ਾਮਿਲ ਹੋ ਰਹੇ ਹਨ। ਇਰਾਨ ਤੇ ਉੱਤਰੀ ਕੋਰੀਆ ਨੇ ਰੂਸ ਕੋਲ਼ੋਂ ਫੌਜੀ ਤਕਨੀਕ ਦੀ ਸਾਂਝ ਬਦਲੇ ਉਸ ਨੂੰ ਯੂਕਰੇਨ ਜੰਗ ਵਿਚ ਮਦਦ ਤਹਿਤ ਹਥਿਆਰਾਂ ਦੀ ਲਗਾਤਾਰ ਪੂਰਤੀ ਕੀਤੀ ਹੈ। ਦੂਜੇ ਪਾਸੇ ਆਸਟਰੇਲੀਆ, ਨਿਊਜ਼ੀਲੈਂਡ, ਜਪਾਨ ਤੇ ਦੱਖਣੀ ਕੋਰੀਆ ਦੇ ਆਗੂਆਂ ਨੇ ਯੂਰੋਪ ਵਿਚ ਹੋਈਆਂ ਪਿਛਲੀਆਂ ਦੋਹਾਂ ਨਾਟੋ ਬੈਠਕਾਂ ਵਿਚ ਸ਼ਿਰਕਤ ਕੀਤੀ। ਪੱਛਮੀ ਮੁਲਕਾਂ ਤੋਂ ਬਿਨਾਂ ਇਸ ਸਾਲ ਯੂਕਰੇਨ ਨੂੰ ਦੱਖਣੀ ਕੋਰੀਆ ਨੇ ਵੱਡੀ ਪੱਧਰ ਉੱਤੇ ਅਸਲ੍ਹੇ ਦੀ ਖੇਪ ਭੇਜੀ। ਮੱਧ-ਪੂਰਬ ਤੇ ਕੇਂਦਰੀ ਏਜੰਸੀਆਂ ਦੇ ਖਿੱਤੇ ਵਿਚ ਚੱਲਦੀ ਦੋ ਸਾਮਰਾਜੀ ਧੜਿਆਂ ਦੀ ਟੱਕਰ ਵਿਚ ਤੁਰਕੀ ਨੇ ਵੀ ਆਪਣੇ ਹੱਥ ਧੋਂਦੇ ਹੋਏ ਖੁਦ ਨੂੰ ਖਿੱਤੇ ਅੰਦਰ ਹਥਿਆਰਾਂ ਦੇ ਵੱਡੇ ਪੂਰਤੀਕਾਰ ਵਜੋਂ ਸਥਾਪਿਤ ਕੀਤਾ ਹੈ ਜਿਸ ਦਾ ਅਸਰ ਲੀਬੀਆ, ਸੀਰੀਆ ਤੇ ਅਜਰਬਾਈਜਾਨ ਦੀਆਂ ਜੰਗਾਂ ਉੱਪਰ ਵੀ ਪਿਆ। ਕਹਿਣ ਦਾ ਭਾਵ, ਸਾਮਰਾਜੀਆਂ ਦੀ ਟੱਕਰ ਨਾ ਸਿਰਫ ਹੋਰਾਂ ਇਲਾਕਿਆਂ ਵੱਲ ਵਧ ਰਹੀ ਹੈ ਸਗੋਂ ਨਵੇਂ ਲੋਟੂ ਖਿਡਾਰੀ ਵੀ ਇਸ ਵਿਚ ਸ਼ਾਮਿਲ ਹੋ ਰਹੇ ਨੇ। ਨਿਸ਼ਚੇ ਹੀ ਇਹ ਅਜੋਕੇ ਸਾਮਰਾਜੀ ਪ੍ਰਬੰਧ ਦੇ ਹੋਰ ਖ਼ੂੰਖਾਰ, ਹੋਰ ਪਰਜੀਵੀ, ਹੋਰ ਮਨੁੱਖਤਾ ਵਿਰੋਧੀ ਹੁੰਦੇ ਜਾਣ ਦੀ ਨਿਸ਼ਾਨੀ ਹੈ।

ਇਸ ਸਾਮਰਾਜੀ ਖਿੱਚੋਤਾਣ ਨੂੰ ਨਵੇਂ ਹਾਲਾਤ ਨੇ ਵੀ ਜ਼ਰਬ ਦਿੱਤੀ ਹੈ। ਮੌਸਮੀ ਤਬਦੀਲੀ ਦੀ ਚਰਚਾ ਮਗਰੋਂ ਊਰਜਾ ਦੇ 'ਹਰੇ ਸਰੋਤਾਂ' ਦੀ ਗੱਲ ਤੁਰ ਪਈ ਹੈ ਪਰ ਹਕੀਕਤ ਵਿਚ ਅਜੋਕੇ ਸਰਮਾਏਦਾਰਾ ਸਾਮਰਾਜੀ ਪ੍ਰਬੰਧ ਹੇਠ ਵਾਤਾਵਰਨ ਨੂੰ ਠੱਲ੍ਹ ਪਾਉਣ ਦੀਆਂ ਇਨ੍ਹਾਂ ਨਵੀਆਂ ਫਿਕਰਾਂ ਨੇ ਇੱਕ ਹੋਰ ਮੁਕਾਬਲੇਬਾਜ਼ੀ ਨੂੰ ਜਨਮ ਦਿੱਤਾ ਹੈ ਜਿਸ ਤਹਿਤ ਪੌਣ ਚੱਕੀਆਂ, ਬਿਜਲਈ ਵਾਹਨਾਂ ਆਦਿ ਲਈ ਕੱਚੇ ਮਾਲ ਵਜੋਂ ਲੋੜੀਂਦੇ ਤੱਤਾਂ ਦੀ ਖੋਹ-ਖਿੰਝ ਹੋਰ ਤੇਜ਼ ਹੋ ਗਈ ਹੈ। ਮਿਸਾਲ ਦੇ ਤੌਰ 'ਤੇ ਲੀਥੀਅਮ ਧਾਤ ਲਈ ਮੁਕਾਬਲਾ ਬਹੁਤ ਤੇਜ਼ ਹੋ ਚੁੱਕਾ ਹੈ। ਇਹ ਧਾਤ ਬਿਜਲਈ ਵਾਹਨਾਂ, ਸਮਾਰਟ ਯੰਤਰਾਂ, ਡਿਜੀਟਲ ਕੈਮਰਿਆਂ, ਮੋਬਾਈਲਾਂ, ਲੈਪਟੌਪਾਂ, ਬੈਟਰੀਆਂ ਆਦਿ ਵਿਚ ਵਰਤੀ ਜਾਣ ਵਾਲੀ ਧਾਤ ਹੈ। ਇਸ ਧਾਤ ਦੀ ਮੰਗ 2040 ਤੱਕ 42 ਗੁਣਾ ਵਧਣ ਦੇ ਆਸਾਰ ਹਨ। ਇਸ ਧਾਤ ਦੇ ਵਧੇਰੇ ਸਰੋਤ ਫਿਲਹਾਲ ਆਸਟਰੇਲੀਆ ਤੇ ਲਾਤੀਨੀ ਅਮਰੀਕਾ ਦੇ ਮੁਲਕਾਂ ਬੋਲੀਵੀਆ, ਅਰਜਨਟੀਨਾ ਤੇ ਚਿਲੀ ਵਿਚ ਹਨ। ਇਨ੍ਹਾਂ ਸਰੋਤਾਂ ਉੱਤੇ ਕਬਜ਼ੇ ਨੂੰ ਲੈ ਕੇ ਵੱਡੀਆਂ ਕੰਪਨੀਆਂ ਦਰਮਿਆਨ ਮੁਕਾਬਲਾ ਤੇਜ਼ ਹੋ ਗਿਆ ਹੈ। ਨਾਲ ਹੀ ਉੱਥੇ ਬੇਕਿਰਕ ਖਣਨ ਕਾਰਨ ਸਥਾਨਕ ਲੋਕਾਂ ਤੇ ਖਣਨ ਕੰਪਨੀਆਂ ਦਰਮਿਆਨ ਟਕਰਾਅ ਵੀ ਸ਼ੁਰੂ ਹੋ ਗਿਆ ਹੈ। ਇਸੇ ਤਰ੍ਹਾਂ ਹੋਰ ਅਨੇਕਾਂ ਬੁਨਿਆਦੀ ਧਾਤਾਂ ਹਨ ਜਿਨ੍ਹਾਂ ਲਈ ਸਰਮਾਏਦਾਰਾ ਸਾਮਰਾਜੀ ਮੁਕਾਬਲੇਬਾਜ਼ੀ ਆਉਣ ਵਾਲੇ ਸਾਲਾਂ ਵਿਚ ਹੋਰ ਤੇਜ਼ ਹੋਣੀ ਹੈ।

ਅੱਜ ਦੀ ਦੁਨੀਆ ਦੇ ਇਹ ਹਾਲਾਤ ਸਪੱਸ਼ਟ ਕਰਦੇ ਹਨ ਕਿ ਕਿਵੇਂ ਸਾਮਰਾਜੀ ਦੁਨੀਆ ਮਨੁੱਖਤਾ ਨੂੰ ਕੁਝ ਵੀ ਉਸਾਰੂ ਦੇਣ ਦੀ ਹਾਲਤ ਵਿਚ ਨਹੀਂ ਸਗੋਂ ਇਹ ਜੰਗਾਂ ਤੇ ਹੋਰ ਤਬਾਹੀ ਦੀ ਸੂਰਤ ਵਿਚ ਮਨੁੱਖਤਾ ਵੱਲੋਂ ਸਿਰਜੀਆਂ ਹਾਂਦਰੂ ਚੀਜ਼ਾਂ, ਭਾਵੇਂ ਉਹ ਤਕਨੀਕ ਹੋਵੇ ਤੇ ਭਾਵੇਂ ਕਲਾਤਮਕ ਵਿਕਾਸ, ਸਭ ਦਾ ਵਿਨਾਸ਼ ਕਰ ਰਹੀ ਹੈ। ਇਹ ਜੰਗੀ ਮਾਹੌਲ ਤੇ ਮਾਰੂ ਜੰਗਾਂ ਖ਼ਤਮ ਕਰਨ ਲਈ ਇੱਕ ਹੋਰ ਵੱਡੀ, ਸਰਮਾਏਦਾਰਾ ਸਾਮਰਾਜ ਵਿਰੋਧੀ ਜੰਗ ਦੀ ਲੋੜ ਹੈ।

ਸਾਡੇ ਲੋਕ
SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

**Office : (925) 243-1300 | Cell : (510) 706-1300 | Fax : (925) 373-1300 | India : 783 706 1300**

**1406 Janis CT Livermore CA 94551**

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

**ALL DISPUTES SUBJECTED TO THE COUNTY OF ALAMEDA CALIFORINA.** ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

*ਅਮਰੀਕਾ ’ਚ ਰਹਿੰਦੇ ਭਾਰਤੀਆਂ ਲਈ ਖੁਸ਼ਖ਼ਬਰੀ*

# ਗੈਰ ਦਸਤਾਵੇਜ਼ੀ ਪ੍ਰਵਾਸੀਆਂ ਨੂੰ ਅਮਰੀਕਾ ਦੇਵੇਗਾ ਸਿਹਤ ਬੀਮੇ ਦੀ ਸਹੂਲਤ

ਨਿਊਯਾਰਕ : ਕੈਲੀਫੋਰਨੀਆ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ ਸਿਹਤ ਬੀਮੇ ਦੀ ਪੇਸ਼ਕਸ਼ ਕਰਨ ਵਾਲਾ ਅਮਰੀਕਾ ਦਾ ਪਹਿਲਾ ਰਾਜ ਬਣ ਗਿਆ ਹੈ। ਸਾਲ 2024 ’ਚ 1 ਜਨਵਰੀ ਤਕ 26 ਤੋਂ 49 ਸਾਲ ਦੀ ਉਮਰ ਦੇ ਲਗਭਗ 700,000 ਲੋਕ ਇਸ ਯੋਜਨਾ ਦਾ ਲਾਭ ਲੈ ਸਕਣਗੇ ਅਤੇ ਸਾਰੇ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਲਈ ਸਿਹਤ ਬੀਮਾ ਦੀ ਪੇਸ਼ਕਸ਼ ਕਰਨ ਵਾਲਾ ਇਹ ਪਹਿਲਾ ਰਾਜ ਬਣ ਕੇ ਨਵੇਂ ਸਾਲ ਦਾ ਸੁਆਗਤ ਕਰੇਗਾ।

ਇਸ ਵਿਚ ਸਾਰੇ ਗੈਰ-ਦਸਤਾਵੇਜ਼ੀ ਪ੍ਰਵਾਸੀ, ਉਮਰ ਦੀ ਪਰਵਾਹ ਕੀਤੇ ਬਿਨਾਂ, ਘੱਟ ਆਮਦਨ ਵਾਲੇ ਲੋਕਾਂ ਲਈ ਫੈਡਰਲ ਮੈਡੀਕੇਡ ਨਾਂ ਦੇ ਪ੍ਰੋਗਰਾਮ ਦੇ ਕੈਲੀਫੋਰਨੀਆ ਦੇ ਲਈ ਯੋਗ ਹੋਣਗੇ। ਪਹਿਲਾਂ ਗੈਰ-ਦਸਤਾਵੇਜ਼ੀ ਪ੍ਰਵਾਸੀ ਵਿਆਪਕ ਸਿਹਤ ਬੀਮਾ ਪ੍ਰਾਪਤ ਕਰਨ ਲਈ ਯੋਗ ਨਹੀਂ ਸਨ ਪਰ ਉਨ੍ਹਾਂ ਨੂੰ ਮੈਡੀਕਲ ਅਧੀਨ ਐਮਰਜੈਂਸੀ ਅਤੇ ਗਰਭ-ਸਬੰਧਤ ਸੇਵਾਵਾਂ ਪ੍ਰਾਪਤ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ। ਜਦੋਂ ਤੱਕ ਉਹ ਯੋਗਤਾ ਲੋੜਾਂ ਨੂੰ ਪੂਰਾ ਕਰਦੇ ਹਨ, ਜਿਸ ਵਿਚ ਆਮਦਨ ਸੀਮਾਵਾਂ ਅਤੇ 2014 ਵਿਚ ਕੈਲੀਫੋਰਨੀਆ ਦੀ ਰਿਹਾਇਸ਼ ਸ਼ਾਮਲ ਹੈ।



ਇਹ ਐਲਾਨ ਕੈਲੀਫੋਰਨੀਆ ਦੇ ਗਵਰਨਰ ਗੇਵਿਨ ਨਿਊਜ਼ਮ ਨੇ ਇੰਮੀਗ੍ਰੇਸ਼ਨ ਸਥਿਤੀ ਦੀ ਪਰਵਾਹ ਕੀਤੇ ਬਿਨਾਂ, 19 ਤੋਂ 25 ਸਾਲ ਦੀ ਉਮਰ ਦੇ ਨੌਜਵਾਨ ਬਾਲਗਾਂ ਲਈ ਪੂਰੀ-ਸਕੋਪ ਮੈਡੀਕਲ ਪਹੁੰਚ ਦੇ ਵਿਸਥਾਰ ਲਈ ਇਸ ਕਾਨੂੰਨ ਵਿਚ ਦਸਤਖਤ ਕੀਤੇ ਹਨ। ਫਿਰ 50 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਬਜ਼ੁਰਗ ਬਾਲਗਾਂ ਨੂੰ ਇਮੀਗ੍ਰੇਸ਼ਨ ਸਥਿਤੀ ਦੀ ਪਰਵਾਹ ਕੀਤੇ ਬਿਨਾਂ, ਪੂਰੇ ਲਾਭ ਪ੍ਰਾਪਤ ਕਰਨ ਦੀ ਆਗਿਆ ਦਿੱਤੀ ਗਈ ਹੈ। 1 ਜਨਵਰੀ ਤੋਂ ਲਾਗੂ ਹੋਣ ਵਾਲਾ ਅੰਤਿਮ ਵਿਸਥਾਰ 26 ਅਤੇ 49 ਸਾਲ ਦੀ ਉਮਰ ਦੇ ਲਗਭਗ 700,000 ਗੈਰ-ਦਸਤਾਵੇਜ਼ ਰਹਿਤ ਨਿਵਾਸੀਆਂ ਨੂੰ ਪੂਰੀ ਕਵਰੇਜ ਲਈ ਲਾਭ ਹੋਵੇਗਾ। ‘ਇਹ ਇਤਿਹਾਸਕ ਫੈਸਲਾ ਨਿਵੇਸ਼ ਮਨੁੱਖੀ ਅਧਿਕਾਰ ਵਜੋਂ ਸਿਹਤ ਸੰਭਾਲ ਪ੍ਰਤੀ ਕੈਲੀਫੋਰਨੀਆ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।’

# ਫਿਜੀ ਸਰਕਾਰ ਵਲੋਂ ਜਾਰੀ 2 ਡਾਲਰ ਦੀ ਕਰੰਸੀ ਵਾਲਾ ਨੋਟ, ਇੰਝ ਕੀਤਾ ਸਿੱਖਾਂ ਦਾ ਸਨਮਾਨ

ਫਿਜੀ : ਫਿਜੀ ਸਰਕਾਰ ਵਲੋਂ 2 ਡਾਲਰ ਦਾ ਕਰੰਸੀ ਨੋਟ ਜਾਰੀ ਕੀਤਾ ਗਿਆ ਹੈ। ਜਾਰੀ ਕੀਤੇ ਗਏ ਇਸ ਨੋਟ ਵਿੱਚ ਇੱਕ ਸਿੱਖ ਵਿਅਕਤੀ ਦੀ ਤਸਵੀਰ ਦੇਖੀ ਜਾ ਸਕਦੀ ਹੈ। ਦੱਸ ਦੇਈਏ ਕਿ ਫਿਜ਼ੀ ਸਰਕਾਰ ਨੇ ਅਜਿਹਾ ਕਰਕੇ ਸਿੱਖਾਂ ਦੇ ਯੋਗਦਾਨ ਨੂੰ ਮਾਨਤਾ ਦਿੱਤੀ ਹੈ ਅਤੇ ਰਾਸ਼ਟਰੀ ਕਰੰਸੀ ਨੋਟ ਵਿੱਚ ਸਿੱਖਾਂ ਦਾ ਵਿਸ਼ੇਸ਼ ਤੌਰ ’ਤੇ ਸਨਮਾਨ ਕੀਤਾ ਹੈ। ਦੂਜੇ ਪਾਸੇ ਫਿਜੀ ਦੇ ਟਾਪੂ ਵਿੱਚ ਰਹਿਣ ਵਾਲੇ ਸਿੱਖਾਂ ਨੇ ਦੇਸ਼ ਲਈ ਬਣਾਉਣ ਵਾਲੇ ਕੱਪੜੇ ਵਿੱਚ ਇੱਕ ਅਨਿੱਖੜਵਾਂ ਹਿੱਸਾ ਨਿਭਾਇਆ ਹੈ। ਸਿੱਖ 100 ਸਾਲ ਪਹਿਲਾਂ ਇਸ ਦੇਸ਼ ਵਿੱਚ ਖ਼ਾਸ ਕਰਕੇ ਸੁਵਾ ਅਤੇ ਨੌਸੋਰੀ ਖੇਤਰਾਂ ਵਿੱਚ ਵਸ ਗਏ ਸਨ। ਉਸ ਸਮੇਂ ਸਿੱਖ ਦੁਕਾਨਦਾਰੀ ਦਾ ਕਾਰੋਬਾਰ ਅਤੇ ਖੇਤੀ ਵਿੱਚ ਕੰਮ ਕਰਦੇ ਸਨ, ਜਦੋਂ ਦੇਸ਼ ਬ੍ਰਿਟਿਸ਼ ਸ਼ਾਸਨ ਅਧੀਨ ਸੀ।




ਸਿੱਖ ਆਪਣੀ ਸ਼ਖਸੀਅਤ ਅਤੇ ਦਿੱਖ ਦੇ ਕਾਰਨ ਸਥਾਨਕ ਲੋਕਾਂ ਨਾਲ ਚੰਗੀ ਤਰ੍ਹਾਂ ਘੁੱਲ-ਮਿਲ ਗਏ, ਜਿਸ ਨਾਲ ਉਹ ਆਸਾਨੀ ਨਾਲ ਭਾਈਚਾਰੇ ਦਾ ਹਿੱਸਾ ਬਣ ਸਕਦੇ ਸਨ। ਫਿਜੀ ਟਾਪੂ ਦੇ ਸਿੱਖਾਂ ਨੇ ਉਨ੍ਹਾਂ ਨੂੰ ਬਹੁਤ ਵਧੀਆ ਢੰਗ ਨਾਲ ਸਥਾਪਿਤ ਕੀਤਾ ਹੈ ਅਤੇ ਉਨ੍ਹਾਂ ਨੇ ਫਿਜੀ ਟਾਪੂ ਦੀ ਤਰੱਕੀ ਵਿੱਚ ਬਹੁਤ ਯੋਗਦਾਨ ਪਾਇਆ ਹੈ।

ਇਸ ਤੋਂ ਇਲਾਵਾ ਸਿੱਖਾਂ ਨੇ ਫਿਜੀ ਟਾਪੂ ਵਿੱਚ ਕਈ ਪ੍ਰਸਿੱਧ ਗੁਰਦੁਆਰਾ ਬਣਾਏ ਹਨ, ਜਿਵੇਂ ਕਿ ਤਾਗੀ ਟਾਗੀ ਸਿੱਖ ਗੁਰਦੁਆਰਾ, ਸੁਵਾ ਸਮਬੂਲਾ ਸਿੱਖ ਗੁਰਦੁਆਰਾ, ਲੌਟੋਕਾ ਸਿੱਖ ਗੁਰਦੁਆਰਾ, ਲਾਬਾਸਾ ਸਿੱਖ ਗੁਰਦੁਆਰਾ ਆਦਿ। ਉਕਤ ਗੁਰਦੁਆਰਾ ਸਾਹਿਬ ਵਿੱਚ ਸਾਰੇ ਲੋਕ ਨਤਮਸਤਕ ਹੁੰਦੇ ਹਨ।

# ਦੱਖਣੀ ਕੋਰੀਆ ’ਚ ਵਿਰੋਧੀ ਧਿਰ ਦੇ ਨੇਤਾ ’ਤੇ ਹਮਲਾ, ਗਰਦਨ ’ਤੇ ਚਾਕੂ ਨਾਲ ਵਾਰ

ਸਿਓਲ : ਦੱਖਣੀ ਕੋਰੀਆ ਦੇ ਵਿਰੋਧੀ ਧਿਰ ਦੇ ਨੇਤਾ ਲੀ ਜੇ-ਮਯੁੰਗ ਅੱਜ ਦੱਖਣੀ-ਪੂਰਬੀ ਸ਼ਹਿਰ ਬੁਸਾਨ ਵਿੱਚ ਅਣਪਛਾਤੇ ਵਿਅਕਤੀ ਦੇ ਹਮਲੇ ਵਿੱਚ ਜ਼ਖ਼ਮੀ ਹੋ ਗਏ। ਲੀ ਬੁਸਾਨ ਸ਼ਹਿਰ ਵਿੱਚ ਨਵੇਂ ਹਵਾਈ ਅੱਡੇ ਦੀ ਉਸਾਰੀ ਵਾਲੀ ਥਾਂ ਦਾ ਦੌਰਾ ਕਰ ਰਹੇ ਸਨ, ਜਦੋਂ ਉਨ੍ਹਾਂ ਉੱਤੇ ਹਮਲਾ ਹੋਇਆ। ਮੁੱਖ ਵਿਰੋਧੀ ਡੈਮੋਕ੍ਰੇਟਿਕ ਪਾਰਟੀ ਦੇ ਮੁਖੀ ਲੀ ਹੋਸ਼ ਵਿਚ ਹਨ ਪਰ ਉਨ੍ਹਾਂ ਦੀ ਹਾਲਤ ਬਾਰੇ ਕੁਝ ਪਤਾ ਨਹੀਂ ਹੈ। ਹਮਲਾਵਰ ਨੇ ਲੀ ਦੀ ਗਰਦਨ ‘ਤੇ ਹਮਲਾ ਕਰਨ ਲਈ ਚਾਕੂ ਵਰਗੇ ਹਥਿਆਰ ਦੀ ਵਰਤੋਂ ਕੀਤੀ। ਪੁਲੀਸ ਨੇ ਹਮਲਾਵਰ ਨੂੰ ਮੌਕੇ ‘ਤੇ ਹੀ ਗ੍ਰਿਫਤਾਰ ਕਰ ਲਿਆ।




CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਰਜਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# ਭਾਈ ਰਾਜੋਆਣਾ ਨੇ ਲਿਖਿਆ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ

## *ਮੈਂ ਕੋਈ ਗੁਨਾਹ ਕੀਤਾ ਹੀ ਨਹੀਂ ਤਾਂ ਫਿਰ ਪਛਤਾਵਾ ਕਿਸ ਗੱਲ ਦਾ, ਮੁਆਫੀ ਕਿਸ ਗੱਲ ਦੀ?*

ਪਟਿਆਲਾ : ਪਿਛਲੇ ਦਿਨੀਂ ਲੋਕ ਸਭਾ 'ਚ ਆਪਣੇ ਸੰਬੋਧਨ ਦੌਰਾਨ ਗ੍ਰਹਿ ਮੰਤਰੀ ਨੇ ਬੰਦੀ ਸਿੰਘਾਂ ਦੇ ਇਕ ਮੁੱਦੇ 'ਤੇ ਜਵਾਬ ਦਿੰਦਿਆਂ ਕਿਹਾ ਸੀ ਕਿ ਜਿਸ ਸ਼ਖਸ ਨੂੰ ਆਪਣੇ ਕੀਤੇ ਦਾ ਪਛਾਵਾ ਨਹੀਂ, ਉਸ ਨੂੰ ਮੁਆਫ਼ੀ ਕਹੀ। ਇਸ ਦੇ ਜਵਾਬ 'ਚ ਭਾਈ ਬਲਵੰਤ ਸਿੰਘ ਰਾਜੋਆਣਾ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਚਾਰ ਸਫ਼ਿਆਂ ਦਾ ਇਕ ਪੱਤਰ ਲਿਖਿਆ ਹੈ ਅਤੇ ਉਨ੍ਹਾਂ ਵਲੋਂ ਦਿੱਤੇ ਗਏ ਉਕਤ ਬਿਆਨ 'ਤੇ ਕਈ ਸਵਾਲ ਚੁੱਕੇ ਹਨ। ਪੱਤਰ 'ਚ ਭਾਈ ਰਾਜੋਆਣਾ ਨੇ ਲਿਖਿਆ ਹੈ ਕਿਦ ਮੈਂ ਸਮੁੱਚੀ ਮਨੁੱਖਤਾ ਦੀ ਚੜ੍ਹਦੀ ਕਲਾ ਲਈ ਉਸ ਅਕਾਲ ਪੁਰਖ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ। ਤੁਸੀਂ ਦੇਸ਼ ਦੀ ਸੰਸਦ ਵਿਚ ਖੜ੍ਹ ਕੇ 28 ਸਾਲਾਂ ਤੋਂ ਜੇਲ੍ਹ ਅਤੇ 17 ਸਾਲਾਂ ਤੋਂ ਫਾਂਸੀ ਚੱਕੀ ਵਿਚ ਬੈਠੇ ਮੈਨੂੰ ਸੰਬੋਧਨ ਕਰਦੇ ਹੋਏ ਇਹ ਕਿਹਾ ਹੈ ਕਿ ਅਗਰ ਉਸ ਨੂੰ ਆਪਣੇ ਗੁਨਾਹ ਦਾ ਅਹਿਸਾਸ ਹੀ ਨਹੀਂ ਹੈ, ਪਛਤਾਵਾ ਹੀ ਨਹੀਂ ਹੈ, ਉਹ ਵਿਅਕਤੀ ਦਇਆ ਦਾ, ਰਹਿਮ ਦਾ ਹੱਕਦਾਰ ਨਹੀਂ ਹੈ। ਤੁਹਾਡੇ ਵਲੋਂ ਸੰਸਦ ਵਿਚ ਦਿੱਤੇ ਹੋਏ ਬਿਆਨ 'ਤੇ ਮੈਂ ਇਹੀ ਕਹਿਣਾ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਮੇਰੇ 'ਤੇ ਉਹ ਕਾਨੂੰਨ ਲਾਗੂ ਕਰਨ ਦਾ ਯਤਨ ਕਰ ਰਹੇ ਹੋ, ਜਿਹੜੇ ਅਜੇ ਦੇਸ਼ ਵਿਚ ਲਾਗੂ ਹੀ ਨਹੀਂ ਹੋਏ। ਫਿਰ ਵੀ ਮੈਂ ਤੁਹਾਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਮੈਂ ਕੋਈ ਗੁਨਾਹ ਕੀਤਾ ਹੀ ਨਹੀਂ ਤਾਂ ਫਿਰ ਪਛਤਾਵਾ ਕਿਸ ਗੱਲ ਦਾ, ਮੁਆਫ਼ੀ ਕਿਸ ਗੱਲ ਦੀ? ਮੈਂ ਤੁਹਾਨੂੰ ਇਹ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਤੁਹਾਡੀ ਪਾਰਟੀ ਦੇ ਸਿਰਮੌਰ ਆਗੂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਸਦ ਵਿਚ ਇਹ ਕਿਹਾ ਸੀ ਕਿ 1984 ਵਿਚ ਕਾਂਗਰਸੀ ਹੁਕਮਰਾਨਾਂ ਵਲੋਂ ਸਿੱਖਾਂ ਦੇ ਸਰਬ-ਉਚ ਧਾਰਮਿਕ ਅਸਥਾਨ ਰੂਹਾਨੀਅਤ ਦੇ ਕੇਂਦਰ ਸ੍ਰੀ ਦਰਬਾਰ ਸਾਹਿਬ 'ਤੇ ਟੈਂਕਾਂ ਅਤੇ ਤੋਪਾਂ ਨਾਲ ਕੀਤਾ ਗਿਆ ਹਮਲਾ ਅਤੇ ਹਜ਼ਾਰਾਂ ਨਿਰਦੋਸ਼ ਸਿੱਖਾਂ ਦਾ ਕੀਤਾ ਗਿਆ ਕਤਲੇਆਮ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਸੀਨੇ 'ਚ ਖੋਭਿਆ ਹੋਇਆ ਖ਼ੰਜਰ ਹੈ, ਕਾਂਗਰਸੀ ਹੁਕਮਰਨਾਂ ਵਲੋਂ ਕੀਤੇ ਹੋਏ ਗੁਨਾਹ ਅਤੇ ਪਾਪ ਹਨ। ਹੁਣ ਤੁਸੀਂ ਹੀ ਦੱਸੋ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਸੀਨੇ ਵਿਚ ਖ਼ੰਜਰ ਖੋਭਣ ਵਾਲੇ ਗੁਨਾਹਗਾਰਾਂ ਨਾਲ, ਪਾਪੀਆਂ ਨਾਲ ਖੜ੍ਹਨਾ, ਉਨ੍ਹਾਂ ਦੀ ਪੁਸ਼ਤਪਨਾਹੀ ਕਰਨਾ ਗੁਨਾਹ ਹੈ ਜਾਂ ਇਨ੍ਹਾਂ ਪਾਪੀਆਂ ਦੇ ਖਿਲਾਫ਼ ਲੜਨਾ ਗੁਨਾਹ ਹੈ। ਉਨ੍ਹਾਂ ਲਿਖਿਆ ਕਿ ਅਮਿਤ ਸ਼ਾਹ, ਜਿਥੋਂ ਤੱਕ ਦੇਸ਼ ਦੇ ਸੰਵਿਧਾਨ ਨੂੰ ਮੰਨਣ ਦੀ ਜਾਂ ਨਾ ਮੰਨਣ ਦੀ ਗੱਲ ਹੈ, ਮੈਂ ਅਦਾਲਤ ਵਿਚ ਸੱਚ ਬੋਲਿਆ, ਮੈਂ ਜੋ ਵੀ ਕੀਤਾ, ਉਸ ਨੂੰ ਅਦਾਲਤ ਵਿਚ ਸਵੀਕਾਰ ਕੀਤਾ। ਮੈਂ ਅਦਾਲਤਾਂ ਨੂੰ ਇਹ ਵੀ ਦੱਸਿਆ ਕਿ ਮੈਂ ਇਹ ਸਭ ਕਿਉਂ ਕੀਤਾ। ਮੈਂ ਅਦਾਲਤਾਂ ਦੀ ਝੂਠੀ ਕਾਰਵਾਈ ਦਾ ਹਿੱਸਾ ਨਹੀਂ ਬਣਿਆ। ਤੁਸੀਂ ਕਹਿੰਦੇ ਹੋ ਕਿ ਸੰਵਿਧਾਨ ਨੂੰ ਨਹੀਂ ਮੰਨਦਾ। ਮੈਂ ਤੁਹਾਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਹਜ਼ਾਰਾਂ ਨਿਰਦੋਸ਼ ਸਿੱਖਾਂ ਦਾ ਦਿੱਲੀ ਦੀਆਂ ਗਲੀਆਂ ਵਿਚ ਕਤਲੇਆਮ ਕਰਨ ਵਾਲੇ, ਗੁਜਾਰ ਦੰਗਿਆਂ ਦੇ ਦੋਸ਼ੀ, ਬੀਬੀ ਬਿਲਕਿਸ ਬਾਨੋ ਦੇ ਗੁਨਾਹਗਾਰ



ਅਤੇ ਹੋਰ ਵੀ ਘਿਨਾਉਣੇ ਤੋਂ ਘਿਨਾਉਣੇ ਅਪਰਾਧ ਕਰਨ ਵਾਲੇ ਸਾਰੇ ਗੁਨਾਹਗਾਰ ਅਤੇ ਅਪਰਾਧੀ, ਕੀ ਸੰਵਿਧਾਨ ਨੂੰ ਮੰਨਣ ਵਾਲੇ ਲੋਕ ਹਨ? ਕੀ ਸੰਵਿਧਾਨ ਉਨ੍ਹਾਂ ਨੂੰ ਇਹ ਸਾਰੇ ਘਿਨਾਉਣੇ ਅਪਰਾਧ ਕਰਨ ਦੀ ਇਜਾਜ਼ਤ ਦਿੰਦਾ ਹੈ? ਅਮਿਤ ਸ਼ਾਹ, ਜਦੋਂ ਮੈਂ ਅਦਾਲਤਾਂ ਵਿਚ ਆਪਣੇ ਕੀਤੇ ਨੂੰ ਸਵੀਕਾਰ ਹੀ ਕਰ ਲਿਆ, ਉਸ ਦੇ ਬਦਲੇ ਮਿਲੀ ਸਜ਼ਾ ਨੂੰ ਵੀ ਹੱਸ ਕੇ ਸਵੀਕਾਰ ਕਰ ਲਿਆ। ਫਿਰ ਕਿਸੇ ਅੱਗੇ ਕੋਈ ਅਪੀਲ ਕਰਨ ਦਾ ਜਾਂ ਫਿਰ ਕਿਸੇ ਤੋਂ ਰਹਿਮ ਮੰਗਣ ਦਾ ਤਾਂ ਕੋਈ ਸਵਾਲ ਪੈਦਾ ਹੀ ਨਹੀਂ ਹੁੰਦਾ। ਇਹ ਅਪੀਲ ਜਿਹੜੀ ਤੁਹਾਡੇ ਕੋਲ ਪਿਛਲੇ 12 ਸਾਲਾਂ ਤੋਂ ਵਿਚਾਰ ਅਧੀਨ ਹੈ, ਇਹ ਅਪੀਲ ਸਮੁੱਚੀ ਸਿੱਖ ਕੌਮ ਦੀਆਂ ਭਾਵਨਾਵਾਂ ਅਨੁਸਰ 'ਸ੍ਰੀ ਅਕਾਲ ਤਖਤ ਸਾਹਿਬ' ਦੇ ਆਦੇਸ਼ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪਾਈ ਗਈ ਹੈ, ਜਿਸ ਨੂੰ ਰਾਸ਼ਟਰਪਤੀ ਨੇ ਸਵੀਕਾਰ ਕੀਤਾ, ਜਿਸ 'ਤੇ ਕਾਰਵਾਈ ਕਰਦੇ ਹੋਏ ਗ੍ਰਹਿ ਮੰਤਰਾਲੇ ਨੇ ਮੇਰੀ ਫ਼ਾਂਸੀ ਦੀ ਸਜ਼ਾ 'ਤੇ ਰੋਕ ਲਗਾ ਦਿੱਤੀ, ਜਿਸ ਅਪੀਲ 'ਤੇ ਤੁਹਾਡੀ ਸਰਕਾਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ 'ਤੇ ਇਕ ਨੋਟੀਫਿਕੇਸ਼ਨ ਜਾਰੀ ਕਰਕੇ ਮੇਰੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਦਾ ਐਲਾਨ ਕੀਤਾ, ਜਿਸ ਅਪੀਲ 'ਤੇ ਫੈਸਲਾ ਲੈਣ ਲਈ ਸੁਪਰੀਮ ਕੋਰਟ ਦੇ ਤਿੰਨ ਚੀਫ਼ ਜਸਟਿਸ ਸਾਹਿਬਾਨ ਨੇ ਤੁਹਾਨੂੰ' 7 ਹੁਕਮ ਜਾਰੀ ਕੀਤੇ ਅਤੇ ਜਿਹੜੀ ਅਪੀਲ ਪਿਛਲੇ 12 ਸਾਲਾਂ ਤੋਂ ਡੁਹਾਡੇ ਕੋਲ ਵਿਚਾਰ-ਅਧੀਨ ਪਈ ਹੈ, ਉਸ ਅਪੀਲ 'ਤੇ ਅੱਜ ਤੁਹਾਡੇ ਵਲੋਂ ਕੋਈ ਕਿੰਤੂ-ਪ੍ਰੰਤੂ ਕਰਨਾ ਇਨ੍ਹਾਂ ਸਾਰੀਆਂ ਹੀ ਸੰਸਥਾਵਾਂ ਦਾ ਅਪਮਾਨ ਹੈ। ਫਿਰ ਵੀ ਇਸ ਅਪੀਲ 'ਤੇ ਕੋਈ ਵੀ ਫੈਸਲਾ ਲੈਣਾ ਤੁਹਾਡਾ ਅਧਿਕਾਰ ਖੇਤਰ ਹੈ, ਜਿਸ ਫੈਸਲੇ ਦਾ ਮੈਂ ਲੰਮੇ ਸਮੇਂ ਤੋਂ ਇੰਤਜ਼ਾਰ ਕਰ ਰਿਹਾ ਹਾਂ। ਵੈਸੇ ਵੀ ਸ੍ਰੀ ਅਕਾਲ ਤਖਤ ਸਾਹਿਬ ਤੋਂ ਕਿਸੇ ਗੁਨਾਹਗਾਰਾਂ ਦੀ ਪੁਸ਼ਤਪਨਾਹੀ ਨਹੀਂ ਕੀਤੀ ਜਾਂਦੀ, ਸਗੋਂ ਕੌਮ ਦੀਆਂ ਭਾਵਨਾਵਾਂ ਦੀ ਰਹਿਨੁਮਾਈ ਅਤੇ ਸਨਮਾਨ ਹੀ ਕੀਤਾ ਜਾਂਦਾ ਹੈ। ਅਮਿਤ ਸ਼ਾਹ, ਅਜੇ ਪਿਛਲੇ ਦਿਨੀਂ ਹੀ ਭਾਰਤ ਸਰਕਾਰ ਨੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ 'ਵੀਰ-ਬਾਲ' ਦਿਵਸ ਪੂਰੇ ਦੇਸ਼ ਵਿਚ ਸ਼ਰਧਾ ਨਾਲ ਮਨਾਇਆ ਹੈ। ਇਸ ਮੌਕੇ ਵੀ ਪ੍ਰਧਾਨ ਮੰਤਰੀ ਨੇ ਇਹ ਕਿਹਾ ਕਿ ਦੇਸ਼ ਸਾਹਿਬਜ਼ਾਦਿਆਂ ਦੀਆਂ ਮਹਾਨ ਸ਼ਹਾਦਤਾਂ ਤੋਂ ਪ੍ਰੇਰਨਾ ਲੈ ਰਿਹਾ ਹੈ। ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਤੋਂ ਤਾਂ ਜ਼ੁਲਮ ਦੇ ਖ਼ਿਲਾਫ਼, ਗੁਨਾਹਗਾਰਾਂ ਦੇ ਖਿਲਾਫ਼ ਅਤੇ ਪਾਪੀਆਂ ਦੇ ਖ਼ਿਲਾਫ਼ ਲੜਨ ਦੀ ਪ੍ਰੇਰਨਾ ਮਿਲਦੀ ਹੈ, ਨਾ ਕਿ ਜ਼ਾਲਮਾਂ ਤੋਂ ਅਤੇ ਪਾਪੀਆਂ ਤੋਂ ਰਹਿਮ ਮੰਗਣ ਦੀ ਅਤੇ ਉਨ੍ਹਾਂ ਦੀ ਈਨ ਮੰਨਣ ਦੀ। ਸਾਡੇ ਦੇਸ਼ ਦੀਆਂ ਮਾਣ ਉਲੰਪਿਕ 'ਚੋਂ ਮੈਡਲ ਜਿੱਤਣ ਵਾਲੀਆਂ ਸਾਡੀਆਂ ਬੇਟੀਆਂ ਦਾ ਸਰੀਰਕ ਸ਼ੋਸ਼ਣ ਕਰਨ ਵਾਲੇ ਬ੍ਰਿਜ ਭੂਸ਼ਣ ਵਰਗੇ ਦਰਿੰਦੇ ਤੁਹਾਡੇ ਨਾਲ ਖੜ੍ਹੇ ਨਜ਼ਰ ਆਉਂਦੇ ਹਨ। ਤੁਸੀਂ ਆਪਣੇ ਮੈਡਲ ਅਤੇ ਐਵਾਰਡ ਵਾਪਸ ਕਰ ਰਹੀਆਂ ਸਾਡੇ ਦੇਸ਼ ਦੀਆਂ ਮਾਣ ਬੇਟੀਆਂ ਦੀ ਪੁਕਾਰ ਸੁਣਨ ਨੂੰ ਤਿਆਰ ਨਹੀਂ ਹੋ। ਤੁਸੀਂ ਬੀਬੀ ਬਿਲਕਿਸ ਬਾਨੋ ਨਾਲ ਸਮੂਹਿਕ ਜਬਰ ਜਨਾਹ ਕਰਨ ਵਾਲੇ ਅਤੇ ਉਸ ਦੀ ਸਮੂਮ ਬੇਟੀ ਦਾ ਸਿਰ ਧੜ ਤੋਂ ਅਲੱਗ ਕਰਨ ਵਾਲੇ ਪਾਪੀ ਗੁਨਾਹਗਾਹਾਂ ਨੂੰ ਅਜ਼ਾਦੀ ਦੇ ਅਮ੍ਰਿਤ ਕਾਲ ਦੇ 75ਵੇਂ ਦਿਵਸ 'ਤੇ ਲੰਮੀਆਂ ਪੈਰੋਲਾਂ ਦੇਣ ਤੋਂ ਬਾਅਦ ਦੇਸ਼ ਭਗਤਾਂ ਦੀ ਤਰ੍ਹਾਂ ਸੰਸਕਾਰੀ ਬ੍ਰਾਹਮਣ ਕਹਿ ਕੇ ਸਿਫ਼ 14 ਸਾਲਾਂ ਬਾਅਦ ਰਿਹਾਅ ਹੀ ਨਹੀਂ ਕਰਦੇ, ਸਗੋਂ ਉਨ੍ਹਾਂ ਨੂੰ ਆਪਣੀ ਪਾਰਟੀ ਦੀਆਂ ਸਟੇਜਾਂ 'ਤੇ ਬੁਲਾ ਕੇ ਸਨਮਾਨਿਤ ਵੀ ਕਰਦੇ ਹੋ।

# ਬੰਦੀ ਸਿੰਘਾਂ ਦੀ ਰਿਹਾਈ: ਪੱਕੇ ਮੋਰਚੇ ਵੱਲੋਂ ਸੱਤ ਨੂੰ ਪੰਥਕ ਸੰਮੇਲਨ ਕਰਨ ਦਾ ਐਲਾਨ



ਐੱਸਏਐੱਸ ਨਗਰ : ਬੰਦੀ ਸਿੰਘਾਂ ਦੀ ਰਿਹਾਈ, 328 ਲਾਪਤਾ ਸਰੂਪ, ਬੇਅਦਬੀ ਦੀਆਂ ਘਟਨਾਵਾਂ ਅਤੇ ਬਹਿਬਲ ਕਲਾਂ ਗੋਲੀ ਕਾਂਡ ਸਣੇ ਹੋਰ ਸਿੱਖ ਮਸਲਿਆਂ ਨੂੰ ਲੈ ਕੇ ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ ਉੱਤੇ ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਅਤੇ ਪੰਥਕ ਕਮੇਟੀ ਸਮੇਤ ਹੋਰ ਸਿੱਖ ਜਥੇਬੰਦੀਆਂ ਦਾ ਪੱਕਾ ਮੋਰਚਾ ਜਾਰੀ ਹੈ। ਕੌਮੀ ਇਨਸਾਫ਼ ਮੋਰਚੇ ਦੇ ਕਨਵੀਨਰ ਭਾਈ ਪਾਲ ਸਿੰਘ ਫਰਾਂਸ, ਐਡਵੋਕੇਟ ਅਮਰ ਸਿੰਘ ਚਾਹਲ ਅਤੇ ਹੋਰਨਾਂ ਆਗੂਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਇਨਸਾਫ਼ ਪਸੰਦ ਲੋਕ ਪਿਛਲੇ ਇੱਕ ਸਾਲ ਤੋਂ ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ ਉੱਤੇ ਪੱਕਾ ਮੋਰਚਾ ਲਗਾ ਕੇ ਬੈਠੇ ਹਨ ਪਰ ਹੁਕਮਰਾਨਾਂ ਦੇ ਕੰਨਾਂ 'ਤੇ ਜੂੰ ਤੱਕ ਨਹੀਂ ਸਰਕ ਰਹੀ। ਇਸ ਕਾਰਨ 7 ਜਨਵਰੀ ਨੂੰ ਕੌਮੀ ਇਨਸਾਫ਼ ਮੋਰਚੇ ਵੱਲੋਂ ਵਿਸ਼ਾਲ ਪੰਥਕ ਸੰਮੇਲਨ ਕੀਤਾ ਜਾਵੇਗਾ। ਆਗੂਆਂ ਨੇ ਕੌਮ ਨੂੰ ਅਪੀਲ ਕਰਦਿਆਂ ਕਿਹਾ ਕਿ 7 ਜਨਵਰੀ ਨੂੰ ਸਾਲ ਪੂਰਾ ਹੋਣ 'ਤੇ ਪੱਕੇ ਮੋਰਚੇ ਵਾਲੀ ਥਾਂ ਏਕੇ ਦਾ ਸਬੂਤ ਦੇਣ। ਉਨ੍ਹਾਂ ਕਿਹਾ ਕਿ ਮੋਰਚੇ ਵੱਲੋਂ ਸ੍ਰੀ ਫਤਿਹਗੜ੍ਹ ਸਾਹਿਬ ਤੋਂ 11 ਜਨਵਰੀ ਨੂੰ ਵਿਸ਼ਾਲ ਇਨਸਾਫ਼ ਮਾਰਚ ਕੱਢਿਆ ਜਾਵੇਗਾ। ਸਮੇਂ ਦੀਆਂ ਸਰਕਾਰਾਂ ਦੀਆਂ ਸਿੱਖ ਵਿਰੋਧੀ ਨੀਤੀਆਂ ਅਤੇ ਕੌਮੀ ਇਨਸਾਫ਼ ਮੋਰਚੇ ਦੀਆਂ ਜਾਇਜ਼ ਮੰਗਾ ਨਾ ਮੰਨਣ ਦੇ ਰੋਸ ਵਜੋਂ ਬਾਪੂ ਲਾਭ ਸਿੰਘ ਵੱਲੋਂ ਵਾਈਪੀਐਸ ਚੌਕ 'ਤੇ ਹੱਡ ਚੀਰਵੀਂ ਠੰਢ ਦੇ ਬਾਵਜੂਦ ਭੁੱਖ ਹੜਤਾਲ ਸ਼ੁਰੂ ਕੀਤੀ ਗਈ। ਉਧਰ ਰੋਜ਼ਾਨਾ ਵਾਂਗ 31 ਮੈਂਬਰੀ ਜਥੇ ਨੇ ਮੁੱਖ ਮੰਤਰੀ ਦੀ ਕੋਠੀ ਵੱਲ ਪ੍ਰਦਰਸ਼ਨ ਕੀਤਾ ਪਰ ਪੁਲੀਸ ਨੇ ਬੈਰੀਕੇਡ ਲਗਾ ਕੇ ਰਸਤੇ ਵਿੱਚ ਹੀ ਕਾਫ਼ਲਾ ਰੋਕ ਦਿੱਤਾ।

# ਜਥੇਦਾਰ ਕਾਉਂਕੇ ਦੇ ਕਾਤਲਾਂ ਨੂੰ ਫਾਂਸੀ ਦੀ ਸਜ਼ਾ ਦੇਣੀ ਚਾਹੀਦੀ : ਜਥੇਦਾਰ ਗਿ. ਹਰਪ੍ਰੀਤ ਸਿੰਘ

ਅੰਮਿਤਸਰ : ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਕਥਾ ਕਰਨ ਪਹੁੰਚੇ। ਇਸ ਉਪਰੰਤ ਪੱਤਰਕਾਰਾਂ ਵੱਲੋਂ ਪੁੱਛੇ ਗਏ ਸਵਾਲ ਕਿ ਬਾਦਲ ਨੇ ਸਿੱਖ ਕੌਮ ਕੋਲੋਂ ਮੁਆਫ਼ੀ ਮੰਗੀ ਹੈ ਦਾ ਜਵਾਬ ਦਿੰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਮੈਂ ਕਿਸੇ ਵਿਵਾਦ ਵਿਚ ਨਹੀਂ ਪੈਣਾ ਚਾਹੁੰਦਾ। ਇਸ ਮੌਕੇ ਉਨ੍ਹਾਂ ਕਿਹਾ ਕਿ ਬੰਦੀ ਸਿੰਘ ਕਾਫੀ ਸਮੇਂ ਤੋਂ ਆਪਣੀਆਂ ਸਜ਼ਾਵਾਂ ਤੋਂ ਵੱਧ ਦੀ ਸਜ਼ਾ ਪੂਰੀ ਕਰ ਚੁੱਕੇ ਹਨ। ਉਨ੍ਹਾਂ ਨੂੰ ਰਿਹਾਅ ਕਰ ਦੇਣਾ ਚਾਹੀਦਾ ਹੈ ਪਰ ਕੇਂਦਰ ਦੀ ਸਰਕਾਰ ਉਨ੍ਹਾਂ ਨੂੰ ਅਜੇ ਤੱਕ ਰਿਹਾਅ ਨਹੀਂ ਕਰ ਰਹੀ, ਉਨ੍ਹਾਂ ਕਿਹਾ ਕਿ ਜਿਹੜੀ ਭਾਈ ਬਲਵੰਤ ਸਿੰਘ ਰਾਜੋਆਣਾ ਵਲੋਂ ਆਪਣੀ ਸਜ਼ਾ ਮੁਆਫੀ ਕਰਵਾਉਣ ਦੀ ਅਪੀਲ ਤੋਂ ਇਨਕਾਰ ਕਰ ਦਿੱਤਾ। ਇਹ ਬੜੀ ਵਧੀਆ ਗੱਲ ਹੈ ਉਹ ਕਿਉਂ ਮੁਆਫੀ ਮੰਗੇ ਜਦਕਿ ਇਹ ਲੋਕ ਆਪਣੀ ਸਜ਼ਾਵਾਂ ਤੋਂ ਵੱਧ ਵੀ ਸਜ਼ਾ ਭੋਗ ਚੁੱਕੇ ਹਨ।

ਉਥੇ ਹੀ ਉਨ੍ਹਾਂ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਜਿਹੜੇ ਬੰਦੀ ਸਿੰਘਾਂ 'ਤੇ ਬਿਆਨ ਦਿੱਤਾ ਉਸ ਨੂੰ ਲੈ ਕੇ ਇਸ ਤਰ੍ਹਾਂ ਦਾ ਅਗ੍ਰੈਸਿਵ ਹੋ ਕੇ ਬਿਆਨ ਦੇਣਾ ਸ਼ੋਭਾ ਨਹੀਂ ਦਿੰਦਾ।



ਰਾਜੋਆਣਾ ਨੇ ਜੋ ਚਿੱਠੀ ਲਿਖੀ ਅਮਿਤ ਸ਼ਾਹ ਨੂੰ ਬਿਲਕੁਲ ਠੀਕ ਲਿਖੀ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਕਾਉਂਕੇ ਦੇ ਕਾਤਲਾਂ ਨੂੰ ਫਾਂਸੀ ਦੀ ਸਜ਼ਾ ਦੇਣੀ ਚਾਹੀਦੀ ਹੈ। ਜਿਹੜਾ ਇਸ ਦੁਨੀਆਂ 'ਤੇ ਵੀ ਨਹੀਂ ਹੈ, ਉਸਨੂੰ ਵੀ ਕੋਰਟ ਸਜ਼ਾ ਸੁਣਾਵੇ ਤਾਂ ਜੋ ਪਤਾ ਲੱਗ ਸਕੇ ਕਿ ਜ਼ੁਲਮ ਕੀਤਾ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਭਾਈ ਗੁਰਦੇਵ ਸਿੰਘ ਵਰਗੇ 25 ਹਜ਼ਾਰ ਸਿੱਖ ਸਰਕਾਰੀ ਦਹਿਸ਼ਤਗਰਦੀ ਦਾ ਸ਼ਿਕਾਰ ਹੋਏ, ਉਨ੍ਹਾਂ ਅਕਾਲੀ ਦਲ ਦਾ ਨਾਂ ਲਏ ਬਿਨਾਂ ਕਿਹਾ ਕਿ ਮੈਂ ਇਹ ਗੱਲ ਫਿਰ ਤੋਂ ਕਹਿ ਰਿਹਾ ਹਾਂ ਕਿ ਹੁਣ ਤੱਕ ਦੀਆਂ ਸਰਕਾਰਾਂ ਦੀਆਂ ਨਾਕਾਮੀਆਂ ਰਹੀਆਂ ਹਨ। ਕੇਸਾਂ ਦੀ ਸਪੱਸ਼ਟ ਜਾਂਚ ਨਹੀਂ ਹੋ ਸਕੀ। ਇਹ ਸਰਕਾਰੀ ਅੱਤਵਾਦ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਭਾਈ ਕਾਉਂਕੇ ਦੀ ਰਿਪੋਰਟ 25 ਸਾਲਾਂ ਤੋਂ ਸਰਕਾਰੀ ਅਲਮਾਰੀਆਂ ਵਿਚ ਧੂੜ ਇਕੱਠੀ ਕਰ ਰਹੀ ਹੈ, ਕਿਸੇ ਵੀ ਸਰਕਾਰ ਨੇ ਫਾਈਲਾਂ ਦੀ ਧੂੜ ਨਹੀਂ ਹਟਾਈ ਨਾ ਕਿਸੇ ਨੇ ਦੇਖਿਆ ਹੈ ਕਿ ਇਸ ਵਿਚ ਕੀ ਹੈ। ਉਨ੍ਹਾਂ ਕਿਹਾ ਕਿ ਹੁਣ ਮੈਂ ਮੌਜੂਦਾ ਸਰਕਾਰ ਤੋਂ ਮੰਗ ਕਰਦਾ ਹਾਂ ਕਿ ਦੂਜੀਆਂ ਸਰਕਾਰਾਂ ਵੱਲੋਂ ਕੀਤੀਆਂ ਗਈਆਂ ਗਲਤੀਆਂ ਵਿਰੁੱਧ ਠੋਸ ਕਾਰਵਾਈ ਕੀਤੀ ਜਾਵੇ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਨੂੰ ਪਿਛਲੀਆਂ ਸਰਕਾਰਾਂ ਵਰਗੀਆਂ ਗਲਤੀਆਂ ਨਹੀਂ ਦੁਹਰਾਉਣੀਆਂ ਚਾਹੀਦੀਆਂ। 2097 ਸਿੱਖ ਗੈਰ-ਕਾਨੂੰਨੀ ਹਿਰਾਸਤ ਵਿਚ ਮਾਰੇ ਗਏ ਸਨ, ਜਿਨ੍ਹਾਂ ਦੇ ਪਰਿਵਾਰਾਂ ਨੂੰ ਸਰਕਾਰ ਨੇ ਮੁਆਵਜ਼ਾ ਵੀ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਈ ਖਾਲੜਾ ਦੀ ਰਿਪੋਰਟ ਅਨੁਸਾਰ ਗਿਣਤੀ 25 ਹਜ਼ਾਰ ਹੈ ਪਰ ਅੰਕੜਿਆਂ ਅਨੁਸਾਰ 1 ਲੱਖ ਦੇ ਕਰੀਬ ਸਿੱਖ ਮਾਰੇ ਗਏ ਸਨ।

# ਜਪਾਨ 'ਚ ਭੂਚਾਲ ਕਾਰਨ ਮਰਨ ਵਾਲਿਆਂ ਦੀ ਗਿਣਤੀ 62 ਤੱਕ ਪੁੱਜੀ

ਸੁਜ਼ੂ (ਜਾਪਾਨ) : ਪੱਛਮੀ ਜਾਪਾਨ ਵਿੱਚ ਭੂਚਾਲ ਦੇ ਝਟਕਿਆਂ ਕਾਰਨ ਅੱਜ ਤੱਕ ਘੱਟੋ-ਘੱਟ 62 ਲੋਕਾਂ ਦੀ ਮੌਤ ਹੋ ਗਈ। ਬਚਾਅ ਕਰਮਚਾਰੀ ਨੁਕਸਾਨੀਆਂ ਇਮਾਰਤਾਂ ਦੇ ਮਲਬੇ ਹੇਠਾਂ ਦੱਬੇ ਲੋਕਾਂ ਨੂੰ ਬਚਾਉਣ ਲਈ ਜੱਦੋ-ਜਹਿਦ ਕਰ ਰਹੇ ਹਨ। 7.6 ਦੀ ਸ਼ਿੱਦਤ ਵਾਲੇ ਭੂਚਾਲ ਤੋਂ ਬਾਅਦ ਵੀ ਜਾਪਾਨ ਦੇ ਇਸ਼ੀਕਾਵਾ ਸੂਬੇ ਅਤੇ ਆਸਪਾਸ ਦੇ ਇਲਾਕਿਆਂ 'ਚ ਦੋ ਦਿਨਾਂ ਤੱਕ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਕੁਝ ਇਲਾਕਿਆਂ 'ਚ ਪਾਣੀ, ਬਿਜਲੀ



ਅਤੇ ਫ਼ੋਨ ਸੇਵਾਵਾਂ ਬੰਦ ਹਨ। ਸਥਾਨਕ ਨਿਵਾਸੀ ਆਪਣੇ ਤਬਾਹ ਹੋਏ ਘਰਾਂ ਅਤੇ ਆਪਣੇ ਭਵਿੱਖ ਨੂੰ ਲੈ ਕੇ ਚਿੰਤਤ ਹਨ।

# ਸੰਤ ਸੀਚੇਵਾਲ ਵੱਲੋਂ ਕੇਂਦਰੀ ਰੇਲਵੇ ਮੰਤਰੀ ਨਾਲ ਮੁਲਕਾਤ

ਜਲੰਧਰ : ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਰੇਲਵੇ ਮੰਤਰੀ ਅਸ਼ਵਨੀ ਵੈਸ਼ਨਵ ਨਾਲ ਮੁਲਾਕਤ ਕਰਕੇ ਸੁਲਤਾਨਪੁਰ ਲੋਧੀ ਵਿੱਚ ਜਨਮਭੂਮੀ ਐਕਸਪ੍ਰੈੱਸ ਅਤੇ ਮਾਤਾ ਵੈਸ਼ਨੋ ਦੇਵੀ ਐਕਸਪ੍ਰੈੱਸ ਰੇਲ ਗੱਡੀਆਂ ਰੋਕੇ ਜਾਣ ਲਈ ਮੰਗ ਪੱਤਰ ਦਿੱਤਾ। ਇਸ ਦੌਰਾਨ ਸੰਤ ਸੀਚੇਵਾਲ ਨੇ ਦੱਸਿਆ ਕਿ ਉਨ੍ਹਾਂ ਰੇਲ ਮੰਤਰੀ ਸ੍ਰੀ ਵੈਸ਼ਨਵ ਨੂੰ ਸੁਲਤਾਨਪੁਰ ਲੋਧੀ ਦੇ ਇਤਿਹਾਸ ਬਾਰੇ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਸੰਗਤ ਦੀ ਪੁਰਜ਼ੋਰ ਮੰਗ ਹੈ ਕਿ ਸੁਲਤਾਨਪੁਰ ਲੋਧੀ ਰੇਲਵੇ ਸਟੇਸ਼ਨ 'ਤੇ ਰੇਲ ਗੱਡੀ ਨੰਬਰ 19107/19108 ਜਨਮ ਭੂਮੀ ਐਕਸਪ੍ਰੈੱਸ ਅਤੇ ਗੱਡੀ ਨੰਬਰ 19415/19416 ਮਾਤਾ ਵੈਸ਼ਨੋਦੇਵੀ ਐਕਸਪ੍ਰੈੱਸ ਦਾ ਰੁਕਣਾ



ਯਕੀਨੀ ਬਣਾਇਆ ਜਾਵੇ। ਉਨ੍ਹਾਂ ਦੱਸਿਆ ਕਿ ਇਸ ਇਤਿਹਾਸਕ ਨਗਰੀ ਵਿੱਚ ਹਰ ਸਾਲ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਸੰਗਤ ਨਤਮਸਤਕ ਹੋਣ ਲਈ ਆਉਂਦੀ ਹੈ। ਸੰਤ ਸੀਚੇਵਾਲ ਨੇ ਕਿਹਾ ਕਿ ਜੇ ਰੇਲਵੇ ਵਿਭਾਗ ਇਸ ਮੰਗ ਨੂੰ ਮੰਨ ਲੈਂਦਾ ਹਾਂ ਤਾਂ ਦੋਵਾਂ ਰੇਲ ਗੱਡੀਆਂ ਦੇ ਇੱਥੇ 2 ਮਿੰਟ ਲਈ ਰੁਕਣ ਨਾਲ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਵਧਣਗੇ ਅਤੇ ਕਾਰੋਬਾਰੀਆਂ ਦੇ ਵਪਾਰ ਵਿੱਚ ਵੀ ਵਾਧਾ ਹੋਵੇਗਾ। ਉਨ੍ਹਾਂ ਮੰਤਰੀ ਨੂੰ ਦੱਸਿਆ ਕਿ ਸੁਲਤਾਨਪੁਰ ਲੋਧੀ ਨੂੰ ਭਾਰਤ ਸਰਕਾਰ ਨੇ ਸਮਾਰਟ ਸਿਟੀ ਵੀ ਐਲਾਨਿਆ ਹੋਇਆ ਹੈ। ਇਸ ਮੌਕੇ ਰੇਲਵੇ ਮੰਤਰੀ ਅਸ਼ਵਨੀ ਵੈਸ਼ਨਵ ਨੇ ਭਰੋਸਾ ਦਿੱਤਾ ਕਿ ਇਸ ਮੰਗ ਨੂੰ ਗੰਭੀਰਤਾ ਨਾਲ ਵਿਚਾਰਿਆ ਜਾਵੇਗਾ ਅਤੇ ਦੋਵਾਂ ਗੱਡੀਆਂ ਦਾ ਸੁਲਤਾਨਪੁਰ ਲੋਧੀ ਵਿਖੇ ਰੁਕਣਾ ਯਕੀਨੀ ਬਣਾਇਆ ਜਾਵੇਗਾ।

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਉਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਉਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੂਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ


ਕੈਪਟਨ ਅਮਰਜੀਤ ਸਿੰਘ ਕਾਲੇਕਾ

# ਸਤਵੰਤ ਦਾ ਵਿਆਹ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)


ਤੀਜੇ ਦਿਨ ਸਾਨੂੰ ਬੱਸ ਰਾਹੀਂ ਸ਼ਾਹਾਜਾਨਪੁਰ ਛੱਡਿਆ ਅਤੇ ਅਸੀਂ ਵਾਪਸ ਅੰਬਾਲੇ ਹੁੰਦੇ ਹੋਏ ਪਟਿਆਲੇ ਆ ਗਏ। ਇਸ ਤਰ੍ਹਾਂ ਸਤਵੰਤ ਦਾ ਵਿਆਹ ਬਹੁਤ ਵਧੀਆ ਤਰੀਕੇ ਨਾਲ ਸੰਪੰਨ ਹੋਇਆ।

ਸਤਵੰਤ ਦੇ ਸਹੁਰਾ ਪਾਸ 4 ਟਰੈਕਟਰ ਸਨ ਅਤੇ ਸਤਪਾਲ ਦੇ ਚਾਚਿਆਂ ਕੋਲ 7 ਟਰੈਕਟਰ ਖੜ੍ਹੇ ਸਨ। ਇਹਨਾਂ ਛੇਵਾਂ ਭਰਾਵਾਂ ਨੇ ਸਮੇਰਪੁਰ ਪਿੰਡ ਤੋਂ ਇਲਾਵਾ ਹੋਰ ਜਗ੍ਹਾ ਵੀ ਖ਼ਰੀਦੀ ਹੋਈ ਸੀ। ਸਤਪਾਲ ਦੀ ਸਿਹਤ, ਗੱਲਬਾਤ ਕਰਨ ਦੇ ਢੰਗ ਤਰੀਕੇ ਅਤੇ ਆਤਮ ਵਿਸ਼ਵਾਸ ਤੋਂ ਪਤਾ ਲੱਗਦਾ ਸੀ ਕਿਸੇ ਅੱਛੇ ਘਰਾਣੇ ਦੀ ਲੜਕੀ ਹੈ।

ਕੁਝ ਦਿਨ ਪਟਿਆਲੇ ਰਹਿਣ ਤੋਂ ਬਾਅਦ ਇਹ ਨਵ-ਵਿਆਹਿਆ ਜੋੜਾ ਦੁਗਾਲ ਪਿੰਡ ਪਹੁੰਚ ਗਿਆ। ਇਹਨਾਂ ਦੇ ਦੋਹੇਂ ਬੱਚਿਆਂ (ਕਾਕਾ ਪਰਦੀਪ ਅਤੇ ਕਾਕਾ ਅਮਰਦੀਪ) ਦਾ ਜਣੇਪਾ ਅਸੀਂ ਹੀ ਪਟਿਆਲਾ ਵਿਖੇ ਕਰਵਾਇਆ।

ਛੋਟਾ ਭਰਾ ਜਗਜੀਤ ਜੋ ਆਪਣੀ ਵਿੱਦਿਆ ਦੇ ਆਧਾਰ ਤੇ ਜਨਵਰੀ 1972 ਵਿਚ ਅਮਰੀਕਾ ਗਿਆ ਅਤੇ 1976 ਵਿਚ ਅਮਰੀਕਾ ਦਾ ਨਾਗਰਿਕ ਬਣ ਗਿਆ। ਮੈਂ ਉਸ ਨੂੰ ਗੁਰਵੰਤ ਨੂੰ ਅਮਰੀਕਾ ਬੁਲਾਉਣ ਲਈ ਕਿਹਾ। ਗੁਰਵੰਤ 1978 ਵਿਚ ਅਮਰੀਕਾ ਚਲਾ ਗਿਆ। ਸਤਵੰਤ ਨੇ 1982 ਤੱਕ ਦੁਗਾਲ ਖੇਤੀਬਾੜੀ ਦੀ ਦੇਖਭਾਲ ਕੀਤੀ।

ਸਤਵੰਤ ਬਚਪਨ ਤੋਂ ਹੀ ਬਹੁਤ ਬੇਗਰਜ਼ ਸੀ। ਉਸ ਨੂੰ ਦੂਜੇ ਦਾ ਕੰਮ ਵੀ ਆਪਣੇ ਕੰਮ ਜਿੰਨਾਂ ਮਹੱਤਵਪੂਰਨ ਲੱਗਦਾ ਸੀ। ਉਹ ਬਹੁਤ ਸਮਾਂ ਲੋਕਾਂ ਦੀਆਂ ਮਸ਼ੀਨਾਂ ਅਤੇ ਟਰੈਕਟਰ ਆਦਿ ਠੀਕ ਕਰਨ ਜਾਂ ਕਰਾਉਣ ਵਿਚ ਹੀ ਲਗਾ ਦਿੰਦਾ ਸੀ। ਅਜਿਹਾ ਕਰਦਿਆਂ ਉਸ ਨੇ ਦੋ ਤਿੰਨ ਵਾਰ ਸੱਟਾਂ ਵੀ ਖਾਦੀਆਂ। ਪਤਾ ਨਹੀਂ ਸਤਵੰਤ ਕਿਸ ਮਿੱਟੀ ਦਾ ਬਣਿਆ ਸੀ, ਕਿ ਆਪਣਾ ਸਰੀਰਿਕ ਨੁਕਸਾਨ ਹੋਣ ਦੇ ਬਾਵਜੂਦ ਵੀ ਉਹ ਲੋਕਾਂ ਦਾ ਭਲਾ ਕਰਨ ਤੋਂ ਕਦੇ ਨਹੀਂ ਟਲਦਾ ਸੀ। ਇਕ ਵਾਰੀ ਕਿਸੇ ਜ਼ਿੰਮੀਦਾਰ ਦੀ ਮੱਦਦ ਕਰਨ ਲਈ ਉਹ ਉਹਨਾਂ ਦੇ ਖੇਤ ਵਿਚ ਚਲਾ ਗਿਆ। ਜ਼ਿੰਮੀਦਾਰ ਦਾ ਇੰਜਣ ਖ਼ਰਾਬ ਸੀ। ਜਿਉਂ-ਜਿਉਂ ਪਾਣੀ ਦਾ ਪੱਧਰ ਨੀਵਾਂ ਹੁੰਦਾ ਗਿਆ, ਜ਼ਿੰਮੀਦਾਰ ਨੇ ਟੋਏ ਪੁੱਟ ਕੇ ਇੰਜਣ ਵੀ ਨੀਚੇ ਕਰ ਦਿੱਤੇ। ਇੰਨੇ ਵਿਚ ਉਸ ਦੇ ਸਿਰ ਵਿਚ ਇਕ ਉਜਾਰ ਵੱਜਿਆ। ਉਸ ਦੇ ਸਿਰ ਵਿਚੋਂ ਖ਼ੂਨ ਵੱਗਣ ਲਗ ਪਿਆ। ਸਤਵੰਤ ਨਿਸ਼ਚਿੰਤ ਹੋ ਕੇ ਕਹਿਣ ਲੱਗਾ ਇਹ ਤਾਂ ਹੁਣੇ ਠੀਕ ਹੋ ਜਾਏਗਾ। ਉਸ ਨੇ ਸਿਰ ਤੇ ਪਾਣੀ ਪਾਇਆ ਅਤੇ ਜੂੜਾ ਕਰਕੇ ਖੜ੍ਹਾ ਹੋ ਗਿਆ। ਉਸ ਨੇ ਘਰ ਵਿਚ ਕਿਸੇ ਨੂੰ ਵੀ ਇਸ ਸੱਟ ਬਾਰੇ ਜ਼ਿਕਰ ਨਹੀਂ ਕੀਤਾ। ਇਹੀ ਉਸ ਦਾ ਸੁਭਾਅ ਸੀ ਅਤੇ ਇਹੀ ਸੁਭਾਅ ਉਸ ਦੇ ਆਖ਼ਰੀ ਸਮੇਂ ਤੱਕ ਬਣਿਆ ਰਿਹਾ।




1982 ਤੱਕ ਮੈਂ ਅਤੇ ਮੇਰੇ ਵੱਡੇ ਭਰਾ ਪਰਮਿੰਦਰ ਨੇ ਦੁਗਾਲ ਵਾਲੇ ਆਪਣੇ ਹਿੱਸੇ ਆਉਂਦੀ ਜ਼ਮੀਨ ਵੇਚ ਦਿੱਤੀ। ਹੁਣ ਸਤਵੰਤ ਕੋਲ 22 ਕਿੱਲੇ ਜ਼ਮੀਨ ਸੀ। ਸਤਵੰਤ ਦੇ ਅਮਰੀਕਾ ਦੇ ਕਾਗਜ਼ ਆ ਗਏ ਅਤੇ ਉਹ ਅਮਰੀਕਾ ਜਾਣ ਦੀ ਤਿਆਰੀ ਕਰਨ ਲੱਗਾ। ਮੈਨੂੰ ਪਿਤਾ ਜੀ ਨੇ ਪਿੰਡ ਬੁਲਾਇਆ। ਪਿਤਾ ਜੀ ਦਾ ਪਿੰਡ ਨਾਲ ਬਹੁਤ ਪਿਆਰ ਸੀ। ਉਹ ਮੈਨੂੰ ਕਹਿਣ ਲੱਗੇ ਕਿ ਸਾਨੂੰ ਖੇਤੀ ਬੰਦ ਨਹੀਂ ਕਰਨੀ ਚਾਹੀਦੀ। ਅੱਗੇ ਕਹਿਣ ਲੱਗੇ,“ਕਾਕਾ ਤੂੰ ਨਹੀਂ ਖੇਤੀ ਕਰਾ ਸਕਦਾ?” ਮੈਂ ਨਿਮਰਤਾ ਨਾਲ ਕਿਹਾ “ਪਿਤਾ ਜੀ ਮੇਰੀ ਅਜੇ 20 ਸਾਲ ਦੀ ਨੌਕਰੀ ਰਹਿੰਦੀ ਹੈ ਅਤੇ ਅਜੇ ਕਾਫ਼ੀ ਬਦਲੀਆਂ ਹੋਣੀਆਂ ਹਨ। ਤੁਹਾਨੂੰ ਇਸ ਉਮਰ ਵਿਚ ਇਕੱਲਿਆਂ ਨਹੀਂ ਛੱਡਿਆ ਜਾ ਸਕਦਾ।” ਫਿਰ ਸਵਾਲ ਆਇਆ ਕਿ ਜ਼ਮੀਨ ਦਾ ਕੀ ਕੀਤਾ ਜਾਵੇ? ਘਰ ਵਿਚ ਕਿਸੇ ਦੀ ਵੀ ਹਿੰਮਤ ਨਹੀਂ ਸੀ ਕਿ ਪਿਤਾ ਜੀ ਨਾਲ ਇਸ ਬਾਰੇ ਕੋਈ ਗੱਲ ਕੀਤੀ ਜਾਵੇ। ਮੇਰੇ ਭਰਾਵਾਂ ਨੇ ਇਸ ਬਾਰੇ ਮੈਨੂੰ ਪਿਤਾ ਜੀ ਨਾਲ ਗੱਲ ਕਰਨ ਲਈ ਬੇਨਤੀ ਕੀਤੀ। ਮੈਂ ਪਿਤਾ ਜੀ ਨੂੰ ਨਿਮਰਤਾ ਨਾਲ ਕਿਹਾ ਕਿ ਪਿਤਾ ਜੀ “ਆਪਾਂ ਇੰਝ ਕਰਦੇ ਹਾਂ ਕਿ ਸਾਰੀ ਜ਼ਮੀਨ ਗਹਿਣੇ ਪਾ ਦਿੰਦੇ ਹਾਂ, ਤੇ ਸਾਰਾ ਨਕਦ ਪੈਸਾ ਤੁਹਾਡੇ ਨਾਮ 'ਤੇ ਜਮਾਂ ਕਰਵਾ ਦਿੰਦੇ ਹਾਂ।” ਪਿੰਡ ਵਿਚ ਇਕ ਮਕਾਨ ਤੋਂ ਇਲਾਵਾ ਤਿੰਨ ਪਲਾਟ ਸਨ, ਸਾਰੇ ਵੇਚ ਦਿੰਦੇ ਹਾਂ। ਪਿੰਡ ਦੀ ਜਗ੍ਹਾ ਜਦ ਚਾਹੋ ਮਿਲ ਜਾਵੇਗੀ। ਜਦੋਂ ਤੁਹਾਨੂੰ ਦੁਬਾਰਾ ਪਿੰਡ ਦੀ ਤਾਂਘ ਹੋਵੇਗੀ ਤਾਂ ਆਪਾਂ ਜ਼ਮੀਨ ਛੁਡਾ ਕੇ ਦੁਬਾਰਾ ਖੇਤੀ ਕਰ ਲਵਾਂਗੇ। ਪਿਤਾ ਜੀ ਇਸ ਗੱਲ ਨੂੰ ਮੰਨ ਗਏ। ਸਾਰੀ ਜ਼ਮੀਨ ਗਹਿਣੇ ਪਾ ਕੇ ਪਿੰਡ ਦੇ ਮਕਾਨ ਵੇਚ ਕੇ ਮਾਤਾ-ਪਿਤਾ ਜੀ ਪਟਿਆਲੇ ਆ ਗਏ ਅਤੇ ਸਤਵੰਤ ਆਪਣੇ ਪਰਿਵਾਰ ਸਮੇਤ ਅਮਰੀਕਾ ਚਲਾ ਗਿਆ।

(ਚਲਦਾ)





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਸਿੱਖ ਰਹਿਤ ਮਰਯਾਦਾ ਦੇ ਗੁਰਮਤਾ ਕਰਨ ਦੇ ਅਧਿਆਇ ਵਿਚ ਸਪਸ਼ਟ ਅੰਕਤ ਹੈ ਕਿ ਗੁਰੂ ਸਾਹਿਬਾਨ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਦਵੀ, ਬੀੜ ਦੀ ਨਿਰੋਲਤਾ, ਅੰਮ੍ਰਿਤ, ਰਹਿਤ-ਬਹਿਤ, ਪੰਥ ਦੀ ਬਨਾਵਟ ਆਦਿ ਨੂੰ ਕਾਇਮ ਰੱਖਣ ਬਾਬਤ ਨਿਰਣਾ ਕੇਵਲ ਪੰਥ ਹੀ ਕਰ ਸਕਦਾ ਹੈ। ਇਸ ਲਈ ਜ਼ਰੂਰਤ ਹੈ ਕਿ ਇਸ ਬਾਰੇ ਪੰਥ ਨਿਰਣਾਇਕ ਨਿਰਣਾ ਕਰੇ।

(ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਨਮਾਨ ਨਾਲ ਪ੍ਰਕਾਸ਼ਿਆ, ਪੜ੍ਹਿਆ ਤੇ ਸੰਤੋਖਿਆ ਜਾਵੇ। ਪ੍ਰਕਾਸ਼ ਲਈ ਜਰੂਰੀ ਹੈ ਕਿ ਸਥਾਨ ਸਾਫ਼ ਸੁਥਰਾ ਹੋਵੇ। ਉਪਰ ਚਾਂਦਨੀ ਹੋਵੇ। ਪ੍ਰਕਾਸ਼ ਮੰਜੀ ਸਾਹਿਬ 'ਤੇ ਸਾਫ਼ ਸੁਥਰੇ ਬਸਤਰ ਵਿਛਾ ਕੇ ਕੀਤਾ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਭਾਲ ਕੇ ਪ੍ਰਕਾਸ਼ਨ ਲਈ ਗਦੇਲੇ ਆਦਿ ਸਮਿਆਨ ਵਰਤੇ ਜਾਣ ਅਤੇ ਉਪਰ ਲਈ ਰੁਮਾਲ ਹੋਵੇ। ਜਦ ਪਾਠ ਨਾ ਹੁੰਦਾ ਹੋਵੇ, ਤਾਂ ਉਤੇ ਰੁਮਾਲ ਪਿਆ ਰਹੇ। ਪ੍ਰਕਾਸ਼ ਵੇਲੇ ਚੌਰ ਭੀ ਚਾਹੀਏ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੩)

ਸਿੱਖ ਰਹਿਤ ਮਰਯਾਦਾ, 1936 ਵਿਚ ਇਹ ਮੱਦ ਇਸ ਤਰ੍ਹਾਂ ਸੀ :

(ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਨਮਾਨ ਨਾਲ ਪ੍ਰਕਾਸ਼ਿਆ, ਪੜ੍ਹਿਆ ਅਤੇ ਸੰਤੋਖੀਆ ਜਾਵੇ। ਪ੍ਰਕਾਸ਼ ਲਈ ਜ਼ਰੂਰੀ ਹੈ ਕਿ ਸਥਾਨ ਸਾਫ਼ ਸੁਥਰਾ ਹੋਵੇ। ਉਪਰ ਚਾਂਦਨੀ ਹੋਵੇ। ਪ੍ਰਕਾਸ਼ ਮੰਜੀ ਸਾਹਿਬ ਤੇ ਸਾਫ਼ ਸੁਥਰੇ ਬਸਤਰ ਵਿਛਾ ਕੇ ਕੀਤਾ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੇਹ ਨੂੰ ਸੰਭਾਲ ਕੇ ਪ੍ਰਕਾਸ਼ਣ ਲਈ ਗਦੇਲੇ ਆਦਿ ਸਮਿਆਨ ਵਰਤੇ ਜਾਣ ਅਤੇ ਉਪਰ ਲਈ ਰੁਮਾਲ ਹੋਵੇ। ਜਦ ਪਾਠ ਨਾ ਹੁੰਦਾ ਹੋਵੇ, ਤਾਂ ਉਤੇ ਰੁਮਾਲ ਪਿਆ ਰਹੇ। ਪ੍ਰਕਾਸ਼ ਵੇਲੇ ਚੌਰ ਭੀ ਚਾਹੀਏ।

(ਸਿੱਖ ਰਹਿਤ ਮਰਯਾਦਾ, ਛਾਪ ੧੯੩੬, ਪੰਨਾ ੪)

**ਤਬਦੀਲੀ**

ਇਸ ਮੱਦ (ੲ) ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੇਹ ਨੂੰ ਸੰਭਾਲ ਕੇ ਪ੍ਰਕਾਸ਼ਣ ਲਈ ਗਦੇਲੇ ਆਦਿ ਸਮਿਆਨ ਵਰਤੇ ਜਾਣ' ਵਿਚੋਂ ਲਫ਼ਜ਼ 'ਦੇਹ' ਨੂੰ ਹਟਾ ਦਿੱਤਾ ਗਿਆ ਹੈ।

ਇਹ ਤਬਦੀਲੀ ਕਰਨ ਲਈ ਧਾਰਮਿਕ ਸਲਾਹਕਾਰ ਕਮੇਟੀ ਦੀ ਤੇਰ੍ਹਵੀਂ ਇਕੱਤਰਤਾ ਮਿਤੀ 7 ਜਨਵਰੀ, 1945 ਨੇ ਮਤਾ ਨੰਬਰ 2 ਪ੍ਰਵਾਨ ਕੀਤਾ ਜੋ ਇਸ ਤਰ੍ਹਾਂ ਸੀ :


2. ਹੈਡਿੰਗ ਗੁਰਦੁਆਰੇ ਦੇ ਅੰਕ (ੲ) ਵਿਚ ਲਫ਼ਜ਼ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੇਹ ਨੂੰ ਸੰਭਾਲ ਕੇ ਪ੍ਰਕਾਸ਼ਣ ਲਈ' ਵਿਚੋਂ ਲਫ਼ਜਤ 'ਦੀ ਦੇਹ' ਕਟ ਦਿੱਤੇ ਜਾਣ।

**ਵਿਆਖਿਆ**

ਇਹ ਸਾਰੀ ਮਰਯਾਦਾ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਨ ਸਬੰਧੀ ਹੈ। ਇਸ ਮੁਤਾਬਕ ਕਿਸੇ ਵੀ ਗੁਰਦੁਆਰਾ ਸਾਹਿਬ ਵਿਚ ਮੰਜੀ ਸਾਹਿਬ ਦੇ ਸਥਾਨ 'ਤੇ ਚੌਰ ਅਤੇ ਚਾਨਣੀ ਨਾਲ ਗੁਰੂ ਗ੍ਰੰਥ ਸਾਹਿਬ ਜੀ ਦਾ ਹੀ ਪ੍ਰਕਾਸ਼ ਕੀਤਾ ਜਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਦੀਆਂ ਸੈਂਚੀਆਂ ਨੂੰ ਵੱਖ ਰੇਲ ਆਦਿ 'ਤੇ ਪ੍ਰਕਾਸ਼ ਕਰ ਕੇ ਪਾਠ ਕੀਤਾ ਜਾ ਸਕਦਾ ਹੈ। ਮਰਯਾਦਾ ਅਨੁਸਰਾ ਮੂਲ ਰੂਪ ਵਿਚ ਤਿੰਨ ਗੱਲਾਂ ਵੱਲ ਧਿਆਨ ਦੇਣ ਦੀ ਲੋੜ ਹੈ-1. ਪ੍ਰਕਾਸ਼ ਮੰਜੀ ਸਾਹਿਬ 'ਤੇ ਹੋਵੇ, 2. ਉਪਰ ਚਾਨਣੀ ਹੋਵੇ ਅਤੇ 3. ਪ੍ਰਕਾਸ਼ ਵੇਲੇ ਚੌਰ ਵੀ ਹੋਣਾ ਚਾਹੀਦਾ ਹੈ।

**1. ਪ੍ਰਕਾਸ਼ ਮੰਜੀ ਸਾਹਿਬ 'ਤੇ ਹੀ**

ਰਹਿਤ ਮਰਯਾਦਾ ਵਿਚ ਸਪਸ਼ਟ ਆਦੇਸ਼ ਹੈ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਮੰਜੀ ਸਾਹਿਬ 'ਤੇ ਹੋਵੇ। ਇਸ ਵਿਚ ਗੁਰਮਤਿ ਦਾ ਇਕ ਸਿਧਾਂਤ ਨਿਹਿਤ ਹੈ। ਵੱਖ ਵੱਖ ਮਤ-ਮਤਾਂਤਰਾਂ ਵਿਚ ਵੱਖਰੇ-ਵੱਖਰੇ ਕਿਸਮ ਦੇ ਆਸਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਕੋਈ ਸਿੰਘਾਸਨ 'ਤੇ, ਕੋਈ ਕੁਰਸੀ 'ਤੇ, ਕੋਈ ਸਿਲਾ 'ਤੇ, ਕੋਈ ਕਮਲ ਫੁਲ 'ਤੇ, ਕੋਈ ਮ੍ਰਿਗ ਛਾਲਾ 'ਤੇ। ਪਰ ਗੁਰਮਤਿ ਦਾ ਮਾਰਗ ਗ੍ਰਹਿਸਤ ਮਾਰਗ ਹੈ। ਗ੍ਰਹਿਸਤੀਆਂ ਦੇ ਬੈਠਣ ਦੀ ਥਾਂ ਮੰਜੀ ਹੁੰਦਾ ਹੈ। ਸੋ ਗੁਰੂ ਸਾਹਿਬ ਨੇ ਵੀ ਆਪਣੇ ਲਈ ਤੇ ਗੁਰੂ ਗ੍ਰੰਥ ਸਾਹਿਬ ਦੇ ਬਿਰਾਜਣ ਲਈ 'ਮੰਜੀ ਸਾਹਿਬ' ਨੂੰ ਹੀ ਚੁਣਿਆ। ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸਾਰੇ ਤਖ਼ਤ ਸਾਹਿਬਾਨ ਨੇ ਪ੍ਰਕਾਸ਼ ਪਾਵਿਆਂ ਵਾਲੀ ਮੰਜੀ ਸਾਹਿਬ 'ਤੇ ਹੀ ਕੀਤਾ ਜਾਂਦਾ ਹੈ। ਪਰ ਆਮ ਤੌਰ 'ਤੇ ਵੇਖਣ ਵਿਚ ਆ ਰਿਹਾ ਹੈ ਕਿ ਇਸ ਸਾਦ ਮੁਰਾਦੀ ਮਰਯਾਦਾ ਵੱਲ ਵੀ ਧਿਆਨ ਨਹੀਂ ਦਿੱਤਾ ਜਾ ਰਿਹਾ ਅਤੇ ਪ੍ਰਕਾਸ਼ ਮੰਜੀ ਸਾਹਿਬ ਦੀ ਥਾਵੇਂ ਲੱਕੜ ਦੀ ਚੌਕੀ, ਤਖ਼ਤੇ, ਬਕਸੇ ਆਦਿ 'ਤੇ ਕੀਤਾ ਜਾ ਰਿਹਾ ਹੈ। ਮਰਯਾਦਾ ਅਤੇ ਪ੍ਰੰਪਰਾ ਦੇ ਪਿਛੋਕੜ ਵਿਚ ਫਲਸਫਾ ਅਤੇ ਇਤਿਹਾਸ ਹੁੰਦਾ ਹੈ। ਇਸ ਨੂੰ ਕਾਇਮ ਰੱਖਣਾ ਚਾਹੀਦਾ ਹੈ।




ਇਸਦੇ ਨਾਲ ਹੀ ਇਕ ਨੁਕਤਾ ਵਿਚਾਰ ਯੋਗ ਹੈ ਕਿ ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਵਿਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਪਾਲਕੀ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਆਉਂਦੀ ਹੈ। ਪਾਲਕੀ ਹਰਿਮੰਦਰ ਸਾਹਿਬ ਦੇ ਦਰ 'ਤੇ ਰੁਕ ਜਾਂਦੀ ਹੈ ਅਤੇ ਅਸਵਾਰਾ ਸਾਹਿਬ ਗ੍ਰੰਥੀ ਸਿੰਘ ਆਪਣੇ ਸੀਸ 'ਤੇ ਲੈ ਕੇ ਅੰਦਰ ਮੰਜੀ ਸਾਹਿਬ 'ਤੇ ਪ੍ਰਕਾਸ਼ ਕਰਦੇ ਹਨ। ਪਾਲਕੀ ਇਕ ਸਵਾਰੀ ਦਾ ਸਾਧਨ ਹੈ। ਸਵਾਰੀ ਨੂੰ ਦਰਵਾਜ਼ੇ ਤੱਕ ਹੀ ਲਿਆਇਆ ਜਾਂਦਾ ਹੈ ਉਸ ਨੂੰ ਅੰਦਰ ਨਹੀਂ ਲਿਆਇਆ ਜਾਂਦਾ। ਪਰ ਹੁਣ ਆਮ ਤੌਰ 'ਤੇ ਗੁਰਦੁਆਰਿਆਂ ਦੇ ਅੰਦਰ ਤਾਂ ਪਾਲਕੀ ਸਜ਼ਾ ਦਿੱਤੀ ਗਈ ਹੈ ਤੇ ਜਦੋਂ ਮਹਾਰਾਜ ਦਾ ਸਰੂਪ ਲਿਜਾਣਾ ਹੁੰਦਾ ਹੈ ਤਾਂ ਗੱਡੀ ਆਦਿ ਵਿਚ ਲਿਜਾਣ ਲੱਗਿਆਂ ਪਾਵਨ ਸਰੂਪ ਨੂੰ ਝੋਲੀ ਵਿਚ ਪਾ ਕੇ ਲੈ ਜਾਂਦੇ ਹਨ।

ਸਿੱਖ ਰਹਿਤ ਮਰਯਾਦਾ ਵਿਚ ਸਪਸ਼ਟ ਤੌਰ 'ਤੇ ਅੰਕਤ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਮੰਜੀ ਸਾਹਿਬ 'ਤੇ ਕਰ ਕੇ ਉਤੇ ਚਾਨਣੀ ਲਗਾਉਣੀ ਚਾਹੀਦੀ ਹੈ।

ਇਕ ਵਾਰਤਾ ਦਾ ਜ਼ਿਕਰ ਲਾਜ਼ਮੀ ਹੈ, ਜਕੇਦਾਰ ਗੁਰਦਿਆਲ ਸਿੰਘ ਜੀ ਅਜਨੋਹਾ ਜਦੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਨ ਉਨ੍ਹਾਂ ਕੋਲ ਰਾਂਚੀ ਦੇ ਗੁਰਸਿੱਖ ਸਰਦਾਰ ਫ਼ੁਲੇਲ ਸਿੰਘ ਜੀ ਆਏ ਅਤੇ ਕਹਿਣ ਲੱਗੇ ਕਿ ਮੇਰੀ ਇੱਛਾ ਹੈ ਕਿ ਮੈਂ ਹਰਿਮੰਦਰ ਸਾਹਿਬ ਵਿਚ ਇਕ ਬਹੁਤ ਹੀ ਸੁੰਦਰ ਪਾਲਕੀ ਭੇਂਟ ਕਰਾਂ। ਬੇਬਾਕ ਅਜਨੋਹਾ ਸਾਹਿਬ ਕਹਿਣ ਲੱਗੇ, "ਸਰਦਾਰ ਸਾਹਿਬ! ਕੀ ਤੁਹਾਨੂੰ ਨਹੀਂ ਲੱਗਦਾ ਕਿ ਤੁਹਾਡੇ ਤੋਂ ਪਹਿਲਾਂ ਇਥੇ ਕੋਈ ਤੁਹਾਡੇ ਤੋਂ ਜ਼ਿਆਦਾ ਸਿਆਣਾ ਅਤੇ ਤੁਹਾਡੇ ਤੋਂ ਵੱਧ ਧਨਾਢ ਸਿੱਖ ਆਇਆ ਹੋਵੇਗਾ। ਜੇਕਰ ਫਿਰ ਵੀ ਹਰਿਮੰਦਰ ਸਾਹਿਬ ਵਿਚ ਪਾਲਕੀ ਨਹੀਂ ਹੈ ਤਾਂ ਇਹ ਸਮਝਣ ਦੀ ਲੋੜ ਹੈ ਕਿ ਕਿਉਂ ਨਹੀਂ, ਇਸ ਦੇ ਬਾਅਦ ਜਥੇਦਾਰ ਸਾਹਿਬ ਨੇ ਇਸ ਬਾਰੇ ਜਾਣਕਾਰੀ ਦੇ ਕੇ ਉਨ੍ਹਾਂ ਦੀ ਤਸੱਲੀ ਕਰਵਾ ਦਿੱਤੀ।

ਅੱਜ ਤੱਕ ਕਦੇ ਵੀ ਹਰਿਮੰਦਰ ਸਾਹਿਬ ਵਿਚ ਪਾਲਕੀ ਨਹੀਂ ਹੋਈ ਬਲਕਿ ਮੰਜੀ ਸਾਹਿਬ 'ਤੇ ਹੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਰਿਹਾ ਹੈ ਪਰ ਹੁਣ ਹਰਿਮੰਦਰ ਸਾਹਿਬ ਦੀ ਪਰਿਕ੍ਰਮਾ ਵਿਚ ਕੁਝ ਥਾਵਾਂ 'ਤੇ ਪਾਲਕੀ ਵਿਚ ਪ੍ਰਕਾਸ਼ ਨਜ਼ਰ ਆਉਣਾ ਸ਼ੁਰੂ ਹੋ ਗਿਆ ਹੈ। ਚੇਤੰਨ ਹੋਣ ਦੀ ਲੋੜ ਹੈ ਤਾਂ ਕਿ ਮਰਯਾਦਾ ਅਤੇ ਪੁਰਾਤਨਤਾ ਨੂੰ ਕਾਇਮ ਰੱਖਿਆ ਜਾ ਸਕੇ।

**ਚੌਰੀ ਸਾਹਿਬ**

ਗੁਰੂ ਗ੍ਰੰਥ ਸਾਹਿਬ ਹਾਜ਼ਰਾ ਹਜ਼ੂਰ ਸਿਰ ਸ਼ਾਹਾ ਦੇ ਸਾਹ ਪਾਤਸ਼ਾਹ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਦੇ ਉਤੇ ਚੌਰ ਝੁਲਣਾ ਚਾਹੀਦਾ ਹੈ। ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਕਰ ਕੇ ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਨੂੰ ਤਾਬਿਆ ਬਿਠਾਇਆ ਅਤੇ ਖ਼ੁਦ ਚੌਰ ਕੀਤਾ।

**(ਚਲਦਾ)**

# ਨਿਹੰਗ ਸਿੰਘ ਜਥੇਬੰਦੀਆਂ ਨੇ ਖਾਲਸਾਈ ਜਾਹੋ-ਜਲਾਲ ਨਾਲ ਮਹੱਲਾ ਕੱਢਿਆ

## *ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਦੀ ਅਗਵਾਈ ਹੇਠ ਹੋਇਆ ਸਮਾਗਮ; ਨਿਹੰਗ ਸਿੰਘਾਂ ਨੇ ਘੋੜਿਆਂ ਦੇ ਕਰਤੱਬ ਦਿਖਾਏ*

ਫਤਹਿਗੜ੍ਹ ਸਾਹਿਬ : ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੀ ਅਦੁੱਤੀ ਸ਼ਹਾਦਤ ਅਤੇ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮੂਹ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਹੇਠ ਗੁਰਦੁਆਰਾ ਬਿਬਾਨਗੜ੍ਹ ਛਾਉਣੀ ਬੁੱਢਾ ਦਲ ਤੋਂ ਮਹੱਲਾ ਕੱਢਿਆ ਗਿਆ। ਪਹਿਲਾਂ ਇੱਥੇ ਅਖੰਡ ਪਾਠਾਂ ਦੇ ਭੋਗ ਨਿਹੰਗ ਸਿੰਘਾਂ ਦੀ ਚਲੀ ਆਉਂਦੀ ਮਰਿਆਦਾ ਅਨੁਸਾਰ ਪਾਏ ਗਏ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਮੌਜੂਦਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨਤਮਸਤਕ ਹੋਏ। ਬੁੱਢਾ ਦਲ ਦੇ ਹੈੱਡ ਗ੍ਰੰਥੀ ਬਾਬਾ ਮੱਘਰ ਸਿੰਘ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ।

ਇਸ ਮੌਕੇ ਬਾਬਾ ਬਲਬੀਰ ਸਿੰਘ ਨੇ ਕਿਹਾ, "ਸਿੱਖੀ ਦੇ ਮਹਾਨ ਵਿਰਸੇ ਦੇ ਵਾਰਿਸ ਹੋਣ ਦਾ ਅਸੀਂ ਮਾਣ ਤਾਂ ਮਹਿਸੂਸ ਕਰਦੇ ਹਾਂ ਪਰ ਉਸ ਵਿਰਸੇ ਦੀ ਸ਼ਾਨ ਨੂੰ ਬਣਾਈ ਰੱਖਣ ਲਈ ਆਪਣੇ ਯੋਗਦਾਨ ਨੂੰ ਭੁੱਲੀ ਬੈਠੇ ਹਾਂ। ਹਰੇਕ ਸਿੱਖ ਨੂੰ ਹਰ ਸਮੇਂ ਚੜ੍ਹਦੀ ਕਲਾ ਵਿੱਚ ਰਹਿੰਦਿਆਂ ਕੌਮ ਦੀ ਬਿਹਤਰੀ ਲਈ ਤਤਪਰ ਰਹਿਣਾ ਚਾਹੀਦਾ ਹੈ। ਮਹੱਲੇ ਵਿੱਚ ਹਾਥੀ, ਊਠਾਂ, ਘੋੜਿਆਂ ਤੇ ਗੱਡੀਆਂ ਸਣੇ ਸੰਗਤ ਪੈਦਲ ਚੱਲ ਰਹੀ ਸੀ। ਇਹ ਮਹੱਲਾ ਗੁਰਦੁਆਰਾ ਠੰਢਾ ਬੁਰਜ, ਗੁਰਦੁਆਰਾ ਫਤਹਿਗੜ੍ਹ ਸਾਹਿਬ, ਨਿਸ਼ਾਨ ਕਿਲ੍ਹਾ (ਥੇਹ) ਬਾਬਾ ਬੰਦਾ ਸਿੰਘ ਬਹਾਦਰ, ਗੁਰਦੁਆਰਾ ਪਾਤਸ਼ਾਹੀ ਛੇਵੀਂ, ਗੁਰਦੁਆਰਾ ਸ਼ਹੀਦ ਸਿੰਘਾਂ ਅਤੇ ਗੁਰਦੁਆਰਾ ਜੋਤੀ ਸਰੂਪ ਵਿਖੇ ਨਤਮਸਤਕ ਹੋਣ ਉਪਰੰਤ ਇੰਜਨੀਅਰਿੰਗ ਕਾਲਜ ਦੇ ਖੁੱਲ੍ਹੇ ਮੈਦਾਨ ਵਿੱਚ ਪੁੱਜਿਆ। ਇਸ ਮੌਕੇ ਨਿਹੰਗ ਸਿੰਘਾਂ ਨੇ ਘੋੜਿਆਂ ਦੇ ਕਰਤੱਬ ਦਿਖਾਏ। ਮਗਰੋਂ ਗਤਕੇ ਦੇ ਜੌਹਰ ਦਿਖਾਏ ਗਏ। ਇਸ ਮੌਕੇ ਜਥੇਦਾਰ ਬਾਬਾ ਨਿਹਾਲ ਸਿੰਘ ਮੁਖੀ ਤਰਨਾ ਦਲ ਹਰੀਆਂ ਵੇਲਾਂ ਵੱਲੋਂ ਦਲ ਪੰਥ ਸਮੇਤ ਬਾਬਾ ਨਾਗਰ ਸਿੰਘ, ਬਾਬਾ ਨੌਰੰਗ ਸਿੰਘ, ਬਾਬਾ ਤਾਰਾ ਸਿੰਘ ਝਾੜ ਸਾਹਿਬ ਵਾਲੇ, ਬਾਬਾ ਗੁਰਨਾਮ ਸਿੰਘ ਖਾਪੜਖੇੜੀ, ਬਾਬਾ ਰਾਜਾ ਰਾਮ ਸਿੰਘ, ਬਾਬਾ ਰਘੁਬੀਰ ਸਿੰਘ ਖਿਆਲੇ ਵਾਲੇ, ਬਾਬਾ ਮੇਜਰ ਸਿੰਘ, ਬਾਬਾ ਬਲਵਿੰਦਰ ਸਿੰਘ, ਬਾਬਾ ਮਨਮੋਹਨ ਸਿੰਘ ਬਾਰਨਵਾਲੇ, ਬਾਬਾ ਵੱਸਣ ਸਿੰਘ, ਬਾਬਾ ਬਘੇਲ ਸਿੰਘ, ਭਾਈ ਮਾਨ ਸਿੰਘ ਤਲਵੰਡੀ ਸਾਬੋ, ਦਿਲਜੀਤ ਸਿੰਘ ਬੇਦੀ ਸਕੱਤਰ ਬੁੱਢਾ ਦਲ ਹਾਜ਼ਰ ਸਨ।



# BASRA
## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**

Reasonable price first class work ਅਤੇ

100% ਗਰੰਟੀ




**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**

# ਨਵੇਂ ਸਾਲ ਦੀ ਆਮਦ ’ਤੇ ਸੰਗਤ ਗੁਰਦੁਆਰਾ ਬੰਗਲਾ ਸਾਹਿਬ ’ਚ ਨਤਮਸਤਕ



ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਨ ਪਹੁੰਚੇ Piyush Goyal leader of the house in rajya sabha ਨੂੰ ਸਨਮਾਨਿਤ ਕਰਦੇ ਹੋਏ ਗੁਰਦੁਆਰਾ ਬੰਗਲਾ ਸਾਹਿਬ ਦੇ ਹੈਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਜੀ ਸਨਮਾਨਿਤ ਕਰਦੇ ਹੋਏ।



ਕੇਂਦਰੀ ਮੰਤਰੀ ਸ੍ਰੀ ਅਨੁਰਾਗ ਠਾਕਰ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਲੰਗਰਾਂ ਦੀ ਸੇਵਾ ਕਰਦਾ ਹੋਏ।

ਨਵੀਂ ਦਿੱਲੀ : ਨਵੇਂ ਸਾਲ ਦੀ ਆਮਦ ’ਤੇ ਦਿੱਲੀ-ਐਨਸੀਆਰ ਦੇ ਗੁਰਦੁਆਰਿਆਂ ਵਿੱਚ ਧਾਰਮਿਕ ਸਮਾਗਮ ਕਰਵਾਏ ਗਏ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਵੇਂ ਸਾਲ ਦੀ ਆਮਦ ਮੌਕੇ ’ਤੇ ਕਰਵਾਏ ਗਏ ਵਿਸ਼ੇਸ਼ ਗੁਰਮਤਿ ਸਮਾਗਮਾਂ ਵਿਚ ਸੰਗਤਾਂ ਦਾ ਸੈਲਾਬ ਉਮੜ ਪਿਆ ਤੇ ਸੰਗਤ ਨੇ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋ ਕੇ ਨਵੇਂ ਵਰ੍ਹੇ ਨੂੰ ਜੀ ਆਇਆਂ ਆਖਿਆ। ਜਾਣਕਾਰੀ ਅਨੁਸਾਰ ਦਿੱਲੀ ਕਮੇਟੀ ਵੱਲੋਂ ਗੁਰਦੁਆਰਾ ਬੰਗਲਾ ਸਾਹਿਬ, ਗੁਰਦੁਆਰਾ ਨਾਨਕ ਪਿਆਊ ਸਾਹਿਬ ਸਮੇਤ ਸਾਰੇ ਪ੍ਰਮੁੱਖ ਗੁਰਦੁਆਰਿਆਂ ਵਿਚ ਵਿਸ਼ੇਸ਼ ਸਮਾਗਮ ਕਰਵਾਏ ਗਏ। ਇਸ ਦੌਰਾਨ ਮੁੱਖ ਸਮਾਗਮ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਹੋਇਆ, ਜਿੱਥੇ ਭਾਈ ਮਨਪ੍ਰੀਤ ਸਿੰਘ ਕਾਨਪੁਰੀ ਦੇ ਰਾਗੀ ਜਥੇ ਨੇ ਗੁਰੂ ਕੀ ਇਲਾਹੀ ਬਾਣੀ ਦੇ ਰਸਭਿੰਨੇ ਕੀਰਤਨ ਨਾਲ ਸੰਗਤ ਨੂੰ ਨਿਹਾਲ ਕੀਤਾ। ਇਸ ਦੌਰਾਨ ਸੰਗਤ ਨੇ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਿਆਂ ਨਵੇਂ ਵਰ੍ਹੇ ਨੂੰ ਜੀ ਆਇਆਂ ਆਖਿਆ। ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਨਵੇਂ ਸਾਲ ’ਤੇ ਇਹ ਵਿਸ਼ੇਸ਼ ਗੁਰਮਤਿ ਸਮਾਗਮ ਇਸ ਵਾਸਤੇ ਕਰਵਾਏ ਜਾਂਦੇ ਤਾਂ ਜੋ ਨੌਜਵਾਨ ਪੀੜ੍ਹੀ ਕਲੱਬਾਂ ਜਾਂ ਹੋਰ ਅਜਿਹੀਆਂ ਥਾਵਾਂ ’ਤੇ ਜਾ ਕੇ ਨਸ਼ੇ ਵਿਚ ਧੁੱਤ ਹੋਕੇ ਨਵਾਂ ਸਾਲ ਮਨਾਉਣ ਦੀ ਥਾਂ ਗੁਰੂ ਕੇ ਸਿੱਖ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋ ਕੇ ਬਾਣੀ ਦਾ ਸਿਮਰਨ ਕਰਦਿਆਂ ਗੁਰਮਤਿ ਅਨੁਸਾਰ ਨਵਾਂ ਸਾਲ ਮਨਾਵੇ। ਉਨ੍ਹਾਂ ਕਿਹਾ ਕਿ ਇਹ ਭਾਵੇਂ ਅੰਗਰੇਜ਼ੀ ਕੈਲੰਡਰ ਅਨੁਸਾਰ ਨਵਾਂ ਸਾਲ ਹੈ ਪਰ ਸਿੱਖ ਕੌਮ ਦਾ ਨਵਾਂ ਸਾਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਪਹਿਲੀ ਚੇਤ ਜੋ ਕਿ ਮਾਰਚ ਮਹੀਨੇ ਦੀ ਸੰਗਰਾਂਦ ਹੁੰਦੀ ਹੈ, ਉਸ ਤੋਂ ਸ਼ੁਰੂ ਹੁੰਦਾ ਹੈ। ਉਨ੍ਹਾਂ ਕਿਹਾ ਕਿ ਬਹੁਤ ਘਾਲਣਾ ਕਰਕੇ ਸਿੱਖ ਬੁੱਧੀਜੀਵੀਆਂ ਨੇ ਆਪਣਾ ਨਾਨਕਸ਼ਾਹੀ ਕੈਲੰਡਰ ਤਿਆਰ ਕੀਤਾ ਹੈ ਜਿਸ ਅਨੁਸਾਰ ਸਾਰੀ ਸਿੱਖ ਆਪਣੇ ਦਿਹਾੜੇ ਮਨਾਉਂਦੀ ਹੈ। ਰਾਜੌਰੀ ਗਾਰਡਨ ਸਿੰਘ ਤੇ ਪੱਛਮੀ ਦਿੱਲੀ ਦੀਆਂ ਹੋਰ ਸਿੰਘ ਸਭਾਵਾਂ ਵੱਲੋਂ ਨਵੇਂ ਸਾਲ ਦਾ ਸਵਾਗਤ ਕਰਨ ਲਈ ਵਿਸ਼ੇਸ਼ ਦੀਵਾਨ ਸਜਾਏ ਗਏ। ਇਸੇ ਤਰ੍ਹਾਂ ਐਨਸੀਆਰ ਦੇ ਸ਼ਹਿਰਾਂ ਫਰੀਦਾਬਾਦ ਦੇ ਸੈਕਟਰ-9, ਸੈਕਟਰ-7 ਐਨਆਈਟੀ ਦੇ ਕਈ ਗੁਰਦੁਆਰਿਆਂ, ਗੁਰੂਗਰਾਮ, ਗਾਜ਼ੀਆਬਾਦ, ਬੱਲਭਗੜ੍ਹ, ਨੋਇਡਾ, ਸੋਨੀਪਤ ਸਮੇਤ ਪੇਂਡੂ ਇਲਾਕਿਆਂ ਦੇ ਗੁਰਦੁਆਰਿਆਂ ਦੀਆਂ ਕਮੇਟੀਆਂ ਨੇ ਵੀ ਧਾਰਮਿਕ ਸਮਾਗਮ ਕਰਵਾਏ ਤੇ ਰਾਤ ਦੇਰ ਤੱਕ ਦੀਵਾਨਾਂ ਵਿੱਚ ਸੰਗਤ ਨੇ ਗੁਰਬਾਣੀ ਸਰਵਣ ਕੀਤੀ। ਸੈਕਟਰ-15 ਦੀ ਸਿੰਘ ਸਭਾ ਦੀ ਪ੍ਰਧਾਨ ਸ੍ਰੀਮਤੀ ਰਾਣਾ ਕੌਰ ਭੱਟੀ ਨੇ ਦੱਸਿਆ ਕਿ ਇੱਥੇ ਗੁਰਦੁਆਰੇ ਵਿੱਚ ਸੰਗਤ ਦੀ ਖਾਸੀ ਗਿਣਤੀ ਸੀ।







# ਕੈਲੀਫੋਰਨੀਆ ਕਥਾ ਸਮਾਗਮ

## 4 ਤੋਂ 11 ਜਨਵਰੀ 2024

### 5 ਜਨਵਰੀ 2024 (ਸ਼ੁੱਕਰਵਾਰ)

7.00 ਤੋਂ 8.00 ਵਜੇ (ਸ਼ਾਮ)

ਗੁਰਦੁਆਰਾ ਸਾਹਿਬ ਵੈਸਟ ਸੈਕਰਾਮੈਂਟੋ

### 6 ਜਨਵਰੀ 2024 (ਸ਼ਨਿਚਰਵਾਰ)

6.00 ਤੋਂ 6.30 ਵਜੇ (ਸ਼ਾਮ)

ਗੁਰਦੁਆਰਾ ਸਾਹਿਬ ਸੰਤ ਸਾਗਰ ਸਾਹਿਬ, ਸੈਕਰਾਮੈਂਟੋ

7.00 ਤੋਂ 8.00 ਵਜੇ (ਸ਼ਾਮ)

ਗੁਰਦੁਆਰਾ ਸੱਚਖੰਡ ਰੋਜ਼ਵਿੱਲ, ਸੈਕਰਾਮੈਂਟੋ

### 8 ਜਨਵਰੀ 2024 (ਸੋਮਵਾਰ)

7.00 ਤੋਂ 8.00 ਵਜੇ (ਸ਼ਾਮ)

ਗੁਰਦੁਆਰਾ ਨਾਨਕਸਰ ਚੇਰੀ, ਫਰਿਜ਼ਨੋ

### 9 ਜਨਵਰੀ 2024 (ਮੰਗਲਵਾਰ)

7.00 ਤੋਂ 8.00 ਵਜੇ (ਸ਼ਾਮ)

ਗੁਰਦੁਆਰਾ ਨਾਨਕ ਚੇਰੀ, ਫਰਿਜ਼ਨੋ

### 7 ਜਨਵਰੀ 2024 (ਐਤਵਾਰ) 11.00 ਤੋਂ 12.00 ਵਜੇ (ਸਵੇਰੇ)

ਗੁਰਦੁਆਰਾ ਐਲਸ ਬਰਟੇ ਸੀਏ

12.30 ਤੋਂ 1.30 (ਦੁਪਹਿਰ)

ਗੁਰਦੁਆਰਾ ਨਾਨਕ ਸਿੱਖ ਟੈਂਪਲ, ਫੇਅਰਫੀਲਡ ਸੀਏ

7.00 ਤੋਂ 8.99 ਵਜੇ (ਸ਼ਾਮ)

ਗੁਰਦੁਆਰਾ ਨਾਨਕਸਰ ਚੇਰੀ, ਫਰਿਜ਼ਨੋ



**ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ**

ਹੈਡ ਗ੍ਰੰਥੀ, ਗੁਰਦੁਆਰਾ ਬੰਗਲਾ ਸਾਹਿਬ (ਦਿੱਲੀ)

ਸੰਪਰਕ ਨੰ. : +917-957-1313 (ਯੂ.ਐਸ.ਏ.)

ਵਾਟਸਅੱਪ : +91 93137 51313

**ਭਾਈ ਸਾਹਿਬ ਸਤਪਾਲ ਸਿੰਘ ਖਾਲਸਾ**

(ਅੰਬੈਸਡਰ ਆਫ਼ ਸਿੱਖ ਧਰਮ)



# ਨਵੇਂ ਵਰ੍ਹੇ ’ਤੇ ਸੈਂਕੜੇ ਸ਼ਰਧਾਲੂ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ





ਅੰਮ੍ਰਿਤਸਰ : ਇੱਥੇ ਅੱਜ ਵੱਡੀ ਗਿਣਤੀ ਸੰਗਤ ਨੇ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋ ਕੇ ਨਵੇਂ ਵਰ੍ਹੇ ਨੂੰ ਜੀ ਆਇਆਂ ਕਿਹਾ। ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਨਵੇਂ ਕਰੀਬ ਚਾਰ ਤੋਂ ਪੰਜ ਲੱਖ ਸੰਗਤ ਨੇ ਇੱਥੇ ਨਤਮਸਤਕ ਹੋ ਕੇ ਨਵੇਂ ਵਰ੍ਹੇ ਦੀ ਸ਼ੁਰੂਆਤ ਕੀਤੀ। ਉਨ੍ਹਾਂ ਦੱਸਿਆ ਕਿ ਬੀਤੀ ਰਾਤ 10 ਵਜੇ ਤੋਂ ਸ਼ੁਰੂ ਹੋ ਕੇ ਹੁਣ ਤੱਕ ਸੰਗਤ ਦੀ ਭਾਰੀ ਆਮਦ ਜਾਰੀ ਹੈ। ਬਾਦਲ ਪਰਿਵਾਰ ਨੇ ਪਿਛਲੇ ਸਾਲਾਂ ਵਾਂਗ ਇਸ ਸਾਲ ਵੀ 31 ਦਸੰਬਰ ਅਤੇ ਪਹਿਲੀ ਜਨਵਰੀ ਦੀ ਦਰਮਿਆਨੀ ਰਾਤ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਨਵੇਂ ਸਾਲ ਨੂੰ ਜੀ ਆਇਆਂ ਕਿਹਾ ਅਤੇ ਚੜ੍ਹਦੀ ਕਲਾ ਦੀ ਅਰਦਾਸ ਕੀਤੀ। ਇਨ੍ਹਾਂ ਤੋਂ ਇਲਾਵਾ ਹੋਰ ਵੀ ਕਈ ਸਿਆਸੀ ਆਗੂਆਂ ਅਤੇ ਵੱਡੀ ਗਿਣਤੀ ਸੰਗਤ ਨੇ ਇੱਥੇ ਮੱਥਾ ਟੇਕਿਆ।ਨਵੇਂ ਸਾਲ ਨੂੰ ਜੀ ਆਇਆਂ ਕਹਿਣ ਦੇ ਪੱਛਮੀ ਢੰਗ ਤਰੀਕੇ ਦੇ ਵਧ ਰਹੇ ਰੁਝਾਨ ਵਿਚਾਲੇ ਲੋਕਾਂ ਵਿੱਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਨਵੇਂ ਵਰ੍ਹੇ ਨੂੰ ਜੀ ਆਇਆਂ ਕਹਿਣ ਦਾ ਰੁਝਾਨ ਵੀ ਵਧ ਰਿਹਾ ਹੈ। ਇਹੀ ਕਾਰਨ ਹੈ ਕਿ ਹਰ ਵਰ੍ਹੇ 31 ਦਸੰਬਰ ਦੀ ਰਾਤ ਅਤੇ ਪਹਿਲੀ ਜਨਵਰੀ ਨੂੰ ਇੱਥੇ ਸੰਗਤ ਦੀ ਭਾਰੀ ਆਮਦ ਰਹਿੰਦੀ ਹੈ। ਸੰਗਤ ਦੇਰ ਸ਼ਾਮ ਨੂੰ ਹੀ ਇੱਥੇ ਪੁੱਜਣੀ ਸ਼ੁਰੂ ਹੋ ਗਈ ਸੀ ਅਤੇ ਰਾਤ ਨੂੰ ਜਦੋਂ 12 ਵੱਜੇ ਤਾਂ ਇੱਥੇ ਪਰਿਕਰਮਾ ਵਿੱਚ ਸੰਗਤ ਦਾ ਹੜ੍ਹ ਆਇਆ ਹੋਇਆ ਸੀ। ਸੰਗਤਾਂ ਨੇ ਜੈਕਾਰੇ ਛੱਡ ਕੇ, ਮੂਲ ਮੰਤਰ ਦਾ ਪਾਠ ਕਰ ਕੇ ਅਤੇ ਗੁਰੂ ਘਰ ਵਿੱਚ ਨਤਮਸਤਕ ਹੁੰਦੇ ਹੋਏ ਨਵੇਂ ਵਰ੍ਹੇ ਨੂੰ ਜੀ ਆਇਆਂ ਕਿਹਾ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਉਨ੍ਹਾਂ ਦੀ ਪਤਨੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ, ਬਿਕਰਮ ਸਿੰਘ ਮਜੀਠੀਆ, ਉਨ੍ਹਾਂ ਦੀ ਪਤਨੀ ਵਿਧਾਇਕ ਗਨੀਵ ਕੌਰ ਅਤੇ ਬੱਚੇ ਨਤਮਸਤਕ ਹੋ ਕੇ ਤੇ ਗੁਰੂ ਘਰ ਦਾ ਆਸ਼ੀਰਵਾਦ ਲੈ ਕੇ ਨਵੇਂ ਵਰ੍ਹੇ ਦੀ ਸ਼ੁਰੂਆਤ ਕੀਤੀ। ਬੀਤੇ ਦਿਨਾਂ ਤੋਂ ਭਾਵੇਂ ਵਧੇਰੇ ਠੰਢ ਪੈ ਰਹੀ ਹੈ ਅਤੇ ਧੁੰਦ ਨੇ ਜਨ-ਜੀਵਨ ਨੂੰ ਪ੍ਰਭਾਵਿਤ ਕੀਤਾ ਹੋਇਆ ਹੈ ਪਰ ਇਸ ਦੇ ਬਾਵਜੂਦ ਦੂਰ-ਦੁਰਾਡੇ ਤੋਂ ਸੰਗਤ ਤੜਕੇ ਹੀ ਇੱਥੇ ਸੰਗਤ ਪੁੱਜੀ ਹੋਈ ਸੀ। ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਭਾਰੀ ਠੰਢ ਨੂੰ ਦੇਖਦਿਆਂ ਪਰਿਕਰਮਾ ਅਤੇ ਹੋਰਨਾਂ ਥਾਵਾਂ ’ਤੇ ਸੰਗਤ ਦੀ ਸਹੂਲਤ ਲਈ ਵਧੇਰੇ ਗੱਦੇ ਤੇ ਗਲੀਚੇ ਵਿਛਾ ਦਿੱਤੇ ਗਏ ਸਨ। ਇਸ ਤੋਂ ਕਿ ਰਾਤ ਜਦੋਂ 12 ਵੱਜੇ ਅਤੇ ਨਵੇਂ ਸਾਲ ਦੀ ਸ਼ੁਰੂਆਤ ਹੋਈ ਤਾਂ ਵੱਡੀ ਗਿਣਤੀ ਸੰਗਤ ਨੇ ਸਰੋਵਰ ਵਿੱਚ ਇਸ਼ਨਾਨ ਕੀਤਾ ਅਤੇ ਗੁਰੂ ਘਰ ਵਿੱਚ ਅਰਦਾਸ ਕਰ ਕੇ ਨਵੇਂ ਵਰ੍ਹੇ ਨੂੰ ਜੀ ਆਇਆਂ ਕਿਹਾ।

ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਹਰੇਕ ਪਾਸੇ ਵੱਡੀ ਗਿਣਤੀ ਸੰਗਤ ਮੌਜੂਦ ਸੀ। ਉਨ੍ਹਾਂ ਗੁਰਬਾਣੀ ਕੀਰਤਨ ਸਰਵਣ ਕੀਤਾ ਅਤੇ ਗੁਰੂ ਦੇ ਚਰਨਾਂ ਵਿੱਚ ਨਵੇਂ ਸਾਲ ਦਾ ਸਵਾਗਤ ਕੀਤਾ। ਹਰੇਕ ਪਾਸੇ ਸੰਗਤ ‘ਸਤਿਨਾਮ ਵਾਹਿਗੁਰੂ’ ਦਾ ਜਾਪ ਕਰਦੀ ਦਿਖਾਈ ਦੇ ਰਹੀ ਸੀ। ਇਸ ਮਗਰੋਂ ਰਾਤ 12 ਵਜੇ ‘ਬੋਲੇ ਸੋ ਨਿਹਾਲ’ ਦੇ ਜੈਕਾਰੇ ਗੂੰਜਣੇ ਸ਼ੁਰੂ ਹੋ ਗਏ ਅਤੇ ਦਰਬਾਰ ਸਾਹਿਬ ਦਾ ਸਾਰਾ ਕੰਪਲੈਕਸ ਤੇ ਬਾਹਰ ਮੌਜੂਦ ਸੰਗਤ ਇਸ ਵਿੱਚ ਸ਼ਾਮਲ ਹੋਈ। ਜਿਹੜੀ ਸੰਗਤ ਦਰਬਾਰ ਸਾਹਿਬ ਦੇ ਅੰਦਰ ਨਹੀਂ ਪਹੁੰਚ ਸਕੀ ਉਨ੍ਹਾਂ ਬਾਹਰ ਰਹਿ ਕੇ ਹੀ ਜੈਕਾਰਿਆਂ ਵਿੱਚ ਸ਼ਮੂਲੀਅਤ ਕੀਤੀ। ਸਾਲ ਦੇ ਪਹਿਲੇ ਦਿਨ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਆਈ ਸੰਗਤ ਨੇ ਕਈ ਘੰਟੇ ਕਤਾਰਾਂ ਵਿੱਚ ਖੜ੍ਹੇ ਹੋ ਕੇ ਇੰਤਜ਼ਾਰ ਕਰਨ ਮਗਰੋਂ ਮੱਥਾ ਟੇਕਿਆ।















# ਮੁੱਖ ਮੰਤਰੀ ਭਗਵੰਤ ਮਾਨ ਨੇ ਪਤਨੀ ਸਣੇ ਗੁਰਦੁਆਰਾ ਨਾਭਾ ਸਾਹਿਬ ਮੱਥਾ ਟੇਕਿਆ





ਜ਼ੀਰਕਪੁਰ (ਹਰਜੀਤ ਸਿੰਘ): ?ਨਵੇਂ ਸਾਲ ਦੀ ਸ਼ੁਰੂਆਤ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਆਪਣੀ ਪਤਨੀ ਡਾ. ਗੁਰਪ੍ਰੀਤ ਕੌਰ ਨਾਲ ਜ਼ੀਰਕਪੁਰ- ਪਟਿਆਲਾ ਰੋਡ 'ਤੇ ਸਥਿਤ ਇਤਿਹਾਸਕ ਗੁਰਦੁਆਰਾ ਨਾਭਾ ਸਾਹਿਬ ਵਿਖੇ ਨਤਮਸਤਕ ਹੋਏ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਉਨ੍ਹਾਂ ਕੁੱਝ ਮਿੰਟਾਂ ਲਈ ਗੁਰਬਾਣੀ ਸਰਵਣ ਕੀਤਾ। ਮੁੱਖ ਮੰਤਰੀ ਦਾ ਕਾਫਲਾ ਜਦੋਂ ਗੁਰਦੁਆਰੇ ਪੁੱਜਿਆ ਤਾਂ ਨਵੇਂ ਸਾਲ ਮੌਕੇ ਮੱਥਾ ਟੇਕਣ ਆਈ ਸੰਗਤ ਨੇ ਉਨ੍ਹਾਂ ਦਾ ਸਵਾਗਤ ਕੀਤਾ। ਉਨ੍ਹਾਂ ਦਾ ਇਹ ਦੌਰਾ ਪੂਰੀ ਤਰ੍ਹਾਂ ਗੁਪਤ ਸੀ। ਇਸ ਮੌਕੇ ਵਿਧਾਇਕ ਕੁਲਜੀਤ ਸਿੰਘ ਦੇ ਭਰਾ ਪਰਮਜੀਤ ਸਿੰਘ ਨੇ ਆਮ ਆਦਮੀ ਪਾਰਟੀ ਦੀ ਟੀਮ ਨਾਲ ਮੁੱਖ ਮੰਤਰੀ ਅਤੇ ਉਨ੍ਹਾਂ ਦੀ ਪਤਨੀ ਦਾ ਸਵਾਗਤ ਕੀਤਾ। ਇਸ ਦੌਰਾਨ ਮੁੱਖ ਮੰਤਰੀ ਨੇ ਮੀਡੀਆ ਨਾਲ ਕੋਈ ਗੱਲਬਾਤ ਨਹੀਂ ਕੀਤੀ। ਇਸ ਮੌਕੇ ਗੁਰਦੁਆਰੇ ਵਿੱਚ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ ਜਿਸ ਦੀ ਅਗਵਾਈ ਖੁਦ ਐੱਸਐੱਸਪੀ ਮੁਹਾਲੀ ਡਾ. ਸੰਦੀਪ ਗਰਗ ਕਰ ਰਹੇ ਸਨ। ਇਸ ਮੌਕੇ ਉਨ੍ਹਾਂ ਨਾਲ ਡੀਸੀ ਮੁਹਾਲੀ, ਐੱਸਡੀਐੱਮ ਡੇਰਾਬੱਸੀ ਹਿਮਾਂਸ਼ੂ ਗੁਪਤਾ ਆਦਿ ਅਧਿਕਾਰੀ ਮੌਜੂਦ ਸਨ। ਮੁੱਖ ਮੰਤਰੀ ਇੱਥੇ ਸਿਰਫ਼ 20 ਤੋਂ 25 ਮਿੰਟ ਰੁਕਣ ਮਗਰੋਂ ਵਾਪਸ ਚਲੇ ਗਏ।

## ਨਵੇਂ ਸਾਲ 2024 ਦੇ ਜਸ਼ਨਾਂ ਦੌਰਾਨ ਇੰਡੀਆ ਗੇਟ 'ਤੇ ਲੋਕਾਂ ਦੀ ਭਾਰੀ ਭੀੜ





ਨਵੀਂ ਦਿੱਲੀ 'ਚ ਸੋਮਵਾਰ ਨੂੰ ਨਵੇਂ ਸਾਲ 2024 ਦੇ ਜਸ਼ਨਾਂ ਦੌਰਾਨ ਇੰਡੀਆ ਗੇਟ 'ਤੇ ਲੋਕਾਂ ਦੀ ਭਾਰੀ ਭੀੜ ਦੇਖਣ ਨੂੰ ਮਿਲੀ।



ਸੋਮਵਾਰ ਨੂੰ ਨਵੇਂ ਸਾਲ 2024 ਦੀ ਸ਼ੁਰੂਆਤ 'ਤੇ ਰਾਮੇਸ਼ਵਰਮ ਦੇ ਇੱਕ ਚਰਚ ਵਿੱਚ ਵਿਸ਼ੇਸ਼ ਪ੍ਰਾਰਥਨਾਵਾਂ ਦਾ ਆਯੋਜਨ

## ਨਵੇਂ ਸਾਲ 2024 ਦੇ ਪਹਿਲੇ ਦਿਨ ਗੰਗਾ ਆਰਤੀ ਵਿੱਚ ਸ਼ਰਧਾਲੂਆਂ ਦੀ ਭਾਰੀ ਭੀੜ ਸ਼ਾਮਲ



ਵਾਰਾਣਸੀ ਵਿੱਚ ਸੋਮਵਾਰ ਨੂੰ ਨਵੇਂ ਸਾਲ 2024 ਦੇ ਪਹਿਲੇ ਦਿਨ ਗੰਗਾ ਆਰਤੀ ਵਿੱਚ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਹਿੱਸਾ ਲਿਆ।

## ਨਵੇਂ ਸਾਲ 2024 ਦੇ ਪਹਿਲੇ ਦਿਨ ਮਾਰਬਲ ਰੌਕਸ ਝਰਨੇ ਦੇ ਆਲੇ-ਦੁਆਲੇ ਇਕੱਠੇ ਹੋਏ ਲੋਕ



ਜਬਲਪੁਰ: ਲੋਕ ਸੋਮਵਾਰ ਨੂੰ ਜਬਲਪੁਰ ਦੇ ਬਾਹਰਵਾਰ ਬੇਦਾਘਾਟ ਵਿਖੇ, ਨਵੇਂ ਸਾਲ 2024 ਦੇ ਪਹਿਲੇ ਦਿਨ ਨਰਮਦਾ ਨਦੀ 'ਤੇ ਮਾਰਬਲ ਰੌਕਸ ਝਰਨੇ ਦੇ ਦੁਆਲੇ ਇਕੱਠੇ ਹੋਏ।



ਸੋਮਵਾਰ ਨੂੰ ਅਯੁੱਧਿਆ ਵਿੱਚ ਸਰਯੂ ਨਦੀ ਦੇ ਕਿਨਾਰੇ ਨਯਾ ਘਾਟ ਦਾ ਇੱਕ ਰੋਸ਼ਨੀ ਵਾਲਾ ਦ੍ਰਿਸ਼।



ਪਟਨਾ 'ਚ ਨਵੇਂ ਸਾਲ 2024 ਦੇ ਪਹਿਲੇ ਦਿਨ ਮਹਾਂਵੀਰ ਮੰਦਰ ਦੇ ਬਾਹਰ ਸ਼ਰਧਾਲੂ ਇਕੱਠੇ ਹੋਏ।




ਸੋਮਵਾਰ ਨੂੰ ਨਾਗਪੁਰ ਵਿੱਚ ਨਵੇਂ ਸਾਲ 2024 ਦੇ ਪਹਿਲੇ ਦਿਨ ਸਾਈਂ ਬਾਬਾ ਮੰਦਰ ਵਿੱਚ ਪ੍ਰਾਰਥਨਾ ਕਰਨ ਲਈ ਸ਼ਰਧਾਲੂ ਕਤਾਰ ਵਿੱਚ ਖੜ੍ਹੇ ਹਨ।



ਸ਼ਰਧਾਲੂ ਸੋਮਵਾਰ ਨੂੰ ਪਟਨਾ ਵਿੱਚ ਸਾਲ 2024 ਦੇ ਪਹਿਲੇ ਦਿਨ ਇਸਕਾਨ ਮੰਦਿਰ ਦੇ ਦਰਸ਼ਨ ਕਰਦੇ ਹਨ।

# ਐਲ ਮੁਰੂਗਨ ਬਡਗਾਸ ਭਾਈਚਾਰੇ ਦੇ ਲੋਕਾਂ ਨਾਲ ਇੱਕ ਪਰੰਪਰਾਗਤ ਨਾਚ ਕੀਤਾ ਪੇਸ਼



ਊਟੀ : ਕੇਂਦਰੀ ਮੰਤਰੀ ਐਲ ਮੁਰੂਗਨ ਨੇ ਸ਼ਨੀਵਾਰ ਨੂੰ ਊਟੀ ਵਿਚ ਹੇਥਾਈ ਅੰਮਾਨ ਤਿਉਹਾਰ ਦੇ ਮੌਕੇ 'ਤੇ ਬਡਗਾਸ ਭਾਈਚਾਰੇ ਦੇ ਲੋਕਾਂ ਨਾਲ ਰਵਾਇਤੀ ਡਾਂਸ ਕੀਤਾ।



ਪਤਾ ਨਹੀਂ ਘਰਦੇ ਕਿੰਨੇ ਜੀਆ ਦਾ ਗੁਜ਼ਾਰਾ ਇਸ ਦੇ ਸਿਰ 'ਤੇ ਚਲਦਾ ਹੋਣਾ
ਹਰ ਰੋਜ਼ ਦੀ ਤਰ੍ਹਾਂ ਅੱਜ ਵੀ ਇਸ ਨੂੰ ਉਡੀਕ ਰਹੇ ਹੋਣੇ
ਪਰ ਉਨ੍ਹਾਂ ਨੂੰ ਕੀ ਪਤਾ, ਕੀ ਅੱਜ ਇਹ ਬਾਪੂ ਸਾਰੀਆਂ ਜ਼ਿੰਮੇਵਾਰੀਆਂ ਤੋਂ ਮੁਕਤ ਹੋ ਗਿਆ। ਵਾਹਿਗੁਰੂ

# ਮੁਹੰਮਦ ਰਫ਼ੀ ਕਲਚਰਲ ਐਂਡ ਚੈਰੀਟੇਬਲ ਸੋਸਾਇਟੀ ਨੇ ਮਹਾਨ ਫ਼ਨਕਾਰ ਦਾ ਮਨਾਇਆ 99ਵਾਂ ਜਨਮ ਦਿਵਸ

## ਸੰਗੀਤ ਪ੍ਰੇਮੀਆਂ ਤੇ ਪਤਵੰਤਿਆਂ ਨੇ ਮੁਹੰਮਦ ਰਫ਼ੀ ਨੂੰ ਕੀਤਾ ਯਾਦ

ਹੁਸ਼ਿਆਰਪੁਰ (ਦਲਜੀਤ ਅਜਨੋਹਾ) : ਮੁਹੰਮਦ ਰਫ਼ੀ ਕਲਚਰਲ ਐਂਡ ਚੈਰੀਟੇਬਲ ਸੋਸਾਇਟੀ ਹੁਸ਼ਿਆਰਪੁਰ ਵੱਲੋਂ ਸਰਕਾਰੀ ਕਾਲਜ ਦੇ ਸੰਗੀਤ ਵਿਭਾਗ ਦੇ ਸਹਿਯੋਗ ਨਾਲ ਮਹਾਨ ਫ਼ਨਕਾਰ ਮੁਹੰਮਦ ਰਫ਼ੀ ਦਾ 99ਵਾਂ ਜਨਮ ਦਿਵਸ ਮਨਾਇਆ ਗਿਆ। ਇਸ ਮੌਕੇ ਸੰਗੀਤ ਪ੍ਰੇਮੀਆਂ ਤੇ ਪਤਵੰਤਿਆਂ ਨੇ ਹੁੰਮ-ਹੁੰਮਾ ਕੇ ਹਾਜ਼ਰੀ ਭਰੀ। ਵਿਸ਼ੇਸ਼ ਮਹਿਮਾਨਾਂ ਤੇ ਪਤਵੰਤਿਆਂ ਵਲੋਂ ਸ਼ਮ੍ਹਾਂ ਰੌਸ਼ਨ ਕਰਕੇ ਸਮਾਗਮ ਦਾ ਆਗਾਜ਼ ਕੀਤਾ ਗਿਆ। ਸੋਸਾਇਟੀ ਦੇ ਪ੍ਰਧਾਨ ਅਵਤਾਰ ਸਿੰਘ (ਪ੍ਰਬੰਧਕੀ ਅਫ਼ਸਰ) ਨੇ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਮੁਹੰਮਦ ਰਫ਼ੀ ਦੇ ਜੀਵਨ ਅਤੇ ਸਫ਼ਲ ਸੰਗੀਤਕ ਸਫ਼ਰ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਰਫ਼ੀ ਸਾਹਿਬ ਮੌਸੀਕੀ ਦੇ ਥੰਮ ਅਤੇ ਸੰਗੀਤਕਾਰਾਂ ਲਈ ਚਾਨਣ ਮੁਨਾਰਾ ਹਨ। ਮਾਸਟਰ ਕੁਲਵਿੰਦਰ ਸਿੰਘ ਨੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਮੁਹੰਮਦ ਰਫ਼ੀ ਆਉਣ ਵਾਲੀਆਂ ਪੀੜ੍ਹੀਆਂ ਲਈ ਮਧੁਰ ਸੰਗੀਤ ਦਾ ਅਨਮੋਲ ਖ਼ਜ਼ਾਨਾ ਛੱਡ ਗਏ ਹਨ। ਅਸ਼ਵਨੀ ਦੱਤਾ ਨੇ ਕਿਹਾ ਕਿ ਰਫ਼ੀ ਵਰਗਾ ਲਾਸਾਨੀ ਫ਼ਨਕਾਰ ਜੁੱਗਾਂ-ਜੁੱਗਾਂਤਰਾਂ ਬਾਅਦ ਧਰਤੀ ਪੈਦਾ ਹੁੰਦਾ ਹੈ। ਸਰਕਾਰੀ ਕਾਲਜ ਦੇ ਸੰਗੀਤ ਵਿਭਾਗ ਮੁਖੀ ਪ੍ਰੋ: ਹਰਜਿੰਦਰ ਅਮਨ ਨੇ ਕਿਹਾ ਕਿ ਸਦਾਬਹਾਰ ਫ਼ਨਕਾਰ ਮੁਹੰਮਦ ਰਫੀ ਇਕ ਨੇਕ



ਇਨਸਾਨ ਸਨ, ਜੋ ਸੰਗੀਤ ਦੀਆਂ ਬੁਲੰਦੀਆਂ ਛੋਹ ਕੇ ਦੁਨੀਆਂ ਵਿਚ ਭਾਰਤ ਦੀ ਪਛਾਣ ਅਤੇ ਆਵਾਜ਼ ਬਣੇ। ਸੋਸਾਇਟੀ ਦੇ ਸੰਸਥਾਪਕ ਗੁਲਜ਼ਾਰ ਸਿੰਘ ਕਾਲਕੱਟ ਨੇ ਮਹਿਮਾਨਾ ਸਮੇਤ ਸਰੋਤਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਦੇ ਜੰਮਪਲ ਮੁਹੰਮਦ ਰਫ਼ੀ ਦੀ ਨਾਯਾਬ ਆਵਾਜ਼ ਨਾਲ ਮਨੁੱਖੀ ਹਿਰਦਿਆਂ ਵਿਚ ਸਕੂਨ ਭਰ ਜਾਂਦਾ ਹੈ। ਇਸ ਮੌਕੇ ਸੰਗੀਤ ਦਾ ਮਨਮੋਹਕ ਦੌਰ ਚੱਲਿਆ ਅਤੇ ਸੁਰੀਲੇ ਕਲਾਕਾਰਾਂ ਨੇ ਮੁਹੰਮਦ ਰਫ਼ੀ ਦੇ ਸਦਾਬਹਾਰ ਨਗਮੇ ਪੇਸ਼ ਕਰਕੇ ਸਮਾਗਮ ਨੂੰ ਮੁਹੰਮਦ ਰਫ਼ੀ ਦੇ ਰੰਗ ਵਿਚ ਰੰਗ ਦਿੱਤਾ। 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਇਲਾਹੀ ਸ਼ਬਦ ਦੇ ਨਾਲ ਪ੍ਰੋਗਰਾਮ ਦਾ ਆਗਾਜ਼ ਹੋਇਆ। ਉਪਰੰਤ ਬੇਹਤਰੀਨ ਕਲਾਕਾਰ ਪ੍ਰੋ: ਹਰਜਿੰਦਰ ਅਮਨ, ਡਾ. ਵਿਜੇ ਸ਼ਰਮਾ, ਮਾਸਟਰ ਸੁਖਵਿੰਦਰ ਸਿੰਘ, ਡਾ. ਹਰਜਿੰਦਰ ਓਬਰਾਏ, ਮਨਜਿੰਦਰ ਸਿੰਘ, ਕਾਲਜ ਦੇ ਸੰਗੀਤ ਵਿਭਾਗ ਦੇ ਵਿਦਿਆਰਥੀ ਕਲਾਕਾਰਾਂ ਸਮੇਤ ਹੋਰਨਾਂ ਨੇ ਰਫ਼ੀ ਸਾਹਿਬ ਦੇ ਗਾਏ ਧਾਰਮਿਕ, ਅਧਿਆਤਮਕ, ਸਮਾਜਿਕ ਤੇ ਨਿਰੋਲ ਸਭਿਆਚਾਰਕ ਨਗਮੇ ਭਾਵਪੂਰਨ ਢੰਗ ਲਾਲ ਪੇਸ਼ ਕੀਤੇ। ਨਿਪੁੰਨ ਤਬਲਾ ਵਾਦਕ ਮਨਜਿੰਦਰ ਸਿੰਘ ਨੇ ਕਲਾਕਾਰਾਂ ਦੀ ਬਾਖ਼ੂਬੀ ਸੰਗਤ ਕੀਤੀ। ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਜੰਗਲਾਤ ਅਫ਼ਸਰ ਜੀਵਨ ਲਾਲ, ਜ਼ਿਲ੍ਹਾ ਖੋਜ ਅਫ਼ਸਰ ਡਾ. ਜਸਵੰਤ ਰਾਏ, ਡਾ. ਮਨੋਹਰ ਲਾਲ ਜੌਲੀ, ਐਡਵੋਕੇਟ ਹਨੀ ਕੁਮਾਰ ਆਜ਼ਾਦ, ਸੁਖਚੈਨ ਸਿੰਘ ਰਾਏ, ਹੰਸ ਰਾਜ ਮੈਨੇਜਰ, ਕੁਲਵੰਤ ਸਿੰਘ, ਡਾ. ਵਿਜੇ ਸ਼ਰਮਾ, ਪ੍ਰੋ. ਪੰਕਜ ਸ਼ਰਮਾ, ਪ੍ਰੋ. ਨਵੀਨ ਕੁਮਾਰ, ਪ੍ਰੋ. ਰਵਿੰਦਰ ਸਿੰਘ, ਡਾ. ਹਰਮਿੰਦਰ ਸਿੰਘ ਧਾਮੀ, ਸੁਖਵਿੰਦਰ ਸਿੰਘ ਅਤੇ ਜਸਪਾਲ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।



ਜਲੰਧਰ ਵਿੱਚ ਸਰਦੀ ਦੇ ਦਿਨਾਂ ਵਿੱਚ ਵਾਲੰਟੀਅਰ ਲੋਕਾਂ ਨੂੰ ਗਰਮ ਦੁੱਧ ਵੰਡਦੇ ਹੋਏ

# ਅਰਜੁਨ ਐਵਾਰਡੀ ਡੀਐਸਪੀ ਦੀ ਭੇਤ-ਭਰੀ ਹਾਲਤ 'ਚ ਮੌਤ

## ਖੂਨ ਨਾਲ ਲੱਥ-ਪੱਥ ਲਾਸ਼ ਮਿਲੀ; ਸਰਕਾਰੀ ਪਿਸਤੌਲ ਵੀ ਗਾਇਬ

ਜਲੰਧਰ : ਜਲੰਧਰ 'ਚ ਬਸਤੀ ਬਾਵਾ ਖੇਲ ਨਹਿਰ ਨੇੜਿਓਂ ਅਰਜੁਨ ਐਵਾਰਡੀ ਡੀਐੱਸਪੀ ਦੀ ਖ਼ੂਨ ਨਾਲ ਲੱਥ-ਪੱਥ ਲਾਸ਼ ਸ਼ੱਕੀ ਹਾਲਤ 'ਚ ਮਿਲਣ 'ਤੇ ਇਲਾਕੇ 'ਚ ਸਹਿਮ ਫੈਲ ਗਿਆ। ਮੁਢਲੀ ਜਾਂਚ ਦੌਰਾਨ ਪੁਲੀਸ ਨੂੰ ਲਾਸ਼ ਦੇ ਨੇੜਿਓਂ ਇਕ ਪਰਸ ਮਿਲਿਆ ਜਿਸ 'ਚ ਪੰਜਾਬ ਪੁਲੀਸ ਦੇ ਡੀਐੱਸਪੀ ਦਲਵੀਰ ਸਿੰਘ ਦਿਓਲ ਦਾ ਆਈਕਾਰਡ ਮਿਲਿਆ ਹੈ। ਏਸ਼ੀਅਨ ਖੇਡਾਂ ਵਿੱਚ ਵੇਟਲਿਫਟਿੰਗ ਵਿੱਚ ਉਸ ਨੇ ਸੋਨ ਤਗਮਾ ਜਿੱਤਿਆ ਅਤੇ 2000 ਵਿੱਚ ਦਲਵੀਰ ਸਿੰਘ ਨੂੰ ਅਰਜੁਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ।

ਪੁਲੀਸ ਦਾ ਕਹਿਣਾ ਹੈ ਕਿ ਸੀਸੀਟੀਵੀ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਜਿਨ੍ਹਾਂ ਵਿਅਕਤੀਆਂ ਨੂੰ ਆਖਰੀ ਵਾਰ ਡੀਐਸਪੀ ਨਾਲ ਦੇਖਿਆ ਗਿਆ ਸੀ, ਉਨ੍ਹਾਂ ਤੋਂ ਪੁੱਛਗਿੱਛ ਕੀਤੀ ਜਾਵੇਗੀ। ਡੀਐਸਪੀ ਉਸ ਸਮੇਂ ਸੁਰਖੀਆਂ 'ਚ ਆਇਆ ਸੀ ਜਦੋਂ 17 ਦਸੰਬਰ ਨੂੰ ਜਲੰਧਰ ਦੇ ਮੰਡ ਖੇਤਰ ਦੇ ਪਿੰਡ ਬਸਤੀ ਇਬਰਾਹਿਮ ਖਾਨ 'ਚ ਲੋਕਾਂ ਨਾਲ ਝਗੜੇ ਦੌਰਾਨ ਬੰਦੂਕ ਤਾਣਦੇ ਹੋਏ ਉਸ ਦੀ ਵੀਡੀਓ ਵਾਇਰਲ ਹੋਈ ਸੀ। ਦੱਸ ਦੇਈਏ ਕਿ 16 ਦਸੰਬਰ ਦੀ ਰਾਤ ਨੂੰ ਮਕਸੂਦਾਂ ਦੇ ਪਿੰਡ ਮੰਡ 'ਚ ਡੀਐੱਸਪੀ ਦਲਬੀਰ ਸਿੰਘ ਨੇ ਵੀ ਪਿੰਡ ਵਾਸੀਆਂ 'ਤੇ ਗੋਲੀਆਂ ਚਲਾ ਦਿੱਤੀਆਂ ਸਨ। ਬਾਅਦ 'ਚ ਉਸ ਨੇ ਪਿੰਡ ਵਾਸੀਆਂ ਨਾਲ ਰਾਜੀਨਾਮਾ ਕਰ ਲਿਆ ਸੀ। ਦਲਬੀਰ ਸਿੰਘ ਦਿਓਲ ਮੂਲ ਰੂਪ ਵਿੱਚ ਕਪੂਰਥਲਾ ਦੇ ਪਿੰਡ ਖੋਜੇਵਾਲ ਦਾ ਵਸਨੀਕ ਹੈ, ਜੋ ਪੀਏਪੀ ਸਿਖਲਾਈ ਕੇਂਦਰ ਵਿੱਚ ਤਾਇਨਾਤ ਸੀ।



ਪ੍ਰਾਪਤ ਜਾਣਕਾਰੀ ਅਨੁਸਾਰ ਡੀਐਸਪੀ ਦਲਬੀਰ ਸਿੰਘ ਨਵੇਂ ਸਾਲ ਮੌਕੇ ਆਪਣੇ 3 ਦੋਸਤਾਂ ਨਾਲ ਘਰੋਂ ਨਿਕਲਿਆ ਸੀ। ਚਾਰਾਂ ਨੇ ਨਵੇਂ ਸਾਲ ਦੀ ਪਾਰਟੀ ਲਈ ਕਿਤੇ ਜਾਣਾ ਸੀ। ਦੇਰ ਰਾਤ ਡੀਐੱਸਪੀ ਦਲਬੀਰ ਸਿੰਘ ਨੂੰ ਉਸ ਦੇ ਦੋਸਤਾਂ ਵੱਲੋਂ ਬੱਸ ਸਟੈਂਡ ਨੇੜੇ ਛੱਡ ਦਿੱਤਾ ਗਿਆ। ਪੁਲੀਸ ਨੇ ਬੱਸ ਸਟੈਂਡ ਨੇੜੇ ਕੁਝ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਆਪਣੇ ਕਬਜ਼ੇ ਵਿੱਚ ਲਈ ਹੈ। ਜਾਣਕਾਰੀ ਅਨੁਸਾਰ ਡੀਐੱਸਪੀ ਘਰੋਂ ਨਿਕਲਦੇ ਸਮੇਂ ਆਪਣੀ ਸਰਕਾਰੀ ਪਿਸਤੌਲ ਆਪਣੇ ਨਾਲ ਲੈ ਗਿਆ ਸੀ। ਪਰ ਜਦੋਂ ਲਾਸ਼ ਮਿਲੀ ਤਾਂ ਉਸ ਕੋਲ ਪਿਸਤੌਲ ਨਹੀਂ ਸੀ। ਉਸ ਦੇ ਦੋਸਤ ਰਣਜੀਤ ਨੇ ਦੱਸਿਆ ਕਿ ਮਾਮਲਾ ਸ਼ੱਕੀ ਜਾਪਦਾ ਹੈ ਕਿਉਂਕਿ ਜਿਸ ਰਸਤੇ ਉਸ ਦੀ ਲਾਸ਼ ਮਿਲੀ ਸੀ, ਉਹ ਰਸਤਾ ਉਸ ਦੇ ਘਰ ਨਹੀਂ ਜਾਂਦਾ। ਇਸ ਤੋਂ ਇਲਾਵਾ ਡੀਐੱਸਪੀ ਨੇ ਆਪਣੇ ਗੰਨਮੈਨ ਨੂੰ ਵੀ ਘਰ ਛੱਡ ਦਿੱਤਾ ਸੀ। ਦੋਸਤ ਡੀਐੱਸਪੀ ਨੂੰ ਆਪਣੀ ਕਾਰ ਵਿੱਚ ਆਪਣੇ ਨਾਲ ਲੈ ਕੇ ਆਏ ਸਨ। ਬਾਲਟਨ ਪਾਰਕ ਰੋਡ ਤੋਂ ਲਾਸ਼ ਬਰਾਮਦ ਹੋਈ ਜਿਸ ਕਾਰਨ ਪੁਲੀਸ ਕਤਲ ਦੇ ਨਜ਼ਰੀਏ ਤੋਂ ਵੀ ਜਾਂਚ ਕਰ ਰਹੀ ਹੈ। ਪੁਲੀਸ ਕਮਿਸ਼ਨਰ ਸਵਪਨ ਸ਼ਰਮਾ ਨੇ ਦੱਸਿਆ ਕਿ ਮਾਮਲੇ ਵਿੱਚ ਕਈ ਪਹਿਲੂ ਸਾਹਮਣੇ ਆਏ ਹਨ ਜਿਸ ਦੇ ਆਧਾਰ 'ਤੇ ਜਾਂਚ ਨੂੰ ਅੱਗੇ ਵਧਾਇਆ ਜਾ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਡੀਐੱਸਪੀ ਦਲਬੀਰ ਸਿੰਘ ਦੇ ਸਿਰ ਦੇ ਪਿਛਲੇ ਪਾਸੇ ਗੰਭੀਰ ਸੱਟ ਲੱਗੀ ਹੈ ਜਿਸ ਕਾਰਨ ਉਸ ਦਾ ਕਾਫੀ ਖ਼ੂਨ ਵਹਿ ਗਿਆ। ਡੀਸੀਪੀ ਸੰਦੀਪ ਸ਼ਰਮਾ ਨੇ ਦੱਸਿਆ ਕਿ ਮੁੱਢਲੀ ਜਾਂਚ ਵਿੱਚ ਮਾਮਲਾ ਹਾਦਸਾ ਜਾਪਦਾ ਹੈ। ਡੀਐੱਸਪੀ ਦਲਬੀਰ ਸਿੰਘ ਰਾਤ ਨੂੰ ਪੈਦਲ ਕਿਤੇ ਜਾ ਰਹੇ ਸਨ। ਇਸ ਦੌਰਾਨ ਉਸ ਨੂੰ ਕਿਸੇ ਵਾਹਨ ਨੇ ਟੱਕਰ ਮਾਰ ਦਿੱਤੀ ਜਿਸ ਕਾਰਨ ਉਸ ਦੇ ਸਿਰ ਵਿੱਚ ਕੋਈ ਚੀਜ਼ ਵੱਜੀ। ਇਸ ਕਾਰਨ ਉਸ ਦੀ ਮੌਤ ਹੋ ਗਈ। ਫਿਲਹਾਲ ਮਾਮਲੇ ਦੀ ਵੱਖ-ਵੱਖ ਪਹਿਲੂਆਂ ਤੋਂ ਜਾਂਚ ਚੱਲ ਰਹੀ ਹੈ।

# ਰਾਜੋਆਣਾ ਮਾਮਲਾ: ਸ਼੍ਰੋਮਣੀ ਕਮੇਟੀ ਨੇ ਜਥੇਦਾਰ ਨੂੰ ਲਿਖਿਆ ਪੱਤਰ

### *ਅਪੀਲ ਦੇ ਸਬੰਧ ਵਿੱਚ ਕੁੱਝ ਹੋਰ ਸਮਾਂ ਵਧਾਉਣ ਦੀ ਅਪੀਲ*

ਅੰਮ੍ਰਿਤਸਰ : ਰਾਜੋਆਣਾ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਪੱਤਰ ਲਿਖ ਕੇ ਉਸ ਦੀ ਫਾਂਸੀ ਦੀ ਸਜ਼ਾ ਮੁਆਫ਼ੀ ਬਾਰੇ ਅਪੀਲ ਦੇ ਸਬੰਧ ਵਿੱਚ ਕੁਝ ਹੋਰ ਸਮਾਂ ਵਧਾਉਣ ਦੀ ਅਪੀਲ ਕੀਤੀ ਹੈ।



ਜ਼ਿਕਰਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਵਿਖੇ ਪੰਜ ਸਿੰਘ ਸਾਹਿਬਾਨ ਦੀ 6 ਦਸੰਬਰ ਨੂੰ ਹੋਈ ਇਕੱਤਰਤਾ ਵਿੱਚ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਰੱਦ ਕਰਵਾਉਣ ਅਤੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਲਈ ਕੇਂਦਰ ਸਰਕਾਰ ਨਾਲ ਗੱਲਬਾਤ ਕਰਨ ਲਈ ਪੰਜ ਮੈਂਬਰੀ ਕਮੇਟੀ ਗਠਿਤ ਕੀਤੀ ਗਈ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਕਮੇਟੀ ਦਾ ਕਨਵੀਨਰ ਬਣਾਇਆ ਗਿਆ ਸੀ। ਪੰਜ ਸਿੰਘ ਸਾਹਿਬਾਨ ਵੱਲੋਂ ਇਸ ਮਾਮਲੇ ਵਿੱਚ ਆਦੇਸ਼ ਦਿੱਤਾ ਗਿਆ ਸੀ ਕਿ ਜੇ ਕੇਂਦਰ ਸਰਕਾਰ 31 ਦਸੰਬਰ 2023 ਤੱਕ ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਰੱਦ ਨਹੀਂ ਕਰਦੀ ਤਾਂ ਸ਼੍ਰੋਮਣੀ ਕਮੇਟੀ ਉਸ ਦੀ ਫਾਂਸੀ ਦੀ ਸਜ਼ਾ ਮੁਆਫ਼ੀ ਸਬੰਧੀ ਰਾਸ਼ਟਰਪਤੀ ਕੋਲ ਦਾਇਰ ਕੀਤੀ ਆਪਣੀ ਅਪੀਲ 'ਤੇ ਵਿਚਾਰ ਕਰੇ।

ਸ੍ਰੀ ਧਾਮੀ ਨੇ ਇਸ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਭੇਜੇ ਪੱਤਰ ਵਿੱਚ ਕਿਹਾ ਹੈ ਕਿ ਸ੍ਰੀ ਅਕਾਲ ਤਖ਼ਤ ਦੇ ਆਦੇਸ਼ ਦੀ ਰੋਸ਼ਨੀ ਵਿੱਚ ਪੰਜ ਮੈਂਬਰੀ ਕਮੇਟੀ ਵੱਲੋਂ ਗੰਭੀਰ ਯਤਨ ਆਰੰਭੇ ਹੋਏ ਹਨ। ਕਮੇਟੀ ਦੀਆਂ ਮੀਟਿੰਗਾਂ ਵਿੱਚ ਬਣੀ ਰਾਏ ਅਨੁਸਾਰ ਕੇਂਦਰ ਸਰਕਾਰ ਨਾਲ ਗੱਲਬਾਤ ਲਈ ਅਜੇ ਕੁਝ ਹੋਰ ਸਮਾਂ ਲੱਗ ਸਕਦਾ ਹੈ। ਉਨ੍ਹਾਂ ਦੱਸਿਆ ਕਿ ਪ੍ਰਧਾਨ ਮੰਤਰੀ ਨੂੰ ਭੇਜੇ ਗਏ ਪੱਤਰ ਦੇ ਜਵਾਬ ਵਿੱਚ ਇਸ ਮਾਮਲੇ 'ਤੇ ਗ੍ਰਹਿ ਮੰਤਰੀ ਨਾਲ ਗੱਲਬਾਤ ਕਰਨ ਲਈ ਆਖਿਆ ਗਿਆ ਹੈ, ਜਿਸ ਮਗਰੋਂ ਗ੍ਰਹਿ ਮੰਤਰਾਲੇ ਨਾਲ ਪੱਤਰ ਵਿਹਾਰ ਕੀਤਾ ਜਾ ਰਿਹਾ ਹੈ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ 31 ਦਸੰਬਰ 2023 ਤੱਕ ਦਿੱਤੇ ਹੋਏ ਸਮੇਂ ਨੂੰ ਕੁਝ ਹੋਰ ਵਧਾਉਣ ਦੀ ਲੋੜ ਹੈ, ਇਸ ਲਈ ਸਮਾਂ ਵਧਾ ਦਿੱਤਾ ਜਾਵੇ ਤਾਂ ਜੋ ਕਿਸੇ ਫੈਸਲੇ 'ਤੇ ਪਹੁੰਚਿਆ ਜਾ ਸਕੇ।ਇਸੇ ਦੌਰਾਨ ਧਾਮੀ ਨੇ ਇਸ ਮਾਮਲੇ 'ਤੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਅਤੇ ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਰੱਦ ਕਰਵਾਉਣ ਦਾ ਮਾਮਲਾ ਸਿੱਖ ਕੌਮ ਲਈ ਬੇਹੱਦ ਅਹਿਮ ਹੈ ਅਤੇ ਇਸ ਲਈ ਸ੍ਰੀ ਅਕਾਲ ਤਖ਼ਤ ਦੇ ਆਦੇਸ਼ ਅਨੁਸਾਰ ਯਤਨ ਜਾਰੀ ਹਨ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਗਈ ਕਮੇਟੀ ਹਰੇਕ ਪੱਧਰ 'ਤੇ ਕੋਸ਼ਿਸ਼ ਕਰ ਰਹੀ ਹੈ ਅਤੇ ਉਮੀਦ ਹੈ ਕਿ ਅਗਲੇ ਕੁਝ ਦਿਨਾਂ ਵਿੱਚ ਸਰਕਾਰ ਨਾਲ ਬੈਠਕ ਹੋਵੇਗੀ, ਇਸ ਲਈ ਕੁਝ ਸਮਾਂ ਲਗ ਸਕਦਾ ਹੈ। ਜ਼ਿਕਰਯੋਗ ਹੈ ਕਿ ਸ੍ਰੀ ਅਕਾਲ ਤਖਤ ਵੱਲੋਂ ਆਦੇਸ਼ ਦਿੱਤਾ ਗਿਆ ਸੀ ਕਿ ਜੇਕਰ ਸਰਕਾਰ ਫਾਂਸੀ ਦੀ ਸਜ਼ਾ ਮੁਆਫ਼ੀ ਬਾਰੇ ਕੁਝ ਨਹੀਂ ਕਰਦੀ ਤਾਂ ਰਹਿਮ ਦੀ ਅਪੀਲ ਵਾਪਸ ਲੈਣ ਬਾਰੇ ਵਿਚਾਰ ਕੀਤਾ ਜਾਵੇ ਕਿਉਂਕਿ ਰਾਜੋਆਣਾ ਦੀ ਮੰਗ ਹੈ ਕਿ ਉਸ ਦੀ ਫਾਂਸੀ ਦੀ ਸਜ਼ਾ ਮੁਆਫ਼ੀ ਦੀ ਅਪੀਲ ਵਾਪਸ ਲੈ ਲਈ ਜਾਵੇ। ਇਸ ਮੰਗ ਨੂੰ ਲੈ ਕੇ ਉਸ ਵੱਲੋਂ ਬੀਤੇ ਦਿਨ ਜੇਲ੍ਹ ਵਿੱਚ ਭੁੱਖ ਹੜਤਾਲ ਸ਼ੁਰੂ ਕੀਤੀ ਗਈ ਸੀ, ਜਿਸ ਨੂੰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੇ ਜੇਲ੍ਹ ਵਿੱਚ ਜਾ ਕੇ ਖਤਮ ਕਰਵਾਇਆ ਸੀ।

# ਜਥੇਦਾਰ ਕਾਉਂਕੇ ਦੀ ਯਾਦ 'ਚ ਸ੍ਰੀ ਅਕਾਲ ਤਖ਼ਤ ਵਿਖੇ ਅਰਦਾਸ ਸਮਾਗਮ

### ਸ਼੍ਰੋਮਣੀ ਕਮੇਟੀ ਵੱਲੋਂ ਜਥੇਦਾਰ ਕਾਉਂਕੇ ਨੂੰ ਕੌਮੀ ਸ਼ਹੀਦ ਐਲਾਨਣ ਦੀ ਮੰਗ; ਪਰਿਵਾਰਕ ਮੈਂਬਰਾਂ ਦਾ ਕੀਤਾ ਸਨਮਾਨ



ਅੰਮ੍ਰਿਤਸਰ : ਪੁਲੀਸ ਤਸ਼ੱਦਦ ਨਾਲ 1992-93 ਵਿੱਚ ਮਾਰੇ ਗਏ ਉਸ ਵੇਲੇ ਦੇ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਨਮਿੱਤ ਅਖੰਡ ਪਾਠ ਦੇ ਭੋਗ ਅੱਜ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਵਿਖੇ ਪਾਏ ਗਏ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕੀਤੀ ਕਿ ਉਹ ਭਾਈ ਕਾਉਂਕੇ ਨੂੰ ਕੌਮੀ ਸ਼ਹੀਦ ਐਲਾਨਣ। ਅਰਦਾਸ ਸਮਾਗਮ ਮੌਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਸ਼ ?ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਜਥੇਦਾਰ ਕਾਉਂਕੇ ਦੀ ਪਤਨੀ ਬੀਬੀ ਗੁਰਮੇਲ ਕੌਰ ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ।

ਅਖੰਡ ਪਾਠ ਦੇ ਭੋਗ ਮਗਰੋਂ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਦਾ ਕੀਰਤਨ ਕੀਤਾ। ਇਸ ਮੌਕੇ ਮੀਡੀਆ ਨਾਲ ਗੱਲਬਾਤ ਦੌਰਾਨ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਲਗਪਗ 31 ਸਾਲ ਪਹਿਲਾਂ ਭਾਈ ਕਾਉਂਕੇ ਦੀ ਸ਼ਹਾਦਤ ਤਤਕਾਲੀ ਸਰਕਾਰ ਦੇ ਅਣਮਨੁੱਖੀ ਕਾਰੇ ਦੀ ਸਿਖ਼ਰ ਹੈ। ਇਸ ਦੌਰ ਵਿੱਚ ਹਜ਼ਾਰਾਂ ਬੇਦੋਸ਼ੇ ਸਿੱਖ ਨੌਜਵਾਨਾਂ ਨੂੰ ਮਿੱਥ ਕੇ ਕਤਲ ਕੀਤਾ ਗਿਆ ਜੋ ਕਿ ਲੋਕਤੰਤਰ ਦੇ ਨਾਂ 'ਤੇ ਕਾਲਾ ਧੱਬਾ ਹੈ। ਉਨ੍ਹਾਂ ਕਿਹਾ ਕਿ ਸ਼ ?ਰੋਮਣੀ ਕਮੇਟੀ ਨੂੰ ਜਥੇਦਾਰ ਕਾਉਂਕੇ ਦੇ ਕਤਲ ਮਾਮਲੇ 'ਚ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕਰਨ ਲਈ ਕਿਹਾ ਗਿਆ ਹੈ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕੀਤੀ ਕਿ ਉਹ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਨੂੰ ਕੌਮੀ ਸ਼ਹੀਦ ਦਾ ਸਨਮਾਨ ਦੇਣ ਲਈ ਵਿਚਾਰ ਕਰਨ। ਉਹ ਪੰਥਪ੍ਰਸਤ ਅਤੇ ਸਿੱਖੀ ਨੂੰ ਸਮਰਪਿਤ ਗੁਰਸਿੱਖ ਸਨ, ਜਿਨ੍ਹਾਂ ਦੀ ਕੁਰਬਾਨੀ ਨੂੰ ਕੌਮ ਹਮੇਸ਼ਾ ਸਤਿਕਾਰ ਦਿੰਦੀ ਰਹੇਗੀ। ਉਨ੍ਹਾਂ ਕਿਹਾ ਕਿ ਜਥੇਦਾਰ ਕਾਉਂਕੇ ਵਾਂਗ ਉਸ ਵੇਲੇ 25,000 ਤੋਂ ਵੱਧ ਸਿੱਖ ਨੌਜਵਾਨਾਂ ਨੂੰ ਪੁਲੀਸ ਵੱਲੋਂ ਮਾਰ ਦਿੱਤਾ ਗਿਆ, ਜਿਸ ਬਾਰੇ ਮਨੁੱਖੀ ਅਧਿਕਾਰਾਂ ਦੇ ਕਾਰਕੁਨ ਜਸਵੰਤ ਸਿੰਘ ਖਾਲੜਾ ਨੇ ਖੁਲਾਸਾ ਕਰ ਕੇ ਸਰਕਾਰ ਦਾ ਅਸਲੀ ਚਿਹਰਾ ਲੋਕਾਂ ਸਾਹਮਣੇ ਨੰਗਾ ਕੀਤਾ ਸੀ। ਉਨ੍ਹਾਂ ਕਿਹਾ ਕਿ ਸਿੱਖ ਨੌਜਵਾਨਾਂ ਦੇ ਹਰੇਕ ਕਾਤਲ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਜ਼ਿਕਰਯੋਗ ਹੈ ਕਿ ਜਥੇਦਾਰ ਕਾਉਂਕੇ ਦੀ ਤਸਵੀਰ ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਹੀ ਕੇਂਦਰੀ ਸਿੱਖ ਅਜਾਇਬਘਰ ਵਿੱਚ ਸਥਾਪਤ ਕੀਤੀ ਹੋਈ ਹੈ।

ਇਸ ਮੌਕੇ ਭਾਈ ਕਾਉਂਕੇ ਦੀ ਪਤਨੀ ਬੀਬੀ ਗੁਰਮੇਲ ਕੌਰ, ਪਰਿਵਾਰਕ ਮੈਂਬਰਾਂ ਬੀਬੀ ਪਵਨਜੀਤ ਕੌਰ, ਅਜੀਤ ਸਿੰਘ ਤੇ ਸਾਬਕਾ ਸਰਪੰਚ ਮਨਜਿੰਦਰ ਸਿੰਘ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਅਰਦਾਸ ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਅੰਤ੍ਰਿੰਗ ਕਮੇਟੀ ਮੈਂਬਰ ਖੁਸ਼ਵਿੰਦਰ ਸਿੰਘ ਭਾਟੀਆ, ਬੀਬੀ ਹਰਦੀਪ ਕੌਰ, ਮੈਂਬਰ ਭਾਈ ਮਨਜੀਤ ਸਿੰਘ ਭੂਰਾਕੋਹਨਾ, ਭਾਈ ਗੁਰਚਰਨ ਸਿੰਘ ਗਰੇਵਾਲ, ਅਮਰਜੀਤ ਸਿੰਘ ਚਾਵਲਾ, ਅਲਵਿੰਦਰਪਾਲ ਸਿੰਘ ਪੱਖੋਕੇ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਭਾਈ ਰਾਮ ਸਿੰਘ, ਸੁਰਜੀਤ ਸਿੰਘ ਭਿੱਟੇਵੱਡ, ਸ਼ ?ਰੋਮਣੀ ਕਮੇਟੀ ਮੈਂਬਰ, ਭਾਈ ਜਸਬੀਰ ਸਿੰਘ ਰੋਡੇ, ਦਲ ਖ਼ਾਲਸਾ ਦੇ ਕੰਵਰਪਾਲ ਸਿੰਘ, ਨਰੈਣ ਸਿੰਘ ਚੌੜਾ, ਭਾਈ ਮੋਹਕਮ ਸਿੰਘ, ਭਾਈ ਮਨਜੀਤ ਸਿੰਘ ਭੋਮਾ, ਉਪਕਾਰ ਸਿੰਘ ਸੰਧੂ, ਭਾਈ ਬਲਵੰਤ ਸਿੰਘ ਗੋਪਾਲਾ ਤੇ ਸਤਨਾਮ ਸਿੰਘ ਮਨਾਵਾਂ ਵੀ ਮੌਜੂਦ ਸਨ।

American Freight Corp.
ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ
ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)
ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ
ਡਰਾਈਵਰਾਂ ਦੀ ਜ਼ਰੂਰਤ ਹੈ
Need Team & Solo Driver
With 2 Year Experience


(209) 405-1544
127 Darcy Parkway,Lathrop,CA 95330

# ਪੈਰੋਲ ’ਤੇ ਆਏ ਸਿੱਖਾਂ ਨੂੰ ਵੀ ਘਰ ਨਸੀਬ ਨਹੀਂ

## ਸਿੱਖਾਂ ਨਾਲ ਧੱਕੇ ਦੀ ਇੰਤਹਾ

ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਸ. ਕੁਲਵੰਤ ਸਿੰਘ ਰਾਊਕੇ ਜੋ 6 ਦਿਨ ਦੇ ਪੈਰੋਲ ਤੇ ਹਨ, ਜਿਨ੍ਹਾਂ ਨੂੰ ਪੰਜਾਬ ਸਰਕਾਰ ਨੇ ਮੋਗਾ ਦੇ ਸੀ ਆਈ ਏ ਸਟਾਫ਼ ਵਿੱਚ ਰੱਖਿਆ ਹੋਇਆ ਹੈ, ਨੂੰ ਅੱਜ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਮੈਂਬਰ ਪਾਰਲੀਮੈਂਟ ਮਿਲ ਕੇ ਉਹਨਾਂ ਦਾ ਹਾਲ-ਚਾਲ ਜਾਨਣ ਲਈ ਆਏ ਤਾਂ ਸ. ਮਾਨ ਨੂੰ ਮੋਗਾ ਦੇ ਪੁਲਿਸ ਅਧਿਕਾਰੀਆਂ ਨੇ ਮਿਲਣ ਨਹੀਂ ਦਿੱਤਾ ਜੋ ਕਿ ਬਹੁਤ ਹੀ ਨਿੰਦਣਯੋਗ ਕਾਰਵਾਈ ਹੈ।







# ਕੌਮੀ ਰਾਜਧਾਨੀ ਸੰਘਣੀ ਧੁੰਦ ਦੇ ਕਲਾਵੇ ’ਚ, ਸੂਰਜ ਦੇ ਦਰਸ਼ਨਾਂ ਨੂੰ ਤਰਸੇ ਦਿੱਲੀ ਵਾਸੀ








ਨਵੀਂ ਦਿੱਲੀ : ਸੰਘਣੀ ਧੁੰਦ ਨੇ ਕੌਮੀ ਰਾਜਧਾਨੀ ਨੂੰ ਫਿਰ ਆਪਣੇ ਕਲਾਵੇ ਵਿੱਚ ਲੈ ਲਿਆ। ਲੋਕ ਸਾਰਾ ਦਿਨ ਸੂਰਜ ਦੇ ਦਰਸ਼ਨਾਂ ਨੂੰ ਤਰਸਦੇ ਰਹੇ। ਧੁੰਦ ਕਾਰਨ ਉਡਾਣਾਂ ਤੇ ਰੇਲਗੱਡੀਆਂ ’ਤੇ ਅਸਰ ਪਿਆ। ਉੱਤਰੀ ਰੇਲਵੇ ਦੇ ਤਾਜ਼ਾ ਅਪਡੇਟ ਦੇ ਅਨੁਸਾਰ ਦਿੱਲੀ-ਹਾਵੜਾ ਮਾਰਗ ’ਤੇ ਰਾਜਧਾਨੀ ਐਕਸਪ੍ਰੈੱਸ ਸਮੇਤ ਕਈ ਟਰੇਨਾਂ 10 ਤੋਂ 12 ਘੰਟੇ ਦੇਰੀ ਨਾਲ ਚੱਲ ਰਹੀਆਂ ਹਨ। ਧੁੰਦ ਕਾਰਨ ਕਈ ਉਡਾਣਾਂ ਵੀ ਦੇਰੀ ਨਾਲ ਚੱਲੀਆਂ। ਧੁੰਦ ਕਾਰਨ ਦਿੱਲੀ ਤੇ ਆਸਪਾਸ ਦੇ ਇਲਾਕਿਆਂ ਵਿੱਚ ਦੇਖਣ ਦੀ ਸਮਰੱਥਾ (ਵਿਜ਼ੀਬਿਲਟੀ) ਘੱਟ ਰਹੀ ਹੈ। ਦਿੱਲੀ ਏਅਰ ਕੁਆਲਿਟੀ ਇੰਡੈਕਸ ਸਵੇਰੇ 8 ਵਜੇ ‘ਬਹੁਤ ਖਰਾਬ’ ਸ਼੍ਰੇਣੀ ਵਿੱਚ 332 ’ਤੇ ਦਰਜ ਕੀਤਾ ਗਿਆ। ਪੰਜਾਬ, ਦਿੱਲੀ ਤੇ ਹਰਿਆਣਾ ਵਿੱਚ ਅੱਜ ਸੰਘਣੀ ਧੁੰਦ ਨੂੰ ਲੈ ਕੇ ‘ਰੈੱਡ ਅਲਰਟ’ ਜਾਰੀ ਕੀਤਾ ਗਿਆ, ਜਦੋਂਕਿ ਇਨ੍ਹਾਂ ਰਾਜਾਂ ਵਿੱਚ ਭਲਕੇ ਲਈ ‘ਸੰਗਤਰੀ ਅਲਰਟ’ ਜਾਰੀ ਕੀਤਾ ਗਿਆ ਹੈ। ਦਿਨ ਦੇ ਸ਼ੁਰੂਆਤੀ ਘੰਟਿਆਂ ਵਿੱਚ




ਰਾਜਧਾਨੀ ਦੇ ਵੱਖ-ਵੱਖ ਹਿੱਸਿਆਂ ਵਿੱਚ ਸੰਘਣੀ ਤੋਂ ਦਰਮਿਆਨੀ ਧੁੰਦ ਦੇ ਹਾਲਾਤ ਦੇਖੇ ਗਏ। ਆਈਐੱਮਡੀ ਨੇ ਕਿਹਾ ਕਿ ਦਿੱਲੀ ਦੇ ਮੁੱਖ ਮੌਸਮ ਕੇਂਦਰ ਸਫਦਰਜੰਗ ’ਤੇ ਵਿਜ਼ੀਬਿਲਟੀ 200 ਮੀਟਰ ਅਤੇ ਪਾਲਮ ਵਿੱਚ 50 ਮੀਟਰ ਸੀ। ਆਈਐੱਮਡੀ ਨੇ ਕਿਹਾ ਕਿ ਸੰਘਣੀ ਧੁੰਦ ਵਿੱਚ 150 ਮੀਟਰ ’ਤੇ ਸਭ ਤੋਂ ਘੱਟ ਦਿੱਖ ਦੇ ਨਾਲ ਸ਼ੁੱਕਰਵਾਰ ਨੂੰ ਧੁੰਦ ਦੀ ਸਥਿਤੀ ਵਿੱਚ ਕਾਫ਼ੀ ਸੁਧਾਰ ਹੋਇਆ। ਮੌਸਮ ਵਿਭਾਗ ਨੇ ਕਿਹਾ ਕਿ ਦਿੱਲੀ ਵਿੱਚ ਘੱਟੋ-ਘੱਟ ਤਾਪਮਾਨ 10.7 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਮੌਸਮ ਦੀ ਔਸਤ ਤੋਂ ਚਾਰ ਡਿਗਰੀ ਵੱਧ ਹੈ। ਸਵੇਰੇ 8.30 ਵਜੇ ਨਮੀ 95 ਫੀਸਦੀ ਰਹੀ। ਵਿਜ਼ੀਬਿਲਟੀ ਘੱਟਣ ਕਾਰਨ ਰੇਲ ਸੇਵਾਵਾਂ ਵੀ ਪ੍ਰਭਾਵਿਤ ਹੋਈਆਂ, ਦਿੱਲੀ ਜਾਣ ਵਾਲੀਆਂ 22 ਰੇਲਗੱਡੀਆਂ ਦੇਰੀ ਨਾਲ ਚੱਲ ਰਹੀਆਂ ਹਨ।

# ਸਾਹਿਬਜ਼ਾਦਿਆਂ ਦੇ ਕਿਰਦਾਰ ਨਿਭਾਉਣ ਦਾ ਸ਼੍ਰੋਮਣੀ ਕਮੇਟੀ ਵੱਲੋਂ ਵਿਰੋਧ

ਅੰਮ੍ਰਿਤਸਰ : ਕੇਂਦਰ ਸਰਕਾਰ ਵੱਲੋਂ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਸਬੰਧੀ ਐਲਾਨੇ 'ਵੀਰ ਬਾਲ ਦਿਵਸ' ਤਹਿਤ ਵੱਖ-ਵੱਖ ਸਕੂਲਾਂ ਵਿੱਚ ਹੋਏ ਸਮਾਗਮਾਂ 'ਚ ਸਾਹਿਬਜ਼ਾਦਿਆਂ ਦਾ ਕਿਰਦਾਰ ਬੱਚਿਆਂ ਵੱਲੋਂ ਨਿਭਾਏ ਜਾਣ ਦੀਆਂ ਸ਼ਿਕਾਇਤਾਂ ਦਾ ਸ਼੍ਰੋਮਣੀ ਕਮੇਟੀ ਨੇ ਸਖ਼ਤ ਨੋਟਿਸ ਲਿਆ ਹੈ। ਇਸ ਨੂੰ ਸਿੱਖ ਸਿਧਾਂਤਾਂ ਅਤੇ ਰਵਾਇਤਾਂ ਦੇ ਵਿਰੁੱਧ ਕਰਾਰ ਦਿੰਦਿਆਂ ਸ਼੍ਰੋਮਣੀ ਕਮੇਟੀ ਨੇ ਦੇਸ਼ ਦੇ ਸਿੱਖਿਆ, ਸੱਭਿਆਚਾਰ ਤੇ ਘੱਟ ਗਿਣਤੀ ਮਾਮਲਿਆਂ ਸਬੰਧੀ ਮੰਤਰਾਲਿਆਂ ਸਣੇ ਸੀਬੀਐੱਸਈ ਪਾਸੋਂ ਇਸ ਬਾਰੇ ਸਪੱਸ਼ਟੀਕਰਨ ਮੰਗਿਆ ਹੈ।

ਦੱਸਣਯੋਗ ਹੈ ਕਿ ਦੇਸ਼ ਦੇ ਵੱਖ-ਵੱਖ ਸੂਬਿਆਂ ਵਿੱਚ ਕਈ ਥਾਈਂ ਵੀਰ ਬਾਲ ਦਿਵਸ ਮੌਕੇ ਵਿਦਿਆਰਥੀਆਂ ਵੱਲੋਂ ਨਾਟਕਾਂ ਦਾ ਮੰਚਨ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਵਿਦਿਆਰਥੀਆਂ ਵੱਲੋਂ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੇ ਕਿਰਦਾਰ ਨਿਭਾਏ ਗਏ। ਇਸ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਕੋਲ ਸ਼ਿਕਾਇਤਾਂ ਵਜੋਂ ਵੱਖ-ਵੱਖ ਸੂਬਿਆਂ ਵਿੱਚ ਮਨਾਏ ਗਏ ਸਮਾਗਮਾਂ ਦੀਆਂ ਵੀਡੀਓ ਕਲਿੱਪਾਂ ਵੀ ਪੁੱਜੀਆਂ ਹਨ। ਸ਼੍ਰੋਮਣੀ ਕਮੇਟੀ ਨੂੰ ਮਿਲੀਆਂ ਸ਼ਿਕਾਇਤਾਂ ਵਿੱਚ ਉੜੀਸਾ, ਦਿੱਲੀ, ਫਰੀਦਾਬਾਦ, ਭੁਪਾਲ ਅਤੇ ਬਿਹਾਰ ਦੇ ਸਕੂਲਾਂ ਦੀਆਂ ਵੀਡੀਓਜ਼ ਸ਼ਾਮਲ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਧਰਮ ਵਿਰੋਧੀ ਅਜਿਹੀ ਕਿਸੇ ਵੀ ਹਰਕਤ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਕੇਂਦਰ ਸਰਕਾਰ ਦੇ 'ਵੀਰ ਬਾਲ ਦਿਵਸ' ਸਬੰਧੀ ਨਿਰਦੇਸ਼ਾਂ ਤਹਿਤ ਵੱਖ-ਵੱਖ ਸੂਬਿਆਂ 'ਚ ਵਿੱਦਿਅਕ ਅਦਾਰਿਆਂ ਵਿੱਚ ਸਮਾਗਮਾਂ ਦੌਰਾਨ ਸਾਹਿਬਜ਼ਾਦਿਆਂ ਦੇ ਕਿਰਦਾਰ ਨਿਭਾਉਣ ਦੀਆਂ ਸਾਹਮਣੇ ਆਈਆਂ ਘਟਨਾਵਾਂ ਬਾਰੇ ਸਿੱਖ ਸੰਗਤ



ਵੱਲੋਂ ਵੱਡੇ ਇਤਰਾਜ਼ ਪੁੱਜ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਖ ਸਿਧਾਂਤਾਂ ਨੂੰ 'ਰਲਗੱਡ' ਕਰਨ ਵਾਲੀਆਂ ਇਨ੍ਹਾਂ ਕੋਸ਼ਿਸ਼ਾਂ ਦਾ ਨੋਟਿਸ ਲੈਂਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਵੱਖ-ਵੱਖ ਕੇਂਦਰੀ ਮੰਤਰਾਲਿਆਂ ਤੇ ਸੀਬੀਐੱਸਈ ਨੂੰ ਆਪਣਾ ਪੱਖ ਰੱਖਣ ਲਈ ਆਖਿਆ ਗਿਆ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਵੀਰ ਬਾਲ ਦਿਵਸ ਸਬੰਧੀ ਪਹਿਲਾਂ ਹੀ ਸ੍ਰੀ ਅਕਾਲ ਤਖ਼ਤ ਦੇ ਆਦੇਸ਼ ਅਨੁਸਾਰ ਕੇਂਦਰ ਸਰਕਾਰ ਨੂੰ ਇਸ ਦਿਹਾੜੇ ਦਾ ਨਾਮ ਬਦਲਣ ਲਈ ਲਿਖਿਆ ਗਿਆ ਸੀ ਪਰ ਸਰਕਾਰ ਨੇ ਇਸ ਨੂੰ ਅੱਜ ਤੱਕ ਗੰਭੀਰਤਾ ਨਾਲ ਨਹੀਂ ਲਿਆ। ਇਸ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਅਤੇ ਸਿੱਖ ਸੰਗਤ ਦੇ ਖ਼ਦਸ਼ੇ ਮੁਤਾਬਕ ਸਿੱਖ ਪਰੰਪਰਾਵਾਂ ਦੇ ਵਿਰੁੱਧ ਜਾ ਕੇ ਹੁਣ ਸਾਹਿਬਜ਼ਾਦਿਆਂ ਦੇ ਕਿਰਦਾਰ ਬੱਚਿਆਂ ਪਾਸੋਂ ਕਰਵਾਏ ਗਏ ਹਨ। ਇਸ ਸਿੱਖ ਵਿਰੋਧੀ ਵਰਤਾਰੇ ਦੀ ਜ਼ਿੰਮੇਵਾਰੀ ਸਿੱਧੇ ਤੌਰ 'ਤੇ ਕੇਂਦਰ ਸਰਕਾਰ ਅਤੇ ਸਬੰਧਿਤ ਸੂਬਾ ਸਰਕਾਰਾਂ ਦੀ ਬਣਦੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਬੱਚਿਆਂ ਰਾਹੀਂ ਸਾਹਿਬਜ਼ਾਦਿਆਂ ਦੇ ਕਿਰਦਾਰ ਕਰਵਾਉਣ ਵਾਲੇ ਵਿੱਦਿਅਕ ਅਦਾਰਿਆਂ ਦੀ ਪਛਾਣ ਕਰ ਕੇ ਉਨ੍ਹਾਂ ਖ਼ਿਲਾਫ਼ ਕਾਰਵਾਈ ਕਰੇਗੀ।

# ਸ਼੍ਰੋਮਣੀ ਕਮੇਟੀ ਵੱਲੋਂ ਮੁੰਬਈ 'ਚ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ

## *ਸਾਹਿਬਜ਼ਾਦਿਆਂ ਦੇ ਨਾਂ 'ਤੇ ਡਾਇਗਨੋਸਟਿਕ ਸੈਂਟਰ ਦਾ ਨੀਂਹ ਪੱਥਰ ਰੱਖਿਆ*

ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਵੱਲੋਂ ਮੁੰਬਈ ਵਿੱਚ ਚਲਾਏ ਜਾ ਰਹੇ ਗੁਰੂ ਨਾਨਕ ਖਾਲਸਾ ਕਾਲਜ ਮਾਟੂੰਗਾ ਵਿੱਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸਾਹਿਬਜ਼ਾਦਿਆਂ ਦੇ ਨਾਂ 'ਤੇ ਡਾਇਗਨੋਸਟਿਕ ਸੈਂਟਰ ਦਾ ਨੀਂਹ ਪੱਥਰ ਵੀ ਰੱਖਿਆ ਗਿਆ, ਜਿਸ ਵਿੱਚ ਮਰੀਜ਼ਾਂ ਨੂੰ ਐੱਮਆਰਆਈ ਅਤੇ ਸੀਟੀ ਸਕੈਨ ਦੀ ਮੁਫ਼ਤ ਸਹੂਲਤ ਦਿੱਤੀ ਜਾਵੇਗੀ।

ਸਮਾਗਮ ਦੌਰਾਨ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸੁਲਤਾਨ ਸਿੰਘ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਬਲਦੇਵ ਸਿੰਘ ਨੇ ਸ਼ਮੂਲੀਅਤ ਕੀਤੀ। ਇਹ ਸਮਾਗਮ ਸ਼੍ਰੋਮਣੀ ਕਮੇਟੀ ਮੈਂਬਰ ਗੁਰਿੰਦਰ ਸਿੰਘ ਬਾਵਾ ਵੱਲੋਂ ਕਰਵਾਇਆ ਗਿਆ ਸੀ। ਇਸ ਮੌਕੇ ਗਿਆਨੀ ਰਘਬੀਰ ਸਿੰਘ ਨੇ ਸੰਗਤ ਨੂੰ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਇਤਿਹਾਸ ਬਾਰੇ ਜਾਣੂ ਕਰਵਾਇਆ। ਉਨ੍ਹਾਂ ਸੰਗਤ ਨੂੰ ਸਿੱਖ ਸਿਧਾਂਤਾਂ, ਇਤਿਹਾਸ ਅਤੇ ਰਹਿਤ ਮਰਿਆਦਾ ਦੀ ਪਾਲਣਾ ਕਰਨ ਦਾ ਸੁਨੇਹਾ ਦਿੱਤਾ। ਉਨ੍ਹਾਂ ਕਿਹਾ ਕਿ ਸਾਹਿਬਜ਼ਾਦਿਆਂ ਨੇ ਧਰਮ ਦੀ ਰੱਖਿਆ ਲਈ ਸ਼ਹਾਦਤ ਦੇ ਕੇ ਧਾਰਮਿਕ ਇਤਿਹਾਸ ਵਿੱਚ ਨਿਵੇਕਲੀਆਂ ਪੈੜਾਂ ਸਿਰਜ ਕੇ ਸਿੱਖ ਕੌਮ ਦਾ ਨਾਂ ਪੂਰੀ ਦੁਨੀਆ ਵਿੱਚ ਰੋਸ਼ਨ ਕੀਤਾ ਹੈ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਨਾ ਸਿਰਫ ਸਿੱਖ ਕੌਮ, ਸਗੋਂ ਸਮੁੱਚੀ ਮਨੁੱਖਤਾ ਲਈ ਪ੍ਰੇਰਣਾ ਸਰੋਤ ਹੈ। ਉਨ੍ਹਾਂ ਸਿੱਖ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਇਤਿਹਾਸ ਦੇ ਇਸ ਮਾਣ-ਮੱਤੇ ਪੰਨੇ ਨੂੰ ਯਾਦ ਰੱਖਦਿਆਂ ਸਿੱਖੀ ਨੂੰ ਪ੍ਰਫੁੱਲਿਤ ਕਰਨ ਲਈ ਕੰਮ ਕਰਨ।




ਉਨ੍ਹਾਂ ਮੁੰਬਈ ਵਿੱਚ ਗੁਰਮਤਿ ਸਮਾਗਮ ਕਰਵਾਉਣ ਲਈ ਗੁਰੂ ਨਾਨਕ ਖਾਲਸਾ ਕਾਲਜ ਦੇ ਚੇਅਰਮੈਨ ਗੁਰਿੰਦਰ ਸਿੰਘ ਬਾਵਾ ਅਤੇ ਉਨ੍ਹਾਂ ਦੇ ਸਹਿਯੋਗੀਆਂ ਦੀ ਸ਼ਲਾਘਾ ਕੀਤੀ। ਇਸ ਤੋਂ ਪਹਿਲਾਂ ਰਾਗੀ ਜਥਿਆਂ ਨੇ ਗੁਰਬਾਣੀ ਦਾ ਕੀਰਤਨ ਕੀਤਾ ਅਤੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਅਤੇ ਭਾਈ ਪਿੰਦਰਪਾਲ ਸਿੰਘ ਨੇ ਗੁਰਮਤਿ ਦੀ ਰੋਸ਼ਨੀ ਵਿੱਚ ਸੰਬੋਧਨ ਕੀਤਾ। ਇਸ ਮੌਕੇ ਮਰੀਜ਼ਾਂ ਨੂੰ ਮੁਫ਼ਤ ਐੱਮਆਰਆਈ ਅਤੇ ਸੀਟੀ ਸਕੈਨ ਦੀ ਸਹੂਲਤ ਮੁਹੱਈਆ ਕਰਵਾਉਣ ਲਈ ਸਾਹਿਬਜ਼ਾਦਿਆਂ ਦੇ ਨਾਂ 'ਤੇ ਡਾਇਗਨੋਸਟਿਕ ਸੈਂਟਰ ਦਾ ਨੀਂਹ ਪੱਥਰ ਵੀ ਰੱਖਿਆ ਗਿਆ।

ਸਮਾਗਮ ਵਿੱਚ ਅਕਾਲੀ ਆਗੂ ਪ੍ਰੇਮ ਸਿੰਘ ਚੰਦੂਮਾਜਰਾ, ਡਾ. ਦਲਜੀਤ ਸਿੰਘ ਚੀਮਾ, ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰ ਹਰਭਜਨ ਸਿੰਘ ਮਸਾਣਾ, ਗੁਰਬਖ਼ਸ਼ ਸਿੰਘ ਖ਼ਾਲਸਾ ਅਤੇ ਭਾਈ ਰਾਜਿੰਦਰ ਸਿੰਘ ਮਹਿਤਾ ਸਣੇ ਬਾਬਾ ਸੇਵਾ ਸਿੰਘ ਕਾਰਸੇਵਾ ਖਡੂਰ ਸਾਹਿਬ, ਗਿਆਨੀ ਗੁਰਸਾਹਿਬ ਸਿੰਘ, ਗੁਰਿੰਦਰ ਸਿੰਘ ਬਾਵਾ, ਯੂਨਾਈਟਿਡ ਸਿੰਘ ਸਭਾ ਫਾਊਂਡੇਸ਼ਨ ਦੇ ਪ੍ਰਧਾਨ ਰਾਮ ਸਿੰਘ ਰਾਠੌਰ, ਸ਼੍ਰੋਮਣੀ ਕਮੇਟੀ ਮੈਂਬਰ ਕੁਲਵੰਤ ਸਿੰਘ ਮੰਨਣ ਤੇ ਕਿਰਨਜੋਤ ਕੌਰ, ਫੈਡਰੇਸ਼ਨ ਤੋਂ ਅਮਰਬੀਰ ਸਿੰਘ ਢੋਟ ਅਤੇ ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਇੰਦਰਬੀਰ ਸਿੰਘ ਨਿੱਝਰ ਸਮੇਤ ਹੋਰ ਆਗੂ ਵੀ ਹਾਜ਼ਰ ਸਨ।



# ਪੰਜਾਬ ਨੇ ਗੋਇੰਦਵਾਲ ਥਰਮਲ ਪਲਾਂਟ ਖਰੀਦ ਕੇ ਇਤਿਹਾਸ ਸਿਰਜਿਆ: ਮਾਨ

## • ਥਰਮਲ ਤੋਂ ਬਿਜਲੀ ਇੱਕ ਰੁਪਏ ਪ੍ਰਤੀ ਯੂਨਿਟ ਸਸਤੀ ਪੈਣ ਦਾ ਦਾਅਵਾ • ਬਿਜਲੀ ਖ਼ਰੀਦ ’ਤੇ 300 ਤੋਂ 350 ਕਰੋੜ ਰੁ. ਦੀ ਹੋਵੇਗੀ ਬੱਚਤ





ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਨੇ ਨਵੇਂ ਸਾਲ ਮੌਕੇ ਗੋਇੰਦਵਾਲ ਥਰਮਲ ਪਾਵਰ ਪਲਾਂਟ 1080 ਕਰੋੜ ’ਚ ਖਰੀਦੇ ਜਾਣ ਦਾ ਰਸਮੀ ਐਲਾਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਇਹ ਥਰਮਲ ਪਲਾਂਟ ਖਰੀਦ ਕੇ ਇਤਿਹਾਸ ਸਿਰਜ ਦਿੱਤਾ ਹੈ ਤੇ ਇਹ ਥਰਮਲ ਪਲਾਂਟਾਂ ਦੀ ਖਰੀਦ ਦੇ ਮਾਮਲੇ ਵਿੱਚ ਹੁਣ ਤੱਕ ਦਾ ਸਭ ਤੋਂ ਸਸਤਾ ਸੌਦਾ ਹੈ। ਮੁੱਖ ਮੰਤਰੀ ਅਗਲੇ ਦਿਨਾਂ ’ਚ ਗੋਇੰਦਵਾਲ ਥਰਮਲ ਸਾਈਟ ਦਾ ਦੌਰਾ ਕਰਨਗੇ ਅਤੇ ਪੰਜਾਬ ਸਰਕਾਰ ਵੱਲੋਂ ਖਰੀਦ ਰਾਸ਼ੀ ਦੀ ਕਿਸ਼ਤ ਜਲਦੀ ਜਮ੍ਹਾਂ ਕਰਾਈ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਜੀਵੀਕੇ ਥਰਮਲ ਪਲਾਂਟ ਦੇਸ਼ ਭਰ ’ਚੋਂ ਸਭ ਤੋਂ ਸਸਤੇ ਭਾਅ ’ਤੇ ਖਰੀਦਿਆ ਗਿਆ ਹੈ ਜਦੋਂ ਕਿ ਬਾਕੀ ਸੂਬਿਆਂ ’ਚ ਪਾਵਰ ਪਲਾਂਟ ਇਸ ਤੋਂ ਕਿਤੇ ਮਹਿੰਗੇ ਵਿਕੇ ਹਨ। ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਪਛਵਾੜਾ ਕੋਲਾ ਖਾਣ ਦਾ ਕੋਲਾ ਵਰਤਣ ਨਾਲ ਇਸ ਪਲਾਂਟ ਤੋਂ ਬਿਜਲੀ ਸਸਤੀ ਪਵੇਗੀ। ਖ਼ਰੀਦ ਸਮਝੌਤੇ ਨਾਲ ਬਿਜਲੀ ਦੀ ਦਰ ਵਿੱਚ ਪ੍ਰਤੀ ਯੂਨਿਟ ਇਕ ਰੁਪਏ ਦੀ ਕਟੌਤੀ ਕਰਨ ਵਿੱਚ ਮਦਦ ਮਿਲੇਗੀ, ਜਿਸ ਨਾਲ ਬਿਜਲੀ ਖ਼ਰੀਦ ਉਤੇ 300 ਤੋਂ 350 ਕਰੋੜ ਰੁਪਏ ਦੀ ਬੱਚਤ ਹੋਵੇਗੀ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਗੋਇੰਦਵਾਲ ਥਰਮਲ ਪਲਾਂਟ ਦੋ ਕਰੋੜ ਰੁਪਏ ਪ੍ਰਤੀ ਮੈਗਾਵਾਟ ਦੇ ਲਿਹਾਜ ਨਾਲ ਖਰੀਦਿਆ ਹੈ।

ਮੁੱਖ ਮੰਤਰੀ ਨੇ ਦੱਸਿਆ ਕਿ ਦੇਸ਼ ਵਿਚ 600 ਮੈਗਾਵਾਟ ਦੀ ਸਮਰੱਥਾ ਵਾਲਾ ਕੋਰਬਾ ਵੈਸਟ 1804 ਕਰੋੜ ’ਚ , ਝਾਬੂਆ ਪਾਵਰ 1910 ਕਰੋੜ ਵਿਚ ਅਤੇ ਲੈਂਕੋ ਅਮਰਕੰਟਕ ਪਾਵਰ ਪਲਾਂਟ 1818 ਕਰੋੜ ਰੁਪਏ ’ਚ ਖਰੀਦੇ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ 540 ਮੈਗਾਵਾਟ ਦਾ ਥਰਮਲ ਸਿਰਫ 1080 ਕਰੋੜ ’ਚ ਖਰੀਦਿਆ ਹੈ ਜਦੋਂ ਕਿ ਮੁਕਾਬਲੇ ਵਿਚ ਨਾਮੀ 11 ਕੰਪਨੀਆਂ ਵਿੱਚ ਜਿੰਦਲ ਪਾਵਰ, ਅਡਾਨੀ ਪਾਵਰ, ਵੇਦਾਂਤਾ ਗਰੁੱਪ, ਰਸ਼ਮੀ ਮੇਟਾਲਿਕਸ, ਸ਼ੇਰੀਸ਼ਾ ਟੈਕਨਾਲੋਜੀਜ਼, ਸਾਈ ਵਰਧਾ ਪਾਵਰ ਆਦਿ ਸਨ। ਉਨ੍ਹਾਂ ਦੱਸਿਆ ਕਿ ਇਸ ਪਲਾਂਟ ਦਾ ਨਾਮ ਤੀਜੇ ਗੁਰੂ ਸਾਹਿਬ ਦੇ ਨਾਮ ਉਤੇ ‘ਸ੍ਰੀ ਗੁਰੂ ਅਮਰਦਾਸ ਥਰਮਲ ਪਾਵਰ ਪਲਾਂਟ’ ਹੋਵੇਗਾ। ਇਸ ਥਰਮਲ ਪਲਾਂਟ ਨੂੰ ਹੁਣ 75 ਤੋਂ 80 ਫੀਸਦੀ ਸਮਰੱਥਾ ਤੱਕ ਚਲਾਇਆ ਜਾਵੇਗਾ। ਬਿਜਲੀ ਖ਼ਰੀਦ ਸਮਝੌਤਿਆਂ ਵਿੱਚੋਂ ਵੀ ਹੁਣ 33 ਫੀਸਦੀ ਦੀ ਕਟੌਤੀ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਪਹਿਲੀ ਜਨਵਰੀ 2018 ਨੂੰ ਬਠਿੰਡਾ ਤੇ ਰੋਪੜ ਦੇ ਸਰਕਾਰੀ ਪਾਵਰ ਪਲਾਂਟ ਪੱਕੇ ਤੌਰ ਉਤੇ ਬੰਦ ਕਰ ਦਿੱਤੇ ਗਏ ਸਨ, ਪਰ ‘ਆਪ’ ਸਰਕਾਰ ਨੇ ਸੂਬੇ ਵਿੱਚ ਬਿਜਲੀ ਸਪਲਾਈ ਵਧਾਉਣ ਲਈ ਪ੍ਰਾਈਵੇਟ ਪਾਵਰ ਪਲਾਂਟ ਖ਼ਰੀਦਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸਾਲ 2016-2023 ਦਰਮਿਆਨ ਸੂਬਾ ਸਰਕਾਰ ਨੇ ਇਸ ਪਲਾਂਟ ਤੋਂ 7902 ਕਰੋੜ ਰੁਪਏ ਅਦਾ ਕਰਕੇ 11,165 ਮਿਲੀਅਨ ਯੂਨਿਟ ਬਿਜਲੀ ਖਰੀਦੀ ਸੀ। ਉਨ੍ਹਾਂ ਕਿਹਾ ਕਿ ਦੁੱਖ ਇਸ ਗੱਲ ਦਾ ਹੈ ਕਿ ਬਿਨਾਂ ਬਿਜਲੀ ਖਰੀਦੇ ਜੀ.ਵੀ.ਕੇ. ਥਰਮਲ ਪਲਾਂਟ ਨੂੰ 1718 ਕਰੋੜ ਅਦਾ ਕਰਨੇ ਪਏ। ਪਾਵਰ ਪਲਾਂਟ ਨੂੰ 7.08 ਰੁਪਏ ਪ੍ਰਤੀ ਔਸਤਨ ਯੂਨਿਟ ਮੁਤਾਬਕ ਅਦਾਇਗੀ ਕੀਤੀ ਗਈ। ਹੁਣ ਇਸ ਥਰਮਲ ਤੋਂ ਬਿਜਲੀ ਦੀ ਕੀਮਤ ਪ੍ਰਤੀ ਯੂਨਿਟ 4.50 ਰੁਪਏ ਪ੍ਰਤੀ ਯੂਨਿਟ ਹੋਵੇਗੀ।

# ਪੰਜਾਬ ਦੀ ਝਾਕੀ ਬਾਰੇ ਕੇਂਦਰੀ ਪ੍ਰਸਤਾਵ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਰੱਦ

ਚੰਡੀਗੜ੍ਹ : ਕੇਂਦਰੀ ਰੱਖਿਆ ਮੰਤਰਾਲੇ ਵੱਲੋਂ ਪੰਜਾਬ ਦੀ ਝਾਕੀ ਲਈ ਪੇਸ਼ ਕੀਤੇ ਗਏ ਨਵੇਂ ਪ੍ਰਸਤਾਵ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ ਰੱਦ ਕਰ ਦਿੱਤਾ ਹੈ। ਮੁੱਖ ਮੰਤਰੀ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਦੀ ‘ਨਾ-ਮਨਜ਼ੂਰ ਸ਼੍ਰੇਣੀ’ ਵਿੱਚ ਸੂਬਾ ਸਰਕਾਰ ਪੰਜਾਬ ਦੀ ਝਾਕੀ ਨਹੀਂ ਭੇਜੇਗੀ। ਪੰਜਾਬ ਅਤੇ ਪੱਛਮੀ ਬੰਗਾਲ ਦੀ ਝਾਕੀ ਨੂੰ ਗਣਤੰਤਰ ਦਿਵਸ ਸਬੰਧੀ ਕੌਮੀ ਪਰੇਡ ’ਚੋਂ ਬਾਹਰ ਕੀਤੇ ਜਾਣ ਮਗਰੋਂ ਸਿਆਸਤ ਭਖ ਗਈ ਹੈ ਜਿਸ ਦਾ ਅਸਰ ਕੌਮੀ ਪੱਧਰ ’ਤੇ ਵੀ ਦੇਖਣ ਨੂੰ ਮਿਲਿਆ ਹੈ। ਆਖ਼ਰਕਾਰ ਰੱਖਿਆ ਮੰਤਰਾਲੇ ਨੂੰ ਇਸ ਸਬੰਧੀ ਆਪਣਾ ਸਪੱਸ਼ਟੀਕਰਨ ਦੇਣਾ ਪਿਆ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੀ ਝਾਕੀ ਨੂੰ ਕੌਮੀ ਪਰੇਡ ’ਚੋਂ ਬਾਹਰ ਕਰਨ ਸਬੰਧੀ ਕੇਂਦਰ ਸਰਕਾਰ ’ਤੇ ਤਿੱਖੇ ਹਮਲੇ ਕੀਤੇ ਸਨ, ਜਿਸ ਬਾਰੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਵੀ ਮੋੜਵੇਂ ਜਵਾਬ ਦਿੱਤੇ ਸਨ। ਰੱਖਿਆ ਮੰਤਰਾਲੇ ਨੇ ਅੱਜ ਜਾਰੀ ਬਿਆਨ ਵਿੱਚ ਕਿਹਾ ਹੈ ਕਿ ਪਰੇਡ ਲਈ ਝਾਕੀ ਦੀ ਚੋਣ ਵਾਸਤੇ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਕੋਲੋਂ ਪ੍ਰਸਤਾਵ ਮੰਗੇ ਜਾਂਦੇ ਹਨ ਅਤੇ ਕਿਸੇ ਤਰ੍ਹਾਂ ਦਾ ਕੋਈ ਭੇਦਭਾਵ ਨਹੀਂ ਕੀਤਾ ਜਾਂਦਾ ਹੈ।

ਰੱਖਿਆ ਮੰਤਰਾਲੇ ਨੇ ਕਿਹਾ ਹੈ ਕਿ ਪੰਜਾਬ ਦੀ ਇਸ ਸਾਲ ਦੀ ਝਾਕੀ ਥੀਮ ਦੇ ਅਨੁਕੂਲ ਨਾ ਹੋਣ ਕਰ ਕੇ ਤੀਸਰੇ ਗੇੜ ਤੋਂ ਅਗਾਂਹ ਨਹੀਂ ਜਾ ਸਕੀ। ਮੰਤਰਾਲੇ ਦਾ ਕਹਿਣਾ ਹੈ ਕਿ ਵਿਸ਼ਾ ਮਾਹਿਰਾਂ ਵੱਲੋਂ ਝਾਕੀ ਦੀ ਤਕਨੀਕੀ ਨਜ਼ਰੀਏ ਤੋਂ ਘੋਖ ਕੀਤੀ ਜਾਂਦੀ ਹੈ। ਮੰਤਰਾਲੇ ਨੇ ਝਾਕੀ ’ਤੇ ਮੁੱਖ ਮੰਤਰੀ ਭਗਵੰਤ ਮਾਨ ਅਤੇ ‘ਆਪ’ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀਆਂ ਤਸਵੀਰਾਂ ਲੱਗੀਆਂ ਹੋਣ ਦੀ ਕੋਈ ਪੁਸ਼ਟੀ ਨਹੀਂ ਕੀਤੀ ਹੈ ਜਿਸ ਤਰ੍ਹਾਂ ਕਿ ਸੁਨੀਲ ਜਾਖੜ ਆਖ ਰਹੇ ਸਨ। ਮੁੱਖ ਮੰਤਰੀ ਭਗਵੰਤ ਮਾਨ ਨੇ ਤਾਂ ਜਾਖੜ ਨੂੰ ਚੁਣੌਤੀ ਵੀ ਦੇ ਦਿੱਤੀ ਸੀ।

ਰੱਖਿਆ ਮੰਤਰਾਲੇ ਨੇ ਅੱਜ ਪੰਜਾਬ ਸਰਕਾਰ ਅੱਗੇ ਨਵਾਂ ਬਦਲ ਪੇਸ਼ ਕਰਦਿਆਂ ਕਿਹਾ ਹੈ ਕਿ

**‘ਨਾ-ਮਨਜ਼ੂਰ ਸ਼੍ਰੇਣੀ’ ਵਿੱਚ ਝਾਕੀ ਭੇਜਣ ਤੋਂ ਕੀਤਾ ਇਨਕਾਰ**

ਪੰਜਾਬ ਦੀ ਝਾਕੀ ਨੂੰ ਭਾਰਤ ਪਰਵ 23 ਤੋਂ 31 ਜਨਵਰੀ ਦੌਰਾਨ ਲਾਲ ਕਿਲ੍ਹੇ ਲਈ ਭੇਜ ਦਿੱਤਾ ਜਾਵੇ ਪਰ ਮੁੱਖ ਮੰਤਰੀ ਨੇ ਇਸ ਤੋਂ ਇਨਕਾਰ ਕਰ ਦਿੱਤਾ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਦੀ ‘ਨਾ-ਮਨਜ਼ੂਰ ਸ਼੍ਰੇਣੀ’ ਵਿੱਚ ਉਹ ਝਾਕੀ ਨਹੀਂ ਭੇਜਣਗੇ ਅਤੇ ਨਾ ਹੀ ਉਨ੍ਹਾਂ ਨੂੰ ਦੇਸ਼ ਦੇ ਸ਼ਹੀਦਾਂ ਬਾਰੇ ਭਾਜਪਾ ਕੋਲੋਂ ਐੱਨਓਸੀ ਲੈਣ ਦੀ ਕੋਈ ਲੋੜ ਹੈ।

ਮੁੱਖ ਮੰਤਰੀ ਨੇ ਜਾਰੀ ਬਿਆਨ ਵਿੱਚ ਕਿਹਾ ਹੈ, “ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ, ਸ਼ਹੀਦ ਸੁਖਦੇਵ, ਲਾਲਾ ਲਾਜਪਤ ਰਾਏ, ਸ਼ਹੀਦ ਊਧਮ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ, ਮਾਈ ਭਾਗੋ, ਗ਼ਦਰੀ ਬਾਬਿਆਂ ਸਮੇਤ ਮਹਾਨ ਸ਼ਹੀਦਾਂ ਨੂੰ ਰੱਦ ਕੀਤੀ ਸ਼੍ਰੇਣੀ ਵਿੱਚ ਨਹੀਂ ਰੱਖਿਆ ਜਾ ਸਕਦਾ। ਕੇਂਦਰ ਸਰਕਾਰ ਅਜਿਹਾ ਕਰ ਕੇ ਇਨ੍ਹਾਂ ਨਾਇਕਾਂ ਦੇ ਮਹਾਨ ਯੋਗਦਾਨ ਅਤੇ ਕੁਰਬਾਨੀਆਂ ਦਾ ਮਹੱਤਵ ਘਟਾਉਣ ਦੀ ਕੋਸ਼ਿਸ਼ ਕਰ ਰਹੀ ਹੈ।” ਮੁੱਖ ਮੰਤਰੀ ਨੇ ਕਿਹਾ ਹੈ, “ਇਹ ਕਦਮ ਸਾਡੇ ਮਹਾਨ ਦੇਸ਼ ਭਗਤਾਂ ਅਤੇ ਕੌਮੀ ਨੇਤਾਵਾਂ ਦਾ ਘੋਰ ਨਿਰਾਦਰ ਹੈ ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।” ਮੁੱਖ ਮੰਤਰੀ ਨੇ ਦੱਸਿਆ ਕਿ ਕੇਂਦਰ ਸਰਕਾਰ ਨੇ 30 ਦਸੰਬਰ ਨੂੰ ਇਕ ਪੱਤਰ ਲਿਖ ਕੇ ਸੂਬਾ ਸਰਕਾਰ ਨੂੰ ਕਿਹਾ ਹੈ ਕਿ ਗਣਤੰਤਰ ਦਿਵਸ ਦੀ ਪਰੇਡ ਲਈ ਸੂਬਿਆਂ ਨਾਲ ਕੀਤੇ ਐੱਮਓਯੂ ਦੇ ਕਲਾਜ਼-8 ਮੁਤਾਬਕ ਸੂਬਾ ਹੋਵੇ ਜਾਂ ਯੂਟੀ ਜਿਸ ਦੀ ਗਣਤੰਤਰ ਦਿਵਸ ਦੀ ਪਰੇਡ ਲਈ ਚੋਣ ਨਹੀਂ ਹੁੰਦੀ ਹੈ, ਉਸ ਸੂਬੇ ਜਾਂ ਯੂਟੀ ਨੂੰ 23 ਤੋਂ 31 ਜਨਵਰੀ ਦੌਰਾਨ ਨਵੀਂ ਦਿੱਲੀ ਦੇ ਲਾਲ ਕਿਲ੍ਹੇ ਵਿੱਚ ਹੋਣ ਵਾਲੇ ‘ਭਾਰਤ ਪਰਵ’ ਵਿੱਚ ਝਾਕੀ ਦਿਖਾਉਣ ਦਾ ਮੌਕਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਪਰਵ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਪ੍ਰਸਿੱਧ ਪਕਵਾਨ, ਰਵਾਇਤਾਂ, ਵਸਤਾਂ, ਦਸਤਕਾਰੀ ਅਤੇ ਤਿਉਹਾਰਾਂ ’ਤੇ ਆਧਾਰਿਤ ਹੁੰਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਆਪਣੀਆਂ ਝਾਕੀਆਂ ਨਹੀਂ ਭੇਜੇਗਾ ਕਿਉਂਕਿ ਦੇਸ਼ ਦੇ ਸ਼ਹੀਦਾਂ ਨੂੰ ਭਾਜਪਾ ਤੋਂ ਐੱਨਓਸੀ ਲੈਣ ਦੀ ਲੋੜ ਨਹੀਂ ਹੈ। ਉਨ੍ਹਾਂ ਕਿਹਾ, “ਇਹ ਸ਼ਹੀਦ ਸਾਡੇ ਨਾਇਕ ਹਨ ਅਤੇ ਇਨ੍ਹਾਂ ਯੋਧਿਆਂ ਵੱਲੋਂ ਮੁਲਕ ਲਈ ਕੀਤੀਆਂ ਗਈਆਂ ਲਾਮਿਸਾਲ ਕੁਰਬਾਨੀਆਂ ਵਾਸਤੇ ਦੇਸ਼ ਉਨ੍ਹਾਂ ਦਾ ਹਮੇਸ਼ਾ ਰਿਣੀ ਰਹੇਗਾ।”

# ਪੰਜਾਬ ਕੋਲ ਦੇਣ ਲਈ ਪਾਣੀ ਦੀ ਇਕ ਵੀ ਬੂੰਦ ਨਹੀਂ : ਭਗਵੰਤ ਮਾਨ

## ਐਸਵਾਈਐਲ ’ਤੇ ਪੰਜਾਬ ਦਾ ਹਰਿਆਣਾ ਅਤੇ ਕੇਂਦਰ ਨੂੰ ਦੋ ਟੁੱਕ ਜਵਾਬ



ਚੰਡੀਗੜ੍ਹ : ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸ਼ੇਖਾਵਤ ਦੀ ਅਗਵਾਈ ’ਚ ਸਤਲੁਜ ਯਮੁਨਾ ਲਿੰਕ ਨਹਿਰ ਦੇ ਨਿਰਮਾਣ ਦੇ ਮੁੱਦੇ ’ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਹਰਿਆਣਾ ਦੇ ਹਮਰੁਤਬਾ ਮਨੋਹਰ ਲਾਲ ਖੱਟਰ ਦਰਮਿਆਨ ਅੱਜ ਇੱਥੇ ਹੋਈ ਤੀਜੀ ਬੈਠਕ ਵੀ ਬੇਸਿੱਟਾ ਰਹੀ। ਕੇਂਦਰ ਸਰਕਾਰ ਵੱਲੋਂ ਸੁਪਰੀਮ ਕੋਰਟ ਦੇ ਨਿਰਦੇਸ਼ਾਂ ’ਤੇ ਵਿਉਂਤੀ ਦੁਵੱਲੀ ਗੱਲਬਾਤ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਪੁਰਾਣੇ ਸਟੈਂਡ ’ਤੇ ਪਹਿਰਾ ਦਿੰਦਿਆਂ ਕਿਹਾ ਕਿ ਪੰਜਾਬ ਕੋਲ ਕਿਸੇ ਹੋਰ ਸੂਬੇ ਨੂੰ ਦੇਣ ਲਈ ਇੱਕ ਬੂੰਦ ਪਾਣੀ ਵੀ ਵਾਧੂ ਨਹੀਂ ਹੈ। ਸੁਪਰੀਮ ਕੋਰਟ ਵਿਚ ਐੱਸਵਾਈਐੱਲ ਮੁੱਦੇ ’ਤੇ ਅਗਲੀ ਸੁਣਵਾਈ 9 ਜਨਵਰੀ ਨੂੰ ਹੈ ਜਿਸ ਵਿਚ ਕੇਂਦਰ ਸਰਕਾਰ ਵੱਲੋਂ ਦੋਵਾਂ ਸੂਬਿਆਂ ਵਿਚ ਹੋਈ ਗੱਲਬਾਤ ਦੀ ਪ੍ਰਗਤੀ ਬਾਰੇ ਹਲਫ਼ੀਆ ਬਿਆਨ ਦਾਇਰ ਕੀਤਾ ਜਾਣਾ ਹੈ। ਉਂਜ ਅੱਜ ਦੀ ਬੈਠਕ ਦੌਰਾਨ ਕੇਂਦਰੀ ਮੰਤਰੀ ਸ਼ੇਖਾਵਤ ਨੇ ਐੱਸਵਾਈਐੱਲ ਨਹਿਰ ਦੇ ਪੰਜਾਬ ਵਿਚਲੇ ਹਿੱਸੇ ਦਾ ਸਰਵੇਖਣ ਕਰਵਾਏ ਜਾਣ ਦੀ ਗੱਲ ਨੂੰ ਛੇੜਨ ਤੋਂ ਗੁਰੇਜ਼ ਕੀਤਾ। ਬੈਠਕ ਸਦਭਾਵਨਾ ਵਾਲੇ ਮਾਹੌਲ ਵਿਚ ਹੋਈ ਤੇ ਇਸ ਮੌਕੇ ਦੋਵਾਂ ਸੂਬਿਆਂ ਦੇ ਅਧਿਕਾਰੀ ਵੀ ਮੌਜੂਦ ਰਹੇ। ਮੁੱਖ ਮੰਤਰੀ ਭਗਵੰਤ ਮਾਨ ਨੇ ਨਹਿਰ ਦੀ ਉਸਾਰੀ ਲਈ ਪਾਣੀ ਅਤੇ ਜ਼ਮੀਨ ਦੀ ਉਪਲੱਬਧਤਾ ਨਾ ਹੋਣ ਦਾ ਹਵਾਲਾ ਦਿੰਦਿਆਂ ਆਪਣੇ ਦਰਿਆਈ ਪਾਣੀਆਂ ਦੀ ਵੰਡ ਤੋਂ ਸਖ਼ਤੀ ਨਾਲ ਇਨਕਾਰ ਕੀਤਾ। ਉਧਰ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਪਹਿਲੀ ਵਾਰ ਰਾਜਸਥਾਨ ਲਈ ਵਾਧੂ ਪਾਣੀ ਦੀ ਮੰਗ ਕਰਨ ਦੇ ਨਾਲ-ਨਾਲ ਪੰਜਾਬ ਵਿੱਚ ਨਹਿਰ ਦੀ ਜਲਦੀ ਉਸਾਰੀ ਅਤੇ ਦਰਿਆਈ ਪਾਣੀਆਂ ਵਿੱਚ ਇਸ ਦੇ ਹਿੱਸੇ ਦੀ ਮੰਗ ਕੀਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਬੈਠਕ ਮਗਰੋਂ ਕਿਹਾ ਕਿ ਪੰਜਾਬ ਸਰਕਾਰ ਆਪਣੇ ਪੁਰਾਣੇ ਸਟੈਂਡ ’ਤੇ ਕਾਇਮ ਹੈ ਅਤੇ ਹਰਿਆਣਾ ਨੂੰ ਦੇਣ ਵਾਸਤੇ ਸਾਡੇ ਕੋਲ ਪਾਣੀ ਨਹੀਂ ਹੈ। ਉਨ੍ਹਾਂ ਪੰਜਾਬ ਵਿਚਲੇ ਜ਼ਮੀਨੀ ਪਾਣੀ ਦੀ ਹਕੀਕਤ ਤੋਂ ਜਾਣੂ ਕਰਾਉਂਦਿਆਂ ਯਮੁਨਾ ਦੇ ਪਾਣੀਆਂ ’ਚੋਂ ਹਿੱਸੇਦਾਰੀ ਦੀ ਮੰਗ ਵੀ ਰੱਖੀ। ਉਨ੍ਹਾਂ ਬੈਠਕ ਵਿਚ ਨਵਾਂ ਮਸ਼ਵਰਾ ਦਿੰਦਿਆਂ ਭਾਰਤ ਸਰਕਾਰ ਤੋਂ ਸਿੰਧ ਨਦੀ ਜਲ ਸੰਧੀ, 1960 ਦੀ ਸਮੀਖਿਆ ਦੀ ਮੰਗ ਕੀਤੀ, ਤਾਂ ਜੋ ਚਨਾਬ ਤੋਂ 6 ਮਿਲੀਅਨ ਏਕੜ ਫੁੱਟ ਪਾਣੀ ਪੰਜਾਬ ਅਤੇ ਹਰਿਆਣਾ ਨੂੰ ਦਿੱਤਾ ਜਾ ਸਕੇ। ਉਨ੍ਹਾਂ ਜਲ ਸੰਧੀ ਦੀ ਸਮੀਖਿਆ ਦਾ ਹਵਾਲਾ ਇਰਾਡੀ ਟ੍ਰਿਬਿਊਨਲ ਵਿਚ ਹੋਣ ਦੀ ਗੱਲ ਵੀ ਆਖੀ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿਚ ਪਾਣੀ ਦੀ ਕੁੱਲ ਮੰਗ 52 ਐੱਮਏਐੱਫ ਹੈ ਜਿਸ ’ਚੋਂ 73 ਫ਼ੀਸਦੀ ਪੂਰਤੀ ਇਕੱਲੇ ਜ਼ਮੀਨੀ ਪਾਣੀ ’ਚੋਂ ਕੀਤੀ ਜਾ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ 76.5% ਬਲਾਕਾਂ ਦਾ ਜ਼ਮੀਨੀ ਪਾਣੀ ਬਹੁਤ ਹੇਠਾਂ ਜਾ ਚੁੱਕਾ ਹੈ ਜਦੋਂ ਕਿ ਹਰਿਆਣਾ ਵਿੱਚ ਸਿਰਫ਼ 61.5% ਬਲਾਕਾਂ ਵਿੱਚ ਪਾਣੀ ਦਾ ਪੱਧਰ ਹੇਠਾਂ ਗਿਆ ਹੈ। ਮੁੱਖ ਮੰਤਰੀ ਨੇ ਦੁਹਰਾਇਆ ਕਿ ਸਤਲੁਜ ਯਮੁਨਾ ਲਿੰਕ (ਐੱਸਵਾਈਐੱਲ) ਨਹਿਰ ਦੀ ਬਜਾਏ ਹੁਣ ਇਸ ਪ੍ਰਾਜੈਕਟ ਨੂੰ ਯਮੁਨਾ ਸਤਲੁਜ ਲਿੰਕ (ਵਾਈਐੱਸਐੱਲ) ਵਜੋਂ ਵਿਚਾਰਿਆ ਜਾਣਾ ਚਾਹੀਦਾ ਹੈ। ਇਸ ਦੇ ਉਲਟ ਗੰਗਾ ਅਤੇ ਯਮੁਨਾ ਦਾ ਪਾਣੀ ਸਤਲੁਜ ਦਰਿਆ ਰਾਹੀਂ ਪੰਜਾਬ ਨੂੰ ਦਿੱਤਾ ਜਾਣਾ ਚਾਹੀਦਾ ਹੈ। ਕੇਂਦਰੀ ਮੰਤਰੀ ਸ਼ੇਖਾਵਤ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਬਦਲਵੇਂ ਹੱਲ ਸੁਝਾਉਣ ਲਈ ਕਿਹਾ ਤਾਂ ਭਗਵੰਤ ਮਾਨ ਨੇ ਕਿਹਾ ਕਿ ਦਰਿਆਈ ਪਾਣੀਆਂ ਵਿਚ ਆਈ ਭਾਰੀ ਕਮੀ ਨੂੰ ਦੇਖਦੇ ਹੋਏ ਰਾਵੀ ਬਿਆਸ ਦੇ ਪਾਣੀਆਂ ਦੀ ਉਪਲਬਧਤਾ ਦਾ ਮੁੜ ਮੁਲਾਂਕਣ ਕਰਨ ਲਈ ਨਵੇਂ ਟ੍ਰਿਬਿਊਨਲ ਦਾ ਗਠਨ ਕੀਤਾ ਜਾਵੇ ਅਤੇ ਐੱਸਵਾਈਐੱਲ ਦੇ ਸਰਵੇ ਦੀ ਕੋਈ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਰਾਵੀ ਬਿਆਸ ਦਰਿਆਵਾਂ ਦੇ ਸਰਪਲੱਸ ਪਾਣੀਆਂ ਦੀ ਉਪਲਬਧਤਾ 17.17 ਐੱਮਏਐੱਫ ਤੋਂ ਘਟ ਕੇ 12.93 ਐੱਮਏਐੱਫ ਰਹਿ ਗਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰੀ ਮੰਤਰੀ ਸ਼ੇਖਾਵਤ ਨੇ ਵੀ ਮੰਨਿਆ ਹੈ ਕਿ ਪੰਜਾਬ ਦੇ ਬਹੁਗਿਣਤੀ ਬਲਾਕ ਡਾਰਕ ਜ਼ੋਨ ਵਿਚ ਚਲੇ ਗਏ ਹਨ। ਪੰਜਾਬ ਨੇ ਚੇਤੇ ਕਰਾਇਆ ਕਿ ਸੁਪਰੀਮ ਕੋਰਟ ਨੇ 30 ਨਵੰਬਰ 2016 ਨੂੰ ਐੱਸਵਾਈਐੱਲ ਦੇ ਪੰਜਾਬ ਵਿਚਲੇ ਹਿੱਸੇ ਨੂੰ ਸਟੇਟਸ-ਕੋ ਕੀਤਾ ਸੀ ਜਿਸ ਦੀ ਪਾਲਣਾ ਪੰਜਾਬ ਕਰ ਰਿਹਾ ਹੈ।

ਬੈਠਕ ਵਿਚ ਹਰਿਆਣਾ ਨੇ ਭਾਖੜਾ ਮੇਨ ਲਾਈਨ ਦੇ 68 ਸਾਲ ਪੁਰਾਣੀ ਹੋਣ ਦਾ ਹਵਾਲਾ ਦਿੰਦਿਆਂ ਬਦਲਵੇਂ ਪ੍ਰਬੰਧ ਵਜੋਂ ਐੱਸਵਾਈਐੱਲ ਦੀ ਉਸਾਰੀ ਦਾ ਤਰਕ ਦਿੱਤਾ। ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਭਾਖੜਾ ਮੇਨ ਲਾਈਨ ਟੁੱਟ ਸਕਦੀ ਹੈ। ਮੋੜਵੇਂ ਜਵਾਬ ਵਿਚ ਪੰਜਾਬ ਸਰਕਾਰ ਨੇ ਕਿਹਾ ਕਿ ਅੱਜ ਤੱਕ ਭਾਖੜਾ ਮੇਨ ਲਾਈਨ ਕਦੇ ਟੁੱਟੀ ਨਹੀਂ ਹੈ ਅਤੇ ਅਗਰ ਅਜਿਹੀ ਕੋਈ ਨੌਬਤ ਆਵੇਗੀ ਤਾਂ ਰਾਜਸਥਾਨ ਵਾਂਗ ਹਰਿਆਣਾ ਨਹਿਰ ਦੀ ਮੁਰੰਮਤ ਕਰਾ ਸਕਦਾ ਹੈ। ਮਨੋਹਰ ਲਾਲ ਖੱਟਰ ਨੇ ਸਿੰਜਾਈ ਵਾਸਤੇ ਹਰਿਆਣਾ ਪੈਟਰਨ ਨੂੰ ਪੰਜਾਬ ਵਿਚ ਲਾਗੂ ਕਰਨ ਦੀ ਨਸੀਹਤ ਵੀ ਦਿੱਤੀ। ਖੱਟਰ ਨੇ ਮੀਟਿੰਗ ਵਿਚ ਕਿਹਾ ਕਿ ਪੰਜਾਬ ਖੇਤੀ ਵਿਭਿੰਨਤਾ ਦੇ ਰਾਹ ਪਵੇ ਅਤੇ ਹਰਿਆਣਾ ਵਾਂਗ ਮਾਈਕਰੋ ਸਿੰਜਾਈ ਵੱਲ ਧਿਆਨ ਦੇਵੇ। ਇਸ ’ਤੇ ਭਗਵੰਤ ਮਾਨ ਨੇ ਨਹਿਰੀ ਪਾਣੀ ਦੀ ਵਰਤੋਂ ਵਧਾਉਣ ਲਈ ਕੀਤੇ ਉਪਰਾਲਿਆਂ ਦਾ ਜ਼ਿਕਰ ਕੀਤਾ ਅਤੇ ਦੱਸਿਆ ਕਿ ਹਰ ਖੇਤ ਪਾਣੀ ਪੁੱਜਦਾ ਕਰਨ ਵਾਸਤੇ ਜਲ ਸਰੋਤ ਵਿਭਾਗ ਲਗਾਤਾਰ ਯਤਨ ਕਰ ਰਿਹਾ ਹੈ। ਐੱਸਵਾਈਐੱਲ ਦੀ ਉਸਾਰੀ ਦੇ ਮੁੱਦੇ ’ਤੇ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਨੇ ਚੰਡੀਗੜ੍ਹ ’ਚ 14 ਅਕਤੂਬਰ 2022 ਨੂੰ ਵੀ ਸਾਂਝੀ ਬੈਠਕ ਕੀਤੀ ਸੀ, ਜੋ ਬੇਸਿੱਟਾ ਰਹੀ।

# ਲਾਰੈਂਸ ਬਿਸ਼ਨੋਈ ਗਰੋਹ ਦੇ ਦੋ ਮੈਂਬਰ ਹਥਿਆਰਾਂ ਸਣੇ ਕਾਬੂ



ਪਟਿਆਲਾ : ਥਾਣਾ ਸਿਵਲ ਲਾਈਨਜ਼ ਪਟਿਆਲਾ ਦੇ ਮੁਖੀ ਇੰਸਪੈਕਟਰ ਹਰਜਿੰਦਰ ਢਿੱਲੋਂ ਤੇ ਚੌਕੀ ਮਾਡਲ ਟਾਊਨ ਦੇ ਇੰਚਾਰਜ ਰਣਜੀਤ ਰਿਤੂ ਦੀ ਟੀਮ ਨੇ ਅੱਜ ਇੱਥੇ ਲੀਲ੍ਹਾ ਭਵਨ ਚੌਕ ਕੋਲੋਂ ਲਾਰੈਂਸ ਬਿਸ਼ਨੋਈ ਗਰੋਹ ਦੇ ਦੋ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਨੇ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ .315 ਬੋਰ ਦੇ ਤਿੰਨ ਪਿਸਤੌਲ ਵੀ ਬਰਾਮਦ ਕੀਤੇ ਹਨ। ਇਸ ਗ੍ਰਿਫ਼ਤਾਰੀ ਵਿੱਚ ਸੀਆਈਏ ਇੰਚਾਰਜ ਸ਼ਮਿੰਦਰ ਸਿੰਘ ਤੇ ਟੀਮ ਨੇ ਵੀ ਮਦਦ ਕੀਤੀ।

ਐੱਸਐੱਸਪੀ ਵਰੁਣ ਸ਼ਰਮਾ ਨੇ ਅੱਜ ਇੱਥੇ ਕੀਤੀ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਮੁਲਜ਼ਮਾਂ ਦੀ ਪਛਾਣ ਸੰਦੀਪ ਸਿੰਘ ਸਿੱਪਾ ਵਾਸੀ ਸਿਓਣਾ, ਜ਼ਿਲ੍ਹਾ ਪਟਿਆਲਾ ਅਤੇ ਬੇਅੰਤ ਸਿੰਘ ਨੂਰ ਵਾਸੀ ਰਣਸੀਂਹ ਖੁਰਦ, ਜ਼ਿਲ੍ਹਾ ਮੋਗਾ ਵਜੋਂ ਹੋਈ ਹੈ। ਉਨ੍ਹਾਂ ਕਿਹਾ ਕਿ ਉਕਤ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਨਾਲ ਲਗਪਗ ਦੋ ਮਹੀਨੇ ਪਹਿਲਾਂ ਮੋਗਾ ਦੇ ਕਬੱਡੀ ਖਿਡਾਰੀ ਹਰਵਿੰਦਰ ਬਿੰਦਰੂ 'ਤੇ ਹੋਏ ਜਾਨਲੇਵਾ ਹਮਲੇ ਦੀ ਵਾਰਦਾਤ ਵੀ ਟਰੇਸ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਉਕਤ ਗੈਂਗਸਟਰ ਸਿੱਪਾ ਉਸ ਮਾਮਲੇ ਵਿੱਚ ਮੁੱਖ ਸ਼ੂਟਰ ਵਜੋਂ ਸ਼ਾਮਲ ਸੀ ਜਿਸ ਨੂੰ ਹਾਲੇ ਟਰੇਸ ਨਹੀਂ ਸੀ ਕੀਤਾ ਜਾ ਸਕਿਆ। ਇਸ ਸਫਲਤਾ 'ਤੇ ਡੀਜੀਪੀ ਗੌਰਵ ਯਾਦਵ ਨੇ ਪਟਿਆਲਾ ਪੁਲੀਸ ਦੀ ਪਿੱਠ ਥਾਪੜੀ ਹੈ। ਪ੍ਰੈੱਸ ਕਾਨਫਰੰਸ ਵਿੱਚ ਐੱਸਪੀ ਸਰਫ਼ਰਾਜ਼ ਆਲਮ ਤੇ ਹਰਬੀਰ ਅਟਵਾਲ, ਡੀਐੱਸਪੀ (ਡੀ) ਸੁਖਅੰਮ੍ਰਿਤ ਰੰਧਾਵਾ ਸਮੇਤ ਇੰਸਪੈਕਟਰ ਸਮਿੰਦਰ ਸਿੰਘ ਤੇ ਹਰਜਿੰਦਰ ਢਿੱਲੋਂ ਵੀ ਮੌਜੂਦ ਸਨ।

ਇਸ ਮੌਕੇ ਐੱਸਐੱਸਪੀ ਨੇ ਦੱਸਿਆ ਕਿ ਦੋਵੇਂ ਗੈਂਗਸਟਰ ਲਾਰੈਂਸ ਬਿਸ਼ਨੋਈ ਗਰੋਹ ਨਾਲ ਸਬੰਧਤ ਹਨ ਜੋ ਕਿ ਬਿਸ਼ਨੋਈ ਗਰੋਹ ਦੇ ਲੋੜੀਂਦੇ ਗੈਂਗਸਟਰ ਜਗਦੀਪ ਜੱਗਾ ਧੂਰਕੋਟੀਆ ਦੇ ਇਸ਼ਾਰੇ 'ਤੇ ਕੰਮ ਕਰਦੇ ਸਨ। ਇਨ੍ਹਾਂ ਨੂੰ ਹਥਿਆਰ ਤੇ ਹੋਰ ਸਾਮਾਨ ਵੀ ਜੱਗਾ ਹੀ ਮੁਹੱਈਆ ਕਰਵਾਉਂਦਾ ਸੀ।

ਉਨ੍ਹਾਂ ਦੱਸਿਆ ਕਿ ਬੀਤੀ 23 ਅਕਤੂਬਰ ਨੂੰ ਮੋਗਾ ਜ਼ਿਲ੍ਹੇ ਦੇ ਪਿੰਡ ਧੂਰਕੋਟ ਵਿੱਚ ਕਬੱਡੀ ਖਿਡਾਰੀ ਹਰਵਿੰਦਰ ਬਿੰਦਰੂ 'ਤੇ ਹਮਲਾ ਵੀ ਜੱਗੇ ਦੇ ਕਹਿਣ 'ਤੇ ਹੀ ਕੀਤਾ ਗਿਆ ਸੀ ਜਿਸ ਵਿੱਚ ਹਰਵਿੰਦਰ ਗੋਲੀ ਲੱਗਣ ਕਾਰਨ ਜ਼ਖ਼ਮੀ ਹੋ ਗਿਆ ਸੀ। ਇਸ ਹਮਲੇ 'ਚ ਸੰਦੀਪ ਸਿੱਪਾ ਦੀ ਸ਼ਮੂਲੀਅਤ ਦਾ ਵੀ ਹੁਣ ਪਤਾ ਲੱਗ ਚੁੱਕਾ ਹੈ। ਜ਼ਿਲ੍ਹਾ ਪੁਲੀਸ ਮੁਖੀ ਵਰੁਣ ਸ਼ਰਮਾ ਨੇ ਦੱਸਿਆ ਕਿ ਮੁਢਲੀ ਤਫ਼ਤੀਸ਼ ਦੌਰਾਨ ਸਾਹਮਣੇ ਆਇਆ ਹੈ ਕਿ ਉਕਤ ਮੁਲਜ਼ਮ ਪਟਿਆਲਾ ਵਿੱਚ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਸਨ।

# ਬਿਸ਼ਨੋਈ ਦੀ ਇੰਟਰਵਿਊ ਹੁਣ ਤੱਕ ਨਹੀਂ ਹਟਾਈ ਗਈ: ਬਲਕੌਰ ਸਿੰਘ

*ਅਗਲੀ ਪੇਸ਼ੀ 'ਤੇ ਮੁਲਜ਼ਮਾਂ ਖ਼ਿਲਾਫ਼ ਦੋਸ਼ ਆਇਦ ਹੋਣ ਦੀ ਆਸ ਜਤਾਈ*




ਮਾਨਸਾ : ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਅੱਜ ਇਥੇ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ 'ਤੇ ਰੋਸ ਜ਼ਾਹਰ ਕਰਦਿਆਂ ਕਿਹਾ ਕਿ ਅਜਿਹੀ ਸਰਕਾਰ ਤੋਂ ਕੀ ਆਸ ਕੀਤੀ ਜਾ ਸਕਦੀ ਹੈ, ਜਿਸ ਨੇ ਅਦਾਲਤ ਦੇ ਹੁਕਮਾਂ ਦੇ ਬਾਵਜੂਦ ਹਾਲੇ ਤੱਕ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਜੇਲ੍ਹ ਵਿੱਚ ਹੋਈ ਇੰਟਰਵਿਊ ਯੂ-ਟਿਊਬ ਤੋਂ ਨਹੀਂ ਹਟਵਾਈ ਹੈ। ਬਲਕੌਰ ਸਿੰਘ ਅੱਜ ਪਿੰਡ ਮੂਸਾ ਵਿੱਚ ਜੁੜੇ ਮਰਹੂਮ ਗਾਇਕ ਦੇ ਪ੍ਰਸ਼ੰਸਕਾਂ ਨੂੰ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਕਤਲ ਦੀਆਂ ਘਟਨਾਵਾਂ ਹੁਣ ਆਮ ਹੋ ਗਈਆਂ ਹਨ ਤੇ ਕਿਸੇ ਵੀ ਕਤਲ ਮਾਮਲੇ ਵਿੱਚ ਪੁਲੀਸ ਤੇ ਸਰਕਾਰ ਨੇ ਸੰਜੀਦਗੀ ਨਾਲ ਕਾਰਵਾਈ ਨਹੀਂ ਕੀਤੀ ਹੈ। ਉਨ੍ਹਾਂ ਕਿਹਾ ਕਿ ਲਾਰੈਂਸ ਬਿਸ਼ਨੋਈ ਅਤੇ ਜੱਗੂ ਭਗਵਾਨਪੁਰੀਆ ਹੁਣ ਦਾਅਵਾ ਕਰ ਰਹੇ ਹਨ ਕਿ ਉਹ ਸਿੱਧੂ ਮੂਸੇਵਾਲਾ ਨੂੰ ਜਾਣਦੇ ਹੀ ਨਹੀਂ ਤੇ ਉਸ ਨਾਲ ਉਨ੍ਹਾਂ ਦਾ ਕੀ ਰੌਲਾ ਹੋ ਸਕਦਾ ਹੈ। ਬਲਕੌਰ ਸਿੰਘ ਨੇ ਸਵਾਲ 'ਚ ਪੁੱਛਿਆ ਕਿ ਕੀ ਸਰਕਾਰ ਜਾਂ ਪੁਲੀਸ ਦੱਸ ਸਕਦੀ ਹੈ ਕਿ ਜੇਕਰ ਗੈਂਗਸਟਰ ਇਸ ਗੱਲ ਨੂੰ ਝੁਠਲਾ ਰਹੇ ਹਨ ਤਾਂ ਸਿੱਧੂ ਮੂਸੇਵਾਲਾ ਦੇ ਸੀਨੇ 'ਚ 32 ਗੋਲੀਆਂ ਕਿਸ ਨੇ ਮਾਰੀਆਂ ਸਨ। ਉਨ੍ਹਾਂ ਕਿਹਾ ਕਿ ਸ਼ੁਭਦੀਪ ਦਾ ਕਸੂਰ ਸਿਰਫ਼ ਇਹ ਸੀ ਕਿ ਉਸ ਨੇ ਗਰੀਬੀ 'ਚੋਂ ਉੱਠ ਕੇ ਪੜ੍ਹਾਈ ਕਰਕੇ ਤਰੱਕੀ ਕੀਤੀ ਅਤੇ ਕਾਮਯਾਬ ਹੋਇਆ ਅਤੇ ਇਹ ਕਾਮਯਾਬੀ ਕਈਆਂ ਨੂੰ ਹਜ਼ਮ ਨਹੀਂ ਹੋਈ। ਉਹ ਆਪਣੇ ਪੁੱਤਰ ਦੀ ਹੱਤਿਆ ਲਈ ਇਨਸਾਫ਼ ਵਾਸਤੇ ਆਖ਼ਰੀ ਸਾਹ ਤੱਕ ਲੜਦੇ ਰਹਿਣਗੇ ਅਤੇ ਉਨ੍ਹਾਂ ਨੂੰ ਪੂਰੀ ਆਸ ਹੈ ਕਿ ਆਉਂਦੀ ਪੇਸ਼ੀ ਦੌਰਾਨ ਮੁਲਜ਼ਮਾਂ ਖ਼ਿਲਾਫ਼ ਚਾਰਜ ਫਰੇਮ ਜ਼ਰੂਰ ਹੋਣਗੇ।

# ਡਰੱਗ ਕੇਸ: ਡੀਆਈਜੀ ਹਰਚਰਨ ਭੁੱਲਰ ਨੂੰ ਸੌਂਪੀ ਹੁਣ ਸਿੱਟ ਦੀ ਕਮਾਨ

## *ਐੱਸਐੱਸਪੀ ਵਰੁਣ ਸ਼ਰਮਾ ਤੇ ਐੱਸਪੀ ਯੋਗੇਸ਼ ਸ਼ਰਮਾ ਜਾਂਚ ਟੀਮ ਦੇ ਮੈਂਬਰਾਂ 'ਚ ਸ਼ਾਮਲ*

ਪਟਿਆਲਾ : ਐੱਨਡੀਪੀਐੱਸ ਐਕਟ ਤਹਿਤ ਦੋ ਸਾਲ ਪਹਿਲਾਂ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਖ਼ ?ਲਾਫ਼ ਦਰਜ ਕੀਤੇ ਗਏ ਕੇਸ ਦੀ ਜਾਂਚ ਕਰ ਰਹੀ ਸਿੱਟ ਦੇ ਮੁਖੀ ਏਡੀਜੀਪੀ ਮੁਖਵਿੰਦਰ ਸਿੰਘ ਛੀਨਾ ਦੀ ਸੇਵਾਮੁਕਤੀ ਮਗਰੋਂ ਸਰਕਾਰ ਨੇ ਇਸ ਸਿੱਟ ਦਾ ਪੁਨਰਗਠਨ ਕੀਤਾ ਹੈ। ਇਸ ਸਿੱਟ ਦੀ ਕਮਾਨ ਹੁਣ ਪਟਿਆਲਾ 'ਚ ਅੱਜ ਹੀ ਡੀਆਈਜੀ ਵਜੋਂ ਤਾਇਨਾਤ ਕੀਤੇ ਗਏ ਆਈਪੀਐੱਸ ਹਰਚਰਨ ਸਿੰਘ ਭੁੱਲਰ ਨੂੰ ਸੌਂਪੀ ਗਈ ਹੈ। ਉਨ੍ਹਾਂ ਨਾਲ ਪਟਿਆਲਾ ਦੇ ਐੱਸਐੱਸਪੀ ਵਰੁਣ ਸ਼ਰਮਾ ਆਈਪੀਐੱਸ ਅਤੇ ਧੂਰੀ ਦੇ ਐੱਸਪੀ ਯੋਗੇਸ਼ ਸ਼ਰਮਾ ਨੂੰ ਮੈਂਬਰਾਂ ਵਜੋਂ ਸ਼ਾਮਲ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ 25/27-ਏ, 29 ਐੱਨਡੀਪੀਐਸ ਐਕਟ ਤਹਿਤ ਇਹ ਕੇਸ ਸਟੇਟ ਕਰਾਈਮ ਬਿਊਰੋ ਇਨਵੈਸਟੀਗੇਸ਼ਨ ਦੇ ਮੁਹਾਲੀ ਸਥਿਤ ਥਾਣੇ 'ਚ 20 ਦਸੰਸਰ 2021 ਨੂੰ ਦਰਜ ਕੀਤਾ ਗਿਆ ਸੀ। ਇਸ ਕੇਸ ਦੀ ਜਾਂਚ ਕਰ ਰਹੀ ਸਪੈਸ਼ਲ ਇਨਵੈਸ਼ਟੀਗੇਸ਼ਨ ਟੀਮ (ਸਿੱਟ) ਦੇ ਮੁਖੀ ਵਜੋਂ ਕੱਲ੍ਹ ਤੱਕ ਏਡੀਜੀਪੀ ਮੁਖਵਿੰਦਰ ਸਿੰਘ ਛੀਨਾ ਤਾਇਨਾਤ ਸਨ। ਉਨ੍ਹਾਂ ਦੇ 31 ਦਸੰਬਰ ਨੂੰ ਸੇਵਾਮੁਕਤ ਹੋਣ ਮਗਰੋਂ ਹੁਣ ਪਟਿਆਲਾ ਦੇ



ਡੀਆਈਜੀ ਹਰਚਰਨ ਸਿੰਘ ਭੁੱਲਰ ਨੂੰ ਇਸ ਸਿੱਟ ਦੀ ਮੁਖੀ ਬਣਾਇਆ ਗਿਆ ਹੈ। ਜ਼ਿਕਰਯੋਗ ਹੈ ਕਿ ਸ੍ਰੀ ਛੀਨਾ ਭਾਵੇਂ ਕਿ ਅੱਠ ਮਹੀਨਿਆਂ ਤੋਂ ਇਸ ਸਿੱਟ ਦੇ ਮੁਖੀ ਸਨ, ਪਰ ਉਨ੍ਹਾਂ ਵੱਲੋਂ 11 ਦਸੰਬਰ ਨੂੰ ਪਹਿਲੀ ਵਾਰ ਸੰਮਨ ਭੇਜ ਕੇ ਬਿਕਰਮ ਸਿੰਘ ਮਜੀਠੀਆ ਨੂੰ ਪੁੱਛ ਪੜਤਾਲ ਲਈ 18 ਦਸੰਬਰ ਨੂੰ ਉਨ੍ਹਾਂ ਦੇ ਪਟਿਆਲਾ ਸਥਿਤ ਦਫ਼ਤਰ 'ਚ ਪੇਸ਼ ਹੋਣ ਦੀ ਹਦਾਇਤ ਕੀਤੀ ਸੀ ਜਿਸ ਦੌਰਾਨ 18 ਦਸੰਬਰ ਨੂੰ ਮਜੀਠੀਆ ਤੋਂ ਤਕਰੀਬਨ ਸੱਤ ਘੰਟੇ ਪੁੱਛ ਪੜਤਾਲ ਕੀਤੀ ਗਈ। ਇਸ ਮਗਰੋਂ 30 ਦਸੰਬਰ ਨੂੰ ਵੀ ਉਨ੍ਹਾਂ ਦੀ ਅਗਵਾਈ ਹੇਠਾਂ ਸਿੱਟ ਨੇ ਚਾਰ ਘੰਟੇ ਪੁੱਛ ਪੜਤਾਲ ਕੀਤੀ ਸੀ। ਹੁਣ ਇਸ ਮਾਮਲੇ ਦੀ ਜਾਂਚ ਨੂੰ ਹਰਚਰਨ ਸਿੰਘ ਭੁੱਲਰ ਦੀ ਅਗਵਾਈ ਹੇਠਲੀ ਟੀਮ ਅੱਗੇ ਵਧਾਏਗੀ। ਇਨਵੈਸਟੀਗੇਸ਼ਨ ਬਿਊਰੋ ਦੇ ਏਡੀਜੀਪੀ ਤੇ ਡਾਇਰੈਕਟਰ ਐੱਲਕੇ ਯਾਦਵ ਨੇ ਅੱਜ ਡੀਜੀਪੀ ਗੌਰਵ ਯਾਦਵ ਦੀ ਪ੍ਰਵਾਨਗੀ ਮਗਰੋਂ ਇਸ ਸਬੰਧੀ ਹੁਕਮ ਜਾਰੀ ਕੀਤੇ ਹਨ। ਜ਼ਿਕਰਯੋਗ ਹੈ ਕਿ ਮਜੀਠੀਆ ਖ਼ ?ਲਾਫ਼ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਹੇਠਲੀ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ 20 ਦਸੰਬਰ 2021 ਨੂੰ ਕੇਸ ਦਰਜ ਕੀਤਾ ਗਿਆ ਸੀ ਅਤੇ ਐਫਆਈਆਰ ਦਰਜ ਕੀਤੇ ਜਾਣ ਮਗਰੋਂ ਪੁਲੀਸ ਦੇ ਵਧੀਕ ਇੰਸਪੈਕਟਰ ਜਨਰਲ ਬਲਰਾਜ ਸਿੰਘ ਦੀ ਅਗਵਾਈ ਹੇਠ ਵਿਸ਼ੇਸ਼ ਜਾਂਚ ਟੀਮ ਗਠਿਤ ਕੀਤੀ ਗਈ ਸੀ। ਇਸ ਕੇਸ ਦੀ ਜਾਂਚ ਲਈ ਹੁਣ ਗਠਿਤ ਕੀਤੀ ਗਈ ਚੌਥੀ ਸਿੱਟ ਹੈ।

# ਨਵਜੋਤ ਸਿੱਧੂ ਨੇ ਕੋਟਸ਼ਮੀਰ ਰੈਲੀ ਰੱਖ ਕੇ ਨਵੀਂ ਚੁਣੌਤੀ ਦਿੱਤੀ

ਚੰਡੀਗੜ੍ਹ : ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ 'ਜਿੱਤੇਗਾ ਪੰਜਾਬ, ਜਿੱਤੇਗੀ ਕਾਂਗਰਸ' ਦੇ ਬੈਨਰ ਹੇਠ ਹਲਕਾ ਬਠਿੰਡਾ ਦਿਹਾਤੀ 'ਚ ਹੋਣ ਵਾਲੀ ਰੈਲੀ ਵਿੱਚ ਸ਼ਾਮਲ ਹੋਣਗੇ। ਨਵਜੋਤ ਸਿੱਧੂ ਨੇ ਖੁਦ ਇਸ ਰੈਲੀ ਦਾ ਪੋਸਟਰ 'ਐਕਸ' 'ਤੇ ਸਾਂਝਾ ਕੀਤਾ ਹੈ। ਇਹ ਰੈਲੀ 7 ਜਨਵਰੀ ਨੂੰ ਬਠਿੰਡਾ ਦਿਹਾਤੀ ਹਲਕੇ ਦੇ ਪਿੰਡ ਕੋਟਸ਼ਮੀਰ ਵਿੱਚ ਹੋ ਰਹੀ ਹੈ। ਇਸ ਤੋਂ ਪਹਿਲਾਂ ਪਿੰਡ ਮਹਿਰਾਜ ਵਿੱਚ ਰੈਲੀ ਹੋਈ ਸੀ, ਜਿਸ ਮਗਰੋਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਸਿੱਧੂ ਨੂੰ ਨਿਸ਼ਾਨੇ 'ਤੇ ਲੈਂਦਿਆਂ ਵੱਖਰਾ ਅਖਾੜਾ ਨਾ ਲਾਉਣ ਦੀ ਨਸੀਹਤ ਦਿੱਤੀ ਸੀ।

ਇਹ ਮੁੱਦਾ ਇੰਨਾ ਭਖ ਗਿਆ ਸੀ ਕਿ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਵੀ ਬਿਨਾਂ ਨਾਮ ਲਿਆਂ ਆਖ ਦਿੱਤਾ ਸੀ ਕਿ ਕਿਸੇ ਨੇ ਵੀ ਅਨੁਸ਼ਾਸਨ ਭੰਗ ਕੀਤਾ



ਤਾਂ ਕਾਰਵਾਈ ਹੋਵੇਗੀ। ਉਪਰੋਂ, ਕਾਂਗਰਸ ਹਾਈਕਮਾਨ ਨੇ ਵੀ ਅਨੁਸ਼ਾਸਨ ਕਾਇਮ ਰੱਖਣ ਦੀ ਨਸੀਹਤ ਦਿੱਤੀ ਸੀ।

ਇਸ ਤੋਂ ਪਹਿਲਾਂ ਕਿ ਵਿਵਾਦ ਠੰਢਾ ਪੈਂਦਾ, ਨਵਜੋਤ ਸਿੱਧੂ ਨੇ ਦੂਸਰੀ ਰੈਲੀ ਦਾ ਐਲਾਨ ਕਰ ਦਿੱਤਾ ਹੈ ਜਿਸ ਦਾ ਪ੍ਰਬੰਧਕ ਹਲਕਾ ਦਿਹਾਤੀ ਬਠਿੰਡਾ ਤੋਂ ਚੋਣ ਲੜਨ ਵਾਲਾ ਕਾਂਗਰਸੀ ਆਗੂ ਹਰਵਿੰਦਰ ਸਿੰਘ ਲਾਡੀ ਹੈ। ਇਸ ਰੈਲੀ ਦੇ ਪੋਸਟਰ ਵਿੱਚ ਹਾਈਕਮਾਨ ਤੋਂ ਇਲਾਵਾ ਸੂਬਾਈ ਕਾਂਗਰਸ ਇੰਚਾਰਜ ਦਵੇਂਦਰ ਯਾਦਵ ਅਤੇ ਰਾਜਾ ਵੜਿੰਗ ਦੀਆਂ ਤਸਵੀਰਾਂ ਤਾਂ ਹਨ, ਪਰ ਪ੍ਰਤਾਪ ਸਿੰਘ ਬਾਜਵਾ ਦੀ ਤਸਵੀਰ ਨੂੰ ਪੋਸਟਰ ਵਿੱਚ ਕੋਈ ਥਾਂ ਨਹੀਂ ਦਿੱਤੀ ਗਈ ਹੈ।

ਸ੍ਰੀ ਸਿੱਧੂ ਦਾ ਤਰਕ ਹੈ ਕਿ ਉਹ ਕਾਂਗਰਸ ਦੀ ਮਜ਼ਬੂਤੀ ਲਈ ਕੰਮ ਕਰ ਰਹੇ ਹਨ ਤੇ ਇਸ ਵਿੱਚ ਕਿਸੇ ਤਰ੍ਹਾਂ ਦੀ ਕੋਈ ਅਨੁਸ਼ਾਸਨਹੀਣਤਾ ਨਹੀਂ ਹੈ। ਦੂਸਰੀ ਤਰਫ ਕਾਂਗਰਸ ਪਾਰਟੀ ਵੱਲੋਂ ਜਨਵਰੀ ਦੇ ਪਹਿਲੇ ਹਫਤੇ ਮੁਹਾਲੀ ਤੇ ਰੂਪਨਗਰ ਵਿੱਚ ਰੈਲੀਆਂ ਕਰਨ ਦਾ ਪ੍ਰੋਗਰਾਮ ਹੈ। ਦੇਖਣਾ ਹੋਵੇਗਾ ਕਿ ਨਵਜੋਤ ਸਿੱਧੂ ਹਾਈਕਮਾਨ ਵੱਲੋਂ ਕਹੀ ਜ਼ਾਬਤੇ ਦੀ ਗੱਲ ਕਿੰਨੀ ਕੁ ਮੰਨਦੇ ਹਨ। ਦੋ ਦਿਨ ਪਹਿਲਾਂ ਨਵਜੋਤ ਸਿੱਧੂ ਨੇ ਇਹ ਜ਼ਰੂਰ ਕਿਹਾ ਸੀ ਕਿ ਕੁੱਝ ਆਗੂ ਉਸ ਨੂੰ ਚੁੱਪ ਕਰਾ ਕੇ ਘਰੇ ਬਿਠਾਉਣਾ ਚਾਹੁੰਦੇ ਹਨ।

# ਕੈਲੀਫੋਰਨੀਆ 'ਚ ਵਿਧਾਇਕ ਬਣੇ ਬੋਪਾਰਾਏ ਦੇ ਘਰ ਵਧਾਈ ਦੇਣ ਪੁੱਜੇ ਸੰਧਵਾਂ

ਪਾਇਲ : ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਅੱਜ ਉਚੇਚੇ ਤੌਰ 'ਤੇ ਪਰਿਵਾਰ ਸਮੇਤ ਇਤਿਹਾਸਕ ਪਿੰਡ ਘੁਡਾਣੀ ਕਲਾਂ ਵਿੱਚ ਕੈਲੀਫੋਰਨੀਆ (ਕੈਨੇਡਾ) ਵਿੱਚ ਐੱਨਡੀਪੀ ਪਾਰਟੀ ਵੱਲੋਂ ਵਿਧਾਇਕ ਚੁਣੇ ਗਏ ਪਰਮੀਤ ਸਿੰਘ ਬੋਪਾਰਾਏ ਦੇ ਘਰ ਪੁੱਜੇ। ਇਸ ਮੌਕੇ ਸ੍ਰੀ ਸੰਧਵਾਂ ਨੇ ਪਰਮੀਤ ਸਿੰਘ ਬੋਪਾਰਾਏ ਦੇ ਪਰਿਵਾਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਘੁਡਾਣੀ ਕਲਾਂ ਦੇ ਜੰਮਪਲ ਪਰਮੀਤ ਸਿੰਘ ਨੇ ਪੂਰੀ ਦੁਨੀਆਂ ਵਿੱਚ ਆਪਣੇ ਪਿੰਡ ਤੇ ਖਿੱਤੇ ਦਾ ਨਾਂ ਰੋਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਵਿਧਾਇਕ ਪਰਮੀਤ ਸਿੰਘ ਬੋਪਾਰਾਏ ਨੇ ਕੈਨੇਡਾ ਵਿੱਚ ਪੰਜਾਬੀਆਂ ਨੂੰ ਦਰਪੇਸ਼ ਮੁਸ਼ਕਲਾਂ ਉੱਥੋਂ ਦੀ ਵਿਧਾਨ ਸਭਾ ਸਾਹਮਣੇ ਰੱਖੀਆਂ ਹਨ, ਜੋ ਬਹੁਤ ਚੰਗੀ ਗੱਲ ਹੈ। ਇਸ ਮੌਕੇ ਵਿਧਾਇਕ ਬੋਪਾਰਾਏ ਦੇ ਪਰਿਵਾਰਕ ਮੈਂਬਰਾਂ ਅਤੇ ਪਿੰਡ ਘੁਡਾਣੀ ਕਲਾਂ



ਦੇ ਵਸਨੀਕਾਂ ਨੇ ਸਪੀਕਰ ਸੰਧਵਾਂ, ਉਨ੍ਹਾਂ ਦੀ ਪਤਨੀ ਅਤੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦਾ ਲੋਈ ਤੇ ਸਿਰੋਪਾਓ ਦੇ ਕੇ ਸਨਮਾਨ ਕੀਤਾ। ਪਿੰਡ ਦੇ ਸਰਪੰਚ ਹਰਿੰਦਰਪਾਲ ਸਿੰਘ ਹਨੀ ਨੇ ਪਿੰਡ ਅੰਦਰ ਹੋ ਰਹੀਆਂ ਚੋਰੀਆਂ ਅਤੇ ਨਸ਼ਿਆਂ ਦੀ ਹੋ ਰਹੀ ਤਸਕਰੀ ਦੇ ਮੁੱਦਿਆਂ ਸਮੇਤ ਕਈ ਅਹਿਮ ਮੁੱਦੇ ਸ੍ਰੀ ਸੰਧਵਾਂ ਸਾਹਮਣੇ ਰੱਖੇ। ਕਾਰਗਿਲ ਦੇ ਸ਼ਹੀਦ ਸੁਖਚੈਨਦੀਪ ਸਿੰਘ ਬੋਪਾਰਾਏ ਦੇ ਭਰਾ ਨੇ ਵੀ ਕੁਝ ਲੋਕਾਂ ਵੱਲੋਂ ਉਸ ਦਾ ਪਲਾਟ ਦੱਬੇ ਜਾਣ ਦੀ ਸ਼ਿਕਾਇਤ ਸਪੀਕਰ ਕੋਲ ਕੀਤੀ। ਇਸ 'ਤੇ ਸ੍ਰੀ ਸੰਧਵਾਂ ਨੇ ਡੀਐੱਸਪੀ ਪਾਇਲ ਨਿਖਿਲ ਗਰਗ ਨੂੰ ਉਕਤ ਸਮੱਸਿਆਵਾਂ ਛੇਤੀ ਤੋਂ ਛੇਤੀ ਹੱਲ ਕਰਨ ਦੀ ਜ਼ਿੰਮੇਵਾਰੀ ਸੌਂਪੀ। ਇਸ ਮੌਕੇ ਉਨ੍ਹਾਂ ਪਰਿਵਾਰ ਸਮੇਤ ਗੁਰਦੁਆਰਾ ਚੋਲਾ ਸਾਹਿਬ ਮੱਥਾ ਟੇਕਿਆ। ਸ੍ਰੀ ਸੰਧਵਾਂ ਨੂੰ 'ਆਪ' ਆਗੂਆਂ ਵੱਲੋਂ ਗੁਲਦਸਤੇ ਵੀ ਭੇਟ ਕੀਤੇ ਗਏ।

# ਮਨੁੱਖੀ ਤਸਕਰੀ ਦੇ ਮਾਮਲੇ ਦੀ ਜਾਂਚ ਲਈ ਪੰਜਾਬ ਪੁਲਿਸ ਨੇ ਕੀਤੀ ਸਿੱਟ ਕਾਇਮ

ਚੰਡੀਗੜ੍ਹ : ਨਿਕਾਰਾਗੁਆ/ਫਰਾਂਸ ਮਨੁੱਖੀ ਤਸਕਰੀ ਦੇ ਮਾਮਲੇ ਵਿੱਚ ਪੰਜਾਬ ਪੁਲੀਸ ਨੇ ਵਿਸ਼ੇਸ਼ ਜਾਂਚ ਟੀਮ (ਸਿੱਟ) ਕਾਇਮ ਕੀਤੀ ਹੈ। ਬਿਊਰੋ ਆਫ ਇਨਵੈਸਟੀਗੇਸ਼ਨ ਦੇ ਡਾਇਰੈਕਟਰ ਐੱਲਕੇ ਯਾਦਵ ਨੇ ਚਾਰ ਮੈਂਬਰੀ ਐੱਸਆਈਟੀ ਵੱਲੋਂ ਜਾਂਚ ਦੇ ਹੁਕਮ ਜਾਰੀ ਕੀਤੇ ਹਨ। ਆਦੇਸ਼ ਵਿੱਚ ਕਿਹਾ ਗਿਆ ਹੈ,'ਨਿਕਾਰਾਗੁਆ ਮਨੁੱਖੀ ਤਸਕਰੀ ਦਾ ਮਾਮਲਾ ਮੀਡੀਆ ਰਾਹੀਂ ਸਾਹਮਣੇ ਆਇਆ ਹੈ। ਜਹਾਜ਼ ਵਿੱਚ 303 ਯਾਤਰੀਆਂ, ਜਿਨ੍ਹਾਂ ਵਿੱਚ ਜ਼ਿਆਦਾਤਰ ਪੰਜਾਬ ਅਤੇ ਗੁਜਰਾਤ ਨਾਲ ਸਬੰਧਤ ਸਨ। ਇਨ੍ਹਾਂ ਨੂੰ ਫਰਾਂਸੀਸੀ ਅਧਿਕਾਰੀਆਂ ਨੇ ਹਿਰਾਸਤ ਵਿੱਚ ਲਿਆ ਤੇ ਬਾਅਦ ਵਿੱਚ ਛੱਡਿਆ ਸੀ। ਮਾਮਲੇ ਦੀ ਸੰਵੇਦਨਸ਼ੀਲਤਾ ਅਤੇ ਗੰਭੀਰਤਾ ਦੇ ਮੱਦੇਨਜ਼ਰ ਮਨੁੱਖੀ ਤਸਕਰੀ ਦੇ ਅਪਰਾਧਾਂ ਦੀ ਜਾਂਚ ਕਰਨ ਲਈ ਵਿਸ਼ੇਸ਼ ਜਾਂਚ ਟੀਮ ਕਾਇਮ ਕੀਤੀ ਗਈ ਹੈ। ਐੱਸਆਈਟੀ ਦੇ ਮੁਖੀ ਐੱਸਪੀ ਰਣਧੀਰ ਕੁਮਾਰ ਅਤੇ ਮੈਂਬਰ ਜਸਰੂਪ ਕੌਰ ਬਾਠ, ਬਲਕਾਰ ਸਿੰਘ ਸੰਧੂ ਅਤੇ ਦਲਬੀਰ ਸਿੰਘ ਸਿੱਧੂ ਹੋਣਗੇ।



# ਨਵੇਂ 'ਹਿੱਟ ਐਂਡ ਰਨ' ਕਾਨੂੰਨ ਨੂੰ ਲੈ ਕੇ ਦੇਸ਼ 'ਚ ਹੰਗਾਮਾ

## ਪੰਜਾਬ, ਹਰਿਆਣ ਤੇ ਹਿਮਾਚਲ ਪ੍ਰਦੇਸ਼ ਦੇ ਪੈਟਰੋਲ ਪੰਪਾਂ 'ਤੇ ਲੱਗੀਆਂ ਲੰਮੀਆਂ ਕਤਾਰਾਂ













ਬੱਸ ਅਤੇ ਟੈਕਸੀ ਡਰਾਈਵਰਾਂ ਨੇ ਧਰਨਾ ਦਿੱਤਾ।

ਚੰਡੀਗੜ੍ਹ: ਨਵੇਂ 'ਹਿੱਟ ਐਂਡ ਰਨ' ਕਾਨੂੰਨ ਕਾਰਨ ਟਰੱਕ ਡਰਾਈਵਰਾਂ ਨੇ ਦੇਸ਼ ਭਰ ਦੀਆਂ ਸੜਕਾਂ ਜਾਮ ਕਰ ਦਿੱਤੀਆਂ ਹਨ। ਇਸ ਦੇ ਵਿਰੋਧ ਵਿੱਚ ਉੱਤਰੀ ਭਾਰਤ ਵਿੱਚ ਟਰੱਕਾਂ ਦੇ ਪਹੀਏ ਰੁਕ ਗਏ ਹਨ। ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ, ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਵਿੱਚ ਲਗਾਤਾਰ ਵਿਰੋਧ ਪ੍ਰਦਰਸ਼ਨ ਜਾਰੀ ਹਨ।
ਇੱਥੋਂ ਤੱਕ ਕਿ ਲੋਕਾਂ ਨੂੰ ਪੈਟਰੋਲ ਅਤੇ ਡੀਜ਼ਲ ਦੀ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜੇਕਰ ਹਿਮਾਚਲ ਦੀ ਗੱਲ ਕਰੀਏ ਤਾਂ ਇੱਥੋਂ ਦੇ 80 ਫੀਸਦੀ ਪੈਟਰੋਲ ਪੰਪਾਂ 'ਤੇ ਤੇਲ ਨਹੀਂ ਹੈ। ਹੁਣ ਚਰਚਾ ਦਾ ਵਿਸ਼ਾ ਇਹ ਹੈ ਕਿ ਇਸ ਨਵੇਂ ਕਾਨੂੰਨ ਦਾ ਵਿਰੋਧ ਸਿਰਫ਼ ਟਰੱਕ-ਟੈਂਕਰ ਡਰਾਈਵਰ ਹੀ ਕਿਉਂ ਕਰਦੇ ਹਨ।

**'ਹਿੱਟ ਐਂਡ ਰਨ' ਦੇ ਨਵੇਂ ਕਾਨੂੰਨ ਵਿਚ ਕੀ ਹੈ?** : ਦਰਅਸਲ, ਨਵੇਂ ਕਾਨੂੰਨ ਅਨੁਸਾਰ ਜੇਕਰ ਟਰੱਕ-ਟੈਂਕਰ ਚਾਲਕ ਕਿਸੇ ਨੂੰ ਕੁਚਲਣ ਤੋਂ ਬਾਅਦ ਨਹੀਂ ਰੁਕਦੇ ਅਤੇ ਪੀੜਤ ਨੂੰ ਹਸਪਤਾਲ ਲੈ ਕੇ ਜਾਂ ਪੁਲਿਸ ਪ੍ਰਸ਼ਾਸਨ ਨੂੰ ਸੂਚਿਤ ਕੀਤੇ ਬਿਨਾਂ ਭੱਜ ਜਾਂਦੇ ਹਨ, ਤਾਂ ਉਨ੍ਹਾਂ ਨੂੰ 10 ਸਾਲ ਤੱਕ ਦੀ ਕੈਦ ਅਤੇ ਵੱਧ ਤੋਂ ਵੱਧ ਜੁਰਮਾਨਾ ਹੋ ਸਕਦਾ ਹੈ। ਉਨ੍ਹਾਂ 'ਤੇ 7 ਲੱਖ ਰੁਪਏ ਤੱਕ ਦਾ ਜ਼ੁਰਮਾਨਾ ਲਗਾਇਆ ਜਾਵੇਗਾ। ਸਰਕਾਰੀ ਅੰਕੜਿਆਂ ਮੁਤਾਬਕ ਹਰ ਸਾਲ ਸੜਕ 'ਤੇ ਹਿੱਟ ਐਂਡ ਰਨ ਦੇ ਮਾਮਲਿਆਂ 'ਚ 50 ਹਜ਼ਾਰ ਲੋਕ ਮਰਦੇ ਹਨ। ਹੁਣ ਤੱਕ ਕਾਨੂੰਨ ਮੁਤਾਬਕ ਹਿੱਟ ਐਂਡ ਰਨ ਕੇਸ ਵਿੱਚ 2 ਸਾਲ ਦੀ ਕੈਦ ਦੀ ਵਿਵਸਥਾ ਸੀ ਅਤੇ ਜ਼ਮਾਨਤ ਮਿਲ ਜਾਂਦੀ ਸੀ।

**ਟਰੱਕ ਅਤੇ ਬੱਸ ਡਰਾਈਵਰ ਕਿਉਂ ਕਰ ਰਹੇ ਹਨ ਹੜਤਾਲ?** : ਜੇਕਰ ਕਿਸੇ ਵਾਹਨ ਕਾਰਨ ਕੋਈ ਹਾਦਸਾ ਹੋ ਜਾਂਦਾ ਹੈ ਅਤੇ ਕਿਸੇ ਨੂੰ ਕੁਚਲ ਦਿੱਤਾ ਜਾਂਦਾ ਹੈ ਤਾਂ ਨਵੇਂ ਕਾਨੂੰਨ ਨੇ ਡਰਾਈਵਰ ਲਈ ਇਹ ਮੁਸ਼ਕਲ ਬਣਾ ਦਿੱਤੀ ਹੈ ਕਿ ਜੇਕਰ ਉਹ ਹਾਦਸੇ ਤੋਂ ਬਾਅਦ ਮੌਕੇ 'ਤੇ ਰੁਕਦਾ ਹੈ ਤਾਂ ਭੀੜ ਹਿੰਸਕ ਹੋ ਸਕਦੀ ਹੈ, ਉਸ ਦੀ ਜਾਨ ਨੂੰ ਖਤਰਾ ਹੋ ਸਕਦਾ ਹੈ ਅਤੇ ਜੇ. ਭੱਜ ਜਾਂਦਾ ਹੈ, ਕਾਨੂੰਨ ਅਨੁਸਾਰ ਉਸ ਨੂੰ 10 ਸਾਲ ਤੱਕ ਦੀ ਕੈਦ ਅਤੇ 7 ਲੱਖ ਰੁਪਏ ਤੱਕ ਦਾ ਜੁਰਮਾਨਾ ਲਗਾਇਆ ਜਾਵੇਗਾ। ਟਰੱਕ-ਟੈਂਕਰ ਚਾਲਕਾਂ ਦਾ ਕਹਿਣਾ ਹੈ ਕਿ ਕਈ ਵਾਰ ਇਸ ਵਿੱਚ ਉਨ੍ਹਾਂ ਦਾ ਕੋਈ ਕਸੂਰ ਨਹੀਂ ਹੁੰਦਾ ਪਰ ਫਿਰ ਵੀ ਉਨ੍ਹਾਂ ਨੂੰ ਕਸੂਰਵਾਰ ਠਹਿਰਾਇਆ ਜਾਂਦਾ ਹੈ ਕਿਉਂਕਿ ਉਹ ਵੱਡੇ ਵਾਹਨ ਹਨ।
ਅਜਿਹੇ ਵਿੱਚ ਡਰਾਈਵਰਾਂ ਨੂੰ ਰਾਹਤ ਮਿਲੇਗੀ ਹਾਲਾਂਕਿ ਨਵੇਂ ਕਾਨੂੰਨ ਮੁਤਾਬਕ ਜੇਕਰ ਵਾਹਨ ਨੂੰ ਟੱਕਰ ਮਾਰਨ ਵਾਲਾ ਵਿਅਕਤੀ ਗਲਤ ਤਰੀਕੇ ਨਾਲ ਵਾਹਨ ਦੇ ਸਾਹਮਣੇ ਆਉਂਦਾ ਹੈ ਜਾਂ ਗੈਰ-ਕਾਨੂੰਨੀ ਤਰੀਕੇ ਨਾਲ ਸੜਕ ਪਾਰ ਕਰਦਾ ਹੈ ਤਾਂ ਅਜਿਹੇ ਮਾਮਲਿਆਂ 'ਚ ਵਾਹਨ ਚਾਲਕਾਂ ਨੂੰ ਰਾਹਤ ਮਿਲੇਗੀ। ਅਜਿਹੇ ਮਾਮਲਿਆਂ ਵਿੱਚ ਵੱਧ ਤੋਂ ਵੱਧ 5 ਸਾਲ ਦੀ ਸਜ਼ਾ ਅਤੇ ਜੁਰਮਾਨਾ ਹੋਵੇਗਾ। ਪਰ ਜੇਕਰ ਡਰਾਈਵਰ ਗਲਤ ਤਰੀਕੇ ਨਾਲ ਗੱਡੀ ਚਲਾ ਰਿਹਾ ਹੈ ਅਤੇ ਲਾਪਰਵਾਹੀ ਨਾਲ ਦੁਰਘਟਨਾ ਦਾ ਕਾਰਨ ਬਣਦਾ ਹੈ ਅਤੇ ਫਿਰ ਭੱਜ ਜਾਂਦਾ ਹੈ, ਤਾਂ ਡਰਾਈਵਰ ਨੂੰ 10 ਸਾਲ ਤੱਕ ਦੀ ਕੈਦ ਹੋਵੇਗੀ।

**ਟਿਕੈਤ ਵੱਲੋਂ ਹੜਤਾਲ ਦੀ ਹਮਾਇਤ**

ਨੋਇਡਾ: ਭਾਰਤੀ ਕਿਸਾਨ ਯੂਨੀਅਨ ਦੇ ਬੁਲਾਰੇ ਰਾਕੇਸ਼ ਟਿਕੈਤ ਨੇ ਟਰੱਕਾਂ ਦੀ ਹੜਤਾਲ ਦੀ ਹਮਾਇਤ ਕਰਦਿਆਂ ਕਿਹਾ ਕਿ ਜਦੋਂ ਉਨ੍ਹਾਂ ਦੀ ਸਲਾਹ ਬਿਨਾਂ ਕਾਨੂੰਨ ਬਣਾਏ ਜਾਂਦੇ ਹਨ ਤਾਂ ਵਿਰੋਧ ਵਜੋਂ ਲੋਕ ਸੜਕਾਂ 'ਤੇ ਉਤਰਦੇ ਹਨ ਤੇ ਅਜਿਹੇ ਪ੍ਰਦਰਸ਼ਨ ਹੁੰਦੇ ਹਨ। ਕਿਸਾਨ ਆਗੂ ਨੇ ਕਿਹਾ ਕਿ ਜਦੋਂ ਕੋਈ ਹਾਦਸੇ ਵਿੱਚ ਜ਼ਖ਼ਮੀ ਹੁੰਦਾ ਹੈ ਤਾਂ ਉਸ ਨੂੰ ਹਸਪਤਾਲ ਲਿਜਾਇਆ ਜਾਂਦਾ ਪਰ ਜਦੋਂ ਕੋਈ ਡਰਾਈਵਰ ਭੱਜਦਾ ਹੈ ਤਾਂ ਉਹ ਭੀੜ ਤੋਂ ਆਪਣੇ ਆਪ ਨੂੰ ਬਚਾਉਣ ਲਈ ਅਜਿਹਾ ਕਰਦਾ ਹੈ। ਉਨ੍ਹਾਂ ਕਿਹਾ ਕਿ ਜਾਂ ਤਾਂ ਭੀੜ ਉਸ ਨੂੰ ਮਾਰ ਦਿੰਦੀ ਹੈ ਜਾਂ ਕਾਨੂੰਨ ਉਸ ਦੀ ਹੱਤਿਆ ਕਰ ਦਿੰਦਾ ਹੈ। ਉਨ੍ਹਾਂ ਕਿਹਾ ਕਿ ਅਸੀਂ ਸਾਰੇ ਟਰਾਂਸਪੋਰਟਰਾਂ ਦੇ ਨਾਲ ਹਾਂ, ਬੀਕੇਯੂ ਉਨ੍ਹਾਂ ਦੇ ਨਾਲ ਹੈ।




ਸਿਟੀਜ਼ਨਸ਼ਿਪ (ਸੋਧ) ਬਿੱਲ ਦਾ ਵਿਰੋਧ





ਨਾਗਪੁਰ ਵਿੱਚ ਟਰੱਕ ਡਰਾਈਵਰਾਂ ਵੱਲੋਂ ਹਾਲ ਹੀ ਦੇ ਹਿੱਟ ਐਂਡ ਰਨ ਕਾਨੂੰਨ ਦੇ ਵਿਰੋਧ ਵਿੱਚ ਬਾਲਣ ਦੀ ਕਮੀ ਦੇ ਡਰੋਂ ਆਪਣੇ ਵਾਹਨਾਂ ਦੀਆਂ ਟੈਂਕੀਆਂ ਨੂੰ ਦੁਬਾਰਾ ਭਰਨ ਲਈ ਲੰਬੀਆਂ ਕਤਾਰਾਂ ਵਿੱਚ ਇੰਤਜ਼ਾਰ ਕੀਤਾ ਗਿਆ।



ਟਰੱਕ ਡਰਾਈਵਰਾਂ ਨੇ ਆਗਰਾ-ਦਿੱਲੀ ਨੈਸ਼ਨਲ ਹਾਈਵੇਅ-2 ਨੂੰ ਕੀਤਾ ਜਾਮ



ਬੱਸ ਅਤੇ ਟੈਕਸੀ ਡਰਾਈਵਰਾਂ ਨੇ ਧਰਨਾ ਦਿੱਤਾ।



ਸਿਟੀਜ਼ਨਸ਼ਿਪ (ਸੋਧ) ਬਿੱਲ ਦਾ ਵਿਰੋਧ

# 22 ਜਨਵਰੀ ਦਾ ਪੂਰੀ ਦੁਨੀਆਂ ਦੇ ਹਿੰਦੂਆਂ ਵਿਚ ਭਾਰੀ ਉਤਸ਼ਾਹ

## ਲੋਕ ਘਰਾਂ 'ਚ ਸ਼੍ਰੀ ਰਾਮ ਜੋਤ ਜਗਾਉਣ ਅਤੇ ਦੀਵਾਲੀ ਵਾਂਗ ਮਨਾਉਣ





ਅਯੋਧਿਆ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਨਿਚਰਵਾਰ ਨੂੰ ਦੇਸ਼ ਦੇ ਨਾਗਰਿਕਾਂ ਨੂੰ 22 ਜਨਵਰੀ ਨੂੰ ਅਯੁੱਧਿਆ ਨਾ ਜਾਣ ਦੀ ਅਪੀਲ ਕੀਤੀ ਅਤੇ ਕਿਹਾ ਕਿ (ਰਾਮ ਲਲਾ ਦਾ ਪ੍ਰਾਣ ਪ੍ਰਤਿਸ਼ਠਾ ਦਾ) ਪ੍ਰੋਗਰਾਮ ਵਿਧੀਪੂਰਵਕ ਹੋਣ ਤੋਂ ਬਾਅਦ ਹੀ ਲੋਕ ਅਪਣੀ ਸਹੂਲਤ ਅਨੁਸਾਰ ਅਯੁੱਧਿਆ ਆਉਣ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਨਿਚਰਵਾਰ ਨੂੰ ਅਯੁੱਧਿਆ ਦਾ ਦੌਰਾ ਕੀਤਾ ਅਤੇ 22 ਜਨਵਰੀ ਨੂੰ ਰਾਮ ਮੰਦਰ 'ਪ੍ਰਾਣ ਪ੍ਰਤਿਸ਼ਠਾ' ਸਮਾਰੋਹ ਤੋਂ ਪਹਿਲਾਂ ਇਕ ਰੈਲੀ ਨੂੰ ਸੰਬੋਧਨ ਕੀਤਾ। ਅਯੁੱਧਿਆ 'ਚ ਰਾਮ ਮੰਦਰ ਦਾ ਨਿਰਮਾਣ ਚੱਲ ਰਿਹਾ ਹੈ, ਜਿਸ ਦਾ ਪ੍ਰਾਣ ਪ੍ਰਤਿਸ਼ਠਾ ਸਮਾਰੋਹ 22 ਜਨਵਰੀ ਨੂੰ ਹੋਵੇਗਾ, ਜਿਸ 'ਚ ਮੋਦੀ ਸ਼ਾਮਲ ਹੋਣਗੇ।

ਰੈਲੀ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ, "ਮੈਂ ਸਾਰੇ ਦੇਸ਼ ਵਾਸੀਆਂ ਨੂੰ ਬੇਨਤੀ ਕਰਦਾ ਹਾਂ ਕਿ ਉਹ 22 ਜਨਵਰੀ ਨੂੰ ਅਯੁੱਧਿਆ ਆਉਣ ਦਾ ਮਨ ਨਾ ਬਣਾਉਣ। ਹਰ ਕੋਈ ਚਾਹੁੰਦਾ ਹੈ ਕਿ ਉਹ (ਲੋਕ) 22 ਜਨਵਰੀ ਨੂੰ ਵੇਖਣ ਲਈ ਅਯੁੱਧਿਆ ਆਉਣ ਪਰ ਤੁਸੀਂ ਇਹ ਵੀ ਜਾਣਦੇ ਹੋ ਕਿ ਹਰ ਕਿਸੇ ਦਾ ਆਉਣਾ ਸੰਭਵ ਨਹੀਂ ਹੈ।"

ਉਨ੍ਹਾਂ ਕਿਹਾ, "ਹਰ ਕਿਸੇ ਲਈ ਅਯੁੱਧਿਆ ਪਹੁੰਚਣਾ ਬਹੁਤ ਮੁਸ਼ਕਲ ਹੈ, ਇਸ ਲਈ ਦੇਸ਼ ਭਰ ਦੇ ਰਾਮ ਭਗਤਾਂ ਨੂੰ, ਖਾਸ ਕਰ ਕੇ ਉੱਤਰ ਪ੍ਰਦੇਸ਼ ਦੇ ਰਾਮ ਭਗਤਾਂ ਨੂੰ ਹੱਥ ਜੋੜ ਕੇ ਪ੍ਰਾਰਥਨਾ ਹੈ ਕਿ 22 ਜਨਵਰੀ ਨੂੰ ਵਿਧੀਪੂਰਵਕ ਪ੍ਰੋਗਰਾਮ ਹੋ ਜਾਣ ਮਗਰੋਂ 23 ਜਨਵਰੀ ਤੋਂ ਬਾਅਦ ਅਪਣੀ ਸਹੂਲਤ ਅਨੁਸਾਰ ਅਯੁੱਧਿਆ ਆਉ। 22 ਜਨਵਰੀ ਨੂੰ ਅਯੁੱਧਿਆ ਆਉਣ ਦਾ ਮਨ ਨਾ ਬਣਾਉ।"

ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਮੋਦੀ ਨੇ ਕਿਹਾ, "ਅਸੀਂ ਭਗਤ ਅਜਿਹਾ ਕੰਮ ਨਹੀਂ ਕਰ ਸਕਦੇ ਕਿ ਭਗਵਾਨ ਰਾਮ ਨੂੰ ਦੁੱਖ ਹੋਵੇ। ਭਗਵਾਨ ਸ਼੍ਰੀ ਰਾਮ ਜੀ ਆ ਰਹੇ ਹਨ, ਇਸ ਲਈ ਸਾਨੂੰ ਵੀ ਕੁੱਝ ਦਿਨ ਉਡੀਕ ਕਰਨੀ ਚਾਹੀਦੀ ਹੈ। ਜੇ ਤੁਸੀਂ ਸਾਢੇ ਪੰਜ ਸੌ ਸਾਲ ਇੰਤਜ਼ਾਰ ਕੀਤਾ ਹੈ, ਤਾਂ ਕੁੱਝ ਹੋਰ ਦਿਨ ਉਡੀਕ ਕਰੋ। ਇਸ ਲਈ ਸੁਰੱਖਿਆ ਅਤੇ ਵਿਵਸਥਾ ਦੇ ਲਿਹਾਜ਼ ਨਾਲ ਮੈਂ ਤੁਹਾਨੂੰ ਵਾਰ-ਵਾਰ ਬੇਨਤੀ ਕਰਦਾ ਹਾਂ ਕਿ ਕਿਰਪਾ ਕਰ ਕੇ ਭਗਵਾਨ ਰਾਮ ਦੇ ਦਰਸ਼ਨ ਕਰੋ, ਅਯੁੱਧਿਆ ਦਾ ਨਵਾਂ, ਸ਼ਾਨਦਾਰ, ਮੰਦਰ ਆਉਣ ਵਾਲੀਆਂ ਸਦੀਆਂ ਤਕ ਦਰਸ਼ਨਾਂ ਲਈ ਉਪਲਬਧ ਹੈ।"

ਉਨ੍ਹਾਂ ਇਹ ਵੀ ਕਿਹਾ, "ਮੈਂ ਅਯੁੱਧਿਆ ਦੀ ਇਸ ਪਵਿੱਤਰ ਧਰਤੀ ਤੋਂ 140 ਕਰੋੜ ਦੇਸ਼ ਵਾਸੀਆਂ ਨੂੰ ਪ੍ਰਾਰਥਨਾ ਕਰ ਰਿਹਾ ਹਾਂ, ਭਗਵਾਨ ਰਾਮ ਦੀ ਨਗਰੀ ਤੋਂ ਪ੍ਰਾਰਥਨਾ ਕਰ ਰਿਹਾ ਹਾਂ ਕਿ 22 ਜਨਵਰੀ ਨੂੰ ਜਦੋਂ ਭਗਵਾਨ ਰਾਮ ਅਯੁੱਧਿਆ 'ਚ ਬਿਰਾਜਮਾਨ ਹੋਣ ਤਾਂ ਤੁਸੀਂ ਅਪਣੇ ਘਰਾਂ 'ਚ ਸ਼੍ਰੀ ਰਾਮ ਜੋਤ ਜਗਾਉ ਅਤੇ ਦੀਵਾਲੀ ਮਨਾਉ। ਸ਼ਾਮ ਨੂੰ ਪੂਰੇ ਭਾਰਤ 'ਚ ਰੌਸ਼ਨੀ ਚੋਣੀ ਚਾਹੀਦੀ ਹੈ।"

ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਅਯੁੱਧਿਆ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਦੇਸ਼-ਦੁਨੀਆਂ ਦੇ ਮਹਿਮਾਨਾਂ ਦਾ ਸਵਾਗਤ ਕਰਨ ਲਈ ਤਿਆਰ ਰਹਿਣ। ਮੋਦੀ ਨੇ ਅਯੁੱਧਿਆ ਨੂੰ ਸਾਫ ਸੁਥਰਾ ਬਣਾਉਣ ਦੀ ਅਪੀਲ ਕੀਤੀ ਅਤੇ ਦੇਸ਼ ਭਰ ਦੇ ਲੋਕਾਂ ਨੂੰ ਬੇਨਤੀ ਕੀਤੀ ਕਿ ਉਹ ਵਿਸ਼ਾਲ ਰਾਮ ਮੰਦਰ ਦੇ ਨਿਰਮਾਣ ਤੋਂ ਪਹਿਲਾਂ 14 ਜਨਵਰੀ ਤੋਂ 22 ਜਨਵਰੀ ਤਕ ਦੇਸ਼ ਦੇ ਸਾਰੇ ਤੀਰਥ ਸਥਾਨਾਂ 'ਤੇ ਵੱਡੇ ਪੱਧਰ 'ਤੇ ਸਫਾਈ ਮੁਹਿੰਮ ਚਲਾਉਣ। ਉਨ੍ਹਾਂ ਲੋਕਾਂ ਨੂੰ 14 ਜਨਵਰੀ ਤੋਂ 22 ਜਨਵਰੀ ਤਕ ਸਵੱਛਤਾ ਮੁਹਿੰਮ ਚਲਾਉਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਮਕਰ ਸੰਕ੍ਰਾਂਤੀ ਦੇ ਦਿਨ ਤੋਂ ਹੀ ਸਵੱਛਤਾ ਦੀ ਵੱਡੀ ਮੁਹਿੰਮ ਚਲਾਈ ਜਾਣੀ ਚਾਹੀਦੀ ਹੈ।

# ਅਯੱਪਨ ਭਾਈਚਾਰੇ ਦੇ ਸੰਤਾਂ ਨੇ ਪਹਿਲੀ ਮੰਡਲਾ ਪੂਜਾ ਕੀਤੀ





ਮੁੰਬਈ : ਅਯੱਪਨ ਭਾਈਚਾਰੇ ਦੇ ਸੰਤਾਂ ਨੇ ਸੋਮਵਾਰ ਨੂੰ ਮੁੰਬਈ ਦੇ ਮਾਟੁੰਗਾ ਵਿਖੇ ਪਹਿਲੀ ਮੰਡਲਾ ਪੂਜਾ, ਉਸ ਤੋਂ ਬਾਅਦ ਰੁਦ੍ਰਾਭਿਸ਼ੇਕਮ, ਸ਼੍ਰੀ ਅਯੱਪਾ ਸਹਸ੍ਰਨਾਮਮ ਅਤੇ ਅਸ਼ੋਥਾਰਾਮ ਕੀਤੀ।

# ਰਾਜਨਾਥ ਵੱਲੋਂ ਲੜਕੀਆਂ ਦੇ ਪਹਿਲੇ ਸੈਨਿਕ ਸਕੂਲ ਦਾ ਉਦਘਾਟਨ

## ਸਕੂਲ ਦੇ ਉਦਘਾਟਨੀ ਸਮਾਗਮ ਵਿੱਚ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਵੱਲੋਂ ਸ਼ਮੂਲੀਅਤ





ਮਥੁਰਾ : ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਅੱਜ ਵਰਿੰਦਾਵਨ ਵਿੱਚ ਲੜਕੀਆਂ ਦੇ ਪਹਿਲੇ ਸੈਨਿਕ ਸਕੂਲ ਦਾ ਉਦਘਾਟਨ ਕੀਤਾ ਅਤੇ ਇਸ ਨੂੰ ਉਨ੍ਹਾਂ ਲੜਕੀਆਂ ਲਈ ਚਾਨਣ ਮੁਨਾਰਾ ਕਰਾਰ ਦਿੱਤਾ ਜੋ ਸੁਰੱਖਿਆ ਬਲਾਂ ਵਿੱਚ ਭਰਤੀ ਹੋ ਕੇ ਮਾਤ ਭੂਮੀ ਦੀ ਰੱਖਿਆ ਕਰਨਾ ਚਾਹੁੰਦੀਆਂ ਹਨ। ਕੇਂਦਰੀ ਰੱਖਿਆ ਮੰਤਰਾਲੇ ਅਨੁਸਾਰ ਸਮਵਿਦ ਗੁਰੂਕੁਲਮ ਗਰਲਜ਼ ਸੈਨਿਕ ਸਕੂਲ ਲਗਪਗ 870 ਵਿਦਿਆਰਥੀਆਂ ਦੀ ਗਿਣਤੀ ਵਾਲਾ ਲੜਕੀਆਂ ਦਾ ਪਹਿਲਾ ਸਕੂਲ ਹੈ। ਇਸ ਸਕੂਲ ਦਾ ਉਦਘਾਟਨ ਐਨਜੀਓਜ਼, ਨਿੱਜੀ, ਰਾਜ ਦੇ ਸਰਕਾਰੀ ਸਕੂਲਾਂ ਦੇ ਨਾਲ ਸਾਂਝੇਦਾਰੀ ਵਿੱਚ 100 ਨਵੇਂ ਸੈਨਿਕ ਸਕੂਲਾਂ ਦੀ ਸਥਾਪਨਾ ਤਹਿਤ ਕੀਤਾ ਗਿਆ ਹੈ। ਇਸ ਦੌਰਾਨ ਮੰਤਰਾਲੇ ਨੇ ਕਿਹਾ ਕਿ ਇਸ ਤੋਂ ਇਲਾਵਾ 33 ਸੈਨਿਕ ਸਕੂਲ ਪਹਿਲਾਂ ਤੋਂ ਕਾਰਜਸ਼ੀਲ ਹਨ। ਇਸ ਦੌਰਾਨ ਰੱਖਿਆ ਮੰਤਰਾਲੇ ਨੇ ਕਿਹਾ ਕਿ 100 ਨਵੇਂ ਸੈਨਿਕ ਸਕੂਲਾਂ ਦੀ ਸਥਾਪਨਾ ਦੇ ਉਦੇਸ਼ ਪਿੱਛੇ ਵਿਦਿਆਰਥੀਆਂ ਨੂੰ ਕੌਮੀ ਸਿੱਖਿਆ ਨੀਤੀ 2020 ਦੇ ਅਨੁਸਾਰ ਮਿਆਰੀ ਸਿੱਖਿਆ ਮੁਹੱਈਆ ਕਰਵਾਉਣਾ ਅਤੇ ਹਥਿਆਰਬੰਦ ਸੈਨਾਵਾਂ ਵਿੱਚ ਸ਼ਾਮਲ ਹੋਣ ਸਮੇਤ ਬਿਹਤਰ ਭਵਿੱਖ ਦੇ ਮੌਕੇ ਪ੍ਰਦਾਨ ਕਰਨਾ ਹੈ।

ਮੰਤਰਾਲੇ ਅਨੁਸਾਰ ਇਹ ਸਕੂਲ ਨੌਜਵਾਨਾਂ ਨੂੰ ਰਾਸ਼ਟਰ ਨਿਰਮਾਣ ਲਈ ਸਰਕਾਰ ਨਾਲ ਮਿਲ ਕੇ ਕੰਮ ਕਰਨ ਦਾ ਮੌਕਾ ਵੀ ਦਿੰਦਾ ਹੈ।

ਇਸ ਦੌਰਨ ਰਾਜਨਾਥ ਸਿੰਘ ਨੇ ਕਿਹਾ, "ਮੈਂ ਇਸ ਇਲਾਕੇ ਦੇ ਲੋਕਾਂ ਨੂੰ ਬਾਲਿਕਾ ਸੈਨਿਕ ਸਕੂਲ ਦੀ ਸਥਾਪਨਾ 'ਤੇ ਵਧਾਈ ਦਿੰਦਾ ਹਾਂ। ਇਸ ਦੇਸ਼ ਦੀ ਸੁਰੱਖਿਆ ਕਰਨ ਦਾ ਜਿੰਨਾ ਅਧਿਕਾਰ ਪੁਰਸ਼ਾਂ ਨੂੰ ਹੈ ਓਨਾ ਹੀ ਇਸ ਦੇਸ਼ ਦੀ ਨਾਰੀ ਸ਼ਕਤਾ ਨੂੰ ਵੀ ਹੈ। ਜਦੋਂ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਸਾਡੀ ਸਰਕਾਰ ਨੇ ਸੈਨਿਕ ਸਕੂਲ ਵਿੱਚ ਲੜਕੀਆਂ ਦੇ ਦਾਖ਼ਲੇ ਨੂੰ ਮਨਜ਼ੂਰੀ ਦਿੱਤੀ ਸੀ ਤਾਂ ਇਹ ਔਰਤਾਂ ਦੀ ਤਰੱਕੀ ਦੇ ਇਤਿਹਾਸ ਵਿੱਚ ਸੁਨਹਿਰੀ ਪਲਾਂ 'ਚੋਂ ਇੱਕ ਸੀ। ਮੈਨੂੰ ਖ਼ੁਸ਼ੀ ਹੈ ਕਿ ਇਸ ਮੌਕੇ ਯੋਗੀ ਆਦਿਤਿਆਨਾਥ ਨੇ ਸਕੂਲ ਦਾ ਉਦਘਾਟਨ ਕਰਨ ਮੌਕੇ ਮੇਰਾ ਸਾਥ ਦਿੱਤਾ। ਉਨ੍ਹਾਂ ਨੇ ਮੁੱਖ ਮੰਤਰੀ ਵਜੋਂ ਲੋਕਾਂ ਦੇ ਮਨਾਂ ਵਿੱਚ ਸੁਰੱਖਿਆ ਅਤੇ ਖੁਸ਼ਹਾਲੀ ਪੈਦਾ ਕੀਤੀ ਹੈ। "

ਰੱਖਿਆ ਮੰਤਰੀ ਸਿੰਘ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਆਪਣੇ ਸੰਦੇਸ਼ 'ਚ ਕਿਹਾ, "ਮੈਂ ਮਥੁਰਾ-ਵ੍ਰਿੰਦਾਵਨ ਸਥਿਤ ਵਾਤਸਲਿਆ ਗ੍ਰਾਮ 'ਚ ਕਰਵਾਏ ਮਾਂ ਸਾਧਵੀ ਰਿਤੰਭਰਾ ਦੇ ਸਮਾਗਮ ਵਿੱਚ ਹਿੱਸਾ ਲਿਆ। ਇਸ ਮੌਕੇ ਵਿਦਿਆਰਥਣਾਂ ਲਈ ਬਣੇ 'ਸੰਵਿਦ ਗੁਰੂਕੁਲਮ, ਸੈਨਿਕ ਸਕੂਲ' ਦਾ ਉਦਘਾਟਨ ਕੀਤਾ ਗਿਆ।" ਇਸ ਮੌਕੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਤੇ ਸੂਬਾ ਸਰਕਾਰ ਦੇ ਸੀਨੀਅਰ ਅਧਿਕਾਰੀ ਹਾਜ਼ਰ ਸਨ।

# ਆਰਿਫ਼ ਮੁਹੰਮਦ ਖ਼ਾਨ, ਇੰਦਰੇਸ਼ ਕੁਮਾਰ ਅਤੇ ਹੋਰਾਂ ਨੇ 'ਰਾਮ ਮੰਦਰ ਰਾਸ਼ਟਰ ਮੰਦਰ ਏਕ ਸਮਝੀ ਵਿਰਾਸਤ' ਪੁਸਤਕ ਕੀਤੀ ਰਿਲੀਜ਼



ਨਵੀਂ ਦਿੱਲੀ : ਕੇਰਲ ਦੇ ਰਾਜਪਾਲ ਆਰਿਫ ਮੁਹੰਮਦ ਖਾਨ, ਰਾਸ਼ਟਰੀ ਸਵੈਮ ਸੇਵਕ ਸੰਘ (ਆਰਐਸਐਸ) ਦੇ ਸੀਨੀਅਰ ਆਗੂ ਇੰਦਰੇਸ਼ ਕੁਮਾਰ, ਅਯੁੱਧਿਆ ਸ੍ਰੀ ਰਾਮ ਜਨਮ ਭੂਮੀ ਤੀਰਥ ਖੇਤਰ (ਟਰੱਸਟ) ਦੇ ਖਜ਼ਾਨਚੀ ਗੋਵਿੰਦ ਦੇਵ ਗਿਰੀ ਜੀ ਮਹਾਰਾਜ ਅਤੇ ਹੋਰਾਂ ਨੇ ਰਾਮ ਮੰਦਰ ਰਾਸ਼ਟਰ ਦੀ ਪੁਸਤਕ ਲਾਂਚ ਕੀਤੀ।

# ਨਿਤੀਸ਼ ਕੁਮਾਰ ਨੇ ਬਿਹਾਰ ਡਿਜ਼ਾਸਟਰ ਮੈਨੇਜਮੈਂਟ ਕੈਲੰਡਰ ਜਾਰੀ ਕੀਤਾ



ਪਟਨਾ: ਬਿਹਾਰ ਆਫ਼ਤ ਪ੍ਰਬੰਧਨ ਅਥਾਰਟੀ ਵੱਲੋਂ ਨਵੇਂ ਸਾਲ ਦਾ ਕੈਲੰਡਰ ਜਾਰੀ ਕੀਤਾ ਗਿਆ। ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਇਸ ਨੂੰ ਜਾਰੀ ਕੀਤਾ। ਅਥਾਰਟੀ ਦਾ ਡਿਜ਼ਾਸਟਰ ਰਿਸਕ ਰਿਡਕਸ਼ਨ ਕੈਲੰਡਰ-2024 ਮੁੱਖ ਮੰਤਰੀ ਹਾਊਸ, ਇਕ ਐਨੀ ਮਾਰਗ ਵਿਖੇ ਸਥਿਤ ਡਾਇਲਾਗ ਰੂਮ ਵਿੱਚ ਜਾਰੀ ਕੀਤਾ ਗਿਆ। ਇਸ ਮੌਕੇ ਅਥਾਰਟੀ ਦੇ ਵਾਈਸ ਚੇਅਰਮੈਨ ਡਾ.ਉਦੈ ਕਾਂਤ, ਮੈਂਬਰ ਪੀ.ਐਨ.ਰਾਏ, ਮੈਂਬਰ ਮਨੀਸ਼ ਕੁਮਾਰ ਵਰਮਾ, ਮੈਂਬਰ ਕੌਸ਼ਲ ਕਿਸ਼ੋਰ ਮਿਸ਼ਰਾ ਅਤੇ ਸਕੱਤਰ ਮੀਨੇਂਦਰ ਕੁਮਾਰ ਵੀ ਹਾਜ਼ਰ ਸਨ।

# ਨਵੇਂ ਸਾਲ 2024 ਦੇ ਪਹਿਲੇ ਦਿਨ ਕਾਰਤਵਯ ਪਾਠ 'ਤੇ ਭਾਰੀ ਭੀੜ ਕਾਰਨ ਮਾਨਸਿੰਘ ਰੋਡ ਕੀਤਾ ਬੰਦ



ਨਵੀਂ ਦਿੱਲੀ ਵਿਚ ਸੋਮਵਾਰ ਨੂੰ ਨਵੇਂ ਸਾਲ 2024 ਦੇ ਪਹਿਲੇ ਦਿਨ ਕਾਰਤਵਯ ਮਾਰਗ 'ਤੇ ਭਾਰੀ ਭੀੜ ਕਾਰਨ ਮਾਨਸਿੰਘ ਰੋਡ ਬੰਦ ਹੋਣ ਕਾਰਨ ਪੁਲਿਸ ਕਰਮਚਾਰੀਆਂ ਨੇ ਯਾਤਰੀਆਂ ਨੂੰ ਕਿਸੇ ਹੋਰ ਰਸਤੇ ਤੋਂ ਜਾਣ ਦੀ ਹਦਾਇਤ ਕੀਤੀ।

# ਪੁਲਿਸ ਅਧਿਕਾਰੀ ਅਤੇ ਸ਼ਰਧਾਲੂ ਮਖਦੂਮ ਅਲੀ ਮਹਿਮੀ ਦੇ ਜਲੂਸ 'ਚ ਲਿਆ ਹਿੱਸਾ



ਮੁੰਬਈ: ਪੁਲਿਸ ਅਧਿਕਾਰੀ ਅਤੇ ਸ਼ਰਧਾਲੂ ਬੁੱਧਵਾਰ ਨੂੰ ਮੁੰਬਈ ਵਿਚ ਉਰਸ ਸ਼ਰੀਫ ਦੇ ਜਸ਼ਨਾਂ ਦੇ ਹਿੱਸੇ ਵਜੋਂ ਮਾਹਿਮ ਥਾਣੇ ਤੋਂ ਮਖਦੂਮ ਅਲੀ ਮਹਿਮੀ ਦੇ ਜਲੂਸ ਵਿਚ ਹਿੱਸਾ ਲੈਂਦੇ ਹਨ।

# ਸਿੱਟ ਨੇ ਨਸ਼ਾ ਤਸਕਰੀ ਮਾਮਲੇ 'ਚ ਮਜੀਠੀਆ ਤੋਂ ਸਾਢੇ ਚਾਰ ਘੰਟੇ ਕੀਤੀ ਪੁੱਛ ਪੜਤਾਲ



ਪਟਿਆਲਾ : ਨਸ਼ਾ ਤਸਕਰੀ ਦੇ ਕੇਸ ਦੀ ਜਾਂਚ ਕਰ ਰਹੀ ਏਡੀਜੀਪੀ ਮੁਖਵਿੰਦਰ ਸਿੰਘ ਛੀਨਾ ਦੀ ਅਗਵਾਈ ਹੇਠਲੀ ਸਿੱਟ ਵੱਲੋਂ ਤਲਬ ਕਰਨ ਬਾਅਦ ਅਕਾਲੀ ਨੇਤਾ ਬਿਕਰਮ ਮਜੀਠੀਆ ਅੱਜ ਇਥੇ ਆਈਜੀ ਦਫਤਰ ਵਿਖੇ ਜਾਂਚ ਟੀਮ ਅੱਗੇ ਪੇਸ਼ ਹੋਇਆ। ਇਸ ਦੌਰਾਨ ਸਿੱਟ ਨੇ ਉਸ ਤੋਂ ਤਕਰੀਬਨ ਸਾਢੇ ਚਾਰ ਘੰਟੇ ਪੁੱਛ ਪੜਤਾਲ ਕੀਤੀ। ਉਹ ਸਵੇਰੇ ਸਾਢੇ ਗਿਆਰਾਂ ਵਜੇ ਆਈਜੀ ਦਫਤਰ ਵਿੱਚ ਗਿਆ ਤੇ ਤਕਰੀਬਨ ਚਾਰ ਵਜੇ ਬਾਹਰ ਆਇਆ। ਇਸ ਤਰ੍ਹਾਂ ਸਿੱਟ ਨੇ ਅੱਜ ਉਸ ਤੋਂ ਦੂਜੀ ਵਾਰ ਪੁੱਛ ਪੜਤਾਲ ਕੀਤੀ। ਪਹਿਲੀ ਵਾਰ ਮਜੀਠੀਆ ਤੋਂ ਇਸ ਮਾਮਲੇ ਵਿੱਚ 18 ਦਸੰਬਰ ਨੂੰ ਸੱਤ ਘੰਟੇ ਪੁੱਛ ਪੜਤਾਲ ਹੋਈ ਸੀ। ਉਸ ਤੋਂ ਬਾਅਦ ਵੀ ਸੰਮਨ ਭੇਜ ਕੇ ਸਿੱਟ ਨੇ 27 ਦਸੰਬਰ ਨੂੰ ਬੁਲਾਇਆ ਸੀ ਪਰ ਉਹ ਪੇਸ਼ ਨਹੀਂ ਹੋਇਆ ਸੀ। ਸ੍ਰੀ ਛੀਨਾ ਦੀ ਅਗਵਾਈ ਹੇਠਲੀ ਇਸ ਸਿੱਟ ਵਿੱਚ ਰਣਜੀਤ ਸਿੰਘ ਢਿੱਲੋਂ, ਏਸੀਪੀ ਹਰਵਿੰਦਰ ਸਿੰਘ ਵਿਰਕ ਤੇ ਡੀਐੱਸਪੀ ਜਸਵਿੰਦਰ ਸਿੰਘਟਿਵਾਣਾ ਸਮੇਤ ਹੋਰ ਮੈਂਬਰ ਵੀ ਸ਼ਾਮਲ ਹਨ।

# ਭਾਈ ਅੰਮ੍ਰਿਤਪਾਲ ਸਿੰਘ ਤੇ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਲਈ ਪੰਜ ਤਖਤ ਸਾਹਿਬਾਨ ਤੇ ਅਰਦਾਸ ਸਮਾਗਮਾਂ ਦੀ ਲੜੀ ਸੱਚਖੰਡ ਸ਼੍ਰੀ ਹਜੂਰ ਸਾਹਿਬ ਨਾਂਦੇੜ ਵਿਖੇ ਹੋਈ ਸੰਪੰਨ

***ਪੰਜਵੇਂ ਤੇ ਆਖਰੀ ਪੜਾਅ ਦੀ ਅਰਦਾਸ ਸਮਾਗਮ ਰੋਕਣ ਲਈ ਪਿਛਲੇ ਇਕ ਹਫਤੇ ਤੋਂ ਸਰਕਾਰ ਦੀ ਕੀਤੀ ਸਖਤੀ ਦੇ ਬਾਵਜੂਦ ਕਲਗੀਧਰ ਪਾਤਸ਼ਾਹ ਵਲੋਂ ਵਰਤਾਈ ਕਲਾ ਤੇ ਸੰਗਤਾਂ ਦੇ ਸਹਿਯੋਗ ਨਾਲ ਸਿਰੇ ਚੜ੍ਹੀ ॥***





ਹਜੂਰ ਸਾਹਿਬ ਨਾਂਦੇੜ/ਸ਼੍ਰੀ ਅੰਮ੍ਰਿਤਸਰ : ਭਾਈ ਅੰਮ੍ਰਿਤਪਾਲ ਸਿੰਘ ਤੇ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਲਈ ਪੰਜ ਤਖਤ ਸਾਹਿਬਾਨ ਤੇ ਅਰਦਾਸ ਸਮਾਗਮਾਂ ਦੀ ਲੜੀ ਸੱਚਖੰਡ ਸ਼੍ਰੀ ਹਜੂਰ ਸਾਹਿਬ ਨਾਂਦੇੜ ਵਿਖੇ ਸੰਪੰਨ ਹੋਈ। ਪੰਜਵੇਂ ਤੇ ਆਖਰੀ ਪੜਾਅ ਦੀ ਅਰਦਾਸ ਸਮਾਗਮ ਰੋਕਣ ਲਈ ਪਿਛਲੇ ਇਕ ਹਫਤੇ ਤੋ ਸਰਕਾਰ ਦੀ ਕੀਤੀ ਸਖਤੀ ਦੇ ਬਾਵਜੂਦ ਕਲਗੀਧਰ ਪਾਤਸ਼ਾਹ ਵਲੋਂ ਵਰਤਾਈ ਕਲਾ ਤੇ ਸੰਗਤਾਂ ਦੇ ਸਹਿਯੋਗ ਨਾਲ ਸਿਰੇ ਚੜ੍ਹੀ। ਆਖਰੀ ਪੜਾਅ ਦੇ ਅਰਦਾਸ ਸਮਾਗਮ ਵਿੱਚ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਤੀ ਅਰਦਾਸ ਵਿੱਚ ਉਸ ਦੇ ਮਾਤਾ ਪਿਤਾ ਬਾਕੀ ਸੰਗਤਾਂ ਦੇ ਨਾਲ ਸ਼ਾਮਲ ਹੋ ਸਕੇ।

ਇਸ ਸਬੰਧੀ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਮਾਤਾ ਬਲਵਿੰਦਰ ਕੌਰ ਨੇ ਕਿਹਾ ਕਿ ਇਸ ਅਰਦਾਸ ਸਮਾਗਮ ਨੂੰ ਰੋਕਣ ਲਈ ਪਹਿਲੇ ਦਿਨ ਤੋਂ ਹੀ ਉਥੋਂ ਦੀ ਪੁਲਿਸ ਫੋਰਸ ਦੇ ਵੱਡੇ ਵੱਡੇ ਅਫਸਰ ਆ ਕੇ ਬੈਠ ਗਏ ਅਤੇ ਦਬਾਅ ਬਣਾਉਣ ਲਗੇ ਕਿ ਇਹ ਸਮਾਗਮ ਨਾ ਹੋ ਸਕੇ। ਪੁਲਿਸ ਦਬਾਅ ਪਾਉਂਦੀ ਸੀ ਕਿ ਅਰਦਾਸ ਨਾਮ ਲੈ ਕੇ ਤੇ ਬੰਦੀ ਸਿੰਘਾਂ ਦਾ ਜ਼ਿਕਰ ਕਰਕੇ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪਹਿਲੇ ਚਾਰ ਤੱਖਤ ਸਾਹਿਬਾਨ ਤੇ ਅਖੰਡ ਪਾਠ ਸਾਹਿਬ ਤੱਖਤ ਸਾਹਿਬ ਦੇ ਚੌਗਿਰਦੇ ਵਿੱਚ ਕਿਸੇ ਹੋਰ ਸਥਾਨ ਤੇ ਹੁੰਦੇ ਸੀ ਤੇ ਬਾਦ ਵਿੱਚ ਅਰਦਾਸ ਤੱਖਤ ਸਾਹਿਬ ਦੇ ਸਾਹਮਣੇ ਖੜ੍ਹੇ ਹੋ ਕੇ ਸੰਗਤੀ ਰੂਪ ਵਿੱਚ ਹੁੰਦੀ ਸੀ ਪਰ ਕਲਗੀਧਰ ਪਾਤਸ਼ਾਹ ਨੇ ਐਸੀ ਕਲਾ ਵਰਤਾਈ ਕਿ ਇਸ ਵਾਰ ਸ਼੍ਰੀ ਅਖੰਡ ਪਾਠ ਸਾਹਿਬ ਤਖਤ ਸਾਹਿਬ ਦੇ ਅੰਦਰ ਹੀ ਨਾਲ ਵਾਲੇ ਕਮਰੇ ਵਿੱਚ ਹੋਏ ਅਤੇ ਭੋਗ ਵੇਲੇ ਹੀ ਅੰਮ੍ਰਿਤਪਾਲ ਸਿੰਘ ਤੇ ਸਮੂਹ ਬੰਦੀ ਸਿੰਘਾਂ ਦਾ ਬੋਲ ਕੇ ਅਰਦਾਸ ਹੋ ਗਈ। ਜੇਕਰ ਤੱਖਤ ਸਾਹਿਬ ਦੇ ਅੰਦਰ ਨਾਲ ਵਾਲੇ ਕਮਰੇ ਵਿੱਚ ਸ਼੍ਰੀ ਅਖੰਡ ਪਾਠ ਸਾਹਿਬ ਨਾ ਹੁੰਦੇ ਤਾਂ ਬਾਦ ਵਿੱਚ ਪਹੁੰਚੀ ਸੰਗਤ ਨੂੰ ਤਖਤ ਸਾਹਿਬ ਦੇ ਸਨਮੁਖ ਅਰਦਾਸ ਕਰਨ ਦੀ ਪੁਲਿਸ ਫੋਰਸ ਨੇ ਆਗਿਆ ਨਹੀ ਦੇਣੀ ਸੀ।

ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਜੋ ਤੱਖਤ ਸਾਹਿਬ ਦੇ ਅੰਦਰ ਹੀ ਸੀ ਭੋਗ ਦੀ ਅਰਦਾਸ ਸਮੇ ਸਵੇਰੇ ਅੱਠ ਵਜੇ ਹੀ ਭਾਈ ਅੰਮ੍ਰਿਤਪਾਲ ਸਿੰਘ ਤੇ ਸਮੂਹ ਬੰਦੀ ਸਿੰਘਾਂ ਦਾ ਨਾਮ ਲੈ ਕੇ ਅਰਦਾਸ ਹੋ ਗਈ।

ਇਸ ਉਪਰੰਤ ਪਹੁੰਚੀ ਹੋਈ ਸੰਗਤ ਬਜਿਦ ਸੀ ਕਿ ਬਾਦ ਵਿੱਚ ਤੱਖਤ ਸਾਹਿਬ ਦੇ ਸਨਮੁਖ ਬਾਹਰ ਖੜੇ ਹੋ ਕੇ ਸੰਗਤੀ ਰੂਪ ਵਿੱਚ ਵੀ ਨਾਮ ਲੈ ਕੇ ਬੰਦੀ ਸਿੰਘਾਂਦੀ ਰਿਹਾਈ ਦੀ ਅਰਦਾਸ ਕਰਨੀ ਹੈ। ਪ੍ਰੰਤੂ ਪੁਲਿਸ ਫੋਰਸ ਨੇ ਤੱਖਤ ਸਾਹਿਬ ਦੇ ਅਰਦਾਸੀਏ ਸਿੰਘ ਨੂੰ ਅਜਿਹਾ ਕਰਨ ਤੋਂ ਰੋਕ ਦਿੱਤਾ।

ਉਨਾਂ ਕਿਹਾ ਕਿ ਇਸ ਉਪਰੰਤ ਉਥੇ ਪਹੁੰਚੀ ਸੰਗਤ ਨੇ ਤੱਖਤ ਸਾਹਿਬ ਦੇ ਸਨਮੁਖ ਸੰਗਤੀ ਰੂਪ ਵਿੱਚ ਅਰਦਾਸ ਸ਼੍ਰੀ ਤਰਨਤਾਰਨ ਸਾਹਿਬ ਤੋ ਨਾਲ ਆਏ ਅਰਦਾਸੀਏ ਸਿੰਘ ਤੋਂ ਕਰਾਈ ਤੇ ਇਹ ਪੰਜਵੇਂ ਤੇ ਆਖਰੀ ਪੜਾਅ ਦਾ ਅਰਦਾਸ ਸਮਾਗਮ ਕਲਗੀਧਰ ਪਾਤਸ਼ਾਹ ਦੀ ਅਪਾਰ ਬਖਸ਼ਿਸ਼ ਸਦਕਾ ਸਿਰੇ ਚੜ੍ਹਿਆ।

ਉਨਾਂ ਕਿਹਾ ਕਿ ਪੰਜਾਂ ਤਖਤਾਂ ਤੇ ਭਾਈ ਅੰਮ੍ਰਿਤਪਾਲ ਸਿੰਘ ਤੇ ਸਮੂਹ ਬੰਦੀ ਸਿੰਘਾਂਦੀ ਰਿਹਾਈ ਲਈ ਉਲੀਕੇ ਅਰਦਾਸ ਸਮਾਗਮ ਨਿਰੋਲ ਧਾਰਮਿਕ ਪੱਖ ਤੋਂ ਅਧਿਆਤਮਕ ਆਸਥਾ ਵਜੋਂ ਕੀਤੇ ਗਏ ਹਨ। ਇਹ ਪ੍ਰੋਗਰਾਮ ਉਲੀਕਣ ਵਾਲੀ ਸੰਗਤ ਦਾ ਅਥਾਹ ਵਿਸ਼ਵਾਸ਼ ਹੈ ਕਿ ਪੰਜ ਤੱਖਤ ਸਾਹਿਬਾਨ ਤੇ ਇਸ ਅਰਦਾਸ ਦੀ ਸ਼ਕਤੀ ਦਾ ਸਦਕਾ ਕਲਗੀਧਰ ਪਾਤਸ਼ਾਹ ਕ੍ਰਿਸ਼ਮਾ ਵਰਤਾਉਣਗੇ ਤੇ ਜਲਦੀ ਹੀ ਭਾਈ ਅੰਮ੍ਰਿਤਪਾਲ ਸਿੰਘ ਤੇ ਬੰਦੀ ਸਿੰਘਾਂ ਦੀਆਂ ਰਿਹਾਈਆਂ ਹੋਣਗੀਆਂ।

ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਤਖਤ ਸਚਖੰਡ ਸ਼੍ਰੀ ਹਜੂਰ ਸਾਹਿਬ ਵਿਖੇ ਨਾਮ ਲੈ ਕੇ ਬੰਦੀ ਸਿੰਘਾਂਦੀ ਰਿਹਾਈ ਦਾ ਅਰਦਾਸ ਸਮਾਗਮ ਰੋਕਣ ਲਈ ਭਾਰਤ ਸਰਕਾਰ ਦੀਆਂ ਏਜੰਸੀਆਂ ਨੇ ਅੱਡੀ ਚੋਟੀ ਦਾ ਜੋਰ ਪਿਛਲੇ ਇਕ ਹਫਤੇ ਤੋਂ ਲਾਇਆ ਹੋਇਆ ਸੀ ਇਸ ਨਾਲ ਸਿੱਖਾਂ ਨੂੰ ਬਾਰ ਬਾਰ ਗੁਲਾਮੀ ਦਾ ਅਹਿਸਾਸ ਕਰਾਇਆ ਜਾ ਰਿਹਾ ਹੈ। ਸੋ ਸੰਗਤਾਂ ਭਾਈ ਅੰਮ੍ਰਿਤਪਾਲ ਸਿੰਘ ਵਲੋਂ ਰੋਡੇ ਵਿਖੇ ਗ੍ਰਿਫਤਾਰੀ ਦੇਣ ਸਮੇਂ ਜੋ ਖੰਡੇ ਬਾਟੇ ਦਾ ਅੰਮ੍ਰਿਤ ਛਕਣ ਦਾ ਸੱਦਾ ਦਿੰਦਿਆਂ ਖਾਸ ਕਰਕੇ ਨੌਜਵਾਨਾਂ ਨੂੰ ਜੋ ਅਪੀਲ ਕੀਤੀ ਸੀ ਵੱਧ ਤੋ ਵੱਧ ਨੌਜਵਾਨ ਨਸ਼ੇ ਛੱਡ ਕੇ ਕਲਗੀਧਰ ਪਾਤਸ਼ਾਹ ਦੇ ਲੜ ਲਗਣ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵਲੋਂ ਅਰੰਭੇ ਕੌਮੀ ਸੰਘਰਸ਼ ਨੂੰ ਪ੍ਰਚੰਡ ਕਰਨ ਇਸ ਵਿੱਚ ਹੀ ਜਾਲਮ ਸਰਕਾਰ ਦੀ ਹਾਰ ਹੈ। ਇਸ ਪ੍ਰੋਗਰਾਮ ਵਿੱਚ ਬਾਬਾ ਬਲਵਿੰਦਰ ਸਿੰਘ ਹਜੂਰ ਸਾਹਿਬ ਵਾਲਿਆਂ ਭਾਈ ਸੁਰਿੰਦਰ ਸਿੰਘ ਕਿਸ਼ਨਪੁਰਾ ਭਾਈ ਗੁਰਪ੍ਰੀਤ ਸਿੰਘ ਸਮੇਤ ਪੰਜਾਬ ਤੋਂ ਅਰਦਾਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਪਹੁੰਚੀਆਂ ਸੰਗਤਾਂ ਨੇ ਸਰਕਾਰ ਦੀ ਭਾਰੀ ਸਖਤੀ ਦੇ ਬਾਵਜੂਦ ਕਸ਼ਮਕਸ਼ ਦੇ ਚਲਦਿਆਂ ਵੱਡੀ ਗਿਣਤੀ ਵਿੱਚ ਹਾਜਰੀ ਭਰਦਿਆਂ ਅਰਦਾਸ ਸਮਾਗਮ ਨੂੰ ਕਲਗੀਧਰ ਪਾਤਸ਼ਾਹ ਦੀ ਕ੍ਰਿਪਾ ਸਦਕਾ ਸਿਰੇ ਚਾੜ੍ਹਿਆ।

ਇਸ ਦੇ ਨਾਲ ਹੀ ਮਾਤਾ ਬਲਵਿੰਦਰ ਕੌਰ ਨੇ ਗੁਰੂ ਸਾਹਿਬ ਦਾ ਇਹ ਪੰਜ ਤਖਤਾਂ ਤੇ ਅਰਦਾਸ ਸਮਾਗਮ ਸਿਰੇ ਚੜਾਉਣ ਲਈ ਕੋਟਿਨ ਕੋਟਿ ਸ਼ੁਕਰਾਨਾਂ ਕੀਤਾ। ਉਨ੍ਹਾਂ ਨਾਲ ਹੀ ਇਨਾਂ ਪੰਜਾਂ ਅਰਦਾਸ ਸਮਾਗਮ ਵਿੱਚ ਸ਼ਾਮਲ ਹੋਣ ਵਾਲੇ ਹਰੇਕ ਮਾਈ ਭਾਈ ਪ੍ਰਬੰਧਕ ਤੇ ਖਾਸ ਕਰ ਸਿੱਖ ਨੌਜਵਾਨੀ ਨੇ ਜੋ ਸਾਥ ਦਿੱਤਾ ਉਸ ਲਈ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਕਲਗੀਧਰ ਪਾਤਸ਼ਾਹ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਦੀ ਸੰਗਤਾਂ ਦੀਆਂ ਅਰਦਾਸਾਂ ਸੁਣਨਗੇ ਤੇ ਦੁਬਾਰਾ ਭਾਈ ਅੰਮ੍ਰਿਤਪਾਲ ਸਿੰਘ ਬਾਹਰ ਆ ਕੇ ਖਾਲਸਾ ਵਹੀਰ ਅਰੰਭ ਕਰਕੇ ਖੰਡੇ ਬਾਟੇ ਦਾ ਅੰਮ੍ਰਿਤ ਛਕਾਉਣ ਦੀ ਲਹਿਰ ਅਰੰਭਣਗੇ ਤਾਂ ਕਿ ਨੌਜਵਾਨੀ ਨੂੰ ਨਸ਼ੇ ਛੁਡਾ ਕੇ ਕੌਮੀ ਨਿਸ਼ਾਨੇ ਪ੍ਰਤੀ ਜਾਗਰੂਕ ਕੀਤਾ ਜਾ ਸਕੇ ।

# ਸ਼ਹੀਦ ਜਵਾਨ ਸ਼ਮਸ਼ੇਰ ਸਿੰਘ ਦਾ ਸਰਕਾਰੀ ਸਨਮਾਨਾਂ ਨਾਲ ਸਸਕਾਰ



ਅਜਨਾਲਾ : ਜ਼ਿਲ੍ਹਾ ਅੰਮ੍ਰਿਤਸਰ ਦੇ ਸਰਹੱਦੀ ਪਿੰਡ ਡੱਗ-ਤੂਤ ਦੇ ਫ਼ੌਜੀ ਜਵਾਨ ਸ਼ਮਸ਼ੇਰ ਸਿੰਘ ਦਾ ਅੱਜ ਉਸ ਦੇ ਜੱਦੀ ਪਿੰਡ ਵਿੱਚ ਅੰਤਿਮ ਸੰਸਕਾਰ ਕੀਤਾ ਗਿਆ। ਸ਼ਮਸ਼ੇਰ ਸਿੰਘ ਲੰਘੇ ਦਿਨ ਸਿਆਚਿਨ ਗਲੇਸ਼ੀਅਰ ਵਿੱਚ ਡਿਊਟੀ ਦੌਰਾਨ ਢਿੱਗ ਡਿੱਗਣ ਕਾਰਨ ਸ਼ਹੀਦ ਹੋ ਗਿਆ ਸੀ। ਇਸੇ ਦੌਰਾਨ ਪੀੜਤ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਪੁੱਜੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਪਿੰਡ ਦੀ ਸ਼ਹੀਦ ਦੀ ਯਾਦਗਾਰ ਬਣਾਈ ਜਾਵੇਗੀ ਅਤੇ ਪਰਿਵਾਰ ਨੂੰ ਹਰ ਸੰਭਵ ਆਰਥਿਕ ਸਹਾਇਤਾ ਮੁਹੱਈਆ ਕਰਵਾਈ ਜਾਵੇਗੀ।

# ਠੰਢੀਆਂ ਹਵਾਵਾਂ ਕਾਰਨ ਲੋਕਾਂ ਨੂੰ ਕਾਂਬਾ ਛਿੜਿਆ

ਚੰਡੀਗੜ੍ਹ : ਪੰਜਾਬ ਤੇ ਹਰਿਆਣਾ ਵਿੱਚ ਪਿਛਲੇ ਕਈ ਦਿਨਾਂ ਤੋਂ ਚੱਲ ਰਹੀਆਂ ਠੰਢੀਆਂ ਹਵਾਵਾਂ ਤੇ ਧੁੰਦ ਦਾ ਕਹਿਰ ਅੱਜ ਵੀ ਜਾਰੀ ਰਿਹਾ। ਇਥੇ ਸੀਤ ਲਹਿਰ ਨੇ ਲੋਕਾਂ ਨੂੰ ਕੰਬਣੀ ਛੇੜੀ ਰੱਖੀ। ਉੱਧਰ ਵੱਡੀ ਗਿਣਤੀ ਲੋਕਾਂ ਨੇ ਆਪਣੇ ਘਰਾਂ ਵਿੱਚ ਹੀ ਰਹਿਣ ਨੂੰ ਤਰਜੀਹ ਦਿੱਤੀ। ਅੱਜ ਠੰਢੀਆਂ ਹਵਾਵਾਂ ਕਾਰਨ ਪੰਜਾਬ ਵਿੱਚ ਦਿਨ ਵੇਲੇ ਦੇ ਤਾਪਮਾਨ ਵਿੱਚ 9 ਡਿਗਰੀ ਸੈਲਸੀਅਸ ਤੱਕ ਦੀ ਗਿਰਾਵਟ ਦਰਜ ਕੀਤੀ ਗਈ। ਮੌਸਮ ਵਿਗਿਆਨੀਆਂ ਨੇ ਸੂਬੇ ਵਿੱਚ ਅਗਲੇ ਤਿੰਨ-ਚਾਰ ਦਿਨ ਧੁੰਦ ਤੇ ਠੰਢ ਵਧਣ ਦੀ ਪੇਸ਼ੀਨਗੋਈ ਕੀਤੀ ਹੈ।



ਅੱਜ ਸਵੇਰ ਤੋਂ ਹੀ ਚੱਲ ਰਹੀਆਂ ਠੰਢੀਆਂ ਹਵਾਵਾਂ ਨੇ ਲੋਕਾਂ ਦੀ ਰੋਜ਼ਾਨਾ ਕੰਮ-ਕਾਰਾਂ ਦੀ ਰਫ਼ਤਾਰ ਹੌਲੀ ਕਰ ਦਿੱਤੀ। ਠੰਢੀਆਂ ਹਵਾਵਾਂ ਕਰਕੇ ਲੋਕਾਂ ਨੂੰ ਵਾਹਨ ਚਲਾਉਣ ਸਮੇਂ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਹੈ। ਇਸ ਕਰਕੇ ਬੱਸਾਂ ਤੇ ਰੇਲ ਗੱਡੀਆਂ ਤੈਅ ਸਮੇਂ ਤੋਂ ਦੇਰੀ ਨਾਲ ਚੱਲੀਆਂ। ਠੰਢ ਦੇ ਜ਼ੋਰ ਫੜਨ ਨਾਲ ਹੀ ਰੋਜ਼ਾਨਾ ਦਿਹਾੜੀ ਕਰਨ ਵਾਲੇ ਵਿਅਕਤੀਆਂ ਦਾ ਕੰਮਕਾਜ ਵੀ ਪ੍ਰਭਾਵਿਤ ਹੋ ਰਿਹਾ ਹੈ। ਮੌਸਮ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਅੱਜ ਦਿਨ ਸਮੇਂ ਚੰਡੀਗੜ੍ਹ ਦਾ ਤਾਪਮਾਨ 14.8 ਡਿਗਰੀ ਸੈਲਸੀਅਸ, ਅੰਮ੍ਰਿਤਸਰ ਵਿੱਚ 10.4 ਡਿਗਰੀ ਸੈਲਸੀਅਸ, ਲੁਧਿਆਣਾ ਵਿੱਚ 11.4 ਡਿਗਰੀ ਸੈਲਸੀਅਸ, ਪਟਿਆਲਾ ਵਿੱਚ 10.6 ਡਿਗਰੀ ਸੈਲਸੀਅਸ, ਪਠਾਨਕੋਟ ਵਿੱਚ 12.4 ਡਿਗਰੀ ਸੈਲਸੀਅਸ, ਫਰੀਦਕੋਟ ਵਿੱਚ 12.7 ਡਿਗਰੀ ਸੈਲਸੀਅਸ, ਬਠਿੰਡਾ ਵਿੱਚ 11.8 ਡਿਗਰੀ ਸੈਲਸੀਅਸ, ਬਰਨਾਲਾ ਵਿੱਚ 11.4 ਡਿਗਰੀ ਸੈਲਸੀਅਸ, ਫਿਰੋਜ਼ਪੁਰ ਵਿੱਚ 10.5 ਡਿਗਰੀ ਸੈਲਸੀਅਸ, ਮੋਗਾ ਵਿੱਚ 10.2 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ। ਇਹ ਤਾਪਮਾਨ ਆਮ ਨਾਲੋਂ 3 ਤੋਂ 9 ਡਿਗਰੀ ਸੈਲਸੀਅਸ ਤੱਕ ਘੱਟ ਦਰਜ ਕੀਤਾ ਗਿਆ।

# ਕੁੱਕੀ ਦਹਿਸ਼ਤਗਰਦਾਂ ਦੇ ਹਮਲੇ 'ਚ ਪੰਜ ਪੁਲਿਸ ਕਮਾਂਡੋਜ਼ ਸਣੇ ਛੇ ਜ਼ਖ਼ਮੀ

## *ਮਸ਼ਕੂਕ ਦਹਿਸ਼ਤਗਰਦਾਂ ਨੇ ਤਲਾਸ਼ੀ ਮੁਹਿੰਮ 'ਚ ਲੱਗੇ ਵਾਹਨਾਂ ਨੂੰ ਨਿਸ਼ਾਨਾ ਬਣਾਇਆ; ਮੁੱਖ ਮੰਤਰੀ ਬੀਰੇਨ ਸਿੰਘ ਵੱਲੋਂ ਹਮਲੇ ਦੀ ਨਿਖੇਧੀ*

ਇੰਫਾਲ : ਮਸ਼ਕੂਕ ਕੁੱਕੀ ਦਹਿਸ਼ਤਗਰਦਾਂ ਨੇ ਮਿਆਂਮਾਰ ਨਾਲ ਲੱਗਦੇ ਟੇਂਗਨੌਪਾਲ ਜ਼ਿਲ੍ਹੇ ਦੇ ਸਰਹੱਦੀ ਕਸਬੇ ਮੋਰੇਹ ਵਿਚ ਅੱਜ ਸੁਰੱਖਿਆ ਬਲਾਂ ਦੇ ਵਾਹਨਾਂ ਨੂੰ ਨਿਸ਼ਾਨਾ ਬਣਾਇਆ। ਇਸ ਹਮਲੇ ਵਿੱਚ ਛੇ ਸੁਰੱਖਿਆ ਮੁਲਾਜ਼ਮ ਜ਼ਖ਼ਮੀ ਹੋਏ ਹਨ ਜਿਨ੍ਹਾਂ ਵਿੱਚ ਬੀਐੱਸਐੱਫ ਦਾ ਜਵਾਨ ਤੇ ਮਨੀਪੁਰ ਪੁਲੀਸ ਦੇ ਪੰਜ ਕਮਾਂਡੋਜ਼ ਸ਼ਾਮਲ ਹਨ। ਪੁਲੀਸ ਅਧਿਕਾਰੀਆਂ ਨੇ ਕਿਹਾ ਕਿ ਜਦੋਂ ਹਮਲਾ ਹੋਇਆ ਉਦੋਂ ਪੁਲੀਸ ਕਮਾਂਡੋਜ਼ ਤੇ ਬੀਐੱਸਐੱਫ ਜਵਾਨ ਬਾਗੀਆਂ ਨੂੰ ਕਾਬੂ ਕਰਨ ਲਈ ਸਾਂਝੀ ਤਲਾਸ਼ੀ ਮੁਹਿੰਮ ਉੱਤੇ ਸਨ। ਸਾਰੇ ਜ਼ਖ਼ਮੀਆਂ ਨੂੰ ਏਅਰਲਿਫਟ ਕਰਕੇ ਇਲਾਜ ਲਈ ਇੰਫਾਲ ਦੇ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ। ਮੁੱਖ ਮੰਤਰੀ ਐੱਨ.ਬੀਰੇਨ ਸਿੰਘ ਨੇ ਹਮਲੇ ਦੀ ਨਿਖੇਧੀ ਕੀਤੀ ਤੇ ਹਸਪਤਾਲ ਜਾ ਕੇ ਜ਼ਖ਼ਮੀ ਸੁਰੱਖਿਆ ਬਲਾਂ ਦੀ ਖ਼ਬਰਸਾਰ ਲਈ। ਸਿੰਘ ਨੇ ਦਾਅਵਾ ਕੀਤਾ ਹਮਲੇ ਵਿਚ ਮਿਆਂਮਾਰ ਨਾਲ ਸਬੰਧਤ ਬਾਹਰੀ ਤਾਕਤਾਂ ਦਾ ਹੱਥ ਹੋ ਸਕਦਾ ਹੈ। ਉਨ੍ਹਾਂ ਕਿਹਾ ਹੈ ਕਿ ਮਨੀਪੁਰ ਵਿੱਚ ਵਾਪਰੀਆਂ ਹਿੰਸਕ ਘਟਨਾਵਾਂ ਤੋਂ ਉਹ ਚਿੰਤਤ ਹਨ ਤੇ ਸਰਕਾਰ ਵੱਲੋਂ ਕੀਤੀ ਜਾਣ ਵਾਲੀ ਸਖ਼ਤ ਕਾਰਵਾਈ, ਜਿਸ ਵਿੱਚ ਅਫਸਪਾ ਨੂੰ ਮੁੜ ਲਾਗੂ ਕਰਨਾ ਸ਼ਾਮਲ ਹੋ ਸਕਦਾ ਹੈ, ਲਈ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦੇਣ ਵਾਲੇ ਅਨਸਰ ਜ਼ਿੰਮੇਵਾਰ ਹੋਣਗੇ। ਇਸ ਤੋਂ ਪਹਿਲਾਂ ਸੋਮਵਾਰ ਸ਼ਾਮ ਨੂੰ ਮਨੀਪੁਰ ਦੇ ਥੌਬਲ ਜ਼ਿਲ੍ਹੇ ਦੇ ਲੀਲੌਂਗ ਚਿੰਗਜਾਓ ਵਿੱਚ ਪੁਲੀਸ ਵਰਦੀ ਵਿੱਚ ਆਏ ਹਥਿਆਰਬੰਦ ਹਮਲਾਵਰਾਂ ਵੱਲੋਂ ਕੀਤੀ ਗੋਲੀਬਾਰੀ ਵਿੱਚ ਚਾਰ ਵਿਅਕਤੀ ਹਲਾਕ ਤੇ 14 ਹੋਰ ਜ਼ਖ਼ਮੀ ਹੋ ਗਏ ਸਨ। ਅਧਿਕਾਰੀਆਂ ਨੇ ਕਿਹਾ ਕਿ ਇਸ ਹਮਲੇ ਵਿਚ ਪਾਬੰਦੀਸ਼ੁਦਾ ਪੀਪਲਜ਼ ਲਿਬਰੇਸ਼ਨ ਆਰਮੀ ਦਾ ਹੱਥ ਸੀ। ਅਧਿਕਾਰੀਆਂ ਨੇ ਕਿਹਾ ਕਿ ਅੱਜ ਇਕ ਹੋਰ ਮੌਤ ਨਾਲ ਹਮਲੇ ਵਿਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ ਚਾਰ ਹੋ ਗਈ ਹੈ ਜਦੋਂਕਿ ਇੰਫਾਲ ਅਧਾਰਿਤ ਹਸਪਤਾਲ 'ਚ ਜ਼ੇਰੇ ਇਲਾਜ ਦਸ ਜ਼ਖ਼ਮੀਆਂ ਵਿਚੋਂ ਦੋ ਦੀ ਹਾਲਤ ਨਾਜ਼ੁਕ ਹੈ। ਇਸ ਦੌਰਾਨ ਪੀਪਲਜ਼ ਲਿਬਰੇਸ਼ਨ ਆਰਮੀ ਦੇ ਸਿਆਸੀ ਵਿੰਗ ਦਿ ਰੈਵੋਲਿਊਸ਼ਨਰੀ ਪੀਪਲਜ਼ ਫਰੰਟ ਨੇ ਇਕ ਬਿਆਨ ਵਿੱਚ ਦਾਅਵਾ ਕੀਤਾ ਕਿ ਗੋਲੀਬਾਰੀ ਕਰਨ ਵਾਲੇ ਹਮਲਾਵਰ ਉਨ੍ਹਾਂ ਦੀ ਜਥੇਬੰਦੀ ਨਾਲ ਸਬੰਧਤ ਹਨ। ਇਸੇ ਦੌਰਾਨ ਇੰਫਾਲ ਵਾਦੀ ਦੇ ਪੰਜ ਜ਼ਿਲ੍ਹਿਆਂ 'ਚ ਕਰਫਿਊ ਵਿੱਚ ਰਾਹਤ ਦਿੱਤੀ ਗਈ ਹੈ।



# ਠੰਡ ਤੋਂ ਬਚਣ ਲਈ ਬਾਲੀਆਂ ਅੰਗੀਠੀਆਂ ਬਣ ਰਹੀਆਂ ਲੋਕਾਂ ਦੀ ਮੌਤ ਦਾ ਕਾਰਨ

ਇਨ੍ਹੀਂ ਦਿਨੀਂ ਦੇਸ਼ ਦੇ ਕਈ ਹਿੱਸਿਆਂ 'ਚ ਕੜਾਕੇ ਦੀ ਠੰਡ ਪੈਣ ਨਾਲ ਤਾਪਮਾਨ ਜ਼ੀਰੋ ਤੋਂ ਵੀ ਹੇਠਾਂ ਚਲਾ ਗਿਆ ਹੈ। ਅਜਿਹੇ 'ਚ ਤਾਪ ਲਈ ਕੁਝ ਲੋਕ ਕਮਰਿਆਂ 'ਚ ਅੰਗੀਠੀ ਬਾਲ ਕੇ ਸੌਣ ਕਾਰਨ ਜ਼ਹਿਰੀਲਾ ਧੂੰਆਂ ਚੜ੍ਹਨ ਕਾਰਨ ਮੌਤ ਦਾ ਸ਼ਿਕਾਰ ਹੋ ਰਹੇ ਹਨ।

ਕਮਰੇ 'ਚ ਲੱਕੜੀ ਜਾਂ ਕੋਲੇ ਦੀ ਅੰਗੀਠੀ ਬਾਲ ਕੇ ਰੱਖਣ ਨਾਲ ਆਕਸੀਜਨ ਦੀ ਕਮੀ ਹੋ ਜਾਂਦੀ ਹੈ ਅਤੇ ਕਾਰਬਨ ਮੋਨੋਆਕਸਾਈਡ ਸਿੱਧੀ ਦਿਮਾਗ 'ਤੇ ਅਸਰ ਪਾਉਂਦੀ ਹੈ, ਜੋ ਸਾਹ ਰਾਹੀਂ ਪੂਰੇ ਸਰੀਰ 'ਚ ਫੈਲ ਜਾਂਦੀ ਹੈ। ਇਸ ਨਾਲ ਸਰੀਰ 'ਚ ਹੀਮੋਗਲੋਬਿਨ ਘੱਟ ਹੋ ਜਾਣ ਕਾਰਨ ਵਿਅਕਤੀ ਦੀ ਮੌਤ ਹੋ ਜਾਂਦੀ ਹੈ। ਇਸੇ ਦਸੰਬਰ ਮਹੀਨੇ 'ਚ ਹੋਈਆਂ ਦਰਦਨਾਕ ਮੌਤਾਂ ਦੀਆਂ ਉਦਾਹਰਣਾਂ ਹੇਠਾਂ ਦਰਜ ਹਨ :



- 6 ਦਸੰਬਰ ਨੂੰ ਸ਼ਾਮਲੀ (ਉੱਤਰ ਪ੍ਰਦੇਸ਼) 'ਚ ਇਕ ਮਕਾਨ 'ਚ ਅੰਗੀਠੀ ਬਾਲ ਕੇ ਸੌਂ ਰਹੇ ਵਿਅਕਤੀ ਦੇ ਕੱਪੜਿਆਂ 'ਚ ਕਿਸੇ ਤਰ੍ਹਾਂ ਅੱਗ ਲੱਗ ਜਾਣ ਨਾਲ ਉਸ ਦੀ ਬੁਰੀ ਤਰ੍ਹਾਂ ਝੁਲਸ ਜਾਣ ਕਾਰਨ ਮੌਤ ਹੋ ਗਈ।
- 10 ਦਸੰਬਰ ਨੂੰ ਲਖਨਊ (ਉੱਤਰ ਪ੍ਰਦੇਸ਼) ਦੇ 'ਜਿਆਮਾਊ' 'ਚ ਆਪਣੇ ਕਮਰੇ 'ਚ ਖਿੜਕੀਆਂ ਬੰਦ ਕਰ ਕੇ ਅਤੇ ਅੰਗੀਠੀ ਬਾਲ ਕੇ ਸੌਂ ਰਹੀ ਐੱਮ.ਏ. ਦੀ ਵਿਦਿਆਰਥਣ ਸ਼ਰੇਆ ਯਾਦਵ ਦੀ ਸਾਹ ਘੁੱਟਣ ਨਾਲ ਮੌਤ ਹੋ ਗਈ।
- 10 ਦਸੰਬਰ ਨੂੰ ਹੀ ਪਟਨਾ (ਬਿਹਾਰ) ਦੇ ਪੰਡਾਰਕ ਥਾਣੇ ਦੇ 'ਪੈਠਾਨੀ ਚੱਕ' ਪਿੰਡ 'ਚ ਇਕ ਝੁੱਗੀ 'ਚ ਬਾਲੀ ਅੰਗੀਠੀ ਦੀ ਅੱਗ ਨਾਲ ਝੁਲਸ ਕੇ ਇਕ ਲੜਕੇ ਅਤੇ ਲੜਕੀ ਦੀ ਜਾਨ ਚਲੀ ਗਈ।
- 18 ਦਸੰਬਰ ਨੂੰ ਅਨੰਤਨਾਗ (ਜੰਮੂ-ਕਸ਼ਮੀਰ) ਦੇ 'ਬੀਜ ਬਹੇੜਾ' 'ਚ ਰਹਿਣ ਵਾਲਾ ਇਕ ਨੇਪਾਲੀ ਮਜ਼ਦੂਰ ਠੰਡ ਤੋਂ ਬਚਣ ਲਈ ਕਮਰੇ 'ਚ ਬਾਲੀ ਅੱਗ ਦੇ ਧੂੰਏਂ ਨਾਲ ਸਾਹ ਘੁੱਟਣ ਕਾਰਨ ਜਾਨ ਗੁਆ ਬੈਠਾ।
- 19 ਦਸੰਬਰ ਨੂੰ ਅਰੁਣਾਚਲ ਪ੍ਰਦੇਸ਼ 'ਚ ਚੀਨ ਦੀ ਸਰਹੱਦ ਦੇ ਨੇੜੇ ਪੋਸਟ 'ਤੇ ਤਾਇਨਾਤ ਇਕ ਮੇਜਰ ਦੀ ਹੱਟ 'ਚ ਸੌਣ ਦੇ ਦੌਰਾਨ ਠੰਡ ਤੋਂ ਬਚਣ ਲਈ ਬਾਲੀ ਬੁਖਾਰੀ (ਅੰਗੀਠੀ) 'ਚ ਲੱਗੀ ਅੱਗ ਨਾਲ ਸੜ ਕੇ ਮੌਤ ਹੋ ਗਈ।
- 21 ਦਸੰਬਰ ਨੂੰ ਹਜ਼ਾਰੀਬਾਗ (ਝਾਰਖੰਡ) ਦੇ 'ਰਸੂਲੀਗੰਜ' ਪਿੰਡ 'ਚ ਆਪਣੇ ਕਮਰੇ ਦਾ ਦਰਵਾਜ਼ਾ ਅਤੇ ਖਿੜਕੀਆਂ ਬੰਦ ਕਰ ਕੇ ਅਤੇ ਅੰਗੀਠੀ ਬਾਲ ਕੇ ਸੌਂ ਰਹੇ 7 ਵਿਅਕਤੀਆਂ 'ਚੋਂ 4 ਦੀ ਗੈਸ ਨਾਲ ਸਾਹ ਘੁੱਟਣ ਦੇ ਨਤੀਜੇ ਵਜੋਂ ਮੌਤ ਹੋ ਗਈ ਅਤੇ 3 ਹੋਰ ਗੰਭੀਰ ਤੌਰ 'ਤੇ ਝੁਲਸ ਗਏ।
- 21 ਦਸੰਬਰ ਨੂੰ ਹੀ ਸ਼੍ਰੀਨਗਰ (ਜੰਮੂ-ਕਸ਼ਮੀਰ) ਦੇ 'ਸ਼ਾਲਤਾਂਗ' ਖੇਤਰ 'ਚ ਇਕ ਕਮਰੇ 'ਚ ਗੈਸ ਹੀਟਰ ਚਲਾ ਕੇ ਸੌਂ ਰਹੇ ਪ੍ਰਵੇਜ਼ ਸ਼ੇਖ ਨਾਂ ਦੇ ਵਿਅਕਤੀ ਦੀ ਗੈਸ ਲੀਕ ਕਰ ਜਾਣ ਕਾਰਨ ਅੱਗ ਲੱਗਣ ਦੇ ਨਤੀਜੇ ਵਜੋਂ ਜਾਨ ਚਲੀ ਗਈ।
- 22 ਦਸੰਬਰ ਨੂੰ ਪੂਰਨੀਆ (ਬਿਹਾਰ) 'ਚ ਕਮਰੇ 'ਚ ਬਾਲੀ ਹੋਈ ਅੰਗੀਠੀ ਦੀ ਲਪੇਟ 'ਚ ਆਉਣ ਨਾਲ ਇਕ ਔਰਤ ਅਤੇ ਉਸ ਦੀ ਧੀ ਗੰਭੀਰ ਤੌਰ 'ਤੇ ਝੁਲਸ ਗਈਆਂ।
- 23 ਦਸੰਬਰ ਨੂੰ 'ਖੈਰਥਲ ਤਿਜਾਰਾ' (ਰਾਜਸਥਾਨ) 'ਚ ਇਕ ਕਮਰੇ 'ਚ ਹੀਟਰ ਕਾਰਨ ਰਜਾਈ ਨੂੰ ਲੱਗੀ ਅੱਗ ਦੇ ਨਤੀਜੇ ਵਜੋਂ ਦੀਪਕ ਯਾਦਵ ਅਤੇ ਉਸ ਦੀ 3 ਮਹੀਨੇ ਦੀ ਧੀ ਦੀ ਜ਼ਿੰਦਾ ਸੜ ਜਾਣ ਕਾਰਨ ਮੌਤ ਹੋ ਗਈ, ਜਦਕਿ ਉਸ ਦੀ ਪਤਨੀ ਗੰਭੀਰ ਤੌਰ 'ਤੇ ਝੁਲਸ ਗਈ।
- 24 ਦਸੰਬਰ ਨੂੰ ਜੈਤੋ (ਪੰਜਾਬ) ਦੇ ਅੰਬੇਡਕਰ ਨਗਰ 'ਚ ਕਮਰੇ 'ਚ ਠੰਡ ਤੋਂ ਬਚਣ ਲਈ ਬਾਲੀ ਹੋਈ ਅੰਗੀਠੀ ਦੀ ਅੱਗ 'ਚ ਝੁਲਸਣ ਦੇ ਨਤੀਜੇ ਵਜੋਂ ਬਿਮਲਾ ਦੇਵੀ ਨਾਂ ਦੀ ਔਰਤ ਦੀ ਮੌਤ ਹੋ ਗਈ।
- ਅਤੇ ਹੁਣ 28 ਦਸੰਬਰ ਨੂੰ ਦੱਖਣੀ ਦਿੱਲੀ ਦੇ ਫਤਹਿਪੁਰ ਬੇਰੀ 'ਚ ਇਕ ਕਮਰੇ 'ਚ ਬਲ ਰਹੀ ਅੰਗੀਠੀ ਨਾਲ ਅੱਗ ਲੱਗ ਜਾਣ ਕਾਰਨ ਉੱਥੇ ਸੌਂ ਰਹੇ ਅਤੇ ਬਾਊਂਸਰ ਦਾ ਕੰਮ ਕਰਨ ਵਾਲੇ ਇਕ ਵਿਅਕਤੀ ਦੀ ਝੁਲਸ ਜਾਣ ਨਾਲ ਜਾਨ ਚਲੀ ਗਈ।

ਉਕਤ ਸਾਰੀਆਂ ਘਟਨਾਵਾਂ ਦਾ ਸਬਕ ਇਹੀ ਹੈ ਕਿ ਕਮਰੇ 'ਚ ਅੰਗੀਠੀ ਨਹੀਂ ਬਾਲਣੀ ਚਾਹੀਦੀ ਅਤੇ ਜੇ ਬਾਲਣੀ ਹੀ ਪਵੇ ਤਾਂ ਸੌਣ ਤੋਂ ਪਹਿਲਾਂ ਉਸ ਨੂੰ ਬੁਝਾ ਦੇਣਾ ਚਾਹੀਦਾ ਹੈ ਤਾਂ ਕਿ ਧੂੰਆਂ ਪੈਦਾ ਨਾ ਹੋਵੇ। ਇਸ ਦੇ ਇਲਾਵਾ ਸੌਂਦੇ ਸਮੇਂ ਖਿੜਕੀ ਅਤੇ ਰੋਸ਼ਨਦਾਨ ਵੀ ਕੁਝ ਖੁੱਲ੍ਹੇ ਰੱਖਣੇ ਚਾਹੀਦੇ ਹਨ।

ਇਹ ਛੋਟੀਆਂ-ਛੋਟੀਆਂ ਪਰ ਮਹੱਤਵਪੂਰਨ ਸਾਵਧਾਨੀਆਂ ਅਪਣਾ ਕੇ ਅਸੀਂ ਇਸ ਤਰ੍ਹਾਂ ਦੇ ਹਾਦਸਿਆਂ ਤੋਂ ਬਚ ਸਕਦੇ ਹਾਂ। ਪ੍ਰਸ਼ਾਸਨ ਨੂੰ ਵੀ ਚਾਹੀਦਾ ਹੈ ਕਿ ਇਸ ਬਾਰੇ ਲੋਕਾਂ ਨੂੰ ਜਾਗਰੂਕ ਕਰੇ ਤਾਂ ਕਿ ਇਸ ਤਰ੍ਹਾਂ ਦੀਆਂ ਦਰਦਨਾਕ ਅਤੇ ਸਮੇਂ ਤੋਂ ਪਹਿਲਾਂ ਮੌਤਾਂ ਦੇ ਨਤੀਜੇ ਵਜੋਂ ਪਰਿਵਾਰ ਤਬਾਹ ਹੋਣ ਤੋਂ ਬਚ ਸਕਣ।

# ਖੰਨਾ 'ਚ ਕੌਮੀ ਮਾਰਗ 'ਤੇ ਤੇਲ ਟੈਂਕਰ ਨੂੰ ਭਿਆਨਕ ਅੱਗ ਲੱਗੀ

ਖੰਨਾ (ਬਿਊਰੋ) : ਅੱਜ ਖੰਨਾ 'ਚ ਸਥਿਤ ਨੈਸ਼ਨਲ ਹਾਈਵੇਅ ਤੋਂ ਲੰਘਦੇ ਫਲਾਈਓਵਰ 'ਤੇ ਤੇਲ ਨਾਲ ਭਰਿਆ ਟੈਂਕਰ ਪਲਟ ਗਿਆ। ਟੈਂਕਰ ਪਲਟਣ ਕਾਰਣ ਪੁਲ 'ਤੇ ਤੇਲ ਹੀ ਤੇਲ ਖਿਲਰ ਗਿਆ। ਇਸ ਦੌਰਾਨ ਟੈਂਕਰ ਦਾ ਚਾਲਕ ਅਤੇ ਹੋਰ ਲੋਕ ਅਜੇ ਹਾਲਾਤ ਦੇਖ ਹੀ ਰਹੇ ਸਨ ਕਿ ਅਚਾਨਕ ਟੈਂਕਰ 'ਚੋਂ ਡਿੱਗੇ ਤੇਲ ਨੂੰ ਅੱਗ ਲੱਗੀ ਅਤੇ ਅੱਗ ਦੇਖਦੇ ਹੀ ਦੇਖਦੇ ਭਿਆਨਕ ਰੂਪ ਧਾਰ ਗਈ। ਇਸ ਘਟਨਾ ਦੀ ਵੀਡੀਓ ਵੀ ਸਾਹਮਣੇ ਆਈ ਹੈ। ਜਿਸ ਵਿਚ ਸਾਫ ਦੇਖਿਆ ਜਾ ਸਕਦਾ ਹੈ ਕਿ ਕਿਵੇਂ ਅੱਗ ਮਿੰਟਾਂ ਵਿਚ ਖ਼ਤਰਨਾਕ ਰੂਪ ਧਾਰ ਲੈਂਦੀ ਹੈ। ਦੇਖਦਿਆਂ ਹੀ ਦੇਖਦਿਆਂ ਅੱਗ ਦੀਆਂ ਲਪਟਾਂ ਦੂਰ-ਦੂਰ ਤੱਕ ਫੈਲ ਗਈਆਂ।

ਜ਼ਿਕਰੋਯਗ ਹੈ ਕਿ ਇਸ ਖ਼ੌਫ਼ਨਾਕ ਮੰਜ਼ਰ ਨੂੰ ਦੇਖਣ ਵਾਲੇ ਲੋਕਾਂ 'ਚ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ। ਅੱਗ ਇੰਨੀ ਭਿਆਨਕ ਲੱਗੀ ਕਿ ਇਸ ਦੀਆਂ ਲਪਟਾਂ 100 ਮੀਟਰ ਦੂਰ ਤੱਕ ਫੈਲ ਗਈਆਂ ਅਤੇ ਕਾਫ਼ੀ ਉਚਾਈ ਤੱਕ



ਅੱਗ ਨੂੰ ਦੇਖ ਕੇ ਲੋਕਾਂ ਨੇ ਆਪਣੀਆਂ ਗੱਡੀਆਂ ਰੋਕ ਲਈਆਂ। ਫਿਲਹਾਲ ਘਟਨਾ ਮਗਰੋਂ ਨੈਸ਼ਨਲ ਹਾਈਵੇਅ ਨੂੰ ਬੰਦ ਕਰ ਦਿੱਤਾ ਗਿਆ ਅਤੇ ਸਰਵਿਸ ਲੇਨ ਤੋਂ ਟ ?ੈਫਿਕ ਚਾਲੂ ਰੱਖਿਆ ਗਿਆ। ਐੱਸ. ਐੱਸ. ਪੀ. ਅਮਨੀਤ ਕੌਂਡਲ ਵਲੋਂ ਮੌਕੇ 'ਤੇ ਡੀ. ਐੱਸ. ਪੀ. ਰਾਜੇਸ਼ ਕੁਮਾਰ ਨੂੰ ਭੇਜਿਆ ਗਿਆ ਅਤੇ ਇਲਾਕੇ ਨੂੰ ਸੀਲ ਕਰ ਦਿੱਤਾ ਗਿਆ। ਫਾਇਰ ਅਫ਼ਸਰ ਦਾ ਕਹਿਣਾ ਹੈ ਕਿ ਪੂਰੇ ਇਲਾਕੇ 'ਚ ਅੱਗ ਕੰਟਰੋਲ ਕਰਨ ਤੋਂ ਬਾਅਦ ਡੀਜ਼ਲ ਦਾ ਪ੍ਰਭਾਵ ਖ਼ਤਮ ਕੀਤਾ ਜਾਵੇਗਾ, ਜਿਸ ਤੋਂ ਬਾਅਦ ਰੋਡ ਖੋਲ੍ਹਿਆ ਜਾਵੇਗਾ।

**ਲੁਧਿਆਣਾ ਤੋਂ ਅੰਬਾਲਾ ਵੱਲ ਜਾ ਰਿਹਾ ਸੀ ਟੈਂਕਰ :** ਜਾਣਕਾਰੀ ਮੁਤਾਬਕ ਟਰਾਈਕ ਡਰਾਈਵਰਾਂ ਦੀ ਹੜਤਾਲ ਖ਼ਤਮ ਹੋਣ ਤੋਂ ਬਾਅਦ ਲੁਧਿਆਣਾ ਵੱਲੋਂ ਡੀਜ਼ਲ ਦਾ ਟੈਂਕਰ ਅੰਬਾਲਾ ਵੱਲ ਸਪਲਾਈ ਦੇਣ ਜਾ ਰਿਹਾ ਸੀ। ਪਤਾ ਨਹੀਂ ਕਿਵੇਂ ਅਮਲੋਹ ਰੋਡ ਚੌਂਕ ਨੇੜੇ ਪੁਲ 'ਤੇ ਟੈਂਕਰ ਨੂੰ ਅੱਗ ਲੱਗ ਗਈ।

# ਗੁਰੂਗ੍ਰਾਮ ਨੇੜੇ ਤੇਂਦੁਏ ਨੂੰ ਬਚਾਇਆ; 13 ਸਾਲਾ ਨੌਜਵਾਨ ਜ਼ਖਮੀ



ਗੁਰੂਗ੍ਰਾਮ : ਗੁਰੂਗ੍ਰਾਮ ਦੇ ਜੰਗਲਾਤ ਵਿਭਾਗ ਦੇ ਇੰਸਪੈਕਟਰ ਰਾਜੇਸ਼ ਚਹਿਲ ਨੇ ਦੱਸਿਆ ਕਿ ਉਨ੍ਹਾਂ ਨੇ ਸਿਟੀ ਪੁਲਸ ਦੀ ਮਦਦ ਨਾਲ ਚੀਤੇ ਨੂੰ ਕਾਬੂ ਕਰ ਲਿਆ।

ਇਸ ਮਾਮਲੇ ਤੋਂ ਜਾਣੂ ਅਧਿਕਾਰੀਆਂ ਨੇ ਦੱਸਿਆ ਕਿ ਬੁੱਧਵਾਰ ਸਵੇਰੇ ਗੁਰੂਗ੍ਰਾਮ ਦੇ ਨੇੜੇ ਇੱਕ ਪਿੰਡ ਵਿੱਚ ਇੱਕ ਚੀਤਾ ਆਵਾਰਾ ਆਇਆ ਅਤੇ ਇੱਕ 13 ਸਾਲ ਦੇ ਲੜਕੇ ਨੂੰ ਜ਼ਖਮੀ ਕਰ ਦਿੱਤਾ, ਇਸ ਮਾਮਲੇ ਤੋਂ ਜਾਣੂ ਅਧਿਕਾਰੀਆਂ ਨੇ ਕਿਹਾ ਕਿ ਜੰਗਲੀ ਜੀਵ ਵਿਭਾਗ ਅਤੇ ਪੁਲਿਸ ਦੁਆਰਾ 6 ਘੰਟੇ ਦੀ ਕਾਰਵਾਈ ਤੋਂ ਬਾਅਦ ਜਾਨਵਰ ਨੂੰ ਬਚਾਇਆ ਗਿਆ।

ਅਧਿਕਾਰੀਆਂ ਨੇ ਦੱਸਿਆ ਕਿ ਇਹ ਘਟਨਾ ਨਰਸਿੰਘਪੁਰ 'ਚ ਵਾਪਰੀ, ਜੋ ਕਿ ਗੁਰੂਗ੍ਰਾਮ ਤੋਂ 8 ਕਿਲੋਮੀਟਰ ਦੂਰ ਦਿੱਲੀ-ਗੁੜਗਾਓਂ ਐਕਸਪ੍ਰੈਸਵੇਅ 'ਤੇ ਖੇਰਕੀ ਦੌਲਾ ਨੇੜੇ ਹੈ। ਉਨ੍ਹਾਂ ਦੱਸਿਆ ਕਿ ਤੇਂਦੂਆ ਸਵੇਰੇ 6 ਵਜੇ ਪਿੰਡ ਵਿੱਚ ਦਾਖਲ ਹੋਇਆ, ਦੇਵੀ ਲਾਲ ਦੇ ਘਰ ਵਿੱਚ ਛਾਲ ਮਾਰ ਗਿਆ - ਜਿੱਥੇ ਉਸਨੇ 13 ਸਾਲਾ ਪ੍ਰਭਾਤ ਮਿਸ਼ਰਾ ਨੂੰ ਜ਼ਖਮੀ ਕਰ ਦਿੱਤਾ - ਅਤੇ ਜਦੋਂ ਪਰਿਵਾਰ ਨੇ ਅਲਾਰਮ ਕੀਤਾ, ਤਾਂ ਉਹ ਸਤਬੀਰ ਤੰਵਰ ਦੇ ਘਰ ਵਿੱਚ ਛਾਲ ਮਾਰ ਗਿਆ, ਜਿੱਥੇ ਉਹ ਫਸ ਗਿਆ। ਅਤੇ ਆਖਰਕਾਰ ਤੋਂ ਬਚਾਇਆ ਗਿਆ।

"ਚੀਤਾ ਫਿੱਟ ਸੀ ਅਤੇ ਜ਼ਖਮੀ ਨਹੀਂ ਹੋਇਆ ਹੈ। ਅਜਿਹਾ ਲਗਦਾ ਹੈ ਕਿ ਇਹ ਗੁਆਂਢੀ ਅਰਾਵਲੀਸ ਤੋਂ ਇਸ ਖੇਤਰ ਵਿੱਚ ਆਇਆ ਹੈ, ਜਿੱਥੇ ਕਈ ਵਾਰ ਵੱਡੀਆਂ ਬਿੱਲੀਆਂ ਭੂਗੋਲਿਕ ਖੇਤਰ 'ਤੇ ਹਾਵੀ ਹੋਣ ਦੀ ਕੋਸ਼ਿਸ਼ ਕਰਦੀਆਂ ਹਨ ਅਤੇ ਛੋਟੇ ਚੀਤਿਆਂ ਨੂੰ ਆਪਣੇ ਖੇਤਰ ਤੋਂ ਬਾਹਰ ਧੱਕ ਦਿੰਦੀਆਂ ਹਨ, ਅਨਿਲ ਗੰਡਾਸ, ਇੱਕ ਜੰਗਲੀ ਜੀਵ ਕਾਰਜਕਰਤਾ, ਜਿਸਨੇ ਬਚਾਅ ਕਾਰਜ ਵਿੱਚ ਹਿੱਸਾ ਲਿਆ ਸੀ, ਨੇ ਕਿਹਾ।

ਜੰਗਲੀ ਜੀਵ ਅਧਿਕਾਰੀਆਂ ਨੇ ਦੱਸਿਆ ਕਿ ਚੀਤਾ ਨਰ ਹੈ, ਸਿਰਫ 4 ਸਾਲ ਦਾ ਹੈ, ਅਤੇ ਸ਼ਾਇਦ ਭੋਜਨ ਦੀ ਭਾਲ ਵਿੱਚ ਪਿੰਡ ਵਿੱਚ ਦਾਖਲ ਹੋਇਆ ਸੀ। ਉਨ੍ਹਾਂ ਨੂੰ ਇਹ ਵੀ ਸ਼ੱਕ ਹੈ ਕਿ ਇਹ ਉਹੀ ਜਾਨਵਰ ਹੈ ਜੋ ਪਿੰਡ ਦੇ ਨੇੜੇ ਪਿਛਲੇ ਚਾਰ ਮਹੀਨਿਆਂ ਵਿੱਚ ਕਈ ਵਾਰ ਦੇਖਿਆ ਗਿਆ ਸੀ - ਖਾਸ ਕਰਕੇ ਜੰਗਲੀ ਜ਼ਮੀਨ ਵਿੱਚ, ਜਿੱਥੇ ਗਲੋਬਲ ਸਿਟੀ ਪ੍ਰੋਜੈਕਟ ਆ ਰਿਹਾ ਹੈ।

### *ਮਨੁੱਖੀ ਤਸਕਰੀ ਦਾ ਮਾਮਲਾ*

# ਫ਼ਰਾਂਸ 'ਚ ਰੋਕੇ ਗਏ 303 ਯਾਤਰੀਆਂ ਨੂੰ ਮੁੰਬਈ ਹਵਾਈ ਅੱਡੇ ਉਤਾਰਿਆ ਜਹਾਜ਼

ਮੁੰਬਈ/ਪੈਰਿਸ: ਮਨੁੱਖੀ ਤਸਕਰੀ ਦੇ ਸ਼ੱਕ ਵਿਚ ਫਰਾਂਸੀਸੀ ਅਧਿਕਾਰੀਆਂ ਵਲੋਂ ਹਿਰਾਸਤ ਵਿਚ ਲਏ ਜਾਣ ਦੇ ਤਿੰਨ ਦਿਨ ਬਾਅਦ 303 ਯਾਤਰੀਆਂ ਨੂੰ ਲੈ ਕੇ ਇਕ ਜਹਾਜ਼ ਦੇ ਸੋਮਵਾਰ ਦੇਰ ਰਾਤ ਮੁੰਬਈ ਹਵਾਈ ਅੱਡੇ 'ਤੇ ਉਤਾਰਿਆ ਗਿਆ। ਯਾਤਰੀਆਂ ਵਿਚ ਜ਼ਿਆਦਾਤਰ ਭਾਰਤੀ ਹਨ। ਇਕ ਸੂਤਰ ਨੇ ਇਹ ਜਾਣਕਾਰੀ ਦਿਤੀ। ਰੋਮਾਨੀਆ ਦੀ ਲੀਜੈਂਡ ਏਅਰਲਾਈਨਜ਼ ਵਲੋਂ ਸੰਚਾਲਿਤ ਏ340 ਜਹਾਜ਼ ਦੇ ਦੇਰ ਰਾਤ ਕਰੀਬ 1 ਵਜੇ ਮੁੰਬਈ ਹਵਾਈ ਅੱਡੇ 'ਤੇ ਉਤਾਰਿਆ ਗਿਆ ਹੈ। ਜਹਾਜ਼ ਨੂੰ ਫਰਾਂਸ ਦੇ ਵੈਟਰੀ ਹਵਾਈ ਅੱਡੇ 'ਤੇ ਰੋਕ ਕੇ ਰੱਖਿਆ ਗਿਆ ਸੀ। ਸੰਯੁਕਤ ਅਰਬ ਅਮੀਰਾਤ ਦੇ ਦੁਬਈ ਤੋਂ 303 ਯਾਤਰੀਆਂ ਨੂੰ ਲੈ ਕੇ ਨਿਕਾਰਾਗੁਆ ਜਾਣ ਵਾਲੀ ਉਡਾਣ ਨੂੰ ਮਨੁੱਖੀ ਤਸਕਰੀ ਦੇ ਸ਼ੱਕ 'ਚ ਵੀਰਵਾਰ ਨੂੰ ਪੈਰਿਸ ਤੋਂ 150 ਕਿਲੋਮੀਟਰ ਪਹਿਲਾਂ ਵੈਟਰੀ ਹਵਾਈ ਅੱਡੇ ਰੋਕ ਦਿੱਤਾ ਗਿਆ ਸੀ। ਐਤਵਾਰ ਨੂੰ ਫਰਾਂਸ ਦੇ 4 ਜੱਜਾਂ ਨੇ ਹਿਰਾਸਤ 'ਚ ਲਏ ਗਏ ਯਾਤਰੀਆਂ ਤੋਂ ਪੁੱਛ-ਗਿੱਛ ਕੀਤੀ। ਇਹ ਸੁਣਵਾਈ ਮਨੁੱਖੀ ਤਸਕਰੀ ਦੇ ਸ਼ੱਕ 'ਚ ਪੈਰਿਸ ਪ੍ਰੌਸੀਕਿਊਟਰ ਦੇ ਦਫ਼ਤਰ ਵਲੋਂ ਸ਼ੁਰੂ ਕੀਤੀ ਗਈ ਜਾਂਚ ਤਹਿਤ ਆਯੋਜਤ ਕੀਤੀ ਗਈ ਸੀ।

ਫ਼ਰਾਂਸੀਸੀ ਮੀਡੀਆ ਮੁਤਾਬਕ ਕੁੱਝ ਯਾਤਰੀ ਹਿੰਦੀ ਅਤੇ ਕੁੱਝ ਤਾਮਿਲ ਭਾਸ਼ੀ ਸਨ। ਜਹਾਜ਼ ਨੂੰ ਰਵਾਨਾ ਹੋਣ ਦੀ ਇਜਾਜ਼ਤ ਦੇਣ ਤੋਂ ਬਾਅਦ ਫ਼ਰਾਂਸ ਦੇ ਜੱਜਾਂ ਨੇ ਐਤਵਾਰ ਨੂੰ ਪ੍ਰਕਿਰਿਆ 'ਚ ਬੇਨਿਯਮੀਆਂ ਕਾਰਨ ਯਾਤਰੀਆਂ ਦੀ ਸੁਣਵਾਈ ਨੂੰ ਰੱਦ ਕਰਨ ਦਾ ਫ਼ੈਸਲਾ ਕੀਤਾ। ਜਹਾਜ਼ 'ਚ 11 ਨਾਬਾਲਗ਼ ਸਵਾਰ ਸਨ, ਜਿਨ੍ਹਾਂ ਦੇ ਨਾਲ ਕੋਈ ਵੀ ਨਹੀਂ ਸੀ। ਫਰੈਂਚ ਵਕੀਲਾਂ ਮੁਤਾਬਕ ਸ਼ੁੱਕਰਵਾਰ ਤੋਂ ਹਿਰਾਸਤ 'ਚ ਲਏ ਗਏ ਦੋ ਯਾਤਰੀਆਂ ਦੀ ਹਿਰਾਸਤ ਸਨਿਚਰਵਾਰ ਸ਼ਾਮ ਨੂੰ 48 ਘੰਟਿਆਂ ਲਈ ਵਧਾ ਦਿੱਤੀ ਗਈ ਸੀ।



## ਸੀਆਈਡੀ ਨੇ ਫਰਾਂਸ ਤੋਂ ਵਾਪਸ ਭੇਜੇ ਜਹਾਜ਼ ਦੇ 20 ਯਾਤਰੀਆਂ ਤੋਂ ਪੁੱਛਗਿਛ ਕੀਤੀ

ਅਹਿਮਦਾਬਾਦ : ਸੀਆਈਡੀ ਨੇ ਗੁਜਰਾਤ ਵਿੱਚ ਗੈਰਕਾਨੂੰਨੀ ਇਮੀਗ੍ਰੇਸ਼ਨ ਨੈੱਟਵਰਕ ਦਾ ਪਤਾ ਲਗਾਉਣ ਲਈ ਫਰਾਂਸ ਤੋਂ ਮੋੜੇ ਗਏ ਨਿਕਾਰਾਗੁਆ ਜਾਣ ਵਾਲੇ ਜਹਾਜ਼ ਦੇ 20 ਯਾਤਰੀਆਂ ਤੋਂ ਪੁੱਛਗਿੱਛ ਕੀਤੀ ਹੈ। ਇਹ ਯਾਤਰੀ ਗੁਜਰਾਤ ਨਾਲ ਸਬੰਧਤ ਹਨ। ਇਹ ਜਾਣਕਾਰੀ ਇੱਕ ਸੀਨੀਅਰ ਅਧਿਕਾਰੀ ਨੇ ਅੱਜ ਦਿੱਤੀ ਹੈ। ਜ਼ਿਕਰਯੋਗ ਹੈ ਕਿ ਫਰਾਂਸ ਨੇ ਮਨੁੱਖੀ ਤਸਕਰੀ ਦੇ ਸ਼ੱਕ ਹੇਠ 276 ਯਾਤਰੀਆਂ ਨੂੰ ਨਿਕਾਰਾਗੁਆ ਲਿਜਾ ਰਹੇ ਜਹਾਜ਼ ਨੂੰ ਰੋਕ ਲਿਆ ਸੀ। ਇਸ ਨੂੰ ਚਾਰ ਦਿਨਾਂ ਬਾਅਦ ਵਾਪਸ ਭਾਰਤ ਭੇਜਿਆ ਗਿਆ ਸੀ।

# ਹਰਿਆਣਾ ਦੇ ਕਾਂਗਰਸੀ ਵਿਧਾਇਕ ਤੇ ਇਨੈਲੋ ਦੇ ਸਾਬਕਾ ਵਿਧਾਇਕ ਦੇ ਟਿਕਾਣਿਆਂ 'ਤੇ ਈਡੀ ਦੇ ਛਾਪੇ


ਚੰਡੀਗੜ੍ਹ : ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਅੱਜ ਹਰਿਆਣਾ ਕਾਂਗਰਸ ਵਿਧਾਇਕ ਸੁਰਿੰਦਰ ਪੰਵਾਰ, ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦੇ ਸਾਬਕਾ ਵਿਧਾਇਕ ਦਿਲਬਾਗ ਸਿੰਘ ਅਤੇ ਕੁਝ ਹੋਰਾਂ ਦੇ ਟਿਕਾਣਿਆਂ 'ਤੇ ਯਮੁਨਾਨਗਰ ਜ਼ਿਲ੍ਹੇ ਵਿੱਚ ਕਥਿਤ ਗੈਰ-ਕਾਨੂੰਨੀ ਮਾਈਨਿੰਗ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ 'ਚ ਛਾਪੇ ਮਾਰੇ। ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀਐੱਮਐੱਲਏ) ਦੀਆਂ ਵਿਵਸਥਾਵਾਂ ਤਹਿਤ ਯਮੁਨਾਨਗਰ, ਸੋਨੀਪਤ, ਮੁਹਾਲੀ, ਫਰੀਦਾਬਾਦ, ਚੰਡੀਗੜ੍ਹ ਅਤੇ ਕਰਨਾਲ ਵਿੱਚ ਦੋਵਾਂ ਨੇਤਾਵਾਂ ਅਤੇ ਉਨ੍ਹਾਂ ਨਾਲ ਜੁੜੀਆਂ ਸੰਸਥਾਵਾਂ ਦੇ 20 ਟਿਕਾਣਿਆਂ ਦੀ ਤਲਾਸ਼ੀ ਲਈ ਜਾ ਰਹੀ ਹੈ। ਪੰਵਾਰ ਸੋਨੀਪਤ ਤੋਂ ਹਰਿਆਣਾ ਵਿਧਾਨ ਸਭਾ ਦੇ ਮੈਂਬਰ ਹਨ, ਜਦਕਿ ਦਿਲਬਾਗ ਸਿੰਘ ਇਨੈਲੋ ਤੋਂ ਯਮੁਨਾਨਗਰ ਸੀਟ ਦੀ ਨੁਮਾਇੰਦਗੀ ਕਰ ਚੁੱਕੇ ਹਨ। ਕੇਂਦਰੀ ਅਰਧ ਸੈਨਿਕ ਬਲਾਂ ਦੇ ਹਥਿਆਰਬੰਦ ਕਰਮਚਾਰੀ ਈਡੀ ਟੀਮ ਦੀ ਸੁਰੱਖਿਆ ਲਈ ਮੌਜੂਦ ਹਨ।



# ਕੇਜਰੀਵਾਲ ਵੱਲੋਂ ਈਡੀ ਦੇ ਸੰਮਨ ਤੀਜੀ ਵਾਰ ਨਜ਼ਰਅੰਦਾਜ਼

## ਰਾਜ ਸਭਾ ਚੋਣਾਂ ਅਤੇ ਗਣਤੰਤਰ ਦਿਵਸ ਦੀਆਂ ਤਿਆਰੀਆਂ 'ਚ ਰੁੱਝੇ ਹੋਣ ਦਾ ਦਿੱਤਾ ਹਵਾਲਾ

ਨਵੀਂ ਦਿੱਲੀ : 'ਆਪ' ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਿੱਲੀ ਆਬਕਾਰੀ ਘੁਟਾਲੇ ਦੇ ਮਾਮਲੇ ਵਿੱਚ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਤੀਜੀ ਵਾਰ ਜਾਰੀ ਕੀਤੇ ਸੰਮਨਾਂ ਨੂੰ ਇਹ ਕਹਿ ਕੇ ਨਜ਼ਰਅੰਦਾਜ਼ ਕਰ ਦਿੱਤਾ ਕਿ ਉਹ ਰਾਜ ਸਭਾ ਚੋਣਾਂ ਅਤੇ ਗਣਤੰਤਰ ਦਿਵਸ ਦੀਆਂ ਤਿਆਰੀਆਂ ਵਿੱਚ ਰੁੱਝੇ ਹੋਏ ਹਨ। ਜਾਂਚ ਏਜੰਸੀ ਨੂੰ ਲਿਖੇ ਪੱਤਰ ਵਿੱਚ ਕੇਜਰੀਵਾਲ ਨੇ ਈਡੀ ਨੂੰ ਕਿਹਾ ਕਿ ਉਹ ਪੁੱਛ-ਪੜਤਾਲ ਦੇ ਇਰਾਦੇ ਅਤੇ ਜਾਂਚ ਦੀ ਪ੍ਰਕਿਰਤੀ ਤੇ ਦਾਇਰੇ ਨੂੰ ਸਪੱਸ਼ਟ ਕਰਨ ਲਈ ਕਿਹਾ ਹੈ। ਕੇਜਰੀਵਾਲ ਨੇ ਏਜੰਸੀ ਨੂੰ ਪਿਛਲੇ ਪੱਤਰਾਂ ਦਾ ਜਵਾਬ ਦੇਣ ਲਈ ਵੀ ਕਿਹਾ ਹੈ ਜਦੋਂ ਉਨ੍ਹਾਂ ਸੰਮਨ 'ਤੇ ਕਾਨੂੰਨੀ ਇਤਰਾਜ਼ ਉਠਾਏ ਸਨ। ਉਨ੍ਹਾਂ ਈਡੀ 'ਤੇ ਮੌਜੂਦਾ ਮਾਮਲੇ 'ਚ ਗੈਰਜ਼ਰੂਰੀ ਪਰਦਾ ਪਾਈ ਰੱਖਣ ਤੇ ਗੈਰ-ਪਾਰਦਰਸ਼ੀ ਅਤੇ ਮਨਮਾਨੀ ਕਰਨ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਕਿਹਾ ਕਿ ਜੇਕਰ ਏਜੰਸੀ ਉਸ ਤੋਂ ਕੋਈ ਜਾਣਕਾਰੀ ਜਾਂ ਦਸਤਾਵੇਜ਼ ਮੰਗਦੀ ਹੈ ਤਾਂ ਉਹ ਕਿਸੇ ਵੀ ਪ੍ਰਸ਼ਨਾਵਲੀ ਦਾ ਜਵਾਬ ਦੇਣ ਲਈ ਤਿਆਰ ਹਨ। ਆਪਣੇ ਪੱਤਰ 'ਚ ਉਨ੍ਹਾਂ ਕਿਹਾ ਕਿ ਉਹ ਰਾਜ ਸਭਾ ਚੋਣਾਂ ਤੱਕ ਇਸ ਪ੍ਰਕਿਰਿਆ ਵਿੱਚ ਡਟੇ ਹੋਏ ਹਨ ਕਿਉਂਕਿ 'ਆਪ' ਦਿੱਲੀ ਤੋਂ ਤਿੰਨ ਸੀਟਾਂ ਜਿੱਤਣ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਉਹ 26 ਜਨਵਰੀ ਨੂੰ ਗਣਤੰਤਰ ਦਿਵਸ ਸਬੰਧੀ ਕਈ ਪ੍ਰੋਗਰਾਮਾਂ ਤੇ ਸਮਾਗਮਾਂ ਦੀ ਯੋਜਨਾਬੰਦੀ ਤੇ ਤਿਆਰੀਆਂ ਵਿੱਚ ਵੀ ਰੁੱਝੇ ਹੋਏ ਹਨ। ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਵੱਲੋਂ ਕੀਤੀਆਂ ਗਈਆਂ ਬੇਨਤੀਆਂ ਦਾ ਈਡੀ ਨੇ ਕੋਈ ਜਵਾਬ ਨਹੀਂ ਦਿੱਤਾ ਹੈ। ਕੇਜਰੀਵਾਲ ਨੇ ਕਿਹਾ, 'ਉਹ ਕਈ ਮਾਮਲਿਆਂ ਬਾਰੇ ਜਾਣਦੇ ਹਨ ਜਦੋਂ ਈਡੀ ਨੇ ਕਿਸੇ ਵਿਅਕਤੀ ਵੱਲੋਂ ਚੁੱਕੇ ਗਏ ਸਵਾਲਾਂ ਜਾਂ ਸ਼ੰਕਿਆਂ ਦਾ ਸਪੱਸ਼ਟੀਕਰਨ ਜਾਂ ਜਵਾਬ ਦਿੱਤਾ ਸੀ ਜਿਸ ਨੂੰ ਮਨੀ ਲਾਂਡਰਿੰਗ ਰੋਕੂ ਐਕਟ, 2002 (ਪੀਐਮਐਲਏ) ਤਹਿਤ ਸੰਮਨ ਜਾਰੀ ਕੀਤਾ ਗਿਆ ਹੋ ਸਕਦਾ ਹੈ। ਪਰ ਮੇਰੇ ਕੇਸ ਵਿੱਚ, ਤੁਸੀਂ ਮੈਨੂੰ ਜਾਰੀ ਕੀਤੇ ਸੰਮਨ ਦੇ ਜਵਾਬ ਵਿੱਚ ਕੀਤੀਆਂ ਬੇਨਤੀਆਂ ਦੀ ਰਸੀਦ ਸਵੀਕਾਰ ਕਰਨ ਤੋਂ ਵੀ ਇਨਕਾਰ ਕਰ ਦਿੱਤਾ ਹੈ।' ਉਨ੍ਹਾਂ ਕਾਨੂੰਨ ਦੇ ਸ਼ਾਸਨ ਪ੍ਰਤੀ ਕਿਸੇ ਵੀ ਜਾਂਚ ਜਾਂ ਜਾਂਚ ਵਿੱਚ ਸਹਿਯੋਗ ਕਰਨ ਲਈ ਆਪਣੀ ਦ੍ਰਿੜ੍ਹ ਵਚਨਬੱਧਤਾ ਨੂੰ ਦੁਹਰਾਇਆ। ਕੇਜਰੀਵਾਲ ਨੇ ਕਿਹਾ ਕਿ ਹਾਲਾਂਕਿ ਈਡੀ ਦੀ ਚੁੱਪੀ ਕਿਸੇ ਵੀ ਉਦੇਸ਼, ਤਰਕਸੰਗਤ ਜਾਂ ਨਿਰਪੱਖ ਜਾਂਚ ਲਈ ਕੁਝ ਹਿੱਤਾਂ ਤੇ ਬਾਹਰੀ ਤੇ ਖਰਾਬ ਵਿਚਾਰਾਂ ਬਾਰੇ ਉਨ੍ਹਾਂ ਦੇ ਖਦਸ਼ੇ ਦੀ ਪੁਸ਼ਟੀ ਕਰਦੀ ਹੈ। 'ਆਪ' ਆਗੂ ਨੇ ਦੋਸ਼ ਲਾਇਆ ਕਿ ਸੰਮਨ ਦੀ ਖ਼ਬਰ ਉਨ੍ਹਾਂ ਤੋਂ ਪਹਿਲਾਂ ਮੀਡੀਆ ਤੱਕ ਪਹੁੰਚ ਗਈ ਜਿਸ ਕਾਰਨ ਉਨ੍ਹਾਂ ਨੂੰ ਮੀਡੀਆ ਟਰਾਇਲ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਕਿਹਾ ਕਿ ਈਡੀ ਦੀ ਜ਼ਿੱਦ ਇੱਕੋ ਸਮੇਂ ਜੱਜ, ਜਿਊਰੀ ਅਤੇ ਜੱਲਾਦ ਦੀ ਭੂਮਿਕਾ ਨਿਭਾਉਣ ਦੇ ਬਰਾਬਰ ਹੈ ਜੋ ਕਾਨੂੰਨ ਦੇ ਸ਼ਾਸਨ ਤਹਿਤ ਦੇਸ਼ ਵਿੱਚ ਸਵੀਕਾਰਨਯੋਗ ਨਹੀਂ ਹੈ।



### ਚੋਣਾਂ ਤੋਂ ਪਹਿਲਾਂ ਸਾਜ਼ਿਸ਼ ਤਹਿਤ ਭੇਜੇ ਜਾ ਰਹੇ ਨੇ ਸੰਮਨ: 'ਆਪ'

ਨਵੀਂ ਦਿੱਲੀ : 'ਆਪ' ਦੇ ਸੀਨੀਅਰ ਆਗੂ ਅਤੇ ਕੈਬਨਿਟ ਮੰਤਰੀ ਸੌਰਭ ਭਾਰਦਵਾਜ ਨੇ ਕਿਹਾ ਹੈ ਕਿ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਈਡੀ ਵੱਲੋਂ ਜਾਰੀ ਕੀਤੇ ਗਏ ਸੰਮਨ ਸਿਆਸਤ ਤੋਂ ਪ੍ਰੇਰਿਤ ਹਨ। ਉਨ੍ਹਾਂ ਕਿਹਾ ਕਿ ਚੋਣਾਂ ਤੋਂ ਪਹਿਲਾਂ ਸਾਜ਼ਿਸ਼ ਤਹਿਤ ਇਹ ਸੰਮਨ ਭੇਜੇ ਜਾ ਰਹੇ ਹਨ ਤਾਂ ਜੋ ਕੇਜਰੀਵਾਲ ਨੂੰ ਜੇਲ੍ਹ ਵਿੱਚ ਡੱਕ ਕੇ ਚੋਣ ਪ੍ਰਚਾਰ ਤੋਂ ਦੂਰ ਰੱਖਿਆ ਜਾ ਸਕੇ। ਭਾਰਦਵਾਜ ਨੇ ਇਥੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ, 'ਸਾਰੀਆਂ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੂੰ ਈਡੀ ਵੱਲੋਂ ਕਿਸੇ ਨਾ ਕਿਸੇ ਮਾਮਲੇ ਵਿੱਚ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਭਾਜਪਾ ਆਗੂਆਂ ਖ਼ਿਲਾਫ਼ ਹਰ ਰੋਜ਼ ਵੱਡੇ-ਵੱਡੇ ਕੇਸ ਸਾਹਮਣੇ ਆ ਰਹੇ ਹਨ ਪਰ ਈਡੀ ਅਤੇ ਸੀਬੀਆਈ ਉਨ੍ਹਾਂ ਤੋਂ ਕੋਈ ਪੁੱਛ-ਗਿੱਛ ਨਹੀਂ ਕਰ ਰਹੀ ਹੈ। ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਭ੍ਰਿਸ਼ਟਾਚਾਰ ਦੇ ਕੇਸਾਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ।' ਉਨ੍ਹਾਂ ਸੁਵੇਂਦੂ ਅਧਿਕਾਰੀ, ਹੇਮੰਤ ਬਿਸਵਾ ਸਰਮਾ, ਪੇਮਾ ਖਾਂਡੂ, ਨਾਰਾਇਣ ਰਾਣੇ, ਛਗਨ ਭੁਜਬਲ, ਅਜੀਤ ਪਵਾਰ, ਪ੍ਰਫੁੱਲ ਪਟੇਲ ਆਦਿ ਦੀਆਂ ਮਿਸਾਲਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਅਜੇ ਤੱਕ ਈਡੀ ਅਤੇ ਨਾ ਹੀ ਕੇਂਦਰ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਉਹ ਕੇਜਰੀਵਾਲ ਨੂੰ ਕਿਸ ਸਮਰੱਥਾ ਵਿੱਚ ਸੰਮਨ ਭੇਜ ਰਹੇ ਹਨ। ਮੰਤਰੀ ਨੇ ਕਿਹਾ ਕਿ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਖ਼ਿਲਾਫ਼ ਈਡੀ ਅਦਾਲਤ ਵਿੱਚ ਕੋਈ ਸਬੂਤ ਪੇਸ਼ ਨਹੀਂ ਕਰ ਸਕੀ ਹੈ ਅਤੇ ਉਹ ਛੇਤੀ ਬੇਕਸੂਰ ਸਾਬਤ ਹੋ ਜਾਣਗੇ ਅਤੇ ਰਿਹਾਅ ਹੋ ਜਾਣਗੇ। ਉਨ੍ਹਾਂ ਕਿਹਾ ਕਿ ਇਸੇ ਕਰਕੇ ਕੇਂਦਰ ਸਰਕਾਰ ਕਿਸੇ ਤਰ੍ਹਾਂ ਕੇਜਰੀਵਾਲ ਨੂੰ ਇਸ ਮਾਮਲੇ ਵਿੱਚ ਫਸਾਉਦਾ ਚਾਹੁੰਦੀ ਹੈ।

# ਸੰਭਾਵੀ ਗ੍ਰਿ.ਫਤਾਰੀ ਨੂੰ ਲੈ ਕੇ ਅਰਵਿੰਦ ਕੇਜਰੀਵਾਲ ਦੇ ਘਰ ਦੇ ਬਾਹਰ ਵਧਾਈ ਸੁਰੱਖਿਆ







ਨਵੀਂ ਦਿੱਲੀ : ਆਮ ਆਦਮੀ ਪਾਰਟੀ (ਆਪ) ਦੇ ਸੂਤਰਾਂ ਨੇ ਦਾਅਵਾ ਕੀਤਾ ਹੈ ਕਿ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦਿੱਲੀ ਦੇ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਛਾਪੇਮਾਰੀ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦੀ 'ਤਿਆਰ' ਕਰ ਰਿਹਾ ਹੈ, ਇਸ ਲਈ ਉਨ੍ਹਾਂ ਦੀ ਰਿਹਾਇਸ਼ ਵੱਲ ਜਾਣ ਵਾਲੀਆਂ ਪ੍ਰਮੁੱਖ ਸੜਕਾਂ ਦੀ ਨਾਕਾਬੰਦੀ ਕਰ ਦਿੱਤੀ ਗਈ ਹੈ ਅਤੇ ਸਾਰੇ ਗੇਟਾਂ 'ਤੇ ਪੁਲੀਸ ਮੁਲਾਜ਼ਮ ਤਾਇਨਾਤ ਕੀਤੇ ਗਏ ਹਨ। ਦੂਜੇ ਪਾਸੇ ਦਿੱਲੀ ਪੁਲੀਸ ਨੇ ਕਿਹਾ ਕਿ 'ਆਪ' ਨੇਤਾਵਾਂ ਵੱਲੋਂ ਕੇਜਰੀਵਾਲ ਦੀ ਰਿਹਾਇਸ਼ 'ਤੇ ਛਾਪੇਮਾਰੀ ਕਰਨ ਅਤੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦੇ ਦਾਅਵਿਆਂ ਤੋਂ ਬਾਅਦ ਬੁੱਧਵਾਰ ਤੋਂ ਹੀ ਮੀਡੀਆ ਕਰਮਚਾਰੀ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਪਹੁੰਚ ਚੁੱਕੇ ਹਨ, ਜਿਸ ਨਾਲ ਉਨ੍ਹਾਂ ਨੂੰ 'ਸੰਭਾਲਣ' ਲਈ ਮੁੱਖ ਮੰਤਰੀ ਦੀ ਰਿਹਾਇਸ਼ ਦੇ ਆਲੇ-ਦੁਆਲੇ ਸੁਰੱਖਿਆ ਵਧਾ ਦਿੱਤੀ ਗਈ ਹੈ।

### ਮਾਣਹਾਨੀ ਕੇਸ: ਸੰਜੈ ਸਿੰਘ ਨੂੰ ਇਕ ਲੱਖ ਅਦਾ ਕਰਨ ਦੇ ਨਿਰਦੇਸ਼

ਲਖਨਊ: ਇਥੋਂ ਦੀ ਇਕ ਅਦਾਲਤ ਨੇ 'ਆਪ' ਆਗੂ ਸੰਜੈ ਸਿੰਘ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਮਾਣਹਾਨੀ ਕੇਸ ਦੇ ਮਾਮਲੇ 'ਚ ਉੱਤਰ ਪ੍ਰਦੇਸ਼ ਦੇ ਸਾਬਕਾ ਮੰਤਰੀ ਮਹੇਂਦਰ ਸਿੰਘ ਨੂੰ ਇਕ ਲੱਖ ਰੁਪਏ ਅਦਾ ਕਰੇ। ਸਿਵਲ ਜੱਜ (ਸੀਨੀਅਰ ਡਿਵੀਜ਼ਨ) ਕਮਲਾ ਕਾਂਤ ਗੁਪਤਾ ਨੇ 'ਆਪ' ਦੇ ਰਾਜ ਸਭਾ ਮੈਂਬਰ ਨੂੰ ਨਿਰਦੇਸ਼ ਦਿੱਤੇ ਕਿ ਉਹ ਦੋ ਮਹੀਨਿਆਂ ਦੇ ਅੰਦਰ ਇਹ ਰਕਮ ਅਦਾ ਕਰੇ, ਨਹੀਂ ਤਾਂ ਬਾਅਦ 'ਚ ਰਕਮ 'ਤੇ ਛੇ ਫ਼ੀਸਦੀ ਵਿਆਜ ਵੀ ਭਰਨਾ ਪਵੇਗਾ। ਅਦਾਲਤ ਨੇ ਸੰਜੈ ਸਿੰਘ ਨੂੰ ਨੋਟਿਸ ਜਾਰੀ ਕੀਤਾ ਸੀ ਪਰ ਉਸ ਨੇ ਕੋਈ ਜਵਾਬ ਨਹੀਂ ਦਿੱਤਾ ਸੀ ਜਿਸ ਮਗਰੋਂ ਇਹ ਕਾਰਵਾਈ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ 'ਆਪ' ਆਗੂ ਨੇ 8 ਅਗਸਤ, 2021 ਨੂੰ ਲਖਨਊ 'ਚ ਪ੍ਰੈੱਸ ਕਾਨਫਰੰਸ ਦੌਰਾਨ ਤਤਕਾਲੀ ਜਲ ਸ਼ਕਤੀ ਮੰਤਰੀ ਮਹੇਂਦਰ ਸਿੰਘ 'ਤੇ ਜਲ ਜੀਵਨ ਮਿਸ਼ਨ 'ਚ ਭ੍ਰਿਸ਼ਟਾਚਾਰ 'ਚ ਸ਼ਮੂਲੀਅਤ ਦਾ ਦੋਸ਼ ਲਾਇਆ ਸੀ। ਮਹੇਂਦਰ ਸਿੰਘ ਨੇ ਸੰਜੈ ਸਿੰਘ ਖ਼ ?ਲਾਫ਼ ਮਾਣਹਾਨੀ ਦਾ ਕੇਸ ਕਰਦਿਆਂ 21 ਲੱਖ ਰੁਪਏ ਮੰਗੇ ਸਨ।



## ਵਿਸ਼ਨੂੰ ਸ਼ੰਖ ਦੀ ਟੀਮ ਅਯੁੱਧਿਆ ਪਹੁੰਚੀ



ਅਯੁੱਧਿਆ : 22 ਜਨਵਰੀ, 2024 ਨੂੰ ਹੋਣ ਵਾਲੇ ਰਾਮ ਮੰਦਰ ਦੇ ਵਿਸ਼ਾਲ ਸੰਸਕਾਰ ਸਮਾਰੋਹ ਤੋਂ ਪਹਿਲਾਂ ਤਿਆਰੀਆਂ ਦੇ ਹਿੱਸੇ ਵਜੋਂ ਵਿਸ਼ਨੂੰ ਸ਼ੰਖ ਟੀਮ ਅਯੁੱਧਿਆ ਪਹੁੰਚ ਗਈ।

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਵਸ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ



ਜੰਮੂ: ਜੰਮੂ ਵਿਚ ਬੁੱਧਵਾਰ ਨੂੰ ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 355ਵੇਂ ਪ੍ਰਕਾਸ਼ ਪੁਰਬ ਦੇ ਜਸ਼ਨ ਦੌਰਾਨ 'ਪੰਜ ਪਿਆਰਿਆਂ' ਦੀ ਅਗਵਾਈ ਵਿਚ ਇਕ 'ਨਗਰ ਕੀਰਤਨ' ਵਿਚ ਸ਼ਰਧਾਲੂਆਂ ਨੇ ਹਿੱਸਾ ਲਿਆ।

## ਪਟਿਆਲਾ: ਸਨੌਰ 'ਚ ਨਕਾਬਪੋਸ਼ ਨੌਜਵਾਨਾਂ ਨੇ ਦੁਕਾਨਦਾਰ 'ਤੇ ਤੇਜ਼ਾਬ ਸੁੱਟਿਆ


ਸਨੌਰ (ਪਟਿਆਲਾ) : ਪਟਿਆਲਾ ਜ਼ਿਲੇ ਦੇ ਕਸਬਾ ਸਨੌਰ ਵਿੱਚ ਦੋ ਨਕਾਬਪੋਸ਼ ਨੌਜਵਾਨਾਂ ਵੱਲੋਂ ਦੁਕਾਨਦਾਰ ਉੱਪਰ ਤੇਜ਼ਾਬ ਸੁੱਟ ਦਿੱਤਾ, ਜਿਸ ਕਾਰਨ ਉਸ ਦੀਆਂ ਬਾਹਾਂ ਅਤੇ ਗਰਦਨ ਝੁਲਸ ਗਏ। ਸਨੌਰ ਵਾਸੀ ਨੌਜਵਾਨ ਨਿਖਲ ਸਿੰਗਲਾ ਹਾਰਡ ਵੇਅਰ ਦੀ ਦੁਕਾਨ ਕਰਦਾ ਹੈ। ਉਹ ਜਦੋਂ ਦੁਕਾਨ ਦੇ ਅੰਦਰ ਬੈਠਾ ਸੀ ਤਾਂ ਨਕਾਬਪੋਸ਼ ਦੋ ਨੌਜਵਾਨਾਂ ਨੇ ਆ ਕੇ ਪਹਿਲਾਂ ਕੋਈ ਸਾਮਾਨ ਮੰਗਿਆ ਅਤੇ ਫੇਰ ਤੁਰੰਤ ਬਾਅਦ ਉਸ 'ਤੇ ਤੇਜ਼ਾਬ ਸੁੱਟ ਦਿੱਤਾ। ਇਸ ਮਗਰੋਂ ਉਹ ਐਕਟਿਵਾ 'ਤੇ ਫਰਾਰ ਹੋ ਗਏ। ਉਧਰ ਇਸ ਹਮਲੇ ਦਾ ਸ਼ਿਕਾਰ ਹੋਇਆ ਨਿਖਲ ਜਦੋਂ ਦੁਕਾਨ 'ਚੋਂ ਨਿਕਲ ਕੇ ਬਾਹਰ ਗਲੀ ਵਿੱਚ ਆਇਆ ਤਾਂ ਗੁਆਂਢੀ ਦੁਕਾਨਦਾਰਾਂ ਨੇ ਉਸ ਦੀ ਮਦਦ




ਕਰਦਿਆਂ ਉਸ ਦੇ ਕੱਪੜੇ ਬਦਲੇ। ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦਾ ਇਲਾਜ ਚੱਲ ਰਿਹਾ ਹੈ। ਨਿਖਲ ਦੇ ਚਾਚਾ ਭੂਸ਼ਣ ਸਿੰਗਲਾ ਦਾ ਕਹਿਣਾ ਹੈ ਕਿ ਇਸ ਸਬੰਧੀ ਪੁਲੀਸ ਨੂੰ ਇਤਲਾਹ ਦੇ ਦਿੱਤੀ ਗਈ ਹੈ। ਇਸ ਘਟਨਾ ਦਾ ਕੁਝ ਹਿੱਸਾ ਸੀਸੀਟੀਵੀ ਕੈਮਰੇ ਚ ਵੀ ਰਿਕਾਰਡ ਹੋਇਆ ਹੈ। ਡੀਐੱਸਪੀ (ਰੂਰਲ) ਗੁਰਦੇਵ ਸਿੰਘ ਧਾਲੀਵਾਲ ਦਾ ਕਹਿਣਾ ਹੈ ਕਿ ਮੁਲਜ਼ਮਾਂ ਨੂੰ ਜਲਦੀ ਕਾਬੂ ਕਰ ਲਿਆ ਜਾਵੇਗਾ।

# ਟੋਕੀਓ ਹਵਾਈ ਜਹਾਜ਼ ਕਰਿਊ ਮੈਂਬਰਾਂ ਵਲੋਂ ਆਪਣੀਆਂ ਜਾਨਾਂ ਦੇ ਕੇ ਬਚਾਏ 379 ਸਾਰੇ ਦੇ ਸਾਰੇ ਯਾਤਰੀ

## ਤੱਟ ਰੱਖਿਅਕਾਂ ਦੇ ਜਹਾਜ਼ ਨਾਲ ਟਕਰਾਉਣ ਕਾਰਨ ਵਾਪਰਿਆ ਹਾਦਸਾ





ਟੋਕੀਓ : ਜਪਾਨ ਦੇ ਟੋਕੀਓ ’ਚ ਹਾਨੇਡਾ ਹਵਾਈ ਅੱਡੇ ਦੇ ਰਨਵੇਅ ’ਤੇ ਯਾਤਰੀਆਂ ਵਾਲੇ ਇੱਕ ਜਹਾਜ਼ ਦੀ ਜਪਾਨੀ ਤੱਟ ਰੱਖਿਅਕਾਂ ਦੇ ਇੱਕ ਛੋਟੇ ਜਹਾਜ਼ ਨਾਲ ਟੱਕਰ ਹੋਣ ਮਗਰੋਂ ਉਸ ਵਿੱਚ ਅੱਗ ਲੱਗ ਗਈ, ਜਿਸ ਕਾਰਨ ਪੰਜ ਜਣਿਆਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਐੱਨਐੱਚਕੇ ਟੀਵੀ ਦੀ ਖ਼ਬਰ ਵਿੱਚ ਦੱਸਿਆ ਕਿ ਜਪਾਨ ਏਅਰਲਾਈਨਜ਼ ਦੀ ਉਡਾਣ ਜੇਏਐੱਲ-516 ਵਿੱਚ ਕੁੱਲ 379 ਯਾਤਰੀ ਸਵਾਰ ਸਨ, ਜੋ ਜਹਾਜ਼ ਨੂੰ ਪੂਰੀ ਤਰ੍ਹਾਂ ਅੱਗ ਲੱਗਣ ਤੋਂ ਪਹਿਲਾਂ ਸੁਰੱਖਿਅਤ ਬਾਹਰ ਆ ਗਏ। ਜਪਾਨ ਦੇ ਟਰਾਂਸਪੋਰਟ ਮੰਤਰੀ ਤੇਤਸੁਯੋ ਸਾਇਤੋ ਨੇ ਇਸ ਦੀ ਪੁਸ਼ਟੀ ਕੀਤੀ ਹੈ। ਸਾਇਤੋ ਨੇ ਕਿਹਾ ਕਿ ਜਪਾਨੀ ਤੱਟ ਰੱਖਿਅਕ ਜਹਾਜ਼ ਦਾ ਪਾਇਲਟ ਹਾਦਸੇ ’ਚ ਬਚ ਗਿਆ ਪਰ ਅਮਲੇ ਦੇ ਪੰਜ ਮੈਂਬਰਾਂ ਦੀ ਮੌਤ ਹੋ ਗਈ। ਸਥਾਨਕ ਟੀਵੀ ਚੈਨਲ ਦੀ ਇੱਕ ਵੀਡੀਓ ਵਿੱਚ ਜਾਪਾਨ ਏਅਰਲਾਈਨਜ਼ ਦੇ ਜਹਾਜ਼ ਦੇ ਰਨਵੇਅ ’ਤੇ ਉਤਰਨ ਦੌਰਾਨ ਅੱਗ ਅਤੇ ਧੂੰਆਂ ਦਿਖਾਈ ਦਿੱਤਾ। ਇਸ ਮਗਰੋਂ ਜਹਾਜ਼ ਦੇ ਪਰਾਂ ਦੇ ਨੇੜੇ ਅੱਗ ਲੱਗ ਗਈ। ਇੱਕ ਘੰਟੇ ਬਾਅਦ ਵਾਲੀ ਫੁਟੇਜ ਵਿੱਚ ਜਹਾਜ਼ ਪੂਰੀ ਤਰ੍ਹਾਂ ਸੜਿਆ ਦਿਖਾਈ ਦਿੱਤਾ। ਐੱਨਐੱਚਕੇ ਟੀਵੀ ਨੇ ਕਿਹਾ ਕਿ ਇਹ ਜਹਾਜ਼ ਏਅਰਬੱਸ ਏ-350 ਸੀ, ਜਿਸ ਨੇ ਸੋਪੋਰੋ ਸ਼ਹਿਰ ਨੇੜੇ ਸ਼ਿਨ ਚਿਟੋਸ ਹਵਾਈ ਅੱਡੇ ਤੋਂ ਹਾਨੇਡਾ ਲਈ ਉਡਾਣ ਭਰੀ ਸੀ। ਤੱਟ ਰੱਖਿਅਕ ਤਰਜਮਾਨ ਯੋਸ਼ੀਨੋਰੀ ਯਾਨਾਗਿਸ਼ਿਮਾ ਨੇ ਯਾਤਰੀ ਜਹਾਜ਼ ਅਤੇ ਤੱਟ ਰੱਖਿਅਕ ਬਲ ਦੇ ਜਹਾਜ਼ ਐੱਮਏ-722, ਬੌਂਬਰਡੀਅਰ ਡੈਸ਼-8 ਵਿਚਾਲੇ ਟੱਕਰ ਦੀ ਪੁਸ਼ਟੀ ਕੀਤੀ ਹੈ। ਇਸ ਜਹਾਜ਼ ਨੇ ਭੂਚਾਲ ਪੀੜਤਾਂ ਲਈ ਰਾਹਤ ਸਮੱਗਰੀ ਪਹੁੰਚਾਉਣ ਲਈ ਨਿਗਾਟਾ ਵੱਲ ਜਾਣਾ ਸੀ।

ਗ੍ਰੀਨਵਿਚ ਯੂਨੀਵਰਸਿਟੀ ਦੇ ਫਾਇਰ ਸੇਫਟੀ ਇੰਜਨੀਅਰਿੰਗ ਗਰੁੱਪ ਦੇ ਡਾਇਰੈਕਟਰ ਪ੍ਰੋਫ਼ੈਸਰ ਐਡ ਗੈਲੇਆ ਦਾ ਕਹਿਣਾ ਹੈ: ‘ਮੈਂ ਜਿੰਨੀਆਂ ਵੀ ਵੀਡੀਓਜ਼ ਦੇਖੀਆਂ ਹਨ, ਉਨ੍ਹਾਂ ਵਿੱਚ ਮੈਂ ਜ਼ਮੀਨ ’ਤੇ ਇੱਕ ਵੀ ਯਾਤਰੀ ਨੂੰ ਆਪਣਾ ਸਾਮਾਨ ਚੁੱਕਦੇ ਹੋਏ ਨਹੀਂ ਦੇਖਿਆ। ਜੇਕਰ ਲੋਕ ਲਿਜਾਣ ਦੀ ਕੋਸ਼ਿਸ਼ ਕਰਦੇ ਤਾਂ ਇਹ ਖ਼ਤਰਨਾਕ ਹੋਵੇਗਾ। ਉਨ੍ਹਾਂ ਦਾ ਕੈਬਿਨ ਸਮਾਨ। ਅਜਿਹਾ ਕੀਤਾ ਜਾ ਸਕਦਾ ਸੀ ਕਿਉਂਕਿ ਇਸ ਨਾਲ ਯਾਤਰੀਆਂ ਨੂੰ ਜਹਾਜ਼ ਤੋਂ ਬਾਹਰ ਕੱਢਣ ਦੀ ਪ੍ਰਕਿਰਿਆ ਹੌਲੀ ਹੋ ਜਾਂਦੀ।’

ਫੈਸਰ ਐਡ ਗੈਲੇਆ ਦਾ ਕਹਿਣਾ ਹੈ, ‘ਕ੍ਰੈਸ਼ ਹੋਏ ਜਹਾਜ਼ ਏਅਰਬੱਸ 350 ਦੀ ਹਾਲਤ ਨੇ ਵੀ ਨਿਕਾਸੀ (ਯਾਤਰੀਆਂ ਨੂੰ ਕੱਢਣ ਦੀ ਪ੍ਰਕਿਰਿਆ) ਨੂੰ ਮੁਸ਼ਕਲ ਬਣਾ ਦਿੱਤਾ ਸੀ। ਇਹ ਹਾਦਸਾ ਅਜਿਹਾ ਨਹੀਂ ਸੀ ਜਿਸਦੀ ਪਹਿਲਾਂ ਤੋਂ ਕਲਪਨਾ ਕੀਤੀ ਜਾ ਸਕਦੀ ਸੀ। ਜਹਾਜ਼ ਦਾ ਅਗਲਾ ਹਿੱਸਾ ਹੇਠਾਂ ਵੱਲ ਝੁਕਿਆ ਹੋਇਆ ਸੀ, ਜਿਸਦਾ ਮਤਲਬ ਸੀ ਕਿ ਯਾਤਰੀਆਂ ਲਈ ਦੂਜੇ ਪਾਸੇ ਜਾਣਾ ਮੁਸ਼ਕਲ ਸੀ।’





ਇਸ ਸਥਿਤੀ ਵਿੱਚ ਸਿਰਫ ਤਿੰਨ ਐਮਰਜੈਂਸੀ ਦਰਵਾਜ਼ੇ ਖੋਲ੍ਹੇ ਜਾ ਸਕਦੇ ਸਨ। ਜਹਾਜ਼ ਦੇ ਅੱਗੇ ਝੁਕਣ ਕਾਰਨ ਯਾਤਰੀਆਂ ਨੂੰ ਬਾਹਰ ਕੱਢਣ ਲਈ ਲਗਾਈਆਂ ਗਈਆਂ ਇਨਫਲੇਟੇਬਲ ਸਲਾਈਡਾਂ ਨੂੰ ਸਹੀ ਢੰਗ ਨਾਲ ਤਾਇਨਾਤ ਨਹੀਂ ਕੀਤਾ ਜਾ ਸਕਿਆ। ਇਹ ਸਲਾਈਡ ਬਹੁਤ ਖੜੀ ਸੀ ਜੋ ਯਾਤਰੀਆਂ ਲਈ ਖਤਰਨਾਕ ਹੋ ਸਕਦੀ ਸੀ।

ਜਾਪਾਨ ਏਅਰਲਾਈਨਜ਼ ਨੇ ਕਿਹਾ ਕਿ ਨਿਕਾਸੀ ਮੁਹਿੰਮ ਦੌਰਾਨ ਜਹਾਜ਼ ਦੀ ਘੋਸ਼ਣਾ ਪ੍ਰਣਾਲੀ ਖਰਾਬ ਹੋ ਗਈ ਸੀ। ਇਸ ਕਾਰਨ ਫਲਾਈਟ ਕਰੂ ਨੂੰ ਮੈਗਾਫੋਨ ’ਤੇ ਉੱਚੀ ਆਵਾਜ਼ ’ਚ ਯਾਤਰੀਆਂ ਨੂੰ ਹਦਾਇਤਾਂ ਦੇਣੀਆਂ ਪਈਆਂ।

ਇੱਕ ਯਾਤਰੀ ਨੂੰ ਮਾਮੂਲੀ ਸੱਟਾਂ ਲੱਗੀਆਂ ਜਦਕਿ 13 ਯਾਤਰੀਆਂ ਨੇ ਦਰਦ ਅਤੇ ਹੋਰ ਸਰੀਰਕ ਸਮੱਸਿਆਵਾਂ ਲਈ ਡਾਕਟਰੀ ਸਹਾਇਤਾ ਦੀ ਮੰਗ ਕੀਤੀ।

ਪਾਨ ਏਅਰਲਾਈਨਜ਼ ਦੇ ਇਸ ਜਹਾਜ਼ ਨੇ ਸਥਾਨਕ ਸਮੇਂ ਅਨੁਸਾਰ ਸ਼ਾਮ 4 ਵਜੇ ਨਿਊ ਚਿਤੋਜੇ ਹਵਾਈ ਅੱਡੇ ਤੋਂ ਉਡਾਣ ਭਰੀ ਅਤੇ ਸ਼ਾਮ 6 ਵਜੇ ਹਨੇਡਾ ਹਵਾਈ ਅੱਡੇ ’ਤੇ ਉਤਰਿਆ।

ਨਾਲ ਟਕਰਾਉਣ ਵਾਲਾ ਕੋਸਟ ਗਾਰਡ ਦਾ ਜਹਾਜ਼ ਨਵੇਂ ਸਾਲ ’ਤੇ ਆਏ ਭੂਚਾਲ ਦੇ ਪੀੜਤਾਂ ਲਈ ਰਾਹਤ ਸਮੱਗਰੀ ਲੈ ਕੇ ਆਇਆ ਸੀ। ਇਸ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ।

ਜਾਪਾਨ ਏਅਰਲਾਈਨਜ਼ ਦੇ ਸਾਬਕਾ ਫਲਾਈਟ ਅਟੈਂਡੈਂਟ ਨੇ ਬੀਬੀਸੀ ਨੂੰ ਦੱਸਿਆ ਕਿ ਫਲਾਈਟ 516 ’ਤੇ ਸਵਾਰ ਯਾਤਰੀ ‘ਬਹੁਤ ਹੀ ਖ਼ੁਸ਼ਕਿਸਮਤ’ ਸਨ।

ਉਸ ਨੇ ਕਿਹਾ, ‘ਮੈਨੂੰ ਰਾਹਤ ਮਹਿਸੂਸ ਹੋਈ ਕਿ ਸਾਰੇ ਯਾਤਰੀ ਸੁਰੱਖਿਅਤ ਹਨ। ਪਰ ਜਿਵੇਂ ਹੀ ਮੈਂ ਐਮਰਜੈਂਸੀ ਸਥਿਤੀਆਂ ਵਿੱਚ ਮੁਸਾਫਰਾਂ ਨੂੰ ਕੱਢਣ ਦੀ ਪ੍ਰਕਿਰਿਆ ਬਾਰੇ ਸੋਚਣਾ ਸ਼ੁਰੂ ਕੀਤਾ, ਮੈਂ ਡਰੀ, ਘਬਰਾਹਟ ਮਹਿਸੂਸ ਕਰਨ ਲੱਗੀ। ਜਿਸ ਤਰ੍ਹਾਂ ਦੋਵੇਂ ਜਹਾਜ਼ ਆਪਸ ਵਿੱਚ ਟਕਰਾ ਗਏ ਅਤੇ ਅੱਗ ਲੱਗ ਗਈ, ਸਥਿਤੀ ਹੋਰ ਵੀ ਬਦਤਰ ਹੋ ਸਕਦੀ ਸੀ।’

ਇਸ ਸਾਬਕਾ ਫਲਾਈਟ ਅਟੈਂਡੈਂਟ, ਜਿਸ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ ’ਤੇ ਗੱਲ ਕੀਤੀ, ਨੇ ਕਿਹਾ ਕਿ ਅਸਲ ਜ਼ਿੰਦਗੀ ਵਿਚ ਇਹ ਯਕੀਨੀ ਬਣਾਉਣਾ ਮੁਸ਼ਕਲ ਹੋ ਸਕਦਾ ਹੈ ਕਿ ਯਾਤਰੀ ਘਬਰਾਏ ਨਾ।

ਉਹ ਕਹਿੰਦੀ ਹੈ, ‘ਪਰ ਉਨ੍ਹਾਂ ਨੇ ਜੋ ਕੀਤਾ, ਉਸ ਦੀ ਕਲਪਨਾ ਕਰਨਾ ਵੀ ਬਹੁਤ ਔਖਾ ਹੈ। ਸੱਚਾਈ ਇਹ ਹੈ ਕਿ ਉਹ ਸਾਰਿਆਂ ਨੂੰ ਸੁਰੱਖਿਅਤ ਬਾਹਰ ਕੱਢਣ ਵਿੱਚ ਕਾਮਯਾਬ ਰਹੇ। ਇਹ ਉਨ੍ਹਾਂ ਦੇ ਨਿਰਦੇਸ਼ਾਂ ਦਾ ਪਾਲਣ ਕਰਨ ਵਾਲੇ ਚਾਲਕ ਦਲ ਅਤੇ ਯਾਤਰੀਆਂ ਵਿਚਕਾਰ ਚੰਗੇ ਤਾਲਮੇਲ ਕਾਰਨ ਹੋਇਆ ਸੀ। ਇਸ ਦੇ ਨਤੀਜੇ ਹੋ ਸਕਦੇ ਹਨ।’

ਉਨ੍ਹਾਂ ਕਿਹਾ ਕਿ ਨਵੇਂ ਜਹਾਜ਼ ਦੇ ਚਾਲਕ ਦਲ ਦੇ ਮੈਂਬਰਾਂ ਨੂੰ ਸਖ਼ਤ ਨਿਕਾਸੀ ਅਤੇ ਬਚਾਅ ਸਿਖਲਾਈ ਤੋਂ ਗੁਜ਼ਰਨਾ ਪੈਂਦਾ ਹੈ। ਵਪਾਰਕ ਉਡਾਣਾਂ ਵਿੱਚ ਤਾਇਨਾਤ ਕੀਤੇ ਜਾਣ ਤੋਂ ਪਹਿਲਾਂ, ਚਾਲਕ ਦਲ ਨੂੰ ਇਸ ਸਿਖਲਾਈ ਤੋਂ ਗੁਜ਼ਰਨਾ ਪੈਂਦਾ ਹੈ ਜੋ ਤਿੰਨ ਹਫ਼ਤਿਆਂ ਤੱਕ ਚੱਲਦੀ ਹੈ। ਇੰਨਾ ਹੀ ਨਹੀਂ ਉਨ੍ਹਾਂ ਨੂੰ ਹਰ ਸਾਲ ਇਹ ਟਰੇਨਿੰਗ ਲੈਣੀ ਪੈਂਦੀ ਹੈ।

ਇਸ ਮੁਖ਼ਤਿਆਰ ਨੇ ਦਸ ਸਾਲ ਪਹਿਲਾਂ ਜਾਪਾਨ ਏਅਰਲਾਈਨਜ਼ ਦੀ ਸੇਵਾ ਛੱਡ ਦਿੱਤੀ ਸੀ।

ਉਨ੍ਹਾਂ ਕਿਹਾ, ‘ਸਾਨੂੰ ਲਿਖਤੀ ਇਮਤਿਹਾਨ ਦੇਣਾ ਪੈਂਦਾ ਹੈ। ਵੱਖ-ਵੱਖ ਸਥਿਤੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਕੇਸ ਸਟੱਡੀਜ਼ ’ਤੇ ਚਰਚਾ ਕੀਤੀ ਜਾਂਦੀ ਹੈ ਅਤੇ ਪ੍ਰੈਕਟੀਕਲ ਟਰੇਨਿੰਗ ਦਿੱਤੀ ਜਾਂਦੀ ਹੈ। ਇਸ ਵਿਚ ਸਾਨੂੰ ਕਈ ਤਰ੍ਹਾਂ ਦੀਆਂ ਸਥਿਤੀਆਂ ਨੂੰ ਸਮਝਣਾ ਪੈਂਦਾ ਹੈ। ਉਦਾਹਰਣ ਵਜੋਂ, ਪਾਣੀ ’ਤੇ ਉਤਰਨ ਵਿਚ ਕੀ ਕਰਨਾ ਚਾਹੀਦਾ ਹੈ। ਅੱਗ ਲੱਗਣ ਦਾ ਮਾਮਲਾ ਅਤੇ ਜੇਕਰ ਜਹਾਜ਼ ਨੂੰ ਅੱਗ ਲੱਗ ਜਾਂਦੀ ਹੈ ਤਾਂ ਕੀ ਕਰਨਾ ਹੈ। ਮੇਨਟੇਨੈਂਸ ਸਟਾਫ ਵੀ ਇਸ ਸਿਖਲਾਈ ਵਿੱਚ ਹਿੱਸਾ ਲੈਂਦਾ ਹੈ।’

ਇੱਕ ਦੱਖਣ-ਪੂਰਬੀ ਏਸ਼ੀਆਈ ਏਅਰਲਾਈਨ ਦੇ ਇੱਕ ਪਾਇਲਟ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ ’ਤੇ ਬੋਲਦਿਆਂ ਕਿਹਾ ਕਿ ਫਲਾਈਟ ਦੇ ਚਾਲਕ ਦਲ ਨੂੰ ਸਖ਼ਤ ਸਿਖਲਾਈ ਤੋਂ ਗੁਜ਼ਰਨਾ ਪਿਆ ਜਿਸ ਨਾਲ ਨਿਕਾਸੀ ਮੁਹਿੰਮ ਨੂੰ ਜਲਦੀ ਪੂਰਾ ਕਰਨ ਵਿੱਚ ਮਦਦ ਮਿਲੀ। ਉਹ ਕਹਿੰਦਾ ਹੈ, ‘ਮੈਨੂੰ ਇਹ ਕਹਿਣਾ ਚਾਹੀਦਾ ਹੈ ਕਿ ਇਹ ਹੈਰਾਨੀਜਨਕ ਸੀ। ਮੈਨੂੰ ਲੱਗਦਾ ਹੈ ਕਿ ਇਸ ਮਾਮਲੇ ਵਿੱਚ ਜੋ ਵੀ ਹੋਇਆ, ਉਹ ਚੰਗੀ ਸਿਖਲਾਈ ਦਾ ਨਤੀਜਾ ਹੀ ਹੋ ਸਕਦਾ ਹੈ। ਅਸਲ ਵਿੱਚ, ਅਜਿਹੀ ਸਥਿਤੀ ਵਿੱਚ ਤੁਹਾਡੇ ਕੋਲ ਸੋਚਣ ਲਈ ਜ਼ਿਆਦਾ ਸਮਾਂ ਨਹੀਂ ਹੁੰਦਾ ਹੈ। ਇਸ ਲਈ ਤੁਸੀਂ ਉਹੀ ਕਰਦੇ ਹੋ ਜੋ ਤੁਸੀਂ ਕਰਦੇ ਹੋ। ਲਈ ਸਿਖਲਾਈ ਦਿੱਤੀ ਗਈ ਹੈ।’

ਉਨ੍ਹਾਂ ਕਿਹਾ, “ਕਿਸੇ ਯਾਤਰੀ ਜਹਾਜ਼ ਨੂੰ ਅੰਤਰਰਾਸ਼ਟਰੀ ਪੱਧਰ ’ਤੇ ਮਾਨਤਾ ਦਿਵਾਉਣ ਲਈ, ਇਸ ਨੂੰ ਬਣਾਉਣ ਵਾਲੀ ਕੰਪਨੀ ਨੂੰ ਇਹ ਦਿਖਾਉਣਾ ਹੁੰਦਾ ਹੈ ਕਿ ਜੇ ਲੋੜ ਹੋਵੇ ਤਾਂ ਜਹਾਜ਼ ’ਤੇ ਸਵਾਰ ਹਰ ਵਿਅਕਤੀ ਨੂੰ 90 ਸਕਿੰਟਾਂ ਦੇ ਅੰਦਰ ਸੁਰੱਖਿਅਤ ਢੰਗ ਨਾਲ ਬਾਹਰ ਕੱਢਿਆ ਜਾ ਸਕਦਾ ਹੈ। ਕਈ ਵਾਰ ਨਿਕਾਸੀ ਟੈਸਟ ’ਚ ਅਸਲੀ ਯਾਤਰੀ ਵੀ ਵਰਤੇ ਜਾਂਦੇ ਹਨ।” ਪਾਇਲਟ ਨੇ ਕਿਹਾ ਕਿ ਪਿਛਲੇ ਹਾਦਸਿਆਂ ਤੋਂ ਸਬਕ ਲੈਂਦੇ ਹੋਏ ਹਵਾਈ ਆਵਾਜਾਈ ਸੁਰੱਖਿਆ ਨਿਯਮਾਂ ਨੂੰ ਹੋਰ ਮਜ਼ਬੂਤ ਕੀਤਾ ਗਿਆ ਹੈ।

ਉਦਾਹਰਨ ਲਈ, 1977 ਵਿੱਚ, ਸਪੇਨ ਦੇ ਰੋਡੀਓਸ ਹਵਾਈ ਅੱਡੇ ’ਤੇ ਦੋ ਬੋਇੰਗ 747 ਏਅਰਲਾਈਨਰ ਆਪਸ ਵਿੱਚ ਟਕਰਾ ਗਏ, ਜਿਸ ਨਾਲ 583 ਲੋਕ ਮਾਰੇ ਗਏ। ਹਵਾਈ ਆਵਾਜਾਈ ਦੇ ਇਤਿਹਾਸ ਵਿੱਚ ਇਹ ਸਭ ਤੋਂ ਵੱਡਾ ਹਾਦਸਾ ਸੀ।

ਕਾਕਪਿਟ ਨਿਯਮਾਂ ਅਤੇ ਰੇਡੀਓ ਸੰਚਾਰ ਵਿੱਚ ਬਾਅਦ ਵਿੱਚ ਸੁਧਾਰ ਕੀਤਾ ਗਿਆ ਕਿਉਂਕਿ ਇਹ ਹਾਦਸਾ ਪਾਇਲਟਾਂ ਅਤੇ ਹਵਾਈ ਆਵਾਜਾਈ ਕੰਟਰੋਲਰ ਵਿਚਕਾਰ ਗਲਤਫਹਿਮੀ ਕਾਰਨ ਹੋਇਆ ਸੀ।

1985 ਵਿੱਚ, ਫਲਾਈਟ 123 ਟੋਕੀਓ ਹਾਨੇਡਾ, ਜਾਪਾਨ ਤੋਂ ਉਡਾਣ ਭਰਨ ਤੋਂ ਬਾਅਦ ਪਹਾੜਾਂ ਵਿੱਚ ਹਾਦਸਾਗ੍ਰਸਤ ਹੋ ਗਈ। ਬਾਅਦ ਵਿੱਚ ਪਤਾ ਲੱਗਾ ਕਿ ਬੋਇੰਗ ਦੇ ਮੁਰੰਮਤ ਦੇ ਕੰਮ ਵਿੱਚ ਗਲਤੀ ਹੋਈ ਸੀ। 524 ਵਿੱਚੋਂ ਸਿਰਫ਼ ਚਾਰ ਲੋਕ ਹੀ ਬਚ ਸਕੇ।

2006 ਵਿੱਚ, ਜਾਪਾਨ ਏਅਰਲਾਈਨਜ਼ ਨੇ ਜਾਗਰੂਕਤਾ ਪੈਦਾ ਕਰਨ ਲਈ ਹਾਨੇਡਾ ਵਿੱਚ ਇੱਕ ਅਜਾਇਬ ਘਰ ਬਣਾਇਆ ਜਿਸ ਵਿੱਚ ਕਰੈਸ਼ ਹੋਏ ਜਹਾਜ਼ਾਂ ਦੇ ਅਵਸ਼ੇਸ਼ ਸਨ।

(ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ)







# ਗੋਲਡੀ ਬਰਾੜ ਨੂੰ ਕੇਂਦਰ ਸਰਕਾਰ ਨੇ ਅਤਿਵਾਦੀ ਐਲਾਨਿਆ

## • ਕੇਂਦਰ ਸਰਕਾਰ ਨੇ ਜਾਰੀ ਕੀਤਾ ਨੋਟੀਫਿਕੇਸ਼ਨ • ਕੈਨੇਡਾ ਤੋਂ ਚਲਾ ਰਿਹੈ ਗ਼ੈਰਕਾਨੂੰਨੀ ਗਤੀਵਿਧੀਆਂ

## • ਮੂਸੇਵਾਲਾ ਦੀ ਹੱਤਿਆ ਦਾ ਹੈ ਮੁੱਖ ਸਾਜ਼ਿਸ਼ਘਾੜਾ

ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦਾ ਕਥਿਤ ਮਾਸਟਰਮਾਈਂਡ ਅਤੇ ਪੰਜਾਬ ਪੁਲਿਸ ਦੇ ਕਈ ਕੇਸਾਂ ਵਿੱਚ ਲੋੜੀਂਦੇ ਗੋਲਡੀ ਬਰਾੜ ਨੂੰ ਭਾਰਤ ਸਰਕਾਰ ਨੇ ਅੱਤਵਾਦੀ ਐਲਾਨਿਆ ਹੋਇਆ ਹੈ। ਕੇਂਦਰੀ ਗ੍ਰਹਿ ਮੰਤਰਾਲੇ ਦੇ ਨੋਟੀਫਿਕੇਸ਼ਨ ਅਨੁਸਾਰ ਸਤਵਿੰਦਰ ਸਿੰਘ ਉਰਫ ਸਤਿੰਦਰਜੀਤ ਸਿੰਘ ਉਰਫ ਗੋਲਡੀ ਬਰਾੜ ਨੂੰ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ ਯਾਨੀ UAPA ਦੇ ਤਹਿਤ ਅੱਤਵਾਦੀ ਘੋਸ਼ਿਤ ਕੀਤਾ ਗਿਆ ਹੈ। ਗੋਲਡੀ ਬਰਾੜ ਖਾਲਿਸਤਾਨੀ ਸੰਗਠਨ ਬੱਬਰ ਖਾਲਸਾ ਇੰਟਰਨੈਸ਼ਨਲ ਨਾਲ ਜੁੜਿਆ ਹੋਇਆ ਹੈ।

ਗੋਲਡੀ ਬਰਾੜ ਬਾਰੇ ਨੋਟੀਫਿਕੇਸ਼ਨ ਵਿੱਚ ਭਾਰਤ ਸਰਕਾਰ ਨੇ ਕੀ ਕਿਹਾ?

ਨੋਟੀਫਿਕੇਸ਼ਨ ਅਨੁਸਾਰ ਗੋਲਡੀ ਬਰਾੜ ਦਾ ਜਨਮ 11 ਅਪ੍ਰੈਲ 1994 ਨੂੰ ਪੰਜਾਬ ਦੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿੱਚ ਹੋਇਆ ਸੀ। ਵਰਤਮਾਨ ਵਿੱਚ ਉਹ ਬਰੈਂਪਟਨ, ਕੈਨੇਡਾ ਵਿੱਚ ਰਹਿ ਰਿਹਾ ਹੈ।

ਕੇਂਦਰ ਸਰਕਾਰ ਦਾ ਮੰਨਣਾ ਹੈ ਕਿ ਗੋਲਡੀ ਬਰਾੜ ਅੱਤਵਾਦ 'ਚ ਸ਼ਾਮਲ ਹੈ ਅਤੇ ਉਸ 'ਤੇ ਯੂਏਪੀਏ ਦੀ ਚੌਥੀ ਸ਼ਡਿਊਲ ਤਹਿਤ ਮਾਮਲਾ ਦਰਜ ਕੀਤਾ ਜਾਣਾ ਚਾਹੀਦਾ ਹੈ। ਸਰਕਾਰ ਦਾ ਕਹਿਣਾ ਹੈ ਕਿ ਗੋਲਡੀ ਬਰਾੜ, ਸੀਮਾ ਪਾਰ ਏਜੰਸੀ ਦੀ ਹਮਾਇਤ ਪ੍ਰਾਪਤ, ਕਈ ਕਤਲਾਂ ਵਿੱਚ ਸ਼ਾਮਲ ਅਤੇ ਕੱਟੜਪੰਥੀ ਵਿਚਾਰਧਾਰਾ ਹੋਣ ਦਾ ਦਾਅਵਾ ਕਰਦੇ ਹਨ। ਇਸ ਤੋਂ ਇਲਾਵਾ ਉਹ ਭਾਰਤ ਦੇ ਸਿਆਸੀ ਆਗੂਆਂ ਨੂੰ ਧਮਕੀਆਂ ਦੇਣ ਵਾਲੀਆਂ ਕਾਲਾਂ ਕਰਨ, ਫਿਰੌਤੀ ਮੰਗਣ ਅਤੇ ਕਈ ਤਰ੍ਹਾਂ ਦੇ ਕੰਮ ਕਰਨ ਵਿੱਚ ਵੀ ਸ਼ਾਮਲ ਹਨ। ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਕਤਲ ਦੇ ਦਾਅਵਿਆਂ ਨੂੰ ਪੋਸਟ ਕਰਨ ਵਿੱਚ ਵੀ ਸ਼ਾਮਲ ਹੈ। ਗੋਲਡੀ ਬਰਾੜ ਸਰਹੱਦ ਪਾਰੋਂ ਡਰੋਨਾਂ ਰਾਹੀਂ ਉੱਚ ਦਰਜੇ ਦੇ ਹਥਿਆਰਾਂ, ਗੋਲਾ ਬਾਰੂਦ ਅਤੇ ਵਿਸਫੋਟਕਾਂ ਦੀ ਤਸਕਰੀ ਅਤੇ ਉਹ ਕਤਲਾਂ ਨੂੰ ਅੰਜਾਮ ਦੇਣ ਲਈ ਸਪਲਾਈ ਅਤੇ ਸ਼ਾਰਪ ਸ਼ੂਟਰ ਮੁਹੱਈਆ ਕਰਵਾਉਣ ਵਿਚ ਵੀ ਸ਼ਾਮਲ ਰਿਹਾ ਹੈ। ਗੋਲਡੀ ਬਰਾੜ ਅਤੇ ਉਸਦੇ ਸਾਥੀਆਂ ਨੇ ਪੰਜਾਬ ਵਿੱਚ ਦਹਿਸ਼ਤ, ਟਾਰਗੇਟ ਕਿਲਿੰਗ ਅਤੇ ਹੋਰ ਬਹੁਤ ਕੁਝ ਦਾ ਮਾਹੌਲ ਪੈਦਾ ਕੀਤਾ। ਦੂਸਰੇ ਦੇਸ਼ ਵਿਰੋਧੀ ਗਤੀਵਿਧੀਆਂ ਨੂੰ ਅੰਜਾਮ ਦੇ ਕੇ ਸ਼ਾਂਤੀ ਭੰਗ ਕਰਨ ਦੀ ਸਾਜ਼ਿਸ਼ ਰਚ ਰਹੇ ਹਨ।

ਮਈ 2022 ਵਿੱਚ ਅੰਤਰਰਾਸ਼ਟਰੀ ਏਜੰਸੀ ਇੰਟਰਪੋਲ ਨੇ ਗੋਲਡੀ ਬਰਾੜ ਖ਼ਿਲਾਫ਼ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਸੀ।

ਗੋਲਡੀ ਖਿਲਾਫ ਦਸੰਬਰ 2022 'ਚ ਗੈਰ-ਜ਼ਮਾਨਤੀ ਵਾਰੰਟ ਅਤੇ ਮਈ 2022 'ਚ ਲੁਕ-ਆਊਟ ਸਰਕੂਲਰ ਜਾਰੀ ਕੀਤਾ ਗਿਆ ਸੀ।



**ਕੌਣ ਹੈ ਗੋਲਡੀ ਬਰਾੜ?**

30 ਸਾਲਾ ਗੋਲਡੀ ਬਰਾੜ ਦਾ ਜਨਮ 11 ਮਾਰਚ 1994 ਨੂੰ ਮੁਕਤਸਰ ਸਾਹਿਬ ਵਿਖੇ ਹੋਇਆ ਸੀ। ਉਹ ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਪੜ੍ਹ ਸਕਦਾ ਹੈ। ਸਰਕਾਰੀ ਸੂਤਰਾਂ ਅਨੁਸਾਰ ਗੋਲਡੀ ਬਰਾੜ ਅਗਸਤ 2017 ਵਿੱਚ ਸਟੱਡੀ ਵੀਜ਼ੇ 'ਤੇ ਕੈਨੇਡਾ ਗਿਆ ਸੀ। ਪੰਜਾਬ ਪੁਲਿਸ ਦੇ ਰਿਕਾਰਡ ਅਨੁਸਾਰ ਗੋਲਡੀ ਬਰਾੜ ਪਿਛਲੇ ਦਸ ਸਾਲਾਂ ਤੋਂ ਅਪਰਾਧ ਦੀ ਦੁਨੀਆਂ ਵਿੱਚ ਸਰਗਰਮ ਹੈ।

ਲਾਰੈਂਸ ਬਿਸ਼ਨੋਈ ਗੈਂਗ ਨਾਲ ਸਬੰਧਤ ਗੋਲਡੀ ਬਰਾੜ ਕਥਿਤ ਤੌਰ 'ਤੇ 29 ਮਈ 2022 ਨੂੰ ਸਿੱਧੂ ਮੂਸੇਵਾਲਾ ਦੇ ਕਤਲ ਵਿੱਚ ਸ਼ਾਮਲ ਸੀ। ਬਾਅਦ 'ਚ ਸੁਰਖੀਆਂ 'ਚ ਆਈ। ਗੋਲਡੀ ਬਰਾੜ ਨੇ ਸੋਸ਼ਲ ਮੀਡੀਆ 'ਤੇ ਪੋਸਟ ਕਰਦੇ ਹੋਏ ਦਾਅਵਾ ਕੀਤਾ ਕਿ ਉਸ ਨੇ ਮੂਸੇਵਾਲਾ ਦਾ ਕਤਲ ਕੀਤਾ ਹੈ।

ਪੰਜਾਬ ਪੁਲਿਸ ਦੇ ਰਿਕਾਰਡ ਅਨੁਸਾਰ ਗੋਲਡੀ ਬਰਾੜ 2017 ਵਿੱਚ ਕੈਨੇਡਾ ਗਿਆ ਸੀ ਅਤੇ ਉੱਥੇ ਆਪਣੇ ਦੋਸਤਾਂ ਨਾਲ ਬੈਠਾ ਸੀ। ਜਿਸ ਦੀ ਮਦਦ ਨਾਲ ਉਹ ਪੰਜਾਬ ਵਿੱਚ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ।

ਪੁਲਿਸ ਰਿਕਾਰਡ ਵਿੱਚ ਗੋਲਡੀ ਬਰਾੜ

ਗੋਲਡੀ ਬਰਾੜ ਅਕਤੂਬਰ 2020 ਵਿੱਚ ਪੰਜਾਬ ਅਤੇ ਚੰਡੀਗੜ੍ਹ ਪੁਲਿਸ ਦੇ ਧਿਆਨ ਵਿੱਚ ਆਇਆ ਸੀ। ਗੋਲਡੀ ਬਰਾੜ ਦੇ ਰਿਸ਼ਤੇਦਾਰ ਗੁਰਲਾਲ ਬਰਾੜ ਦਾ ਚੰਡੀਗੜ੍ਹ 'ਚ ਬੰਬੀਹਾ ਗੈਂਗ ਨੇ ਕਥਿਤ ਤੌਰ 'ਤੇ ਕਤਲ ਕਰ ਦਿੱਤਾ ਸੀ। ਗੁਰਲਾਲ ਪੰਜਾਬ ਯੂਨੀਵਰਸਿਟੀ ਦੀ ਵਿਦਿਆਰਥੀ ਜਥੇਬੰਦੀ SOPU ਦਾ ਸਾਬਕਾ ਸੂਬਾ ਪ੍ਰਧਾਨ ਸੀ।

SOPU ਪੰਜਾਬ ਯੂਨੀਵਰਸਿਟੀ ਦੀ ਵਿਦਿਆਰਥੀ ਜਥੇਬੰਦੀ ਹੈ ਜਿਸ ਨਾਲ ਸਿੱਧੂ ਮੂਸੇਵਾਲਾ ਕਤਲ ਕਾਂਡ ਦਾ ਇੱਕ ਹੋਰ ਮੁਲਜ਼ਮ ਹੈ।

**ਦੋਸ਼ੀ ਲਾਰੇਂਸ ਬਿਸ਼ਨੋਈ ਵੀ ਸ਼ਾਮਲ ਸੀ।**

ਪੁਲਿਸ ਮੁਤਾਬਕ ਗੋਲਡੀ ਬਰਾੜ ਨੇ ਆਪਣੇ ਰਿਸ਼ਤੇਦਾਰ ਗੁਰਲਾਲ ਬਰਾੜ ਦੇ ਕਤਲ ਦਾ ਬਦਲਾ ਲੈਣ ਦਾ ਫੈਸਲਾ ਕੀਤਾ ਹੈ।

ਪੁਲਿਸ ਅਨੁਸਾਰ ਗੋਲਡੀ ਬਰਾੜ ਨੂੰ ਗੁਰਲਾਲ ਬਰਾੜ ਦੇ ਕਤਲ ਕੇਸ ਵਿੱਚ ਗੁਰਲਾਲ ਸਿੰਘ ਭਲਵਾਨ 'ਤੇ ਸ਼ੱਕ ਹੈ।

ਗੋਲਡੀ ਨੇ ਕਥਿਤ ਤੌਰ 'ਤੇ ਲਾਰੈਂਸ ਬਿਸ਼ਨੋਈ, ਫਰੀਦਕੋਟ ਯੂਥ ਕਾਂਗਰਸ ਦੇ ਪ੍ਰਧਾਨ ਗੁਰਲਾਲ ਸਿੰਘ ਦੇ ਨਾਲ ਸੀ। ਭਲਵਾਨ ਦੇ ਕਤਲ ਦੀ ਸਾਜ਼ਿਸ਼ ਰਚੀ ਗਈ ਸੀ। 18 ਫਰਵਰੀ 2021 ਨੂੰ ਗੁਰਲਾਲ ਸਿੰਘ ਭਲਵਾਨ ਦੀ ਦਿਨ ਦਿਹਾੜੇ ਦੋ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਪੁਲਿਸ ਦਾ ਦਾਅਵਾ ਹੈ ਕਿ ਇਸ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਨੇ ਆਪਣੇ ਬਿਆਨ ਦੌਰਾਨ ਦੱਸਿਆ ਕਿ ਗੋਲਡੀ ਸੀ

ਉਹ ਇਸ ਕੇਸ ਦਾ ਮਾਸਟਰ ਮਾਈਂਡ ਹੈ ਜਿਸ ਨੇ ਗੁਰਲਾਲ ਸਿੰਘ ਭਲਵਾਨ ਦੇ ਕਤਲ ਲਈ ਗੱਡੀ, ਹਥਿਆਰ, ਸ਼ੂਟਰ ਅਤੇ ਸਾਜ਼ੋ-ਸਾਮਾਨ ਖਰੀਦਿਆ ਸੀ। ਪੁਲਿਸ ਰਿਕਾਰਡ ਅਨੁਸਾਰ ਗੋਲਡੀ ਬਰਾੜ ਦਾ ਪੰਜਾਬ ਵਿੱਚ ਇਹ ਕੋਈ ਪਹਿਲਾ ਮਾਮਲਾ ਨਹੀਂ ਸੀ ਜਿਸ ਵਿੱਚ ਉਸ ਦਾ ਨਾਂ ਆਇਆ ਹੋਵੇ।




ਪੁਲਿਸ ਸੂਤਰਾਂ ਦਾ ਕਹਿਣਾ ਹੈ ਕਿ ਗੁਰਲਾਲ ਪਹਿਲਵਾਨ ਦੇ ਕਤਲ ਤੋਂ ਬਾਅਦ ਗੋਲਡੀ ਬਰਾੜ ਨੇ ਕਥਿਤ ਤੌਰ 'ਤੇ ਫਿਰੌਤੀ ਦੀ ਮੰਗ ਕੀਤੀ ਸੀ। ਫਰੀਦਕੋਟ ਅਤੇ ਮੁਕਤਸਰ ਸਾਹਿਬ ਇਲਾਕੇ ਦੇ ਬਹੁਤ ਸਾਰੇ ਲੋਕਾਂ ਨੂੰ ਬੁਲਾਉਣ ਲੱਗ ਪਿਆ।

**ਅਪਰਾਧ ਦੇ ਸ਼ੁਰੂਆਤੀ ਦਿਨ :** ਪੁਲਿਸ ਰਿਕਾਰਡ ਵਿੱਚ ਗੋਲਡੀ ਬਰਾੜ ਖਿਲਾਫ ਦਰਜ ਕੀਤਾ ਗਿਆ ਸਭ ਤੋਂ ਪੁਰਾਣਾ ਮਾਮਲਾ 2012 ਦਾ ਹੈ। ਪੰਜਾਬ ਦੇ ਮੋਗਾ ਦੇ ਇੱਕ ਸਥਾਨਕ ਨਿਵਾਸੀ ਨੇ ਦੋਸ਼ ਲਾਇਆ ਕਿ ਉਹ ਆਪਣੀ ਕਾਰ ਵਿੱਚ ਜਿੰਮ ਜਾ ਰਿਹਾ ਸੀ। ਇਸ ਦੌਰਾਨ ਰੇਲਵੇ ਕ੍ਰਾਸਿੰਗ ਨੇੜੇ ਕੁਝ ਵਿਅਕਤੀ ਹਥਿਆਰਾਂ ਸਮੇਤ ਸੜਕ ਕਿਨਾਰੇ ਖੜ੍ਹੇ ਸਨ।

ਐੱਫ.ਆਈ.ਆਰ ਅਨੁਸਾਰ ਮੋਗਾ ਦੇ ਰਹਿਣ ਵਾਲੇ ਇਸ ਵਿਅਕਤੀ 'ਤੇ ਗੋਲੀਆਂ ਨਾਲ ਹਮਲਾ ਕੀਤਾ ਅਤੇ ਫਰਾਰ ਹੁੰਦੇ ਹੋਏ। ਹਾਲਾਂਕਿ 2015 ਵਿੱਚ ਗੋਲਡੀ ਬਰਾੜ ਨੂੰ ਅਦਾਲਤ ਨੇ ਇਸ ਕੇਸ ਵਿੱਚੋਂ ਬਰੀ ਕਰ ਦਿੱਤਾ ਸੀ ਕਿਉਂਕਿ ਜੁਰਮ ਸਾਬਤ ਹੋ ਗਿਆ ਸੀ। 2013 'ਚ ਅਬੋਹਰ ਦੇ ਰਹਿਣ ਵਾਲੇ ਰਾਕੇਸ਼ ਰਿਹਵਾ ਨੇ ਗੋਲਡੀ ਬਰਾੜ ਤੇ ਦੋ ਹੋਰਾਂ ਨੇ ਕਥਿਤ ਤੌਰ 'ਤੇ ਉਨ੍ਹਾਂ ਅਸਲ ਵਿੱਚ ਬੰਦੂਕ ਦੀ ਨੋਕ 'ਤੇ ਉਨ੍ਹਾਂ ਨੂੰ ਆਪਣੀ ਕਾਰ ਵਿੱਚ ਖਿੱਚ ਲਿਆ ਅਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਗੋਲਡੀ ਬਰਾੜ ਨੂੰ ਵੀ ਇਸ ਕੇਸ ਵਿੱਚੋਂ ਬਰੀ ਕਰ ਦਿੱਤਾ ਗਿਆ ਸੀ। ਇਨ੍ਹਾਂ ਵਿੱਚੋਂ ਇੱਕ ਗੰਭੀਰ ਮਾਮਲਾ ਸਾਲ 2020 ਦਾ ਹੈ ਜਦੋਂ ਰਣਜੀਤ ਨੇ ਗੋਲਡੀ ਬਰਾੜ ਖ਼ਿਲਾਫ਼ ਪੰਜਾਬ ਦੇ ਮਲੋਟ ਵਿੱਚ ਕੇਸ ਦਰਜ ਕਰਵਾਇਆ ਸੀ।

ਮੁਲਜ਼ਮਾਂ ਵਿੱਚੋਂ ਇੱਕ ਪਵਨ ਨਹਿਰਾ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਸ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਰਣਜੀਤ ਸਿੰਘ ਰਾਣਾ ਦਾ ਕਤਲ ਕੈਨੇਡਾ 'ਚ ਰਹਿੰਦੇ ਬਿਸ਼ਨੋਈ ਅਤੇ ਗੋਲਡੀ ਬਰਾੜ ਦੇ ਕਹਿਣ 'ਤੇ ਕੀਤਾ ਗਿਆ ਸੀ। ਮ੍ਰਿਤਕ ਉਸ ਦੀ ਮਾਤਾ ਮਨਜੀਤ ਕੌਰ ਨੇ ਵੀ ਇਸ ਦੀ ਪੁਸ਼ਟੀ ਕੀਤੀ ਹੈ। ਇਹ ਮਾਮਲਾ ਅਦਾਲਤ ਵਿੱਚ ਵਿਚਾਰ ਅਧੀਨ ਹੈ।

ਪੁਲਿਸ ਸੂਤਰਾਂ ਦਾ ਕਹਿਣਾ ਹੈ ਕਿ 2020 ਤੋਂ ਬਾਅਦ ਅਪਰਾਧ ਵਿੱਚ ਉਸਦੀ ਕਥਿਤ ਸ਼ਮੂਲੀਅਤ ਵਧ ਗਈ ਹੈ। ਅਪਰਾਧ ਜੋ ਜਿਨ੍ਹਾਂ ਮਾਮਲਿਆਂ ਵਿਚ ਉਹ ਕਥਿਤ ਤੌਰ 'ਤੇ ਸ਼ਾਮਲ ਹੈ, ਉਨ੍ਹਾਂ ਵਿਚ ਫਿਰੌਤੀ ਅਤੇ ਕਤਲ ਸ਼ਾਮਲ ਹਨ।

ਪਰ ਸਭ ਤੋਂ ਵੱਧ, ਗੋਲਡੀ ਉਦੋਂ ਸੁਰਖੀਆਂ ਵਿੱਚ ਆਇਆ ਜਦੋਂ ਉਸਨੇ ਕਥਿਤ ਤੌਰ 'ਤੇ ਪੰਜਾਬੀ ਗਾਇਕ ਸਿੱਧੂ ਨੂੰ ਡੇਟ ਕੀਤਾ। ਮੂਸੇਵਾਲਾ ਦਾ ਕਤਲ ਕਰ ਦਿੱਤਾ ਗਿਆ। ਇਸ ਸਾਲ 29 ਮਈ ਨੂੰ ਸਿੱਧੂ ਮੂਸੇਵਾਲਾ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਉਦੋਂ ਤੋਂ ਉਹ ਪੰਜਾਬ ਪੁਲਿਸ ਦੀ ਮੋਸਟ ਵਾਂਟੇਡ ਲਿਸਟ 'ਚ ਟਾਪ 'ਤੇ ਹੈ। ਸਿੱਧੂ ਮੂਸੇਵਾਲਾ ਕਤਲ ਕਾਂਡ ਦਾ 'ਮਾਸਟਰਮਾਈਂਡ' ਹੈ।

ਪੁਲਿਸ ਵੱਲੋਂ ਅਦਾਲਤ ਵਿੱਚ ਦਾਖ਼ਲ ਚਾਰਜਸ਼ੀਟ ਵਿੱਚ ਕਿਹਾ ਗਿਆ ਹੈ ਕਿ ਗੋਲਡੀ ਬਰਾੜ ਸਿੱਧੂ ਮੂਸੇਵਾਲਾ ਕਤਲ ਕੇਸ ਵਿੱਚ ਸ਼ਾਮਲ ਹੈ। ਚਾਰਜਸ਼ੀਟ 'ਚ ਅੱਗੇ ਕਿਹਾ ਗਿਆ ਹੈ ਕਿ ਗੋਲਡੀ ਨੇ ਸ਼ੂਟਰਾਂ ਨੂੰ ਫੜਿਆ ਅਤੇ ਵੱਖ-ਵੱਖ ਲੋਕਾਂ ਨੂੰ ਵੱਖ-ਵੱਖ ਥਾਵਾਂ 'ਤੇ ਮਾਰ ਦਿੱਤਾ।

ਉਹ ਵੱਖ-ਵੱਖ ਗੈਂਗਾਂ ਨੂੰ ਨਿਸ਼ਾਨੇਬਾਜ਼, ਵਾਹਨ, ਪੈਸੇ, ਹਥਿਆਰ ਅਤੇ ਉਨ੍ਹਾਂ ਦੇ ਰਹਿਣ ਦੇ ਪ੍ਰਬੰਧ ਪ੍ਰਦਾਨ ਕਰਦੇ ਸਨ। ਗੋਲਡੀ ਨੇ ਕਥਿਤ ਤੌਰ 'ਤੇ 28 ਮਈ ਨੂੰ ਮੂਸੇਵਾਲਾ ਦੀ ਸੁਰੱਖਿਆ ਵਾਪਸ ਲੈਣ ਬਾਰੇ ਸ਼ੂਟਰਾਂ ਨੂੰ ਸੂਚਿਤ ਕੀਤਾ ਸੀ। ਕਤਲ ਵਾਲੇ ਦਿਨ 29 ਮਈ ਨੂੰ ਗੋਲਡੀ ਨੇ ਉਸ ਨੂੰ ਯੋਜਨਾ ਤੇਜ਼ ਕਰਨ ਲਈ ਕਿਹਾ।

ਗੋਲਡੀ ਨੇ ਕਥਿਤ ਤੌਰ 'ਤੇ ਵਿੱਕੀ ਮਿੱਡੂਖੇੜਾ ਦੇ ਕਤਲ ਦਾ ਬਦਲਾ ਲੈਣ ਲਈ ਅਜਿਹਾ ਕੀਤਾ ਸੀ। ਚਾਰਜਸ਼ੀਟ ਮੁਤਾਬਕ ਗੋਲਡੀ ਉਹ ਵਿਅਕਤੀ ਹੈ ਜਿਸ ਨੇ ਕਥਿਤ ਤੌਰ 'ਤੇ ਨਿਸ਼ਾਨੇਬਾਜ਼ਾਂ ਦੇ ਠਹਿਰਨ ਦਾ ਪ੍ਰਬੰਧ ਕੀਤਾ ਸੀ।


ਉਸ ਨੇ ਅਤੇ ਲਾਰੈਂਸ ਬਿਸ਼ਨੋਈ ਨੇ ਸੋਸ਼ਲ ਮੀਡੀਆ 'ਤੇ ਮੂਸੇਵਾਲਾ ਦੇ ਕਤਲ ਦੀ ਜ਼ਿੰਮੇਵਾਰੀ ਲਈ ਸੀ।


(ਧੰਨਵਾਦ ਸਹਿਤ ਸੋਸ਼ਲ ਮੀਡੀਆ)

## ਹੌਲੀ ਚਲਾਉ ਬੱਚਕੇ ਜਾਉ ਘਰਾਂ 'ਚ ਤੁਹਾਡੇ ਅਤੇ ਨਾਲ ਬੈਠੇ ਲੋਕਾਂ ਦੇ ਪ੍ਰਵਾਰ ਘਰਾਂ 'ਚ ਇੰਤਜ਼ਾਰ ਕਰ ਰਹੇ ਨੇ

# ਬੱਸ ਦੀ ਟਰੱਕ ਨਾਲ ਟੱਕਰ 12 ਲੋਕਾਂ ਦੀ ਮੌਤ 25 ਜ਼ਖਮੀ







ਗੋਲਾਘਾਟ : 37 ਯਾਤਰੀਆਂ ਨੂੰ ਲੈ ਕੇ ਜਾ ਰਹੀ ਇਕ ਬੱਸ ਬੁੱਧਵਾਰ ਨੂੰ ਗੋਲਾਘਾਟ ਦੇ ਡੇਰਾਗਾਂਵ ਨੇੜੇ ਇਕ ਟਰੱਕ ਨਾਲ ਟਕਰਾ ਗਈ। ਦੱਸਿਆ ਜਾ ਰਿਹਾ ਹੈ ਕਿ ਇਸ ਹਾਦਸੇ 'ਚ 12 ਲੋਕਾਂ ਦੀ ਮੌਤ ਹੋ ਗਈ ਅਤੇ 25 ਹੋਰ ਜ਼ਖਮੀ ਹੋ ਗਏ।ਕਈਆ ਦੇ ਪੂਰੇ ਪ੍ਰਵਾਰ ਖਤਮ ਹੋ ਗਏ ਕਈਆ ਦੇ ਘਰ ਉਜੜ ਗਏ ਸਿਆਣੇ ਕਹਿੰਦੇ ਕਦੇ ਵੀ ਨਾ ਪਹੁੰਚਣ ਨਾਲੋ ਥੋੜਾ ਲੇਟ ਘਰ ਚਲੇ ਜਾਉ ਹੌਲੀ ਚਲਾਉ ਬੱਚਕੇ ਜਾਉ ਘਰਾਂ ਚ ਤੁਹਾਡੇ ਅਤੇ ਨਾਲ ਬੈਠੇ ਲੋਕਾਂ ਦੇ ਪ੍ਰਵਾਰ ਘਰਾਂ ਚ ਇੰਤਜਾਰ ਕਰ ਰਹੇ ਨੇ।

# ਸਾਰੀ ਜ਼ਿੰਦਗੀ ਆਪਣੇ ਦੇਸ਼, ਆਪਣੇ ਲੋਕਾਂ ਅਤੇ ਅਜ਼ਾਦੀ ਲਈ ਲੜਨ ਵਾਲੇ ਅਧਿਆਪਨ ਆਗੂ ਸ੍ਰੀ ਦਲਾਈਲਾਮਾ ਨੇ ਪੂਰਬੀ ਭਾਰਤ ਵਿੱਚ ਕੀਤੇ ਵਿਚਾਰ ਪੇਸ਼







ਗਯਾ : ਤਿੱਬਤੀ ਅਧਿਆਤਮਿਕ ਨੇਤਾ ਦਲਾਈ ਲਾਮਾ ਨੇ ਗਯਾ ਵਿੱਚ ਕਾਲਚੱਕਰ ਮੈਦਾਨ, ਬੋਧ ਗਯਾ ਵਿੱਚ, ਆਪਣੀਆਂ ਸਿੱਖਿਆਵਾਂ ਦੇ ਪਹਿਲੇ ਦਿਨ ਇੱਕ ਇਕੱਠ ਨੂੰ ਸੰਬੋਧਨ ਕਰਨ ਲਈ ਪਹੁੰਚੇ।

ਜਲਾਵਤਨ ਤਿੱਬਤੀ ਅਧਿਆਤਮਿਕ ਆਗੂ ਦਲਾਈ ਲਾਮਾ ਦੇ ਅਧਿਆਪਨ ਸੈਸ਼ਨ ਵਿੱਚ ਸ਼ਾਮਲ ਹੋਣ ਵਾਲੇ ਵੱਖ-ਵੱਖ ਸ਼ਰਧਾਲੂ ਨੂੰ ਸੰਬੋਧਨ ਕੀਤਾ। ਵੱਖ-ਵੱਖ ਬੋਧੀ ਭਿਕਸ਼ੂ ਸਟੇਜ 'ਤੇ ਖੜ੍ਹੇ, ਦਲਾਈ ਲਾਮਾ ਗੋਲਫ ਕਾਰਟ 'ਤੇ ਪਹੁੰਚ ਰਹੇ ਹਨ।

ਬੋਧਗਯਾ ਮੰਦਿਰ ਪ੍ਰਬੰਧਨ ਕਮੇਟੀ ਦੁਆਰਾ ਸ਼ੁਰੂ ਕੀਤੀ ਗਈ ਬੁੱਧ ਦੀ ਇੱਕ ਨਵੀਂ ਪੱਥਰ ਦੀ ਮੂਰਤੀ ਅੱਗੇ ਅਧਿਆਪਨ ਦੇ ਮੈਦਾਨ ਦੇ ਗੇਟ ਦੇ ਅੰਦਰ ਹੀ ਪਵਿੱਤਰਤਾ ਰੁਕ ਗਈ। ਉਨ੍ਹਾਂ ਦਾ ਸਵਾਗਤ ਕਰਨ ਲਈ ਕਮੇਟੀ ਦੇ ਮੈਂਬਰ ਵੀ. ਨਮਗਯਾਲ ਮੱਠ ਦੇ ਭਿਕਸ਼ੂਆਂ ਦੁਆਰਾ ਸਮਰਥਨ ਪ੍ਰਾਪਤ, ਪਰਮ ਪਵਿੱਤਰ ਨੇ ਚਿੱਤਰ ਨੂੰ ਪਵਿੱਤਰ ਕਰਨ ਲਈ ਆਇਤਾਂ ਦਾ ਉਚਾਰਨ ਕੀਤਾ, ਉਨ੍ਹਾਂ ਦੇ ਪਾਠ ਆਸ਼ੀਰਵਾਦ ਦੇ ਰਾਹ ਦੁਆਰਾ ਹਵਾ ਵਿੱਚ ਫੁੱਲਾਂ ਦੀਆਂ ਪੰਖੜੀਆਂ ਦੀਆਂ ਮੁੱਠੀਆਂ ਉਛਾਲ ਕੇ ਵਿਰਾਮਬੱਧ ਕੀਤੇ ਗਏ।

ਪਰਮ ਪਵਿੱਤਰ ਸਿੰਘਾਸਣ ਦੇ ਸਾਹਮਣੇ ਸਟੇਜ ਦੇ ਕਿਨਾਰੇ 'ਤੇ ਗੋਲਫ ਕਾਰਟ ਤੋਂ ਉਤਰਨ ਦੇ ਯੋਗ ਸੀ, ਜਿੱਥੋਂ ਸੈਂਕੜੇ ਦਰਸ਼ਕਾਂ ਦੀ ਭੀੜ ਸੀ , ਉਨ੍ਹਾਂ ਸਿੰਘਾਸਣ ਦੇ ਪਿੱਛੇ ਬੁੱਧ ਦੀ ਮੂਰਤੀ ਨੂੰ ਸਲਾਮ ਕੀਤਾ।

"ਅਸੀਂ ਪਨਾਹ ਲੈਣ ਅਤੇ ਬੋਧੀਚਿਤ ਦੇ ਜਾਗ੍ਰਿਤ ਮਨ ਨੂੰ ਪੈਦਾ ਕਰਨ ਲਈ ਆਇਤ ਦਾ ਪਾਠ ਕਰਾਂਗੇ। ਬੁੱਧ, ਧਰਮ ਅਤੇ ਸੰਘ ਸ਼ਰਨ ਦੀਆਂ ਵਸਤੂਆਂ ਹਨ ਅਤੇ ਜਿਸ ਕਾਰਨ ਅਸੀਂ ਉਨ੍ਹਾਂ ਵੱਲ ਮੁੜਦੇ ਹਾਂ ਉਹ ਹੈ ਬੇਮਿਸਾਲ ਗਿਆਨ ਪ੍ਰਾਪਤ ਕਰਨਾ ਤਾਂ ਜੋ ਸਾਰੇ ਸੰਵੇਦਨਸ਼ੀਲ ਜੀਵਾਂ ਨੂੰ ਮੁਕਤੀ ਵੱਲ ਲੈ ਜਾ ਸਕਣ। ਉਨ੍ਹਾਂ ਨੇ ਭੀੜ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਮਹੱਤਵਪੂਰਨ ਹੈ ਕਿ ਅਸੀਂ ਪਹਿਲਾਂ ਆਪਣੀ ਪ੍ਰੇਰਣਾ ਦੀ ਜਾਂਚ ਕਰੀਏ। ਇਹ ਅਧਿਆਪਕ ਅਤੇ ਸਿਖਾਏ ਦੋਨਾਂ 'ਤੇ ਲਾਗੂ ਹੁੰਦਾ ਹੈ। ਸਾਨੂੰ ਅੱਠ ਸੰਸਾਰੀ ਚਿੰਤਾਵਾਂ ਤੋਂ ਬਚਣਾ ਚਾਹੀਦਾ ਹੈ। ਅਧਿਆਪਕ ਨੂੰ ਨਾ ਤਾਂ ਸੁਆਰਥੀ ਹੋਣਾ ਚਾਹੀਦਾ ਹੈ ਅਤੇ ਨਾ ਹੀ ਸ਼ਾਂਤੀ ਦੀ ਭਾਲ ਵਿਚ ਹੋਣਾ ਚਾਹੀਦਾ ਹੈ। ਚੇਲੇ ਨੂੰ ਇਸ ਜੀਵਨ ਦੇ ਭੋਗਾਂ ਵਿੱਚ ਲੀਨ ਨਹੀਂ ਹੋਣਾ ਚਾਹੀਦਾ ਹੈ। ਸਾਰਿਆਂ ਨੂੰ ਦੂਜਿਆਂ ਨੂੰ ਲਾਭ ਪਹੁੰਚਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਨ੍ਹਾਂ (ਦਲਾਈ ਲਾਮਾ) ਨੇ ਕਿਹਾ ਕਿ ਉਹ ਦੁਨੀਆ ਦੇ ਸਾਰੇ ਧਰਮਾਂ ਦਾ ਸਤਿਕਾਰ ਕਰਦੇ ਹਨ ਅਤੇ ਹਰ ਧਰਮ ਤੋਂ ਕੁਝ ਚੰਗਾ ਸਿੱਖਣ ਨੂੰ ਮਿਲਦਾ ਹੈ ਅਤੇ ਉਹ ਜਿੱਥੇ ਵੀ ਜਾਂਦੇ ਹਨ, ਵੱਖ-ਵੱਖ ਧਰਮਾਂ ਦਾ ਸਨਮਾਨ ਕਰਦੇ ਹਨ।'

ਸ਼ਰਧਾਲੂਆਂ ਅਤੇ ਬੋਧੀ ਭਿਕਸ਼ੂਆਂ ਅਤੇ ਨਨਾਂ ਦਾ ਇੱਕ ਸਮੁੰਦਰ ਹਾਜ਼ਰੀਨ ਵਿੱਚ ਬੈਠਾ ਸੀ, ਠੰਡੇ ਮੌਸਮ ਅਤੇ ਧੁੰਦ ਦੇ ਬਾਵਜੂਦ ਉਸਦੇ ਭਾਸ਼ਣ ਵਿੱਚ ਸ਼ਾਮਲ ਹੋਏ। 1959 ਵਿੱਚ ਭਾਰਤ ਵਿੱਚ ਸ਼ਰਨ ਲੈਣ ਵਾਲੇ ਦਲਾਈ ਲਾਮਾ ਨੇ ਭਾਰਤ ਅਤੇ ਚੀਨ ਦੇ ਵਿਚਕਾਰ ਸਥਿਤ ਆਪਣੇ ਦੂਰ-ਦੁਰਾਡੇ ਪਹਾੜੀ ਦੇਸ਼ ਵਿੱਚ ਭਾਸ਼ਾਈ ਅਤੇ ਸੱਭਿਆਚਾਰਕ ਖੁਦਮੁਖਤਿਆਰੀ ਲਈ ਆਲਮੀ ਸਮਰਥਨ ਪ੍ਰਾਪਤ ਕਰਨ ਲਈ ਦਹਾਕਿਆਂ ਤੱਕ ਕੰਮ ਕੀਤਾ ਹੈ।














# ਖਾਲਿਸਤਾਨ ਦੀ ਲਹਿਰ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਨੇ ਕੀਤੀ ਸੀ : ਰਮੇਸ਼ ਇੰਦਰ ਸਿੰਘ

**ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਰਹੇ ਤੇ ਸੇਵਾਮੁਕਤ ਮੁੱਖ ਸਕੱਤਰ ਰਮੇਸ਼ ਇੰਦਰ ਸਿੰਘ ਨੇ ਸਾਕਾ ਨੀਲਾ ਤਾਰਾ, ਉਸ ਤੋਂ ਪਹਿਲਾਂ ਤੇ ਬਾਅਦ ਦੇ ਹਾਲਾਤ 'ਤੇ ਲਿਖੀ ਆਪਣੀ ਪੁਸਤਕ 'ਦਿ ਟਰਮਾਇਲ ਆਫ਼ ਪੰਜਾਬ' ਦੇ ਪੰਜਾਬੀ ਅਨੁਵਾਦ 'ਪੰਜਾਬ ਦਾ ਦੁਖਾਂਤ' ਕੀਤੀ ਰਿਲੀਜ਼**

ਚੰਡੀਗੜ੍ਹ : ਸ੍ਰੀ ਦਰਬਾਰ ਸਾਹਿਬ ਵਿਚ ਫ਼ੌਜ ਵੜਨ ਵੇਲੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਰਹੇ ਤੇ ਸੇਵਾਮੁਕਤ ਮੁੱਖ ਸਕੱਤਰ ਰਮੇਸ਼ ਇੰਦਰ ਸਿੰਘ ਨੇ ਸਾਕਾ ਨੀਲਾ ਤਾਰਾ, ਉਸ ਤੋਂ ਪਹਿਲਾਂ ਤੇ ਬਾਅਦ ਦੇ ਹਾਲਾਤ 'ਤੇ ਲਿਖੀ ਅਪਣੀ ਪੁਸਤਕ 'ਦਿ ਟਰਮਾਇਲ ਆਫ਼ ਪੰਜਾਬ' ਦੇ ਪੰਜਾਬੀ ਅਨੁਵਾਦ 'ਪੰਜਾਬ ਦਾ ਦੁਖਾਂਤ' ਦੇ ਰਿਲੀਜ਼ ਸਮਾਗਮ ਮੌਕੇ ਚੰਡੀਗੜ੍ਹ ਪ੍ਰੈੱਸ ਕਲੱਬ ਵਿਖੇ ਪੱਤਰਕਾਰਾਂ ਨੂੰ ਮੁਖ਼ਾਤਬ ਹੁੰਦਿਆਂ ਕਿਹਾ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਕਦੇ ਵੀ ਖ਼ਾਲਿਸਤਾਨ ਦੀ ਮੰਗ ਨਹੀਂ ਕੀਤੀ।

ਉਨ੍ਹਾਂ ਕਿਹਾ ਕਿ ਉਸ ਵੇਲੇ ਦੇ ਹਾਲਾਤ ਵਿਚਰਦਿਆਂ ਉਹ ਜਾਣਦੇ ਹਨ ਕਿ ਸੰਤ ਭਿੰਡਰਾਂਵਾਲੇ ਦੋ ਗੱਲਾਂ ਕਹਿੰਦੇ ਸਨ ਕਿ ਉਹ ਖ਼ਾਲਿਸਤਾਨ ਦੀ ਮੰਗ ਨਹੀਂ ਕਰਦੇ ਪਰ ਜੇਕਰ ਸਰਕਾਰ ਦੇਣਾ ਚਾਹੇ ਤਾਂ ਇਸ ਤੋਂ ਮਨਾਹੀ ਨਹੀਂ ਹੈ ਤੇ ਦੂਜਾ ਜੇਕਰ ਸ੍ਰੀ ਦਰਬਾਰ ਸਾਹਿਬ ਨੂੰ ਨੁਕਸਾਨ ਪਹੁੰਚਾਇਆ ਤਾਂ ਇਸ ਨਾਲ ਖ਼ਾਲਿਸਤਾਨ ਦੀ ਮੰਗ ਦਾ ਨੀਂਹ ਪੱਥਰ ਰਖਿਆ ਜਾਵੇਗਾ। ਰਮੇਸ਼ ਇੰਦਰ ਸਿੰਘ ਨੇ ਕਿਹਾ ਕਿ ਸੰਤ ਭਿੰਡਰਾਂਵਾਲਿਆਂ ਤੋਂ ਪਹਿਲਾਂ ਸਿਰਫ਼ ਗੰਗਾ ਸਿੰਘ ਢਿੱਲੋਂ ਤੇ ਜਗਜੀਤ ਸਿੰਘ ਚੌਹਾਨ ਇੱਕਲਿਆਂ ਨੇ ਹੀ ਵਖਰੇ ਸਿੱਖ ਰਾਜ ਦੀ ਗੱਲ ਕੀਤੀ ਪਰ ਅਸਲ ਵਿਚ ਸਾਕਾ ਨੀਲਾ ਤਾਰਾ ਖ਼ਤਮ ਹੋਣ 'ਤੇ



ਕਾਰਜਕਾਰੀ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਨੇ ਪਹਿਲੀ ਵਾਰ ਖ਼ਾਲਿਸਤਾਨ ਦੀ ਮੁਹਿੰਮ ਸ਼ੁਰੂ ਕੀਤੀ। ਉਨ੍ਹਾਂ ਨੇ ਜਥੇਦਾਰ ਕਾਉਂਕੇ ਦੇ ਗ਼ਾਇਬ ਹੋਣ ਤੇ ਮੌਤ ਸਬੰਧੀ ਸੁਆਲ ਦੇ ਜਵਾਬ ਵਿਚ ਕਿਹਾ ਕਿ ਉਨ੍ਹਾਂ ਨੂੰ ਅਜਿਹੀ ਕੋਈ ਜਾਣਕਾਰੀ ਨਹੀਂ ਕਿ ਕਾਉਂਕੇ ਦੀ ਮੌਤ ਸਬੰਧੀ ਕੋਈ ਜਾਂਚ ਖੋਲ੍ਹੀ ਗਈ ਹੋਵੇ। ਉਨ੍ਹਾਂ ਕਿਹਾ ਕਿ ਅਜਿਹੀ ਕੋਈ ਫ਼ਾਈਲ ਉਨ੍ਹਾਂ ਦੇ ਮੁੱਖ ਸਕੱਤਰ ਜਾਂ ਪ੍ਰਮੁੱਖ ਸਕੱਤਰ ਹੁੰਦਿਆਂ ਉਨ੍ਹਾਂ ਕੋਲੋਂ ਅਜਿਹੀ ਕੋਈ ਫ਼ਾਈਲ ਨਹੀਂ ਨਿਕਲੀ। ਉਨ੍ਹਾਂ ਕਿਹਾ ਕਿ ਉਹ ਕਿਸੇ ਪਾਰਟੀ ਬਾਰੇ ਕੋਈ ਗੱਲ ਨਹੀਂ ਕਰਨਾ ਚਾਹੁੰਦੇ ਤੇ ਉਹ ਸਿਰਫ਼ ਇਕ ਅਫ਼ਸਰ ਵਜੋਂ ਵਿਚਰੇ ਹਨ। ਉਨ੍ਹਾਂ ਕਿਹਾ ਕਿ ਉਹ ਪਛਮੀ ਬੰਗਾਲ ਤੋਂ ਬਦਲ ਕੇ ਪੰਜਾਬ ਆਏ ਤਾਂ ਏਡੀਸੀ ਫ਼ਰੀਦਕੋਟ ਲੱਗੇ ਤੇ ਇਥੇ ਸਿਮਰਨਜੀਤ ਸਿੰਘ ਮਾਨ ਐਸਐਸਪੀ ਸਨ, ਜਿਨ੍ਹਾਂ ਨੇ ਪਹਿਲੀ ਵਾਰ ਸੰਤ ਭਿੰਡਰਾਂਵਾਲਿਆਂ ਨੂੰ ਮੁਲਾਕਾਤ ਲਈ ਭੇਜਿਆ ਅਤੇ ਸੰਤ ਭਿੰਡਰਾਂਵਾਲਿਆਂ ਨੇ ਕਿਹਾ ਕਿ ਉਨ੍ਹਾਂ ਦੇ ਨੌਜਵਾਨਾਂ ਦੇ ਲਾਇਸੰਸ ਨਹੀਂ ਬਣ ਰਹੇ।

ਰਮੇਸ਼ ਇੰਦਰ ਸਿੰਘ ਨੇ ਕਿਹਾ ਕਿ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪੰਜਾਬ ਦੇ ਰਾਜਪਾਲ ਨੂੰ ਦਿੱਲੀ ਬੁਲਾ ਕੇ ਗੁਪਤ ਮੀਟਿੰਗ ਕੀਤੀ ਤੇ ਤੁਰਤ ਦਰਬਾਰ ਸਾਹਿਬ ਵਿਚ ਫ਼ੌਜ ਵਾੜਨ ਦਾ ਹੁਕਮ ਦਿਤਾ, ਹਾਲਾਂਕਿ ਉਸ ਵੇਲੇ ਪ੍ਰਣਬ ਮੁਖਰਜੀ ਨੇ ਇਸ ਨੂੰ ਜਾਇਜ਼ ਨਹੀਂ ਮੰਨਿਆ ਸੀ। ਰਮੇਸ਼ ਇੰਦਰ ਸਿੰਘ ਮੁਤਾਬਕ ਇਸ ਉਪਰੰਤ ਰਾਜਪਾਲ ਨੇ ਤੱਤਕਾਲੀ ਗ੍ਰਿਹ ਸਕੱਤਰ ਅਮਰੀਕ ਸਿੰਘ ਪੂਨੀ ਨੂੰ ਬੁਲਾ ਕੇ ਦਰਬਾਰ ਸਾਹਿਬ ਵਿਚ ਫ਼ੌਜ ਵਾੜਨ ਦਾ ਨੋਟੀਫ਼ਿਕੇਸ਼ਨ ਜਾਰੀ ਕਰਵਾਇਆ ਤੇ ਫ਼ੌਜ ਵਾੜਨ ਦਾ ਹੁਕਮ ਕੇਂਦਰ ਦਾ ਸੀ। ਰਮੇਸ਼ ਇੰਦਰ ਸਿੰਘ ਨੇ ਇਹ ਗੱਲ ਉਨ੍ਹਾਂ 'ਤੇ ਲਗਦੇ ਰਹੇ ਦੋਸ਼ਾਂ ਬਾਰੇ ਸਪਸ਼ਟ ਕਰਦਿਆਂ ਕਹੀ। ਉਨ੍ਹਾਂ ਕਿਹਾ ਕਿ ਇਕ ਜੂਨ ਨੂੰ ਅਚਾਨਕ ਮੁੱਖ ਸਕੱਤਰ ਕੇ. ਡੀ ਵਾਸੁਦੇਵ ਨੇ ਉਨ੍ਹਾਂ ਨੂੰ ਬੁਲਾ ਕੇ ਪੰਜ ਜੂਨ ਤੋਂ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਲਗਾ ਦਿਤਾ, ਕਿਉਂਕਿ ਹਾਕੀ ਕੋਚ ਵਜੋਂ ਸੱਤ ਜੂਨ ਨੂੰ ਤੱਤਕਾਲੀ ਡਿਪਟੀ ਕਮਿਸ਼ਨਰ ਗੁਰਦੇਵ ਸਿੰਘ ਬਰਾੜ ਨੇ ਅਮਰੀਕਾ ਓਲੰਪਿਕ ਵਿਚ ਜਾਣਾ ਸੀ।

# ਭਾਈ ਸਤਵੰਤ ਸਿੰਘ ਤੇ ਭਾਈ ਕੇਹਰ ਸਿੰਘ ਦੀ ਸ਼ਹਾਦਤ ਨੂੰ ਯਾਦ ਕਰਦਿਆਂ...

ਹਿੰਸਾ ਦਾ ਸਿੱਖ ਧਰਮ 'ਚ ਕੋਈ ਥਾਂ ਨਹੀਂ ਹੈ। ਪ੍ਰੰਤੂ ਜ਼ੁਲਮ ਦੇ ਖ਼ਾਤਮੇ ਲਈ ਜ਼ਾਬਰ ਨੂੰ ਸੋਧਣਾ, ਸਿੱਖ ਦਾ ਮੁੱਢਲਾ ਫ਼ਰਜ਼ ਵੀ ਹੈ। ਖ਼ਾਲਸਾ ਕਿਸੇ ਨੂੰ ਭੈਅ ਨਹੀਂ ਦਿੰਦਾ, ਪ੍ਰੰਤੂ ਭੈਅ ਮੰਨਣ ਨੂੰ ਪਾਪ ਵੀ ਸਮਝਦਾ ਹੈ। ਉਹ ਇੱਜ਼ਤ ਗੁਆ ਕੇ ਜਿਉਣ ਨਾਲੋਂ, ਮੌਤ ਨੂੰ ਲੱਖ ਦਰਜੇ ਚੰਗਾ ਮੰਨਦਾ ਹੈ। ਸਿੱਖ ਹੋਰ ਸਭ ਕੁੱਝ ਬਰਦਾਸ਼ਤ ਕਰ ਸਕਦਾ ਹੈ। ਪ੍ਰੰਤੂ ਆਪਣੇ ਗੁਰੂ ਤੇ ਹਮਲਾ ਕਿਸੇ ਕੀਮਤ ਤੇ ਬਰਦਾਸ਼ਤ ਨਹੀਂ ਸਕਦਾ। ਗੁਰੂ ਤੇ ਹਮਲਾ ਕਰਨ ਵਾਲੇ ਨੂੰ ਸਬਕ ਸਿਖਾਉਣਾ ਫਿਰ ਉਸਦਾ ਜੀਵਨ ਮਨੋਰਥ ਬਣ ਜਾਂਦਾ ਹੈ। ਇਸੇ ਕਾਰਨ ਇਨਾਂ ਗੁਣਾਂ ਸਦਕਾ ਹੀ ਸਿੱਖਾਂ ਦੇ ਕੱਟੜ ਵਿਰੋਧੀਆਂ ਨੇ ਵੀ ਸਿੱਖਾਂ ਦੀ ਰੱਜ ਕੇ ਸ਼ਲਾਘਾ ਕੀਤੀ ਹੈ। ਸਿੱਖ ਕੌਮ ਬਾਰੇ ਪ੍ਰਵਾਣਿਤ ਹੈ ਕਿ ਇਹ ਕਰਜ਼ਾ ਸਿਰ ਨਹੀਂ ਰੱਖਦੀ। ਹਰ ਜ਼ਾਬਰ ਦਾ ਮੂੰਹ ਤੋੜਵਾ ਉੱਤਰ ਦਿੰਦੀ ਆਈ ਹੈ । ਹਰ ਜ਼ੁਲਮ ਦੇ ਖ਼ਾਤਮੇ ਲਈ ਇਸ ਨੇ ਹਮੇਸ਼ਾ ਜਾਨ ਦੀ ਬਾਜ਼ੀ ਲਾਈ ਹੈ। ਅੱਜ ਦੇ ਦਿਨ ਜਦੋਂ ਭਾਈ ਕੇਹਰ ਸਿੰਘ ਅਤੇ ਭਾਈ ਸਤਵੰਤ ਸਿੰਘ ਦੀ ਸ਼ਹੀਦੀ ਨੂੰ ਸਮੁੱਚੀ ਕੌਮ ਨਤਮਸਤਕ ਹੈ, ਮਨੋਂ ਯਾਦ ਕਰ ਰਹੀ ਹੈ। ਉਸ ਸਮੇਂ ਕੌਮ ਨੂੰ ਵਿਰਸੇ 'ਚੋਂ ਮਿਲੇ ਇਨ੍ਹਾਂ ਬੁਨਿਆਦੀ ਗੁਣਾਂ ਦਾ ਅਹਿਸਾਸ ਆਪਣੇ ਮਨਾਂ 'ਚ ਜ਼ਰੂਰ ਕਰਨਾ ਹੋਵੇਗਾ। ਕੌਮ ਦੀ ਪੱਗ ਰੋਲਣ ਵਾਲੇ ਨੂੰ, ਗੁਰੂ ਗ੍ਰੰਥ ਸਾਹਿਬ ਵੱਲ ਕਹਿਰੀ ਨਜ਼ਰ ਵੇਖਣ ਵਾਲੇ ਨੂੰ, ਕੌਮ ਦੇ ਸਬਰ ਦਾ ਆਪਣੇ ਜ਼ਬਰ ਨਾਲ ਇਮਤਿਹਾਨ ਲੈਣ ਵਾਲੇ ਨੂੰ, ਕੌਮ ਨੇ ਹਮੇਸ਼ਾਂ ਭਾਜੀ ਮੋੜੀ ਹੈ।

ਦਰਬਾਰ ਸਾਹਿਬ 'ਤੇ ਹਮਲੇ, ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕਰਨ ਤੇ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਨੂੰ ਨਤਮਸਤਕ ਹੋਣ ਆਈਆਂ ਸਿੱਖ ਸੰਗਤਾਂ ਦੇ ਵਹਿਸ਼ੀਆਨਾ ਕਤਲੇਆਮ ਨੂੰ ਕੋਈ ਵੀ ਗੁਰੂ ਦਾ ਸਿੱਖ ਬਰਦਾਸ਼ਤ ਨਹੀਂ ਕਰ ਸਕਦਾ ਸੀ ।ਸਾਕਾ ਦਰਬਾਰ ਸਾਹਿਬ, ਜ਼ੋਰ ਜ਼ਬਰ, ਜ਼ੁਲਮ ਤਸ਼ੱਦਦ ਦਾ ਉਹ ਭਿਆਨਕ ਕਾਰਾ ਸੀ, ਜਿਸ ਨੂੰ ਮਨੁੱਖਤਾ ਝੱਲਣ ਲਈ ਤਿਆਰ ਨਹੀਂ। ਦੁਨੀਆਂ 'ਤੇ ਸੱਚ ਦੀ ਆਵਾਜ਼ , ਬੁਲੰਦ ਕਰਨ ਲਈ ਸਿਰਜੇ ਖਾਲਸਾ ਪੰਥ ਨੂੰ ਇਸ ਧਰਤੀ ਦੀਆਂ ਆਡੰਬਰੀ, ਪਾਖੰਡੀ , ਕਰਮ ਕਾਂਡੀ ਤੇ ਲੁਟੇਰਾ ਧਿਰਾਂ ਪ੍ਰਵਾਨ ਕਰਨ ਲਈ ਤਿਆਰ ਨਹੀਂ ਹੋਈਆਂ। ਇਸ ਲਈ ਉਨਾਂ ਹਮੇਸ਼ਾਂ ਸਿੱਖੀ ਦੀਆਂ ਜੜਾਂ 'ਤੇ ਕੁਹਾੜਾ ਚਲਾਉਣ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੱਤਾ। ਸਿੱਖ ਕੌਮ ਨੇ ਇਸ ਦੇਸ਼ ਦੀ ਆਜ਼ਾਦੀ ਲਈ 85 ਫੀਸਦੀ ਕੁਰਬਾਨੀਆਂ ਕੀਤੀਆਂ। ਸਰਹੱਦਾਂ ਦੀ ਰਾਖੀ ਲਈ ਅੱਜ ਤੱਕ ਆਪਣੇ ਲਾਡਲੇ ਪੁੱਤਰਾਂ ਦੀ ਬਲੀ ਦੇ ਰਹੀ ਹੈ । ਭੁੱਖੇ ਦੇਸ਼ ਦਾ ਢਿੱਡ ਭਰਿਆ। ਉਸ ਕੌਮ ਦੇ ਅਹਿਸਾਨ ਦਾ ਬਦਲਾ, ਉਨ੍ਹਾਂ ਨੂੰ ਇਸ ਦੇਸ਼ 'ਚ ਦੋ ਨੰਬਰ ਦੇ ਸ਼ਹਿਰੀ ਬਣਾ ਕੇ, ਉਨਾਂ ਨਾਲ ਕੀਤੇ ਸਾਰੇ ਵਾਅਦੇ ਭੁਲਾ ਕੇ ਦਿੱਤਾ ਗਿਆ। ਸਿੱਖ,



ਜਿਹੜੇ ਇਸ ਦੇਸ਼ ਦੀ ਵੰਡ ਸਮੇਂ ਤੀਜੀ ਧਿਰ ਮੰਨੇ ਗਏ ਸਨ, ਉਨ੍ਹਾਂ ਨੂੰ ਇਸ ਦੇਸ਼ 'ਚ ਗੁਲਾਮੀ, ਵਿਤਕਰੇ, ਧੱਕੇ ਤੇ ਬੇਇਨਸਾਫੀ ਦਾ ਸ਼ਿਕਾਰ ਬਣਾ ਲਿਆ ਗਿਆ। ਜਦੋਂ ਸਿੱਖਾਂ ਨੇ ਇਸ ਧੱਕੇ, ਵਿਤਕਰੇ ਤੇ ਬੇਇਨਸਾਫੀ ਵਿੱਰੁਧ ਮਰਦ ਏ ਮੁਜ਼ਾਹਿਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਅਗਵਾਈ 'ਚ ਆਵਾਜ਼ ਬੁਲੰਦ ਕੀਤੀ, ਆਪਣਾ ਹੱਕ ਮੰਗਿਆ ਤਾਂ ਉਨਾਂ ਨੂੰ ਅੱਤਵਾਦੀ ਗਰਦਾਨ ਕੇ, ਉਨਾਂ ਦੇ ਭਗਤੀ ਦੇ ਕੇਂਦਰ ਸ੍ਰੀ ਦਰਬਾਰ ਸਾਹਿਬ 'ਤੇ ਦੁਸ਼ਮਣ ਦੇਸ਼ ਵਾਂਗੂ ਤੋਪਾਂ ,ਟੈਂਕਾਂ ਨਾਲ ਹੱਲਾ ਬੋਲ ਦਿੱਤਾ ਗਿਆ। ਜਿਊਂਦੀ ਜਾਗਦੀ ਜ਼ਮੀਰ ਵਾਲਾ, ਆਪਣੇ ਗੁਰੂ ਨੂੰ ਸਮਰਪਿਤ, ਸੱਚਾ ਸਿੱਖ ਜਿਹੜਾ ਅਜਿਹਾ ਜ਼ੁਲਮ ਕਿਸੇ ਤੀਜੇ 'ਤੇ ਵੀ ਕਦਾਚਿਤ ਬਰਦਾਸ਼ਤ ਨਹੀਂ ਕਰ ਸਕਦਾ, ਉਹ ਆਪਣੇ ਪਿੰਡੇ 'ਤੇ ਆਪਣੀ ਆਤਮਾ 'ਤੇ ਹੋਏ ਇਸ ਜ਼ਾਬਰ ਹੱਲੇ ਨੂੰ ਭਲਾ ਕਿਵੇਂ ਬਰਦਾਸ਼ਤ ਕਰਦਾ? ਜਿਹੜੀ ਸਮੇਂ ਦੀ ਹਾਕਮ, ਸੱਤਾ ਦੇ ਹੰਕਾਰ 'ਚ ਸਿੱਖਾਂ ਨੂੰ ਸਬਕ ਸਿਖਾਉਣ ਦੇ ਕੁਰਾਹੇ ਪੈ ਗਈ ਸੀ, ਫਿਰ ਉਸ ਨੂੰ ਸਬਕ ਸਿਖਉਣਾ, ਸਿੱਖੀ ਸਿਧਾਂਤਾਂ ਅਨੁਸਾਰ ਜ਼ਰੂਰੀ ਹੋ ਗਿਆ ਸੀ ।

ਸਿੱਖੀ ਦਾ ਬੁਨਿਆਦੀ ਸਿਧਾਂਤ ਸਰਬੱਤ ਦਾ ਭਲਾ ਮੰਗਣਾ ਹੈ। ਉਹ ਪ੍ਰੇਮ ਨਾਲ ਪ੍ਰਮਾਤਮਾ ਨੂੰ ਪਾਉਣ ਦਾ ਸੁਨੇਹਾ ਦਿੰਦੀ ਹੈ। ਪ੍ਰੰਤੂ ਨਾ ਕਿਸੇ ਨੂੰ ਡਰਾਉਣਾ ਤੇ ਨਾ ਕਿਸੇ ਤੋਂ ਡਰਨਾ ਵੀ ਸਿੱਖੀ ਸਿਧਾਂਤਾਂ 'ਚ ਦਰਜ ਹੈ। ਇਸ ਲਈ ਦੁਸ਼ਟ ਤਾਕਤਾਂ ਨਾਲ ਟੱਕਰ ਲੈਣ ਸੱਚੇ ਸਿੱਖ ਦਾ ਮੁੱਢਲਾ ਫਰਜ਼ ਵੀ ਬਣਦਾ ਹੈ। ਅਸੀ ਸਮਝਦੇ ਹਾਂ ਕਿ ਅੱਜ ਜਦੋਂ ਅਸੀ ਭਾਈ ਸਤਵੰਤ ਸਿੰਘ ਤੇ ਭਾਈ ਕੇਹਰ ਸਿੰਘ ਦੀ ਸ਼ਹਾਦਤ ਨੂੰ ਯਾਦ ਕਰ ਰਹੇ ਹਾਂ ਤਾਂ ਸਾਨੂੰ ਇਹ ਵੀ ਮਹਿਸੂਸ ਹੋ ਰਿਹਾ ਹੋਵੇਗਾ ਕਿ ਕਿਸ ਤਰਾਂ ਉਨਾਂ ਨੇ ਆਪਣੇ ਮਨ ਵਿਚੋਂ ਮੌਤ ਦੇ ਖੌਫ਼ ਨੂੰ ਲਾਹ ਸੁੱਟਿਆ ਹੋਵੇਗਾ ਅਤੇ ਉਨਾਂ ਦੀਆਂ ਅੱਖਾਂ ਅੱਗੇ ਢਹਿ-ਢੇਰੀ ਹੋਇਆ ਅਕਾਲ ਤਖ਼ਤ, ਉਨਾਂ ਦੇ ਮਨ ਮਸਤਕ ਉਤੇ ਸ਼੍ਰੀ ਦਰਬਾਰ ਸਾਹਿਬ ਵਿਚ ਪ੍ਰਕਾਸ਼ ਹੋਏ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਪਾਵਨ ਦੇਹ ਨੂੰ ਲੱਗੀਆਂ ਗੋਲੀਆਂ ਤੇ ਪ੍ਰਕਰਮਾ ਵਿਚ ਸਿੱਖ ਸੰਗਤਾਂ ਦਾ ਡੁੱਲਿਆ ਖ਼ੂਨ ਛਾਇਆ ਹੋਵੇਗਾ। ਗੁਰੂ ਦੇ ਨਾਮ ਉਤੇ ਕੋਈ ਸੱਚਾ ਸਿੱਖ ਆਪਣੀ ਜਾਨ ਨੂੰ ਪਿਆਰ ਨਹੀ ਕਰਦਾ। ਕੌਮ ਦੇ ਇਸ ਵਿਰਾਸਤੀ ਗੁਣ ਨੂੰ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ ਤੇ ਭਾਈ ਕੇਹਰ ਸਿੰਘ ਨੇ ਬਾਖ਼ੂਬੀ ਦੁਨੀਆ ਸਾਹਮਣੇ ਉਦਾਹਰਨ ਬਣਾ ਕੇ ਪੇਸ਼ ਕੀਤਾ ਹੈ। ਅੱਜ ਇਨ੍ਹਾਂ ਮਹਾਨ ਸ਼ਹੀਦਾਂ ਦੀ ਸ਼ਹੀਦੀ ਨੂੰ ਯਾਦ ਕਰਦਿਆਂ ਅਸੀਂ ਕੌਮ ਨੂੰ ਇਹ ਹੋਕਾ ਜ਼ਰੂਰ ਦਿਆਂਗੇ ਕਿ ਸਿੱਖ ਨਾ ਕਦੇ ਡਰਦਾ ਹੈ ਅਤੇ ਨਾ ਹੀ ਕਿਸੇ ਨੂੰ ਡਰਾਉਂਦਾ ਹੈ। ਇਸ ਸਿਧਾਂਤ ਨੂੰ ਅਸੀਂ ਅੱਜ ਵੀ ਪੱਲੇ ਬੰਨ ਕੇ ਰੱਖੀਏ ਅਤੇ ਸਮੇਂ ਦੇ ਹਾਕਮਾਂ ਜਿਹੜੇ ਸੱਤਾ ਅਤੇ ਡੰਡੇ ਦੇ ਜ਼ੋਰ ਨਾਲ ਕੌਮ ਨੂੰ ਦਬਾਉਣ ਦੇ ਯਤਨਾਂ ਵਿਚ ਹਨ, ਉਨਾਂ ਨੂੰ ਕੌਮੀ ਸੁਭਾਅ ਬਾਰੇ ਬਾਖ਼ੂਬੀ ਜਾਣੂੰ ਕਰਵਾ ਦਈਏ।

# ਸ਼ਹੀਦ ਭਾਈ ਸਤਵੰਤ ਸਿੰਘ, ਸ਼ਹੀਦ ਭਾਈ ਕੇਹਰ ਸਿੰਘ ਅਤੇ ਸ਼ਹੀਦ ਭਾਈ ਬੇਅੰਤ ਸਿੰਘ ਦੀ ਯਾਦ ਨੂੰ ਸਮਰਪਿਤ

ਯੂਨਾਨੀ ਮਿਥਿਹਾਸ ਦੇ ਅੰਦਰ ਇੱਕ ਫੀਨਿਕਸ ਪੰਛੀ ਦਾ ਜ਼ਿਕਰ ਆਉਂਦਾ ਹੈ। ਕਹਿੰਦੇ ਨੇ ਕਿ ਜਦੋਂ ਇਸ ਪੰਛੀ ਦਾ ਅੰਤ ਸਮਾਂ ਆਉਂਦਾ ਹੈ ਤਾਂ ਇਹ ਆਪ ਹੀ ਆਪਣੇ ਖੰਭਾਂ ਨੂੰ ਅੱਗ ਲਾ ਲੈਂਦਾ ਹੈ ਤੇ ਇਵੇਂ ਸੜ ਕੇ ਸੁਆਹ ਹੋ ਜਾਂਦਾ ਹੈ। ਜਦੋਂ ਉਸ ਦੀ ਸੁਆਹ ਨੂੰ ਫਰੋਲਿਆ ਜਾਂਦਾ ਹੈ ਤਾਂ ਉਸ ਵਿੱਚੋਂ ਇੱਕ ਅੰਡਾ ਨਿਕਲਦਾ ਹੈ, ਜਿਸ ਵਿੱਚੋਂ ਫੀਨਿਕਸ ਪੰਛੀ ਨਿਕਲ ਕੇ ਅਕਾਸ਼ ਵਿੱਚ ਉਡਾਰੀ ਮਾਰ ਜਾਂਦਾ ਹੈ। ਇਹ ਕਹਾਣੀ ਤਾਂ ਮਿਥਿਹਾਸਕ ਹੈ ਪਰ ਦੁਨੀਆ ਦੇ ਇਤਿਹਾਸ ਦੇ ਅੰਦਰ ਇੱਕ ਜਿਊਂਦੀ ਜਾਗਦੀ ਕੌਮ-ਸਿੱਖ ਕੌਮ ਹੈ, ਜਿਸ ਦਾ ਜਨਮ ਹੀ ਖੰਡੇ ਦੀ ਧਾਰ ਤੋਂ ਹੋਇਆ ਹੈ। ਜਿਸ ਸਿੱਖੀ ਸਕੂਲ ਅੰਦਰ ਦਾਖਲੇ ਦੀ ਫੀਸ ਸੀਸ ਭੇਟ ਹੈ, ਭਾਵ ਜ਼ਿੰਦਗੀ ਦੀ ਕੁਰਬਾਨੀ ਦੇ ਸੰਕਲਪ 'ਚੋਂ ਹੀ ਸਿੱਖ ਦੀ ਅਸਲ ਜ਼ਿੰਦਗੀ ਦੀ ਸ਼ੁਰੂਆਤ ਹੁੰਦੀ ਹੈ। ਵੈਸੇ ਤਾਂ ਵਰ੍ਹੇ ਦਾ ਕੋਈ ਦਿਨ, ਕੋਈ ਪਲ ਐਸਾ ਨਹੀਂ ਹੋਵੇਗਾ, ਜਿਸ ਸਮੇਂ ਕਿਸੇ ਨਾ ਕਿਸੇ ਸਿੰਘ-ਸਿੰਘਣੀ ਨੇ ਆਪਣੀ ਕੁਰਬਾਨੀ ਨਾ ਦਿੱਤੀ ਹੋਵੇ ਪਰ ਪਿਛਲੇ ਲਗਭਗ ਤਿੰਨ ਦਹਾਕਿਆਂ ਦੌਰਾਨ ਤਾਂ ਸੱਚ ਦੀ ਸ਼ਮਾ 'ਤੇ ਕੁਰਬਾਨ ਹੋਣ ਵਾਲੇ ਸਿੱਖ ਪਰਵਾਨਿਆਂ ਦੀ ਅਮੁੱਕ ਲੰਮੀ ਕਤਾਰ ਹੈ। ਜ਼ੁਲਮ ਕਰਨ ਵਾਲਿਆਂ ਨੇ ਜ਼ੁਲਮ ਦੀ ਅਖੀਰ ਕੀਤੀ ਹੋਈ ਹੈ ਪਰ ਧੰਨ ਹਨ ਗੁਰੂ ਕਲਗੀਧਰ ਦੇ ਲਾਡਲੇ ਸਪੁੱਤਰ-ਸਪੁੱਤਰੀਆਂ, ਜਿਨ੍ਹਾਂ ਨੇ ਕੇਸਰੀ ਨਿਸ਼ਾਨ ਸਾਹਿਬ ਨੂੰ ਉੱਚਾ ਹੀ ਉੱਚਾ ਰੱਖਿਆ ਹੋਇਆ ਹੈ। 31 ਅਕਤੂਬਰ, 1984 ਨੂੰ ਭਾਈ ਬੇਅੰਤ ਸਿੰਘ ਨੇ ਸ਼ਹੀਦੀ ਜਾਮ ਪੀਤਾ ਅਤੇ 6 ਜਨਵਰੀ, 1989 ਨੂੰ ਕੌਮ ਦੇ ਮਹਾਨ ਸੂਰਬੀਰਾਂ ਭਾਈ ਸਤਵੰਤ ਸਿੰਘ ਤੇ ਭਾਈ ਕਿਹਰ ਸਿੰਘ ਨੇ ਤਿਹਾੜ ਜੇਲ੍ਹ ਵਿੱਚ ਹੱਸ-ਹੱਸ ਕੇ ਫਾਂਸੀ ਦੇ ਰੱਸਿਆਂ ਨੂੰ ਆਪਣੇ ਗਲੇ ਵਿੱਚ ਪਾ ਕੇ, ਖਾਲਿਸਤਾਨ ਦੇ ਨਿਸ਼ਾਨੇ ਨੂੰ ਹੋਰ ਵੀ ਪ੍ਰਪੱਕ ਕੀਤਾ।

ਭਾਈ ਬੇਅੰਤ ਸਿੰਘ, ਸਤਵੰਤ ਸਿੰਘ ਦੀ ਜੋੜੀ ਸਿੱਖ ਇਤਿਹਾਸ ਦੇ ਪੰਨਿਆਂ ਵਿੱਚ ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਦੀ ਲੜੀ ਵਿੱਚ ਪਰੋਈ ਗਈ ਹੈ। ਜੂਨ, 1984 ਦੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ 37 ਹੋਰ ਇਤਿਹਾਸਕ ਗੁਰਧਾਮਾਂ ਤੇ ਟੈਂਕਾਂ-ਤੋਪਾਂ ਨਾਲ ਹਮਲੇ ਨੇ ਸਿੱਖ ਮਾਨਸਿਕਤਾ ਨੂੰ ਬੜਾ ਦੁਖਦਾਈ ਅਨੁਭਵ ਕਰਵਾਇਆ। ਸਿੱਖ ਕੌਮ ਦਾ ਬੱਚਾ-ਬੱਚਾ ਅੱਖਾਂ ਵਿੱਚੋਂ ਹੰਝੂ ਕੇਰਦਾ, ਇਸ ਸਿੱਖੀ ਅਪਮਾਨ ਦਾ ਬਦਲਾ ਲੈਣ ਦੇ ਰੌਅ ਵਿੱਚ ਸੀ। 31 ਅਕਤੂਬਰ ਨੂੰ ਗੁਰੂ ਕੇ ਲਾਲਾਂ, ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ ਨੇ ਦਿੱਲੀ ਸਾਮਰਾਜ ਦੀ ਪਟਰਾਣੀ ਇੰਦਰਾ ਗਾਂਧੀ ਨੂੰ ਉਸ ਦਾ ਬਣਦਾ ਹੱਕ ਅਦਾ ਕੀਤਾ। ਇੰਦਰਾ ਗਾਂਧੀ ਨੂੰ ਇਨਸਾਫ ਦੇਣ ਵਾਲੇ ਇਹ ਦੋ ਯੋਧੇ, ਸ਼ਾਂਤਚਿੱਤ ਆਪਣੀ ਥਾਂ 'ਤੇ ਖੜ੍ਹੇ ਰਹੇ, ਗੁਰੂ ਦੀ ਸ਼ੁਕਰਗੁਜ਼ਾਰੀ ਵਿੱਚ, ਜਿਸ ਨੇ ਕਿ ਉਨ੍ਹਾਂ ਤੋਂ ਮਹਾਨ ਇਤਿਹਾਸਕ ਸੇਵਾ ਲਈ ਸੀ। ਇੰਦਰਾ ਗਾਂਧੀ ਦੇ ਨਾਲ ਜਾ ਰਹੇ ਕਿਸੇ ਨੂੰ ਕੋਈ ਗੋਲੀ ਨਹੀਂ ਲੱਗੀ, ਕਿਸੇ ਹੋਰ ਬੇਗੁਨਾਹ ਨੂੰ ਨਹੀਂ ਮਾਰਿਆ ਗਿਆ। ਇਹ ਸੀ ਸਿੱਖ ਇਨਸਾਫ਼ ਦਾ ਤਰਾਜੂ। ਦੋਨੋਂ ਸਿੰਘਾਂ ਨੂੰ ਕਮਰੇ ਅੰਦਰ ਲਿਜਾ ਕੇ, ਕਿਸੇ ਖਾਸ ਹੁਕਮ ਨਾਲ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਭਾਈ ਬੇਅੰਤ ਸਿੰਘ ਤਾਂ ਮੌਕੇ ਤੇ ਹੀ ਸ਼ਹੀਦੀ ਪਾ ਗਏ ਜਦੋਂਕਿ ਭਾਈ ਸਤਵੰਤ ਸਿੰਘ ਹੋਰਾਂ ਨੂੰ ਡਾਕਟਰਾਂ ਨੇ ਕਾਫੀ ਜੱਦੋਜਹਿਦ ਤੋਂ ਬਾਅਦ ਬਚਾ ਲਿਆ। ਇੱਕ ਗੋਲੀ ਉਨ੍ਹਾਂ ਦੀ ਰੀੜ੍ਹ ਦੀ ਹੱਡੀ ਵਿੱਚ ਅਖੀਰ ਤੱਕ ਰਹੀ, ਜਿਸ ਨੂੰ ਜਾਣਬੁੱਝ ਕੇ ਨਹੀਂ ਕੱਢਿਆ ਗਿਆ ਤਾਂਕਿ ਉਸ ਦੀ ਪੀੜ ਲਗਾਤਾਰ ਬਣੀ ਰਹੇ।





ਹੁਣ ਇਨਸਾਫ ਦਾ ਜਨਾਜ਼ਾ ਕੱਢਣ ਵਾਲਾ, ਇੰਦਰਾ ਗਾਂਧੀ ਕਤਲ ਕਾਂਡ, ਮੁਕੱਦਮਾ ਸ਼ੁਰੂ ਹੋਇਆ। ਬ੍ਰਾਹਮਣ ਸਰਕਾਰ ਨੂੰ ਲੱਗਾ ਕਿ ਸਿਰਫ ਦੋ ਸਧਾਰਨ ਜਿਹੇ ਪੁਲੀਸ ਮੁਲਾਜ਼ਮਾਂ ਦੇ ਹੱਥੋਂ ਮਾਰੇ ਜਾਣ ਨਾਲ ਇੰਦਰਾ ਗਾਂਧੀ ਦੀ 'ਮਹਾਨਤਾ' ਪ੍ਰਗਟ ਨਹੀਂ ਹੁੰਦੀ, ਇਸ ਲਈ ਇਸ ਨੂੰ ਡੂੰਘੀ ਸਾਜ਼ਿਸ਼ ਬਣਾਇਆ ਜਾਵੇ। ਅਮਰੀਕਨ ਖੁਫੀਆ ਏਜੰਸੀ ਸੀ. ਆਈ. ਏ. ਨੂੰ ਇੰਦਰਾ ਗਾਂਧੀ ਦੇ ਕਤਲ ਲਈ ਜ਼ਿੰਮੇਵਾਰ ਠਹਿਰਾਇਆ ਗਿਆ। ਬਜ਼ੁਰਗ ਕਿਹਰ ਸਿੰਘ, ਜੋ ਭਾਈ ਬੇਅੰਤ ਸਿੰਘ ਹੋਰਾਂ ਦੇ ਰਿਸ਼ਤੇਦਾਰ ਸਨ ਤੇ ਦਿੱਲੀ ਪੁਲੀਸ ਦੇ ਇੰਸਪੈਕਟਰ ਬਲਬੀਰ ਸਿੰਘ ਨੂੰ ਵੀ ਸਾਜ਼ਿਸ਼ 'ਚ ਸ਼ਾਮਲ ਕਰਕੇ ਦਿੱਲੀ ਹਾਈਕੋਰਟ ਨੇ ਉਨ੍ਹਾਂ ਨੂੰ ਵੀ ਸਜ਼ਾ-ਏ-ਮੌਤ ਸੁਣਾ ਦਿੱਤੀ। ਭਾਈ ਕੇਹਰ ਸਿੰਘ 'ਤੇ ਦੋਸ਼ ਲਾਇਆ ਗਿਆ ਕਿ ਉਸ ਨੇ ਭਾਈ ਬੇਅੰਤ ਸਿੰਘ ਨੂੰ ਅੰਮ੍ਰਿਤ ਛਕਣ ਦੀ ਪ੍ਰੇਰਨਾ ਦਿੱਤੀ ਤੇ ਇਸ ਤਰ੍ਹਾਂ ਕਰਕੇ ਉਹ ਦਹਿਸ਼ਤਗਰਦ ਬਣ ਗਿਆ। ਸਾਰੇ ਮੁਕੱਦਮੇ ਦੀ ਸੁਣਵਾਈ ਦੌਰਾਨ ਜੱਜਾਂ ਵਲੋਂ ਇੱਕ ਪਾਸੜ ਰੁਝਾਨ ਹੀ ਸੀ। ਸਫਾਈ ਪੱਖ ਦੇ ਵਕੀਲ ਨੂੰ ਉਸ ਵਲੋਂ ਮੰਗੀ ਗਈ ਜਾਣਕਾਰੀ ਕਦੇ ਵੀ ਮੁਹੱਈਆ ਨਹੀਂ ਕੀਤੀ ਗਈ। ਸੁਪਰੀਮ ਕੋਰਟ ਨੇ ਭਾਈ ਬਲਬੀਰ ਸਿੰਘ ਨੂੰ ਬਰੀ ਕਰ ਦਿੱਤਾ ਪਰ ਮੁੜ ਉਸ ਨੂੰ ਨੌਕਰੀ ਤੇ ਬਹਾਲ ਨਹੀਂ ਕੀਤਾ ਗਿਆ ਅਤੇ ਨਾ ਹੀ ਉਸ ਦੀ ਪਿਛਲੀ ਬਣਦੀ ਤਨਖਾਹ ਉਸ ਨੂੰ ਦਿੱਤੀ ਗਈ।

ਦੁਨੀਆਂ ਦੇ ਪ੍ਰਮੁੱਖ ਕਾਨੂੰਨਦਾਨਾਂ ਦੀ ਰਾਇ ਸੀ ਕਿ ਭਾਈ ਕਿਹਰ ਸਿੰਘ ਨੂੰ ਫਾਂਸੀ ਬਿਲਕੁਲ ਨਜ਼ਾਇਜ਼ ਦਿੱਤੀ ਗਈ ਜਦੋਂ ਕਿ ਉਹਨਾਂ ਦਾ ਇੰਦਰਾ ਗਾਂਧੀ ਕਤਲ ਵਿੱਚ ਕੋਈ ਹੱਥ ਸਾਬਤ ਨਹੀਂ ਹੁੰਦਾ ਪਰ ਉਹ ਬ੍ਰਾਹਮਣਵਾਦ ਕਾਹਦਾ, ਜੇ ਉਹ ਬੇਗੁਨਾਹਾਂ ਨੂੰ ਫਾਹੇ ਨਾ ਲਾਏ। ਹਜ਼ਾਰਾਂ ਸਿੱਖਾਂ ਦੇ ਖ਼ੂਨ ਵਿੱਚ ਹੱਥ ਰੰਗਣ ਵਾਲੀ ਇੰਦਰਾ ਗਾਂਧੀ, ਬ੍ਰਾਹਮਣਾਂ ਲਈ 'ਦੁਰਗਾ ਮਾਤਾ' ਜੁ ਸੀ ਅਤੇ ਦੁਰਗਾ ਦੇ ਮਰ ਜਾਣ ਬਾਅਦ ਵੀ ਉਹਨੂੰ ਖੁਸ਼ ਕਰਨ ਲਈ 'ਨਰ ਬਲੀ' ਦੀ ਲੋੜ ਸੀ। ਭਾਈ ਕਿਹਰ ਸਿੰਘ ਹੋਰਾਂ ਨੇ ਕਮਾਲ ਦਾ ਸਿਦਕ, ਸਬਰ ਦਿਖਾਉਂਦਿਆਂ, ਗੁਰੂ ਦਾ ਭਾਣਾ ਸਮਝ ਕੇ ਹੱਸ ਕੇ ਮੌਤ ਨੂੰ ਗਲ਼ ਨਾਲ ਲਾਇਆ।

ਭਾਈ ਸਤਵੰਤ ਸਿੰਘ ਆਪਣੇ ਜੇਲ੍ਹ ਵਿੱਚ ਬਿਤਾਏ ਸਮੇਂ ਦੌਰਾਨ, ਕੇਸਰੀ ਦਸਤਾਰ ਸਜਾ ਕੇ, ਖਾਲਿਸਤਾਨ ਦੀ ਲਹਿਰ ਦੇ ਥੰਮ ?ਹ ਬਣੇ। ਦਿਨ ਰਾਤ, ਨਾਮ-ਬਾਣੀ ਦਾ ਪ੍ਰਵਾਹ ਤਿਹਾੜ ਜੇਲ੍ਹ ਵਿੱਚ ਆਪ ਨੇ ਚਲਾਇਆ। ਗੁਰੂ ਉਹ ਸਮਾਂ ਲਿਆਵੇ ਜਦੋਂ ਦਿੱਲੀ ਸਰ ਕਰਕੇ ਸਿੰਘ ਤਿਹਾੜ ਜੇਲ੍ਹ ਨੂੰ ਆਪਣੇ ਪਵਿੱਤਰ ਇਤਿਹਾਸਕ ਥਾਂ ਦਾ ਦਰਜਾ ਦੇ ਸਕਣ। ਭਾਈ ਸਤਵੰਤ ਸਿੰਘ ਦਾ ਜ਼ਿਕਰ ਕਰਦਿਆਂ ਅਲੋਕਾਰ ਸੁਹਾਗਣ ਬੀਬੀ ਸੁਰਿੰਦਰ ਕੌਰ ਦਾ ਜ਼ਿਕਰ ਕਰਨਾ ਜ਼ਰੂਰੀ ਹੈ, ਜਿਸ ਦੀ ਮੰਗਣੀ ਭਾਈ ਸਤਵੰਤ ਸਿੰਘ ਹੋਰਾਂ ਨਾਲ ਹੋਈ ਹੋਈ ਸੀ ਜਦੋਂ ਸੂਰਮਿਆਂ ਨੇ ਇਹ ਇਤਿਹਾਸਕ ਕਾਰਨਾਮਾ ਕਰ ਵਿਖਾਇਆ। ਮਾਤਾ-ਪਿਤਾ, ਸੱਸ-ਸਹੁਰਾ ਤੇ ਧਾਰਮਿਕ ਸਖਸ਼ੀਅਤਾਂ ਵਲੋਂ ਮਨ੍ਹਾਂ ਕਰਨ ਦੇ ਬਾਵਜੂਦ ਬੀਬੀ ਜੀ ਆਪਣੇ ਇਸ ਪ੍ਰਣ 'ਤੇ ਡਟੇ ਰਹੇ ਕਿ ਉਹ ਭਾਈ ਸਤਵੰਤ ਸਿੰਘ ਨੂੰ ਪਤੀ ਮੰਨਦੇ ਹਨ ਅਤੇ ਉਨ੍ਹਾਂ ਦੇ ਨਾਂ 'ਤੇ ਹੀ ਜ਼ਿੰਦਗੀ ਗੁਜ਼ਾਰਨਗੇ। ਜੇਲ੍ਹ ਅਧਿਕਾਰੀਆਂ ਵਲੋਂ ਵਿਆਹ ਦੀ ਆਗਿਆ ਨਾ ਮਿਲਣ ਤੇ ਬੀਬੀ ਜੀ ਨੇ ਭਾਈ ਸਤਵੰਤ ਸਿੰਘ ਦੀ ਫੋਟੋ ਨਾਲ ਚਾਰ ਲਾਵਾਂ ਲੈ ਕੇ ਸਿੱਖ ਇਤਿਹਾਸ ਅੰਦਰ 'ਅਲੋਕਾਰ ਸੁਹਾਗਣ' ਹੋਣ ਦਾ ਮਾਣ ਹਾਸਲ ਕੀਤਾ। ਅੰਤ ਬੀਬੀ ਸੁਰਿੰਦਰ ਕੌਰ ਵੀ ਕੈਂਸਰ ਦੀ ਬਿਮਾਰੀ ਨਾਲ ਜੱਦੋਜਹਿਦ ਕਰਦਿਆਂ ਗੁਰਪੁਰੀ ਸਿਧਾਰ ਗਏ।

ਭਾਈ ਸਤਵੰਤ ਸਿੰਘ, ਭਾਈ ਕਿਹਰ ਸਿੰਘ, 'ਖਾਲਿਸਤਾਨ ਜ਼ਿੰਦਾਬਾਦ' ਦੇ ਅਕਾਸ਼ ਗੁੰਜਾਊ ਨਾਹਰਿਆਂ ਨਾਲ 6 ਜਨਵਰੀ, 1989 ਦੀ ਸਵੇਰ ਨੂੰ ਤਿਹਾੜ ਜੇਲ੍ਹ ਵਿਚਲੇ ਫਾਂਸੀ ਘਰ ਵੱਲ ਵਧੇ। ਉਹਨਾਂ ਦੀ ਦਲੇਰੀ ਤੇ ਨਿਰਭੈਅਤਾ ਦੇਖ ਕੇ ਜੇਲ੍ਹ ਅਧਿਕਾਰੀਆਂ ਨੇ ਮੂੰਹ ਵਿੱਚ ਉਂਗਲਾਂ ਪਾਈਆਂ। ਭਾਈ ਸਤਵੰਤ ਸਿੰਘ ਨੇ ਆਪਣੇ ਪਿਤਾ ਰਾਹੀਂ ਦਿੱਤੇ ਕੌਮ ਨੂੰ ਸੰਦੇਸ਼ ਵਿੱਚ ਇਹ ਇੱਛਾ ਜ਼ਾਹਿਰ ਕੀਤੀ ਕਿ "ਮੈਂ ਮੁੜ ਸਿੱਖਾਂ ਦੇ ਘਰ ਜਨਮ ਲੈ ਕੇ, ਪੰਥ ਦੇ ਵੈਰੀਆਂ ਨੂੰ ਸੋਧਾਂ।" ਕਿਸੇ ਅਜ਼ਬ ਮਸਤੀ ਵਿੱਚ ਦੋਨੋਂ ਸਿੰਘ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਦਿੱਲੀ ਦਰਬਾਰ ਨੇ ਗੁਰੂ ਚਰਨਾਂ ਦੇ ਭੌਰਿਆਂ ਦਾ ਆਪ ਹੀ ਸਸਕਾਰ ਕਰਕੇ ਉਨ੍ਹਾਂ ਦੀ ਭਸਮ ਹਰਦਵਾਰ, ਗੰਗਾ ਨਦੀ ਵਿੱਚ ਪਾਈ ਜਦੋਂ ਕਿ ਰਿਸ਼ਤੇਦਾਰਾਂ ਵਲੋਂ ਕੀਰਤਪੁਰ ਸਾਹਿਬ ਦੀ ਬੇਨਤੀ ਕੀਤੀ ਗਈ ਸੀ। ਇਨ੍ਹਾਂ ਯੋਧਿਆਂ ਦੀ ਚਿਖਾ ਦੀ ਸਵਾਹ ਵੀ ਜ਼ਾਲਮ ਸਰਕਾਰ ਨੂੰ ਦੰਦਲਾਂ ਪਾ ਰਹੀ ਸੀ।

ਸ਼ਹੀਦ ਭਾਈ ਸਤਵੰਤ ਸਿੰਘ ਅਤੇ ਸ਼ਹੀਦ ਭਾਈ ਕਿਹਰ ਸਿੰਘ ਦੇ ਸ਼ਹੀਦੀ ਦਿਵਸ ਮੌਕੇ ਖਾਲਸਾ ਪੰਥ ਆਪਣੇ ਮਹਾਨ ਸੂਰਬੀਰਾਂ ਦੀ ਕੁਰਬਾਨੀ ਨੂੰ ਸਿਜਦਾ ਕਰਦਾ ਹੈ।

'ਸ਼ਹੀਦ ਕੀ ਜੋ ਮੌਤ ਹੈ, ਵੋਹ ਕੌਮ ਕੀ ਹਿਆਤ (ਜ਼ਿੰਦਗੀ) ਹੈ।
ਹਿਆਤ ਤੋ ਹਿਆਤ ਹੈ, ਮੌਤ ਭੀ ਹਿਆਤ ਹੈ।'

# ਭਾਗਾਂ ਭਰਿਆ ਹੋਵੇ ਸਭ ਲਈ ਨਵਾਂ ਸਾਲ

ਦਲਵੀਰ ਸਿੰਘ ਲੁਧਿਆਣਵੀ




ਸਮੇਂ ਦਾ ਚੱਕਰ ਵੀ ਮਨੁੱਖੀ ਜੀਵਨ ਵਾਂਗ ਚਲਦਾ ਹੈ। ਦਿਨ ਚੜ੍ਹਦਾ ਹੈ, ਰਾਤ ਪੈ ਜਾਂਦੀ। ਰਾਤ ਦੇ ਬਾਅਦ ਫਿਰ ਦਿਨ ਚੜ੍ਹਦਾ ਹੈ, ਰਾਤ ਪੈ ਜਾਂਦੀ। ਪਲ ਤੋਂ ਮਿੰਟ, ਮਿੰਟਾਂ ਤੋਂ ਘੰਟੇ, ਘੰਟਿਆਂ ਤੋਂ ਦਿਨ, ਦਿਨਾਂ ਤੋਂ ਮਹੀਨੇ, ਮਹੀਨਿਆਂ ਤੋਂ ਸਾਲ, ਸਾਲਾਂ ਤੋਂ ਸਦੀਆਂ ਬਣਦੀਆਂ ਹਨ। ਸਮੇਂ ਦਾ ਚੱਕਰ ਇਉਂ ਹੀ ਚਲਦਾ ਰਹਿੰਦਾ ਹੈ। ਬਿਲਕੁਲ ਇਸੇ ਤਰ੍ਹਾਂ ਹੀ ਮਨੁੱਖੀ ਜੀਵਨ ਦਾ ਚੱਕਰ ਚਲਦਾ ਹੈ। ਬੱਚਾ ਪੈਦਾ ਹੁੰਦਾ ਹੈ, ਲੱਖ ਖ਼ੁਸ਼ੀਆਂ ਮਨਾਈਆਂ ਜਾਂਦੀਆਂ। ਬਚਪਨ, ਜਵਾਨੀ ਤੇ ਬੁਢਾਪਾ ਕਿੰਜ ਬੀਤ ਜਾਂਦਾ ਹੈ, ਕੋਈ ਪਤਾ ਨਹੀਂ ਚਲਦਾ। ਇੱਥੇ ਕਈ ਆਏ ਤੇ ਕਈ ਤੁਰ ਗਏ, ਪਰ ਸਮਾਂ ਆਪਣੀ ਰਫ਼ਤਾਰ 'ਤੇ ਤੁਰਿਆ ਜਾਂਦਾ ਹੈ। ਆਧੁਨਿਕ ਸਾਹਿਤ ਦੇ ਪਿਤਾਮਾ ਭਾਈ ਵੀਰ ਸਿੰਘ ਨੇ ਸਮੇਂ ਬਾਰੇ ਬਹੁਤ ਸੁੰਦਰ ਸ਼ਬਦਾਂ ਵਿਚ



ਲਿਖਿਆ ਹੈ:

ਰਹੀ ਵਾਸਤੇ ਘੱਤ, 'ਸਮੇਂ' ਨੇ ਇਕ ਨ ਮੰਨੀ,<br>
ਫੜ ਫੜ ਰਹੀ ਧਰੀਕ, 'ਸਮੇਂ' ਖਿਸਕਾਈ ਕੰਨੀ...<br>
**ਹੋ ! ਅਜੇ ਸੰਭਾਲ ਇਸ ਸਮੇਂ ਨੂੰ,**<br>
**ਕਰ ਸਫਲ ਉਡੰਦਾ ਜਾਂਵਦਾ**<br>
**ਇਹ ਠਹਿਰਨ ਜਾਚ ਨਾ ਜਾਣਦਾ,**<br>
**ਲੰਘ ਗਿਆ ਨ ਮੁੜਕੇ ਆਂਵਦਾ।**

ਹੁਣੇ ਜਿਹੇ ਸਾਲ 2023 ਚੜ੍ਹਿਆ ਸੀ, ਯਾਨਿ 365 ਦਿਨ ਬੀਤ ਗਏ। ਓਦੋਂ ਸਾਡੀਆਂ ਆਸਾਂ ਤੇ ਉਮੰਗਾਂ ਕੀ ਸਨ ? ਉਨ੍ਹਾਂ ਵਿਚੋਂ ਕਿਹੜੇ ਟੀਚੇ ਹਾਸਿਲ ਕੀਤੇ ਅਤੇ ਕਿਹੜੇ ਬਾਕੀ ਰਹਿ ਗਏ ਹਨ ? ਕਿੰਨੀ ਕੁ ਮਿਹਨਤ ਰੰਗ ਲਿਆਈ ਤੇ ਸਾਨੂੰ ਕਿੰਨੀ ਕੁ ਹੋਰ ਮਿਹਨਤ ਕਰਨੀ ਚਾਹੀਦੀ ਹੈ ਤਾਂ ਜੋ ਅਸੀਂ ਬਾਕੀ ਰਹਿੰਦੇ ਤੇ ਨਵੇਂ ਟੀਚਿਆਂ ਨੂੰ ਹਾਸਿਲ ਕਰ ਸਕੀਏ।

ਨਵੇਂ ਸਾਲ ਦੀ ਪੂਰਵ-ਸੰਧਿਆ 'ਤੇ ਸਾਰੇ ਸੰਸਾਰ ਵਿਚ ਖ਼ੂਬ ਰੌਣਕਾਂ ਹੁੰਦੀਆਂ ਹਨ। ਸਾਰੀ ਰਾਤ ਹੀ ਸੱਭਿਆਚਾਰਕ ਪ੍ਰੋਗਰਾਮ ਚਲਦੇ ਰਹਿੰਦੇ ਹਨ। ਰੈਸਟੋਰੈਂਟਾਂ, ਕਲੱਬਾਂ ਅਤੇ ਘਰਾਂ ਵਿਚ ਵੀ ਪੂਰੀ ਰੌਣਕ ਹੁੰਦੀ ਹੈ। ਇਸ ਸ਼ੁੱਭ ਘੜੀ ਦਾ ਪਟਾਕਿਆਂ ਤੇ ਆਤਿਸ਼ਬਾਜ਼ੀਆਂ ਨਾਲ ਸਵਾਗਤ ਕੀਤਾ ਜਾਂਦਾ ਹੈ। ਹਰ ਚਿਹਰਾ ਖ਼ੁਸ਼ੀ ਵਿਚ ਝੂਮ ਉਠਦਾ ਹੈ ਅਤੇ ਇਕ ਦੂਸਰੇ ਨੂੰ ਵਧਾਈਆਂ ਦਿੰਦਾ ਹੈ। ਲੋਕ ਇਸ ਦਿਨ ਕੋਈ ਵੀ ਉਲਟਾ-ਸਿੱਧਾ ਕੰਮ ਨਹੀਂ ਕਰਦੇ, ਸਗੋਂ ਪਰਮਾਤਾਮਾ ਅੱਗੇ ਇਹੀ ਅਰਜ਼ੋਈ ਕਰਦੇ ਹਨ ਕਿ ਇਹ ਸਾਰਾ ਸਾਲ ਹੀ ਖ਼ੁਸ਼ੀਆਂ ਅਤੇ ਖੇੜਿਆਂ ਨਾਲ ਭਰਪੂਰ ਹੋਵੇ। ਇਸ ਤੋਂ ਜ਼ਿਆਦਾ ਇਹ ਹੈ ਕਿ ਲੋਕ ਇਸ ਦਿਨ ਹੱਕ-ਹਲਾਲ ਦੀ ਕਮਾਈ ਕਰਨਾ ਪਸੰਦ ਕਰਦੇ ਹਨ। ਹੇ ਰੱਬਾ! ਤੂੰ ਹੀ ਕੋਈ ਐਸੀ ਸੋਝੀ ਬਖਸ਼ ਦੇ ਕਿ ਸਾਲ ਦੇ 365 ਦਿਨ ਹੀ ਨਵੇਂ ਸਾਲ ਦੀ ਪੂਰਵ-ਸੰਧਿਆ ਵਾਂਗ ਮਨਾਏ ਜਾਣ ਤਾਂ ਜੋ ਸਾਰੇ ਹੀ ਲੋਕ ਹੱਕ-ਹਲਾਲ ਦੀ ਕਮਾਈ ਕਰਿਆ ਕਰਨ। ਸ. ਗੁਰਬਖਸ਼ ਸਿੰਘ ਦਾ ਕਹਿਣਾ ਹੈ, ਚੰਗਿਆਈ ਕਰਨ ਦੀ ਖ਼ਾਹਿਸ਼ ਆਪਣੇ ਆਪ ਵਿਚ ਇਕ ਸਵਰਗੀ ਅਵਸਥਾ ਹੈ।



ਹਰੇਕ ਦੇਸ਼, ਪ੍ਰਾਂਤ, ਇਲਾਕੇ ਦਾ ਆਪੋ-ਆਪਣਾ ਸੱਭਿਆਚਾਰ ਹੁੰਦਾ ਹੈ ਤੇ ਉਹ ਆਪੋ-ਆਪਣੇ ਵਿਰਸੇ ਦੇ ਹਿਸਾਬ ਨਾਲ ਹਰ ਦਿਨ-ਤਿਉਹਾਰ ਮਨਾਉਂਦੇ ਹਨ। ਭਾਰਤ ਆਪਣੀ ਬੁੱਕਲ 'ਚ ਗੌਰਵਮਈ ਵਿਰਸਾ ਸਮੋਈ ਬੈਠਾ ਹੈ। ਨਵਾਂ ਵਰ੍ਹਾ ਪਹਿਲੀ ਚੇਤਰ ਤੋਂ ਸ਼ੁਰੂ ਹੁੰਦਾ ਹੈ, ਪਰ ਇੱਥੋਂ ਦੇ ਵਸਨੀਕ ਪੱਛਮੀ ਸ਼ੈਲੀ ਮੁਤਾਬਕ ਪਹਿਲੀ ਜਨਵਰੀ ਨੂੰ 'ਨਵੇਂ ਵਰ੍ਹੇ ਵਜੋਂ ਖ਼ੁਸ਼ਆਮਦੀਦ' ਆਖਦੇ ਹੋਏ ਵਧਾਈਆਂ ਦਿੰਦੇ ਹਨ, ਤੋਹਫ਼ੇ ਦਿੰਦੇ ਹਨ ਤੇ ਹੋਰ ਵੀ ਕਈ ਪ੍ਰਕਾਰ ਦੇ ਧਾਰਮਿਕ, ਸੱਭਿਆਚਾਰਕ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ।

ਭਾਵੇਂ ਜਾਗਰੂਕਤਾ ਦੀ ਹਨੇਰੀ ਝੁੱਲ ਰਹੀ ਹੈ, ਪਰ ਲੋਕ ਕੁਦਰਤ ਨਾਲ ਛੇੜ-ਛਾੜ ਕਰਨੋਂ ਨਹੀਂ ਹੱਟਦੇ। ਚਾਰੇ ਪਾਸੇ ਧੂੰਆਂ ਹੀ ਧੂੰਆਂ ਹੈ, ਬੀਮਾਰੀਆਂ ਦਾ ਹੜ੍ਹ ਆਇਆ ਹੋਇਆ ਹੈ। ਬ੍ਰਹਿਮੰਡ ਦਾ ਤਾਪਮਾਨ ਵਧ ਜਾਣ ਦੇ ਕਾਰਨ ਹੀ ਵਾਤਾਵਰਨ ਵਿਚ ਵੱਡੀ ਤਬਦੀਲੀ ਆਈ ਹੈ। ਇਹ ਸਾਰਾ ਕੁਝ ਜ਼ਹਿਰਲੀਆਂ ਗੈਸਾਂ ਦੇ ਕਾਰਨ ਹੀ ਹੁੰਦਾ ਹੈ, ਜੋ ਰਸਾਇਣਕ ਜ਼ਹਿਰਾਂ ਤੋਂ ਉਤਪੰਨ ਹੁੰਦੀਆਂ ਹਨ। ਇਨ੍ਹਾਂ ਦੀ ਵਰਤੋਂ ਘਟੀ ਨਹੀਂ, ਸਗੋਂ ਵਧੀ ਹੈ। ਇਨ੍ਹਾਂ ਜ਼ਹਿਰਾਂ ਨੇ ਧਰਤੀ-ਮਾਂ ਦੀ ਉਪਜਾਊ ਸ਼ਕਤੀ ਹੀ ਖ਼ਤਮ ਕਰ ਦਿੱਤੀ ਹੈ, ਜਿਸ ਦੇ ਫਲਸਰੂਪ ਅੱਜ ਇਹ ਬੰਜਰ ਬਣਦੀ ਜਾ ਰਹੀ ਹੈ। ਕੂੜਾ-ਕਰਕਟ ਦੇ ਢੇਰ, ਦੂਸ਼ਿਤ ਪਾਣੀ ਦੇ ਇਲਾਵਾ ਵੀ ਹੋਰ ਬਹੁਤ ਸਾਰੀਆਂ ਵਸਤੂਆਂ ਜ਼ਿੰਮੇਵਾਰ ਹਨ ਜੋ ਜ਼ਹਿਰਲੀਆਂ ਗੈਸਾਂ ਪੈਦਾ ਕਰਦੀਆਂ ਹਨ। ਭਾਵੇਂ ਭਾਰਤ ਵਿਚ ਵੀ ਗੱਡੀਆਂ ਬਦਲਵੇਂ ਊਰਜਾ ਦੇ ਬਾਲਣ ਨਾਲ ਚੱਲਣੀਆਂ ਸ਼ੁਰੂ ਹੋ ਗਈਆਂ ਹਨ, ਪਰ ਪ੍ਰਦੂਸ਼ਣ 'ਤੇ ਕਾਬੂ ਪਾਉਣਾ ਅਜੇ ਦੂਰ ਦੀ ਗੱਲ ਹੈ।



ਸਰਕਾਰਾਂ ਕਹਿੰਦੀਆਂ ਕੁੱਝ, ਕਰਦੀਆਂ ਕੁਝ ਹੋਰ। ਕਾਨੂੰਨ ਸਭ ਲਈ ਇਕ ਹੋਣਾ ਚਾਹੀਦਾ ਹੈ, ਭਾਵੇਂ ਉਹ ਮੰਤਰੀ ਹੋਵੇ ਜਾਂ ਸੰਤਰੀ। ਇਸ ਕਰਕੇ ਹੀ ਵੱਢ-ਟੁੱਕ ਹੋ ਰਹੀ ਹੈ। ਨੌਜਵਾਨ ਪੀੜ੍ਹੀ ਵਿਚੋਂ ਜ਼ਿਆਦਾਤਰ ਨੌਜਵਾਨ ਵਿਦੇਸ਼ਾਂ ਨੂੰ ਜਾ ਰਹੇ ਹਨ, ਕੁਝ ਨਸ਼ਿਆਂ 'ਤੇ ਲੱਗ ਗਏ ਤੇ ਕੁਝ ਪੁੱਠੇ ਪੈਰੀਂ ਚੱਲ ਪਏ ਹਨ। ਲੁੱਟਾਂ-ਖੋਹਾਂ, ਚੋਰੀਆਂ, ਡਾਕੇ, ਝਪਟਾਂ ਮਾਰਨੀਆਂ, ਧਾਰਮਿਕ ਬੇਅਦਬੀਆਂ ਕਰਨੀਆਂ ਆਦਿ, ਆਦਿ। ਕਰਜ਼ਾਈ ਕਿਸਾਨ ਤੇ ਮਜ਼ਦੂਰ ਖ਼ੁਦਕੁਸ਼ੀਆਂ ਕਰ ਰਹੇ ਹਨ। ਜਿਸ ਬੰਦੇ ਨੂੰ ਦੋ ਵੇਲੇ ਦੀ ਰੋਟੀ ਨਹੀਂ ਜੁੜਦੀ, ਉਹਨੂੰ ਕੀ ਭਾਅ ਹੈ, ਭਾਵੇਂ 15 ਅਗਸਤ ਹੋਵੇ ਜਾਂ 26 ਜਨਵਰੀ।

'ਕੱਲਾ ਭਾਰਤ ਹੀ ਨਹੀਂ, ਸਗੋਂ ਸੰਸਾਰ ਦੇ ਸਾਰੇ ਦੇਸ਼ ਪ੍ਰਦੂਸ਼ਣ, ਅੱਤਵਾਦ, ਭ੍ਰਿਸ਼ਟਾਚਾਰ, ਆਰਥਿਕ ਮੰਦੀ, ਆਦਿ ਮੁੱਦਿਆਂ ਨਾਲ ਜੂਝ ਰਹੇ ਹਨ। 'ਭੰਡਾ ਭੰਡਾਰੀਆ ਕਿੰਨਾ ਕੁ ਭਾਰ, ਇਕ ਮੁੱਠ ਚੁੱਕ ਲੈ ਦੂਜੀ ਤਿਆਰ'। ਭਾਵੇਂ ਭਾਰਤ, ਨੂੰ ਆਜ਼ਾਦੀ ਮਿਲਿਆਂ 75 ਸਾਲ ਹੋ ਗਏ ਹਨ, ਪ੍ਰੰਤੂ ਭ੍ਰਿਸ਼ਟਾਚਾਰ ਰੁਕਣ ਦਾ ਨਾਂ ਨਹੀਂ ਲੈਂਦਾ। ਰਾਜਨੀਤੀ ਦੇ ਉੱਚ-ਗਲਿਆਰਿਆਂ ਵਿਚ ਦਿਨ-ਪ੍ਰਤੀ-ਦਿਨ ਵਧਦਾ ਹੀ ਜਾ ਰਿਹਾ ਹੈ, ਸਮਾਜ ਨੂੰ ਖੋਖਲਾ ਕਰ ਰਿਹਾ ਹੈ। ਮਨੁੱਖ ਵਿਚ ਐਨੀ ਸ਼ਕਤੀ ਹੈ ਕਿ ਕੋਈ ਅੰਦਾਜ਼ਾ ਵੀ ਨਹੀਂ ਲਗਾ ਸਕਦਾ। ਤੁਸੀਂ ਪ੍ਰਣ ਕਰ ਲਵੋ ਕਿ ਇਹ ਕੰਮ ਕਰਨਾ ਹੀ ਕਰਨਾ ਹੈ, ਫਿਰ ਤਾਂ ਸਫ਼ਲਤਾ ਤੁਹਾਡੇ ਪੈਰਾਂ ਵਿਚ ਹੋਵੇਗੀ। ਪਰ, ਇਸ ਦੇ ਲਈ ਸਖ਼ਤ ਮਿਹਨਤ ਦੀ ਲੋੜ ਹੁੰਦੀ ਹੈ। ਦਿਨ-ਰਾਤ ਇਕ ਕਰਨਾ ਪੈਂਦਾ ਹੈ। ਦੁਨੀਆਂ ਦੇ ਫਾਲਤੂ ਰੁਝੇਵੇਂ ਛੱਡਣੇ ਪੈਂਦੇ ਹਨ। ਗੱਲ ਤਾਂ ਇੱਥੇ ਨਿੱਬੜਦੀ ਹੈ ਕਿ ਇਕ ਸੱਚੇ-ਸੁਚੇ ਤਪੱਸਵੀ ਦੀ ਤਰ੍ਹਾਂ ਜੀਵਨ ਹੰਢਾਇਆਂ ਹੀ ਸਫਲਤਾ ਮਿਲਦੀ ਹੈ। ਐਵੇਂ ਨਹੀਂ ਲੋਕ ਕਹਿੰਦੇ ਕਿ ਮਿਹਨਤ ਹੀ ਸਫਲਤਾ ਦੀ ਕੁੰਜੀ ਹੈ।

ਆਓ, ਸਾਰੇ ਹੀ ਕਾਮਨਾ ਕਰੀਏ ਕਿ ਇਹ ਨਵਾਂ ਸਾਲ ਸਭ ਲਈ ਭਾਗਾਂ ਭਰਿਆ ਹੋਵੇ, ਸਾਰੇ ਹੀ ਲੋਕ ਆਪਸੀ ਭਾਈਚਾਰਕ ਸਾਂਝ ਅਤੇ ਮਿਲਵਰਤਨ ਦੀ ਡੋਰੀ ਵਿਚ ਬੱਝੇ ਰਹਿਣ ਤਾਂ ਜੋ ਚਾਰੇ ਪਾਸੇ ਪਿਆਰ ਹੀ ਪਿਆਰ ਹੋਵੇ ਅਤੇ ਸਾਰੀ ਦੁਨੀਆਂ ਫੁੱਲਾਂ ਵਾਂਗ ਮੁਸਕਰਾਉਂਦੀ ਰਹੇ।

## ਆਉ ਨਵੇਂ ਸਾਲ ਦੇ ਆਗਮਨ 'ਤੇ ਸਾਰਿਆਂ ਦੀ ਚੰਗੀ ਸਿਹਤ ਅਤੇ ਖ਼ੁਸ਼ਹਾਲੀ ਦੀ ਕਾਮਨਾ ਕਰੀਏ

1 ਜਨਵਰੀ ਨੂੰ ਨਵਾਂ ਸਾਲ ਮਨਾਉਣਾ ਵੀ ਸਾਰੇ ਧਰਮਾਂ ਦੀ ਏਕਤਾ ਵਿਚ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ ਕਿਉਂਕਿ ਅਸੀ ਸਾਰੇ ਮਿਲ ਕੇ ਇਸ ਨੂੰ ਮਨਾਉਂਦੇ ਹਾਂ।

ਦੁਨੀਆ ਭਰ ਵਿਚ ਨਵਾਂ ਸਾਲ ਵੱਖ-ਵੱਖ ਦਿਨਾਂ ਨੂੰ ਮਨਾਇਆ ਜਾਂਦਾ ਹੈ ਪਰ ਅੰਗਰੇਜ਼ੀ ਕੈਲੰਡਰ ਅਨੁਸਾਰ 1 ਜਨਵਰੀ ਨੂੰ ਨਵੇਂ ਸਾਲ ਦੀ ਸ਼ੁਰੂਆਤ ਵਜੋਂ ਮੰਨਿਆ ਜਾਂਦਾ ਹੈ ਕਿਉਂਕਿ ਗ੍ਰੇਗੋਰੀਅਨ ਯਾਨੀ ਅੰਗਰੇਜ਼ੀ ਕੈਲੰਡਰ ਅਨੁਸਾਰ 31 ਦਸੰਬਰ ਨੂੰ ਸਾਲ ਦੇ ਆਖ਼ਰੀ ਦਿਨ ਦੀ ਸਮਾਪਤੀ ਤੋਂ ਬਾਅਦ 1 ਜਨਵਰੀ ਤੋਂ ਨਵਾਂ ਕੈਲੰਡਰ ਸਾਲ ਸ਼ੁਰੂ ਹੁੰਦਾ ਹੈ।

ਇਸ ਲਈ ਇਸ ਦਿਨ ਨੂੰ ਪੂਰੇ ਵਿਸ਼ਵ ਵਿਚ ਨਵੇਂ ਸਾਲ ਦੀ ਸ਼ੁਰੂਆਤ ਕਰਨ ਲਈ ਇਕ ਤਿਉਹਾਰ ਵਾਂਗ ਪੂਰੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਮੰਨਿਆ ਜਾਂਦਾ ਹੈ ਕਿ ਜੇਕਰ ਸਾਲ ਦਾ ਪਹਿਲਾ ਦਿਨ ਉਤਸ਼ਾਹ ਅਤੇ ਖ਼ੁਸ਼ੀਆਂ ਨਾਲ ਮਨਾਇਆ ਜਾਵੇ ਤਾਂ ਪੂਰਾ ਸਾਲ ਉਸੇ ਤਰ੍ਹਾਂ ਹੀ ਉਤਸ਼ਾਹ ਅਤੇ ਖ਼ੁਸ਼ੀ ਨਾਲ ਬੀਤ ਜਾਵੇਗਾ। ਨਵਾਂ ਸਾਲ ਸਾਨੂੰ ਨਵੀਆਂ ਉਮੀਦਾਂ, ਨਵੇਂ ਸੁਪਨੇ, ਨਵੇਂ ਟੀਚੇ ਅਤੇ ਨਵੇਂ ਵਿਚਾਰ ਦਿੰਦਾ ਹੈ। ਇਸ ਲਈ ਹਰ ਕੋਈ ਇਸ ਦਾ ਖ਼ੁਸ਼ੀ




ਨਾਲ ਸਵਾਗਤ ਕਰਦਾ ਹੈ।

1 ਜਨਵਰੀ ਨੂੰ ਨਵਾਂ ਸਾਲ ਮਨਾਉਣਾ ਵੀ ਸਾਰੇ ਧਰਮਾਂ ਦੀ ਏਕਤਾ ਵਿਚ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ ਕਿਉਂਕਿ ਅਸੀ ਸਾਰੇ ਮਿਲ ਕੇ ਇਸ ਨੂੰ ਮਨਾਉਂਦੇ ਹਾਂ। 31 ਦਸੰਬਰ ਦੀ ਸ਼ਾਮ ਤੋਂ ਹੀ ਲੋਕ ਕਈ ਥਾਵਾਂ 'ਤੇ ਵੱਖ-ਵੱਖ ਗਰੁੱਪਾਂ ਵਿਚ ਇਕੱਠੇ ਹੋ ਕੇ ਨਵੇਂ ਸਾਲ ਦਾ ਜਸ਼ਨ ਮਨਾਉਣਾ ਸ਼ੁਰੂ ਕਰ ਦਿੰਦੇ ਹਨ। ਰਾਤ ਦੇ 12 ਵਜੇ ਹਰ ਕੋਈ ਇਕ-ਦੂਜੇ ਨੂੰ ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਦਿੰਦਾ ਹੈ।

ਨਵਾਂ ਸਾਲ ਨਾ ਸਿਰਫ਼ ਇਕ ਨਵੀਂ ਸ਼ੁਰੂਆਤ ਹੈ ਬਲਕਿ ਇਹ ਸਾਨੂੰ ਅੱਗੇ ਵਧਣ ਅਤੇ ਹਰ ਰੋਜ਼ ਕੁੱਝ ਨਵਾਂ ਸਿਖਣ ਦੀ ਪ੍ਰੇਰਨਾ ਵੀ ਦਿੰਦਾ ਹੈ। ਪਿਛਲੇ ਸਾਲ ਅਸੀ ਜੋ ਵੀ ਕੀਤਾ, ਜੋ ਕੁੱਝ ਸਿਖਿਆ, ਸਫ਼ਲ ਹੋਏ ਜਾਂ ਅਸਫ਼ਲ ਰਹੇ, ਉਸ ਨੂੰ ਛੱਡ ਕੇ ਇਹ ਨਵਾਂ ਸਾਲ ਸਾਨੂੰ ਨਵੀਂ ਉਮੀਦ ਨਾਲ ਅੱਗੇ ਵਧਣ ਦੀ ਪ੍ਰੇਰਨਾ ਦਿੰਦਾ ਹੈ। ਜਿਵੇਂ ਹੀ ਪਹਿਲੀ ਜਨਵਰੀ ਆਉਂਦੀ ਹੈ, ਨਵਾਂ ਸਾਲ ਸ਼ੁਰੂ ਹੋ ਜਾਂਦਾ ਹੈ। ਇਹ ਹਰ ਕਿਸੇ ਲਈ ਨਵੇਂ ਮੌਕੇ ਲਿਆਉਂਦਾ ਹੈ। ਇਹ ਦਿਨ ਸਾਨੂੰ ਪ੍ਰਮਾਤਮਾ ਦਾ ਧਨਵਾਦ ਕਰਨ ਅਤੇ ਸੱਚ ਬੋਲਣ ਲਈ ਵੀ ਪ੍ਰੇਰਤ ਕਰਦਾ ਹੈ। ਨਵਾਂ ਸਾਲ ਸਾਨੂੰ ਨਵੇਂ ਪ੍ਰੋਜੈਕਟ ਸ਼ੁਰੂ ਕਰਨ ਦੀ ਪ੍ਰੇਰਨਾ ਦਿੰਦਾ ਹੈ ਅਤੇ ਸਾਡੇ ਜੀਵਨ ਨੂੰ ਨਵੇਂ ਉਤਸ਼ਾਹ ਅਤੇ ਆਨੰਦ ਨਾਲ ਜਿਉਣ ਲਈ ਊਰਜਾ ਦਿੰਦਾ ਹੈ। ਇਹ ਇਕ ਤਿਉਹਾਰ ਦੀ ਤਰ੍ਹਾਂ ਹੈ ਜੋ ਸਾਡੇ ਅੰਦਰ ਨਵੀਂ ਊਰਜਾ ਦੀ ਸਥਾਪਨਾ ਕਰਦਾ ਹੈ, ਜਿਸ ਨਾਲ ਸਾਡੇ ਜੀਵਨ ਵਿਚ ਨਵੇਂ ਸਾਲ ਦਾ ਮਹੱਤਵ ਵਧਦਾ ਹੈ।

ਜਿਸ ਤਰ੍ਹਾਂ ਅਸੀ ਨਵੇਂ ਸਾਲ ਦਾ ਸਵਾਗਤ ਬੜੇ ਉਤਸ਼ਾਹ ਅਤੇ ਖ਼ੁਸ਼ੀ ਨਾਲ ਕਰਦੇ ਹਾਂ, ਉਸੇ ਤਰ੍ਹਾਂ ਸਾਨੂੰ ਜ਼ਿੰਦਗੀ ਵਿਚ ਬੀਤੇ ਸਮੇਂ ਨੂੰ ਲੈ ਕੇ ਉਦਾਸ ਨਹੀਂ ਹੋਣਾ ਚਾਹੀਦਾ। ਜੋ ਬੀਤ ਗਿਆ ਹੈ ਉਸ ਬਾਰੇ ਸੋਚਣ ਦੀ ਬਜਾਏ, ਆਉਣ ਵਾਲੇ ਮੌਕਿਆਂ ਦਾ ਸੁਆਗਤ ਕਰੋ ਅਤੇ ਉਨ੍ਹਾਂ ਦੁਆਰਾ ਜੀਵਨ ਨੂੰ ਬਿਹਤਰ ਬਣਾਉਣ ਦੀ ਕੋਸ਼ਿਸ਼ ਕਰੋ। ਕਈ ਲੋਕ ਨਵੇਂ ਸਾਲ ਦੀ ਸ਼ੁਰੂਆਤ ਧਾਰਮਕ ਪ੍ਰੋਗਰਾਮ ਕਰਵਾ ਕੇ ਉਸ ਪਰਮ ਪਿਤਾ ਪਰਮਾਤਮਾ ਨੂੰ ਯਾਦ ਕਰਦੇ ਹਨ ਜਿਸ ਨੇ ਸਾਨੂੰ ਇਹ ਜ਼ਿੰਦਗੀ ਬਖ਼ਸ਼ੀ ਹੈ।

ਆਉ ਆਪਾਂ ਸਾਰੇ ਮਿਲ ਕੇ ਨਵੇਂ ਸਾਲ 'ਤੇ ਪੁਰਾਣੇ ਦੁੱਖਾਂ ਅਤੇ ਮਾੜੇ ਤਜਰਬਿਆਂ ਨੂੰ ਭੁਲਾਈਏ ਅਤੇ ਸਾਰਿਆਂ ਦੀ ਚੰਗੀ ਸਿਹਤ, ਚੰਗੀ ਕਿਸਮਤ ਅਤੇ ਖ਼ੁਸ਼ਹਾਲੀ ਦੀ ਕਾਮਨਾ ਕਰੀਏ। ਆਉ ਸਾਰੇ ਇਸ ਨਵੇਂ ਸਾਲ ਵਿਚ ਪਿਛਲੇ ਸਾਲ ਦੀਆਂ ਅਪਣੀਆਂ ਗ਼ਲਤੀਆਂ ਤੋਂ ਸਿਖਦੇ ਹੋਏ ਕੋਈ ਨਵਾਂ ਸੰਕਲਪ ਜਾਂ ਸਹੁੰ ਚੁੱਕੀਏ ਅਤੇ ਪੂਰੀ ਊਰਜਾ ਨਾਲ ਅਪਣੇ ਕੰਮ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰੀਏ ਜਿਸ ਨਾਲ ਸਾਨੂੰ ਸਫ਼ਲਤਾ ਹਾਸਲ ਹੋਵੇ। ਆਪ ਸਾਰਿਆਂ ਨੂੰ ਨਵੇਂ ਸਾਲ ਦੀਆਂ ਬਹੁਤ ਬਹੁਤ ਮੁਬਾਰਕਾਂ।

**ਲੈਕਚਰਾਰ ਲਲਿਤ ਗੁਪਤਾ**

# ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ




# Fresno California

## ਵਿਚ ਖੁੱਲ੍ਹਾ ਰਿਹਾ ਨਵਾਂ ਦ.ਫਤਰ

### ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ

- ਪੋਲੀਟੀਕਲ ਅਸਾਈਲਮ
- ਡਿਪ੍ਰੋਟੇਸ਼ਨ ਡਿਫੈਂਸ
- BIA ਅਪੀਲ
- 9 Circuit ਅਪੀਲ
- ਸਿਟੀਜਨਸ਼ਿਪ
- ਗਰੀਨਕਾਰਡ

**ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ**

## Law office of Anthony Nwosu

239 West Yosemite Ave Manteca CA 95336

ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ

ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।



**209-481-7750**

**510-472-0608**

**PH. : 209-624-3919**

ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ



Anthony Nwosu
Attorney at Law

# 2023 ਦੇ ਘਟਨਾਕ੍ਰਮ

## ਟਕਰਾਵਾਂ, ਜੁਰਮਾਂ ਤੇ ਵਿਵਾਦਾਂ ਦੇ ਨਾਂਅ ਰਿਹਾ ਇਹ ਸਾਲ

ਹੁਣ ਜਦੋਂ ਕਿ 2023 ਦਾ ਸਾਲ ਰੁਖ਼ਸਤ ਹੋਣ ਵਾਲਾ ਹੈ ਅਤੇ ਨਵਾਂ ਸਾਲ 2024 ਸਾਡੀਆਂ ਬਰੂਹਾਂ 'ਤੇ ਦਸਤਕ ਦੇਣ ਵਾਲਾ ਹੈ, ਤਾਂ ਹਰ ਪੰਜਾਬ ਵਾਸੀ ਦੇ ਮਨ ਵਿਚ ਇਹ ਸਵਾਲ ਜ਼ਰੂਰ ਆਵੇਗਾ ਕਿ ਬੀਤਣ ਵਾਲਾ ਵਰ੍ਹਾ ਸਾਡੇ ਪੱਲੇ ਵਿਚ ਕੀ ਕੁਝ ਪਾ ਕੇ ਗਿਆ ਹੈ ਤੇ ਆਉਣ ਵਾਲੇ ਨਵੇਂ ਵਰ੍ਹੇ ਤੋਂ ਉਹ ਕਿਸ ਤਰ੍ਹਾਂ ਦੀਆਂ ਆਸਾਂ ਰੱਖ ਸਕਦੇ ਹਾਂ?

ਜੇ ਬੀਤ ਰਹੇ ਵਰ੍ਹੇ ਦੀ ਗੱਲ ਕਰੀਏ ਤਾਂ ਇਸ ਦਾ ਜ਼ਿਹਨ ਵਿਚ ਜੋ ਅਕਸ ਉੱਭਰਦਾ ਹੈ, ਉਹ ਇਹ ਹੈ ਕਿ ਇਹ ਵਰ੍ਹਾ ਪੰਜਾਬ ਵਿਚ ਟਕਰਾਵਾਂ, ਵਿਵਾਦਾਂ ਤੇ ਜੁਰਮਾਂ ਦੇ ਨਾਂਅ ਰਿਹਾ। ਪੰਜਾਬੀਆਂ ਨੂੰ ਸੁਖ ਦੇ ਸਾਹ ਘੱਟ ਆਏ ਹਨ ਤੇ ਦੁੱਖ ਦੇ ਸਾਹ ਉਨ੍ਹਾਂ ਨੂੰ ਵਧੇਰੇ ਲੈਣੇ ਪਏ ਹਨ।

ਪੂਰਾ ਸਾਲ ਰਾਜ ਵਿਚ ਸਿਆਸੀ ਪਾਰਟੀਆਂ ਆਮ ਆਦਮੀ ਪਾਰਟੀ, ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦਰਮਿਆਨ ਤਰ੍ਹਾਂ-ਤਰ੍ਹਾਂ ਦੇ ਟਕਰਾਅ ਤੇ ਵਿਵਾਦ ਪੈਦਾ ਹੁੰਦੇ ਰਹੇ। ਲੋੜ ਤਾਂ ਇਸ ਗੱਲ ਦੀ ਸੀ ਕਿ ਰਾਜ ਨੂੰ ਦਰਪੇਸ਼ ਰਾਜਨੀਤਕ, ਆਰਥਿਕ ਅਤੇ ਸਮਾਜਿਕ ਚੁਣੌਤੀਆਂ ਦਾ ਸਾਹਮਣਾ ਸਿਆਸੀ ਪਾਰਟੀਆਂ ਮਿਲ ਕੇ ਕਰਦੀਆਂ। ਪੰਜਾਬ ਦੇ ਭਖਦੇ ਮਸਲਿਆਂ ਬਾਰੇ ਕੋਈ ਸਾਂਝੀ ਰਾਇ ਬਣਾਉਂਦੀਆਂ। ਰਾਜ ਪੱਧਰ 'ਤੇ ਕੀਤੇ ਜਾਣ ਵਾਲੇ ਕੰਮ ਰਾਜ ਸਰਕਾਰ ਕਰਦੀ ਅਤੇ ਕੇਂਦਰ ਤੋਂ ਹੱਲ ਕਰਵਾਉਣ ਵਾਲੇ ਮੁੱਦਿਆਂ ਦੀ ਨਿਸ਼ਾਨਦੇਹੀ ਕਰਕੇ ਸਾਂਝੇ ਤੌਰ 'ਤੇ ਪੰਜਾਬ ਦੇ ਸਿਆਸੀ ਦਲ ਕੇਂਦਰ ਸਰਕਾਰ ਦਾ ਬੂਹਾ ਖੜਕਾਉਂਦੇ। ਪਰ ਅਜਿਹਾ ਕੁਝ ਵੀ ਨਹੀਂ ਹੋ ਸਕਿਆ। ਪੰਜਾਬ ਦੇ ਭਖਦੇ ਮੁੱਦਿਆਂ, ਜਿਨ੍ਹਾਂ ਵਿਚ ਸਨਅਤੀ ਸੰਕਟ, ਖੇਤੀਬਾੜੀ ਦਾ ਸੰਕਟ, ਧਰਤੀ ਹੇਠਲੇ ਪਾਣੀ ਦਾ ਸੰਕਟ, ਸਤਲੁਜ-ਯਮਨਾ ਲਿੰਕ ਨਹਿਰ, ਚੰਡੀਗੜ੍ਹ ਦਾ ਮਸਲਾ, ਨਸ਼ਿਆਂ ਦੀ ਵਧਦੀ ਜਾ ਰਹੀ ਮਹਾਂਮਾਰੀ, ਅਮਨ-ਕਾਨੂੰਨ ਦੀ ਵਿਗੜ ਰਹੀ ਹਾਲਤ ਅਤੇ ਨੌਜਵਾਨਾਂ ਵਿਚ ਵੱਡੀ ਪੱਧਰ 'ਤੇ ਫੈਲੀ ਬੇਰੁਜ਼ਗਾਰੀ, ਜਿਸ ਕਾਰਨ ਨੌਜਵਾਨ +2 ਤੋਂ ਬਾਅਦ ਹੀ ਜਹਾਜ਼ ਭਰ-ਭਰ ਕੇ ਵਿਦੇਸ਼ਾਂ ਨੂੰ ਰਵਾਨਾ ਹੋਈ ਜਾ ਰਹੇ ਹਨ, ਆਦਿ ਬਾਰੇ ਕੋਈ ਸਾਂਝੀ ਪਹਿਲਕਦਮੀ ਸਿਆਸੀ ਦਲਾਂ ਵਲੋਂ ਇਸ ਸਾਲ ਵਿਚ ਨਹੀਂ ਹੋ ਸਕੀ। ਇਸ ਦੀ ਥਾਂ ਸਿਆਸੀ ਦਲ ਇਨ੍ਹਾਂ ਮੁੱਦਿਆਂ ਨੂੰ ਲੈ ਕੇ ਇਕ-ਦੂਜੇ ਦੇ ਖਿਲਾਫ਼ ਤਿੱਖੀ ਬਿਆਨਬਾਜ਼ੀ ਕਰਦੇ ਰਹੇ ਅਤੇ ਇਨ੍ਹਾਂ ਸਭ ਮਸਲਿਆਂ ਲਈ ਇਕ-ਦੂਜੇ ਨੂੰ ਜ਼ਿੰਮੇਵਾਰ ਠਹਿਰਾਉਂਦੇ ਰਹੇ। ਸਿਆਸੀ ਦਲਾਂ ਦੇ ਇਸ ਵਤੀਰੇ ਕਾਰਨ ਲੋਕਾਂ ਵਿਚ ਵੱਡੀ ਪੱਧਰ 'ਤੇ ਨਿਰਾਸ਼ਾ ਫੈਲੀ। ਉਂਝ ਰਾਜ ਦੇ ਪ੍ਰਮੁੱਖ ਸਿਆਸੀ ਦਲ ਆਮ ਆਦਮੀ ਪਾਰਟੀ, ਕਾਂਗਰਸ, ਭਾਜਪਾ ਤੇ ਅਕਾਲੀ ਦਲ ਆਪੋ-ਆਪਣੀ ਸਥਿਤੀ ਮਜ਼ਬੂਤ ਕਰਨ ਲਈ ਸਾਰਾ ਸਾਲ ਰੈਲੀਆਂ ਤੇ ਮੀਟਿੰਗਾਂ ਕਰਨ ਵਿਚ ਲੱਗੇ ਰਹੇ। ਸੱਤਾਧਾਰੀ ਪਾਰਟੀ ਇਸ ਮਕਸਦ ਲਈ ਸਰਕਾਰੀ ਸਾਧਨਾਂ ਦੀ ਵੀ ਦੁਰਵਰਤੋਂ ਕਰਦੀ ਰਹੀ। ਇਸ ਤੋਂ ਇਲਾਵਾ ਸੱਤਾਧਾਰੀ ਪਾਰਟੀ ਵਲੋਂ ਵਿਜੀਲੈਂਸ ਦੀ ਵਰਤੋਂ ਕਰਕੇ ਆਪਣੇ ਵਿਰੋਧੀਆਂ ਖ਼ਾਸ ਕਰਕੇ ਸੁਖਪਾਲ ਸਿੰਘ ਖਹਿਰਾ ਵਰਗੇ ਲੀਡਰ ਜੋ ਉਸ ਦੀਆਂ ਨੀਤੀਆਂ ਦੀ ਤਿੱਖੀ ਆਲੋਚਨਾ ਕਰਦੇ ਸਨ, ਨੂੰ ਜੇਲ੍ਹਾਂ ਵਿਚ ਸੁੱਟਣ ਦਾ ਯਤਨ ਕਰਦੀ ਰਹੀ।



'ਵਾਰਿਸ ਪੰਜਾਬ ਦੇ' ਸੰਸਥਾ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਪੰਜ ਸਾਥੀਆਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰਕੇ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਭੇਜ ਦਿੱਤਾ।

ਇਸ ਸਾਲ ਸ਼੍ਰੋਮਣੀ ਅਕਾਲੀ ਦਲ ਨੂੰ ਪਾਰਟੀ ਦੇ ਸਰਪ੍ਰਸਤ ਅਤੇ ਪੰਜ ਵਾਰ ਰਾਜ ਦੇ ਮੁੱਖ ਮੰਤਰੀ ਤੇ ਇਕ ਵਾਰ ਕੇਂਦਰੀ ਮੰਤਰੀ ਰਹੇ ਸ. ਪ੍ਰਕਾਸ਼ ਸਿੰਘ ਬਾਦਲ ਦੇ ਸਦੀਵੀ ਵਿਛੋੜੇ ਨਾਲ ਗਹਿਰਾ ਧੱਕਾ ਲੱਗਾ। ਉਨ੍ਹਾਂ ਦੇ ਵਿਛੋੜੇ ਤੋਂ ਬਾਅਦ ਹੋਏ ਸ਼ਰਧਾਂਜਲੀ ਸਮਾਗਮ ਵਿਚ ਪਿੰਡ ਬਾਦਲ ਵਿਖੇ ਕੌਮੀ ਅਤੇ ਸੂਬਾਈ ਪਾਰਟੀਆਂ ਦੇ ਬਹੁਤ ਸਾਰੇ ਆਗੂਆਂ ਨੇ ਸ਼ਿਰਕਤ ਕੀਤੀ ਸੀ ਅਤੇ ਵੱਡੀ ਪੱਧਰ 'ਤੇ ਆਮ ਲੋਕ ਵੀ ਸ਼ਰਧਾਂਜਲੀ ਸਮਾਗਮ ਵਿਚ ਸ਼ਾਮਿਲ ਹੋਏ। ਚੰਡੀਗੜ੍ਹ ਜਿਥੇ ਕਿ ਉਨ੍ਹਾਂ ਦੀ ਮ੍ਰਿਤਕਦੇਹ ਨੂੰ ਕੁਝ ਸਮੇਂ ਲਈ ਰੱਖਿਆ ਗਿਆ ਸੀ, ਉਥੇ ਸ਼ਰਧਾਂਜਲੀ ਭੇਟ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਪਹੁੰਚੇ।

ਇਸ ਸਾਲ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਵੀ ਕਾਫੀ ਭਖਿਆ ਰਿਹਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਿਛਲੇ ਸਮੇਂ ਵਿਚ 28 ਲੱਖ ਲੋਕਾਂ ਤੋਂ ਬੰਦੀ ਸਿੰਘਾਂ ਦੀ ਰਿਹਾਈ ਦੇ ਹੱਕ ਵਿਚ ਫਾਰਮ ਭਰਵਾਏ ਸਨ। ਸ਼੍ਰੋਮਣੀ ਕਮੇਟੀ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਅਤੇ ਕੇਂਦਰ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਇਹ ਫਾਰਮ ਸੌਂਪਣਾ ਚਾਹੁੰਦੀ ਸੀ ਪਰ ਲੰਮੇ ਸਮੇਂ ਤੱਕ ਨਾ ਤਾਂ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਤੋਂ ਸ਼੍ਰੋਮਣੀ ਕਮੇਟੀ ਨੂੰ ਸਮਾਂ ਮਿਲਿਆ ਅਤੇ ਨਾ ਹੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਸਮਾਂ ਮਿਲ ਸਕਿਆ। ਕਾਫੀ ਦੇਰ ਬਾਅਦ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਸ਼੍ਰੋਮਣੀ ਕਮੇਟੀ ਦੇ ਵਫ਼ਦ ਨੂੰ ਮਿਲਣ ਲਈ ਸਮਾਂ ਦਿੱਤਾ ਅਤੇ ਸ਼੍ਰੋਮਣੀ ਕਮੇਟੀ ਨੇ ਪੈੱਨਡਰਾਈਵ ਵਿਚ 28 ਲੱਖ ਫਾਰਮਾਂ ਸੰਬੰਧੀ ਸਮੱਗਰੀ ਰਾਜਪਾਲ ਨੂੰ ਸੌਂਪੀ ਅਤੇ ਕੇਂਦਰ ਸਰਕਾਰ ਵਿਚ ਆਪਣਾ ਪ੍ਰਭਾਵ ਵਰਤ ਕੇ ਉਨ੍ਹਾਂ ਨੂੰ ਬੰਦੀ ਸਿੰਘਾਂ ਦੀ ਰਿਹਾਈ ਕਰਵਾਉਣ ਲਈ ਕਿਹਾ। ਬਲਵੰਤ ਸਿੰਘ ਰਾਜੋਆਣਾ ਦੇ ਪਟਿਆਲਾ ਦੀ ਜੇਲ੍ਹ ਵਿਚ ਭੁੱਖ ਹੜਤਾਲ ਕਰਨ ਤੋਂ ਬਾਅਦ ਇਹ ਮੁੱਦਾ ਹੋਰ ਗਰਮਾਅ ਗਿਆ, ਜਿਸ ਕਾਰਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਇਕ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ, ਜਿਸ ਨੇ ਕੇਂਦਰ ਸਰਕਾਰ ਤੋਂ ਮੁਲਾਕਾਤ ਲਈ ਸਮੇਂ ਦੀ ਮੰਗ ਕੀਤੀ ਹੈ।



ਇਸ ਸਾਲ ਵਿਚ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਦਰਮਿਆਨ ਵਿਧਾਨ ਸਭਾ ਦਾ ਸੈਸ਼ਨ ਬੁਲਾਉਣ ਅਤੇ ਹੋਰ ਮੁੱਦਿਆਂ ਨੂੰ ਲੈ ਕੇ ਕਾਫ਼ੀ ਟਕਰਾਅ ਰਿਹਾ।

ਰਾਜ ਵਿਚ ਕਿਸਾਨ ਜਥੇਬੰਦੀਆਂ ਦੀ ਸਰਗਰਮੀ ਇਸ ਸਾਲ ਨਿਰੰਤਰ ਬਣੀ ਰਹੀ। ਸੰਯੁਕਤ ਕਿਸਾਨ ਮੋਰਚਾ (ਗ਼ੈਰ-ਰਾਜਨੀਤਕ), ਜਗਜੀਤ ਸਿੰਘ ਡੱਲੇਵਾਲ ਦੀ ਅਗਵਾਈ ਵਿਚ ਕਿਸਾਨਾਂ ਨੂੰ ਫ਼ਸਲਾਂ ਦੇ ਲਾਭਕਾਰੀ ਭਾਅ ਦਿਵਾਉਣ, ਹੜ੍ਹ ਪੀੜਤ ਕਿਸਾਨਾਂ ਨੂੰ ਮੁਆਵਜ਼ਾ ਦਿਵਾਉਣ ਅਤੇ ਦਿੱਲੀ ਦੀਆਂ ਬਰੂਹਾਂ 'ਤੇ ਹੋਏ ਕਿਸਾਨ ਅੰਦੋਲਨ ਸਮੇਂ ਕਿਸਾਨਾਂ 'ਤੇ ਦਰਜ ਹੋਏ ਕੇਸਾਂ ਨੂੰ ਵਾਪਸ ਕਰਵਾਉਣ ਆਦਿ ਦੀਆਂ ਮੰਗਾਂ ਲੈ ਕੇ ਇਹ ਮੋਰਚਾ ਅੰਦੋਲਨ ਕਰਦਾ ਰਿਹਾ। ਇਸ ਵਲੋਂ ਰਾਜ ਵਿਚ ਕੁਝ ਕਿਸਾਨ ਪੰਚਾਇਤਾਂ ਕੀਤੀਆਂ ਗਈਆਂ ਅਤੇ ਕਿਸਾਨੀ ਮੰਗਾਂ ਲਈ ਰੇਲਵੇ ਲਾਈਨਾਂ ਅਤੇ ਸੜਕਾਂ 'ਤੇ ਸਮੇਂ-ਸਮੇਂ ਧਰਨੇ ਵੀ ਦਿੱਤੇ ਗਏ, ਜਿਨ੍ਹਾਂ ਕਾਰਨ ਲੋਕਾਂ ਨੂੰ ਆਵਾਜਾਈ ਵਿਚ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ। ਸੰਯੁਕਤ ਕਿਸਾਨ ਮੋਰਚੇ ਨੇ ਵੀ ਫ਼ਸਲਾਂ ਦੇ ਲਾਭਕਾਰੀ ਭਾਅ ਹਾਸਿਲ ਕਰਨ ਅਤੇ ਕਿਸਾਨਾਂ ਦੇ ਹੋਰ ਮੁੱਦਿਆਂ ਲਈ ਰਾਜ ਵਿਚ ਆਪਣੀ ਸਰਗਰਮੀ ਬਣਾਈ ਰੱਖੀ ਹੈ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਨੇ ਰਾਜ ਵਿਚ ਵਧ ਰਹੇ ਨਸ਼ਿਆਂ ਦੇ ਰੁਝਾਨ ਅਤੇ ਕਿਸਾਨਾਂ ਦੇ ਹੋਰ ਮੁੱਦਿਆਂ ਨੂੰ ਲੈ ਕੇ ਸਾਲ ਭਰ ਵਿਚ ਆਪਣੀ ਸਰਗਰਮੀ ਤੇਜ਼ ਰੱਖੀ ਅਤੇ ਇਸ ਜਥੇਬੰਦੀ ਵਲੋਂ ਮਾਲਵਾ ਖੇਤਰ ਵਿਚ ਵੱਡੇ-ਵੱਡੇ ਇਕੱਠ ਵੀ ਕੀਤੇ ਗਏ। ਬਲਵੀਰ ਸਿੰਘ ਰਾਜੇਵਾਲ ਦੀ ਅਗਵਾਈ ਵਿਚ ਪੰਜ ਕਿਸਾਨ ਜਥੇਬੰਦੀਆਂ ਪੰਜਾਬ ਵਿਚ ਪੈਦਾ ਹੋਣ ਵਾਲੇ ਪਾਣੀ ਦੇ ਸੰਕਟ ਵੱਲ ਸਰਕਾਰ ਤੇ ਲੋਕਾਂ ਦਾ ਧਿਆਨ ਖਿੱਚਣ ਲਈ ਸਰਗਰਮ ਰਹੀਆਂ।




ਇਸ ਵਰ੍ਹੇ ਵਿਚ ਪੰਜਾਬ ਭਾਜਪਾ ਦੀ ਅਗਵਾਈ ਸੁਨੀਲ ਜਾਖੜ ਨੂੰ ਮਿਲੀ। ਉਨ੍ਹਾਂ ਨੇ ਰਾਜ ਵਿਚ ਪਾਰਟੀ ਦਾ ਆਧਾਰ ਵਧਾਉਣ ਲਈ ਬਹੁਤ ਸਾਰੀਆਂ ਸਰਗਰਮੀਆਂ ਕੀਤੀਆਂ। ਉਪਰੋਕਤ ਤਸਵੀਰ ਉਨ੍ਹਾਂ ਦੇ ਭਾਜਪਾ ਵਿਚ ਸ਼ਾਮਲ ਹੋਣ ਸਮੇਂ ਦੀ ਹੈ।

ਮੁਲਾਜ਼ਮ ਜਥੇਬੰਦੀਆਂ, ਬੇਰੁਜ਼ਗਾਰ ਅਧਿਆਪਕ, ਪਟਵਾਰੀ ਅਤੇ ਮਨਿਸਟਰੀਅਲ ਮੁਲਾਜ਼ਮ ਯੂਨੀਅਨਾਂ ਆਦਿ ਜਥੇਬੰਦੀਆਂ ਲਗਾਤਾਰ ਰਾਜ ਵਿਚ ਆਪਣੀਆਂ ਮੰਗਾਂ ਲਈ ਸੰਘਰਸ਼ ਕਰਦੀਆਂ ਰਹੀਆਂ। ਸੰਗਰੂਰ ਅਤੇ ਕਈ ਹੋਰ ਥਾਵਾਂ 'ਤੇ ਮੁਲਾਜ਼ਮਾਂ ਦੀਆਂ ਗਿ ?ਫ਼ਤਾਰੀਆਂ ਵੀ ਹੁੰਦੀਆਂ ਰਹੀਆਂ ਅਤੇ ਉਨ੍ਹਾਂ 'ਤੇ ਬੇਰਹਿਮੀ ਨਾਲ ਲਾਠੀਚਾਰਜ ਕਰਨ ਦੀਆਂ ਘਟਨਾਵਾਂ ਵੀ ਵਾਪਰਦੀਆਂ ਰਹੀਆਂ।

ਇਸ ਸਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਦਰਮਿਆਨ ਕਈ ਮੁੱਦਿਆਂ ਨੂੰ ਲੈ ਕੇ ਤਿੱਖਾ ਟਕਰਾਅ ਦੇਖਣ ਨੂੰ ਮਿਲਿਆ। ਰਾਜਪਾਲ ਨੂੰ ਪਹਿਲਾ ਇਤਰਾਜ਼ ਇਹ ਸੀ ਕਿ ਮੁੱਖ ਮੰਤਰੀ ਉਨ੍ਹਾਂ ਵਲੋਂ ਲਿਖੇ ਪੱਤਰਾਂ ਦਾ ਸਮੇਂ ਸਿਰ ਜਵਾਬ ਨਹੀਂ ਦਿੰਦੇ ਅਤੇ ਉਨ੍ਹਾਂ ਸੰਬੰਧੀ ਅਨੇਕਾਂ ਵਾਰ ਹੱਤਕ ਭਰੀ ਸ਼ਬਦਾਵਲੀ ਦੀ ਵਰਤੋਂ ਕਰਦੇ ਹਨ। ਰਾਜਪਾਲ ਨੂੰ ਦੂਜਾ ਵੱਡਾ ਇਤਰਾਜ਼ ਇਹ ਸੀ ਕਿ ਇਕ ਵਾਰ ਬਜਟ ਸੈਸ਼ਨ ਬੁਲਾ



ਰਾਜ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਸਾਰਾ ਸਾਲ ਵੱਖ-ਵੱਖ ਪ੍ਰਾਜੈਕਟਾਂ ਦੇ ਨਾਂਅ 'ਤੇ ਆਪਣੇ ਪਾਰਟੀ ਦੇ ਪ੍ਰਚਾਰ ਵਿਚ ਰੁਝੀ ਰਹੀ। ਇਸ ਲਈ ਸਰਕਾਰੀ ਸਾਧਨਾਂ ਦੀ ਵੀ ਵੱਡੀ ਪੱਧਰ 'ਤੇ ਦੁਰਵਰਤੋਂ ਕੀਤੀ ਜਾਂਦੀ ਰਹੀ।



ਪੰਜਾਬ ਕਾਂਗਰਸ ਦੇ ਇਸ ਸਾਲ ਦੌਰਾਨ ਮੁੱਖ ਵਿਰੋਧੀ ਪਾਰਟੀ ਦਾ ਰੋਲ ਨਿਭਾਉਂਦਿਆਂ ਕਾਫ਼ੀ ਸਰਗਰਮੀ ਦਿਖਾਈ। ਉਪਰੋਕਤ ਤਸਵੀਰ ਲੁਧਿਆਣਾ ਰੈਲੀ ਦੀ ਹੈ, ਜਿਸ ਨੂੰ ਪ੍ਰਤਾਪ ਸਿੰਘ ਬਾਜਵਾ ਸੰਬੋਧਨ ਕਰਦੇ ਹੋਏ।

ਕੇ ਸਰਕਾਰ ਸੈਸ਼ਨ ਨੂੰ ਪੱਕੇ ਤੌਰ 'ਤੇ ਨਹੀਂ ਉਠਾਉਂਦੀ ਸਗੋਂ ਬਜਟ ਸੈਸ਼ਨ ਨੂੰ ਅੱਗੇ ਆਪਣੀ ਸਹੂਲਤ ਮੁਤਾਬਿਕ ਵਧਾਇਆ ਜਾਂਦਾ ਹੈ ਅਤੇ ਉਸ ਵਿਚ ਆਪਣੇ ਏਜੰਡੇ ਮੁਤਾਬਿਕ ਨਵੇਂ-ਨਵੇਂ ਬਿੱਲ ਪੇਸ਼ ਕਰਕੇ ਪਾਸ ਕਰਵਾਏ ਜਾਂਦੇ ਹਨ। ਰਾਜਪਾਲ ਨੇ ਰਾਜ ਸਰਕਾਰ ਦੀ ਇਸ ਕਾਰਜਸ਼ੈਲੀ 'ਤੇ ਇਤਰਾਜ਼ ਉਠਾਇਆ ਅਤੇ ਇਸ ਸਾਲ ਬਜਟ ਸੈਸ਼ਨ ਬੁਲਾਉਣ ਨੂੰ ਪਹਿਲਾਂ ਪ੍ਰਵਾਨਗੀ ਦੇਣ ਤੋਂ ਨਾਂਹ ਕਰ ਦਿੱਤੀ ਸੀ। ਪੰਜਾਬ ਸਰਕਾਰ ਦੇ ਇਹ ਮਾਮਲਾ ਸੁਪਰੀਮ ਕੋਰਟ ਵਿਚ ਲਿਜਾਣ ਤੋਂ ਬਾਅਦ ਬਜਟ ਸੈਸ਼ਨ ਲਈ ਰਾਜਪਾਲ ਨੂੰ ਇਜਾਜ਼ਤ ਦੇਣੀ ਪਈ। ਇਸ ਤੋਂ ਬਾਅਦ ਜੂਨ ਵਿਚ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਦੁਬਾਰਾ ਬੁਲਾਉਣ 'ਤੇ ਪੰਜਾਬ ਸਰਕਾਰ ਤੇ ਰਾਜਪਾਲ ਦਰਮਿਆਨ ਮੁੜ ਟਕਰਾਅ ਪੈਦਾ ਹੋ ਗਿਆ ਤੇ ਮਾਮਲਾ ਫਿਰ ਸੁਪਰੀਮ ਕੋਰਟ ਵਿਚ ਗਿਆ। ਇਸ ਤੋਂ ਬਾਅਦ ਪੰਜਾਬ ਸਰਕਾਰ ਤੇ ਰਾਜਪਾਲ ਦਰਮਿਆਨ ਟਕਰਾਅ ਕੁਝ ਘੱਟ ਗਿਆ। ਸੁਪਰੀਮ ਕੋਰਟ ਨੇ ਰਾਜਪਾਲ ਅਤੇ ਮੁੱਖ ਮੰਤਰੀ ਦੋਵਾਂ ਨੂੰ ਆਪੋ-ਆਪਣੇ ਸੰਵਿਧਾਨਕ ਦਾਇਰਿਆਂ ਵਿਚ ਰਹਿ ਕੇ ਕੰਮ



ਸ਼੍ਰੋਮਣੀ ਅਕਾਲੀ ਦਲ ਨੂੰ ਉਸ ਸਮੇਂ ਵੱਡ ਝਟਕਾ ਲੱਗਿਆ ਜਦੋਂ ਦਲ ਦੇ ਸਰਪ੍ਰਸਤ, ਪੰਜ ਵਾਰ ਰਾਜ ਦੇ ਮੁੱਖ ਮੰਤਰੀ ਅਤੇ ਇਕ ਵਾਰ ਕੇਂਦਰੀ ਮੰਤਰੀ ਰਹੇ ਸ੍ਰ. ਪ੍ਰਕਾਸ਼ ਸਿੰਘ ਬਾਦਲ ਸਦੀਵੀ ਵਿਛੋੜਾ ਦੇ ਗਏ। ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਚੰਡੀਗੜ੍ਹ ਵਿਖੇ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਉਚੇਚੇ ਤੌਰ 'ਤੇ ਪਹੁੰਚੇ।



ਇਸ ਸਾਲ ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ ਵੀ ਕਾਫ਼ੀ ਗਰਮਾਇਆ ਰਿਹਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਪੰਜਾਬ ਦੇ ਰਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਮੰਗ ਪੱਤਰ ਦਿੱਤਾ ਗਿਆ।



ਸ਼੍ਰੋਮਣੀ ਅਕਾਲੀ ਦਲ ਦੇ ਰਾਜ ਵਿਚ ਆਪਣਾ ਗੁਆਇਆ ਆਧਾਰ ਮੁੜ ਹਾਸਲ ਕਰਨ ਲਈ ਨਵੇਂ ਸਿਰੇ ਤੋਂ ਸਰਗਰਮੀਆਂ ਆਰੰਭੀਆਂ। ਉਪਰੋਕਤ ਤਸਵੀਰ ਵਿਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਇਕ ਰੈਲੀ ਨੂੰ ਸੰਬੋਧਨ ਕਰਨ ਮੌਕੇ।

ਕਰਨ ਅਤੇ ਇਕ-ਦੂਜੇ ਦਾ ਸਤਿਕਾਰ ਬਣਾਈ ਰੱਖਣ ਦੀ ਹਦਾਇਤ ਕੀਤੀ ਹੈ।

ਪੰਜਾਬ ਨੂੰ ਇਸ ਸਾਲ ਵੱਡੀ ਪੱਧਰ 'ਤੇ ਹੜ੍ਹਾਂ ਦੀ ਸਮੱਸਿਆ ਦਾ ਵੀ ਸਾਹਮਣਾ ਕਰਨਾ ਪਿਆ। ਪਹਿਲਾਂ ਜੁਲਾਈ ਵਿਚ ਹਿਮਾਚਲ ਅਤੇ ਪੰਜਾਬ ਵਿਚ ਵਧੇਰੇ ਬਾਰਿਸ਼ ਹੋਣ ਕਾਰਨ ਭਿਆਨਕ ਹੜ੍ਹ ਆਏ, ਜਿਨ੍ਹਾਂ ਨਾਲ ਕਿਸਾਨਾਂ ਦੀਆਂ ਫ਼ਸਲਾਂ ਦਾ ਵੱਡੀ ਪੱਧਰ 'ਤੇ ਨੁਕਸਾਨ ਹੋਇਆ। ਲਗਾਈ ਗਈ ਝੋਨੇ ਦੀ ਫ਼ਸਲ ਖੇਤਾਂ ਵਿਚ ਪਾਣੀ ਭਰਨ ਨਾਲ ਬਰਬਾਦ ਹੋ ਗਈ ਅਤੇ ਕਈ ਥਾਵਾਂ 'ਤੇ ਲੋਕਾਂ ਨੂੰ ਸਮੇਂ ਸਿਰ ਬਿਜਾਈ ਦਾ ਮੌਕਾ ਹੀ ਨਾ ਮਿਲਿਆ। ਪਟਿਆਲਾ, ਸੰਗਰੂਰ, ਮਾਨਸਾ, ਤਰਨ ਤਾਰਨ, ਅੰਮ੍ਰਿਤਸਰ ਅਤੇ ਜਲੰਧਰ ਆਦਿ ਜ਼ਿਲ੍ਹਿਆਂ ਦੇ ਦਿਹਾਤੀ ਖ਼ੇਤਰ ਵਿਸ਼ੇਸ਼ ਤੌਰ 'ਤੇ ਹੜ੍ਹਾਂ ਨਾਲ ਪ੍ਰਭਾਵਿਤ ਹੋਏ। ਇਕ ਅੰਦਾਜ਼ੇ ਮੁਤਾਬਿਕ ਰਾਜ ਦੇ ਲਗਭਗ 14 ਜ਼ਿਲ੍ਹਿਆਂ ਨੂੰ ਪਹਿਲਾਂ ਹੜ੍ਹਾਂ ਦੀ ਮਾਰ ਦਾ ਸਾਹਮਣਾ ਕਰਨਾ ਪਿਆ। ਅਗਸਤ ਵਿਚ ਇਕ ਵਾਰ ਫਿਰ ਹੜ੍ਹ ਆਉਣ ਨਾਲ ਕਿਸਾਨਾਂ ਨੂੰ ਇਕ ਤਰ੍ਹਾਂ ਨਾਲ ਦੋਹਰੀ ਮਾਰ ਪੈ ਗਈ। ਜਿਨ੍ਹਾਂ ਕਿਸਾਨਾਂ ਨੇ ਦੁਬਾਰਾ ਝੋਨਾ ਲਗਾਇਆ ਸੀ, ਉਹ ਫਿਰ ਹੜ੍ਹਾਂ ਦਾ ਸ਼ਿਕਾਰ ਹੋ ਗਿਆ। ਇਕ ਅੰਦਾਜ਼ੇ ਮੁਤਾਬਿਕ ਹੜ੍ਹਾਂ ਵਿਚ ਲਗਭਗ 41 ਦੇ ਕਰੀਬ ਲੋਕ ਮਾਰੇ ਗਏ ਅਤੇ ਹਜ਼ਾਰਾਂ ਲੋਕਾਂ ਦੇ ਘਰਾਂ ਵਿਚ ਪਾਣੀ ਭਰਨ ਨਾਲ ਉਨ੍ਹਾਂ ਨੂੰ ਕੁਝ ਸਮੇਂ ਲਈ ਆਪਣੇ ਰਿਸ਼ਤੇਦਾਰਾਂ ਜਾਂ ਰਾਹਤ ਕੈਂਪਾਂ ਵਿਚ ਰਹਿਣਾ ਪਿਆ।

ਇਸ ਸਾਲ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਵਿਸ਼ੇਸ਼ ਤੌਰ 'ਤੇ ਚਰਚਾ ਵਿਚ ਰਹੇ। ਉਨ੍ਹਾਂ ਨੇ ਨੌਜਵਾਨਾਂ ਨੂੰ ਅੰਮ੍ਰਿਤ ਛਕਾਉਣ ਅਤੇ ਨਸ਼ਿਆਂ ਤੋਂ ਉਭਾਰਨ ਲਈ ਰਾਜ ਵਿਚ ਆਪਣੀਆਂ ਸਰਗਰਮੀਆਂ ਆਰੰਭ ਕੀਤੀਆਂ। ਇਸ ਮਕਸਦ ਲਈ ਉਨ੍ਹਾਂ ਨੇ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਆਪਣੇ ਸਮਰਥਕਾਂ ਨਾਲ ਅਰਦਾਸਾਂ ਵੀ ਕੀਤੀਆਂ ਅਤੇ ਆਪਣੇ ਸਮਰਥਕਾਂ ਨੂੰ ਅੰਮ੍ਰਿਤਪਾਨ ਵੀ ਕਰਵਾਇਆ। ਬਾਅਦ ਵਿਚ ਉਨ੍ਹਾਂ ਦੀਆਂ ਕੁਝ ਸਰਗਰਮੀਆਂ ਵਿਵਾਦਾਂ ਦੇ ਘੇਰੇ ਵਿਚ ਆ ਗਈਆਂ। ਖ਼ਾਸ ਕਰਕੇ ਉਨ੍ਹਾਂ ਨੇ ਆਪਣੇ ਇਕ ਸਾਥੀ ਲਵਪ੍ਰੀਤ ਸਿੰਘ ਨੂੰ ਛੁਡਾਉਣ ਲਈ ਆਪਣੇ ਸਾਥੀਆਂ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਨਾਲ ਲੈ ਕੇ ਅਜਨਾਲਾ ਥਾਣੇ 'ਤੇ ਹਮਲਾ ਕਰ ਦਿੱਤਾ ਤੇ ਕਈ ਘੰਟਿਆਂ ਤੱਕ ਉਨ੍ਹਾਂ ਨੇ ਥਾਣੇ 'ਤੇ ਕਬਜ਼ਾ ਬਣਾਈ ਰੱਖਿਆ। ਇਸ ਕਾਰਨ ਦੇਸ਼-ਵਿਦੇਸ਼ ਵਿਚ ਉਨ੍ਹਾਂ ਦੀ ਚਰਚਾ ਹੋਈ ਪਰ ਉਨ੍ਹਾਂ



ਕਿਸਾਨ ਭਾਈਚਾਰਾ ਵੀ ਇਸ ਸਾਲ ਵਿਚ ਸਮੇਂ ਸਮੇਂ 'ਤੇ ਸੜਕਾਂ ਅਤੇ ਰੇਲਵੇ ਲਾਈਨਾਂ ਠੱਪ ਕਰਕੇ ਹੜ੍ਹਾਂ ਦੇ ਨੁਕਸਾਨ ਦਾ ਮੁਆਵਜ਼ਾ ਲੈਣ, ਫਸਲਾਂ ਦੇ ਲਾਭਕਾਰੀ ਭਾਅ ਹਾਸਲ ਕਰਨ ਸਮੇਤ ਆਪਣੀਆਂ ਹੋਰ ਮੰਗਾਂ ਲਈ ਸੰਘਰਸ਼ ਕਰਦਾ ਨਜ਼ਰ ਆਇਆ।

ਦੀਆਂ ਇਸ ਤਰ੍ਹਾਂ ਦੀਆਂ ਸਰਗਰਮੀਆਂ ਕੇਂਦਰ ਸਰਕਾਰ ਦੀ ਨਜ਼ਰ ਵਿਚ ਵੀ ਆ ਗਈਆਂ। ਪੰਜਾਬ ਸਰਕਾਰ ਨੇ ਕੇਂਦਰ ਦੇ ਦਬਾਅ ਅਧੀਨ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਕਈ ਦਿਨਾਂ ਦੀ ਜੱਦੋ-ਜਹਿਦ ਤੋਂ ਬਾਅਦ ਰਾਜ ਵਿਚੋਂ ਗ੍ਰਿਫ਼ਤਾਰ ਕਰਕੇ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਭੇਜ ਦਿੱਤਾ ਅਤੇ ਉਨ੍ਹਾਂ ਅਤੇ ਉਨ੍ਹਾਂ ਦੇ ਸਾਥੀਆਂ ਉੱਪਰ ਐਨ.ਐਸ.ਏ. ਅਤੇ ਹੋਰ ਗੰਭੀਰ ਧਾਰਾਵਾਂ ਲਗਾ ਕੇ ਕੇਸ ਵੀ ਦਰਜ ਕੀਤੇ ਗਏ ਹਨ।

ਰਾਜ ਵਿਚ ਇਸ ਸਾਲ ਸਤਲੁਜ-ਯਮਨਾ ਲਿੰਕ ਨਹਿਰ ਦਾ ਵਿਵਾਦ ਵੀ ਵਾਰ-ਵਾਰ ਭਖਦਾ ਰਿਹਾ। ਸੁਪਰੀਮ ਕੋਰਟ ਇਸ ਗੱਲ 'ਤੇ ਤੁਲੀ ਹੋਈ ਹੈ ਕਿ ਪੰਜਾਬ ਉਸ ਵਲੋਂ ਦਿੱਤੇ ਪਹਿਲੇ ਫੈਸਲੇ ਮੁਤਾਬਿਕ ਸਤਲੁਜ-ਯਮਨਾ ਲਿੰਕ ਨਹਿਰ ਦਾ ਕੰਮ ਮੁਕੰਮਲ ਕਰਵਾਏ, ਜੇ ਪੰਜਾਬ ਅਜਿਹਾ ਨਹੀਂ ਕਰਦਾ ਤਾਂ ਕੇਂਦਰ ਸਰਕਾਰ ਨਹਿਰ ਬਣਾਉਣ ਸੰਬੰਧੀ ਉਸ ਦੇ ਫ਼ੈਸਲੇ ਨੂੰ ਖ਼ੁਦ ਲਾਗੂ ਕਰੇ। ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਇਹ ਵੀ ਕਿਹਾ ਸੀ ਕਿ ਉਹ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਨੂੰ ਬੁਲਾ ਕੇ ਇਸ ਸੰਬੰਧੀ ਕੋਈ ਸਮਝੌਤਾ ਕਰਵਾਉਣ ਦੀ ਕੋਸ਼ਿਸ਼ ਕਰੇ। ਸੁਪਰੀਮ ਕੋਰਟ ਦੀਆਂ ਇਨ੍ਹਾਂ ਹਦਾਇਤਾਂ ਮੁਤਾਬਿਕ ਇਸ ਸਾਲ ਕੇਂਦਰ ਸਰਕਾਰ ਨੇ ਦੋ ਮੀਟਿੰਗਾਂ ਕਰਵਾਈਆਂ, ਪਰ ਇਨ੍ਹਾਂ ਦੋਵਾਂ ਮੀਟਿੰਗਾਂ ਵਿਚ ਕੋਈ ਫ਼ੈਸਲਾ ਨਹੀਂ ਹੋ ਸਕਿਆ। ਇਸ ਕਾਰਨ ਹੁਣ 9 ਜਨਵਰੀ ਨੂੰ ਇਸ ਸੰਬੰਧੀ ਸੁਪਰੀਮ ਕੋਰਟ 'ਚ ਦੁਬਾਰਾ ਸੁਣਵਾਈ ਹੋਵੇਗੀ। ਦੂਜੇ ਪਾਸੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਰਾਜ ਦੀਆਂ ਵਿਰੋਧੀ ਪਾਰਟੀਆਂ ਸਪੱਸ਼ਟ ਰੂਪ ਵਿਚ ਇਹ ਆਖ ਰਹੀਆਂ ਹਨ ਕਿ ਕਿਸੇ ਵੀ ਰਾਜ ਨੂੰ ਪਾਣੀ ਦੇਣ ਲਈ ਪੰਜਾਬ ਕੋਲ ਪਾਣੀ ਦੀ ਇਕ ਵੀ ਬੂੰਦ ਵੀ ਵਾਧੂ ਨਹੀਂ ਹੈ। ਰਾਜ ਵਿਚ ਕਿਸਾਨਾਂ ਵਲੋਂ ਪਰਾਲੀ ਸਾੜਨ ਦਾ ਮੁੱਦਾ ਵੀ ਇਸ ਸਾਲ ਕਾਫ਼ੀ ਗਰਮਾਇਆ ਰਿਹਾ। ਇਸ ਕਾਰਨ ਰਾਜ ਸਰਕਾਰ ਨੂੰ ਸੁਪਰੀਮ ਕੋਰਟ ਤੋਂ ਵੀ ਝਾੜਾਂ ਖਾਣੀਆਂ ਪਈਆਂ।

ਜੇਕਰ ਅਮਨ-ਕਾਨੂੰਨ ਦੀ ਗੱਲ ਕਰੀਏ ਤਾਂ ਇਸ ਸਾਲ ਰਾਜ ਨੇ ਗੈਂਗਸਟਰਾਂ ਅਤੇ ਨਸ਼ਿਆਂ ਦੇ ਤਸਕਰਾਂ ਦੀਆਂ ਸਰਗਰਮੀਆਂ ਵਿਚ ਚੋਖਾ ਵਾਧਾ ਦੇਖਿਆ। ਪੰਜਾਬ ਪੁਲਿਸ ਗੈਂਗਸਟਰਾਂ ਅਤੇ ਨਸ਼ੇ ਦੇ ਤਸਕਰਾਂ ਨੂੰ ਕਾਬੂ ਕਰਨ ਲਈ ਆਪਣਾ ਚੋਖਾ ਤਾਣ ਲਗਾਉਂਦੀ ਰਹੀ। ਵੱਡੀ ਪੱਧਰ 'ਤੇ ਛਾਪੇਮਾਰੀ ਕਰਕੇ ਰਾਜ ਵਿਚ ਚਿੱਟਾ, ਹੈਰੋਇਨ ਅਤੇ ਹੋਰ ਨਸ਼ੀਲੀਆਂ ਗੋਲੀਆਂ ਵੀ ਬਰਾਮਦ ਕੀਤੀਆਂ ਗਈਆਂ। ਹਜ਼ਾਰਾਂ ਤਸਕਰਾਂ ਤੇ ਗੈਂਗਸਟਰਾਂ ਦੀਆਂ ਗ੍ਰਿਫ਼ਤਾਰੀਆਂ ਵੀ ਹੋਈਆਂ। ਇਸ ਦੇ ਬਾਵਜੂਦ ਜੇਲ੍ਹਾਂ ਵਿਚ ਬੈਠੇ ਗੈਂਗਸਟਰ ਅਤੇ ਨਸ਼ਿਆਂ ਦੇ ਤਸਕਰ ਮੋਬਾਈਲਾਂ ਦੀ ਵਰਤੋਂ ਕਰਕੇ ਆਪਣੀਆਂ ਗ਼ੈਰ-ਕਾਨੂੰਨੀ ਕਾਰਵਾਈਆਂ ਕਰਦੇ ਰਹੇ। ਇਸ ਸਾਲ ਫ਼ਿਰੋਜ਼ਪੁਰ ਜੇਲ੍ਹ ਦਾ ਹੈਰਾਨੀਜਨਕ ਇਹ ਮਾਮਲਾ ਵੀ ਸਾਹਮਣੇ ਆਇਆ ਕਿ ਜੇਲ੍ਹ ਵਿਚੋਂ ਨਸ਼ਿਆਂ ਦੇ ਤਿੰਨ ਤਸਕਰਾਂ ਨੇ 43 ਹਜ਼ਾਰ ਦੇ ਲਗਭਗ ਫੋਨ ਕਾਲਾਂ ਕੀਤੀਆਂ, ਦੋ ਤਸਕਰਾਂ ਨੇ 1.35 ਕਰੋੜ ਦੇ ਲਗਭਗ ਰਾਸ਼ੀ ਵੀ ਆਪਣੇ ਖਾਤਿਆਂ ਵਿਚੋਂ ਆਪਣੀਆਂ ਪਤਨੀਆਂ ਦੇ ਨਾਂਅ 'ਤੇ ਤਬਦੀਲ ਕਰਵਾਈ। ਇਸ ਦਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਗੰਭੀਰ ਨੋਟਿਸ ਲਿਆ ਅਤੇ ਪੰਜਾਬ ਪੁਲਿਸ ਦੇ ਇਕ ਸੀਨੀਅਰ ਅਧਿਕਾਰੀ ਨੂੰ ਮੁਅੱਤਲ ਕਰਨ ਦੇ ਵੀ ਆਦੇਸ਼ ਦਿੱਤੇ।

ਪੰਜਾਬ ਅਤੇ ਦੇਸ਼ ਲਈ ਇਕ ਵੱਡੀ ਸਮੱਸਿਆ ਇਹ ਪੈਦਾ ਹੋ ਗਈ ਹੈ ਕਿ ਪਾਕਿਸਤਾਨ ਤੋਂ ਡਰੋਨਾਂ ਰਾਹੀਂ ਵੱਡੀ ਪੱਧਰ 'ਤੇ ਨਸ਼ਿਆਂ ਤੇ



ਮਾਨ ਸਰਕਾਰ ਭਾਵੇਂ ਸਾਰਾ ਸਾਲ ਮੁਲਾਜ਼ਮਾਂ ਨੂੰ ਪੱਕੇ ਕਰਨ ਦੇ ਦਾਅਵੇ ਕਰਦੀ ਰਹੀ, ਪਰ ਵੱਖ ਵੱਖ ਵਰਗਾਂ ਦੇ ਕੱਚੇ ਅਤੇ ਬੇਰੁਜ਼ਗਾਰ ਅਧਿਆਪਕ ਸੰਘਰਸ਼ ਕਰਦੇ ਰਹੇ ਅਤੇ ਪੁਲਿਸ ਦੀਆਂ ਲਾਠੀਆਂ ਖਾਂਦੇ ਰਹੇ। ਉਪਰੋਕਤ ਤਸਵੀਰ ਸੰਗਰੂਰ ਵਿਚ ਕੱਚੇ ਅਧਿਆਪਕਾਂ ਦੇ ਰੋਸ ਪ੍ਰਦਰਸ਼ਨ ਦੀ ਹੈ।

ਹਥਿਆਰਾਂ ਦੀ ਆਮਦ ਹੋ ਰਹੀ ਹੈ। ਇਸ ਸੰਬੰਧੀ ਸਰਹੱਦੀ ਸੁਰੱਖਿਆ ਬਲ (ਬੀ.ਐਸ.ਐਫ.) ਨੇ ਇਕ ਪ੍ਰੈੱਸ ਕਾਨਫ਼ਰੰਸ ਕਰਕੇ ਇਸ ਵੱਡੀ ਚੁਣੌਤੀ ਵੱਲ ਰਾਜ ਸਰਕਾਰ ਅਤੇ ਕੇਂਦਰ ਸਰਕਾਰ ਦਾ ਧਿਆਨ ਖਿੱਚਿਆ ਸੀ। ਇਕੱਲੇ ਇਸ ਸਾਲ ਵਿਚ ਬੀ.ਐਸ.ਐਫ. ਨੇ 100 ਦੇ ਲਗਭਗ ਪਾਕਿਸਤਾਨ ਤੋਂ ਆਏ ਡਰੋਨ ਫੜੇ ਹਨ। ਬੀ.ਐਸ.ਐਫ. ਦਾ ਦਾਅਵਾ ਹੈ ਕਿ 65 ਫ਼ੀਸਦੀ ਨਸ਼ੀਲੇ ਪਦਾਰਥ ਇਨ੍ਹਾਂ ਡਰੋਨਾਂ ਰਾਹੀਂ ਆ ਰਹੇ ਹਨ।

ਰਾਜ ਵਿਚ ਇਸ ਸਾਲ ਸਮੁੱਚੇ ਤੌਰ 'ਤੇ ਵੀ ਲੁੱਟ-ਮਾਰ, ਕਤਲੋਗਾਰਤ ਅਤੇ ਜੁਰਮ ਦੀਆਂ ਘਟਨਾਵਾਂ ਵਿਚ ਚੋਖਾ ਵਾਧਾ ਹੋਇਆ ਹੈ। ਲੁਧਿਆਣਾ ਵਿਚ ਇਕ ਏ.ਟੀ.ਐਮ. ਕੈਸ਼ ਕੰਪਨੀ ਦੇ ਦਫ਼ਤਰ 'ਚੋਂ 8.49 ਕਰੋੜ ਦੀ ਲੁੱਟ ਹੋਈ ਸੀ, ਪਰ ਇਸ ਦੇ ਦੋਸ਼ੀਆਂ ਨੂੰ ਬਾਅਦ ਵਿਚ ਪੁਲਿਸ ਨੇ ਛੇਤੀ ਹੀ ਗ੍ਰਿਫ਼ਤਾਰ ਕਰ ਲਿਆ ਸੀ। ਇਸ ਤੋਂ ਇਲਾਵਾ ਪੰਜਾਬ ਵਿਚ ਪਰਿਵਾਰਕ ਹਿੰਸਾ ਦੇ ਵੀ ਵੱਡੇ ਪੱਧਰ 'ਤੇ ਮਾਮਲੇ ਸਾਹਮਣੇ ਆ ਰਹੇ ਹਨ ਜਿਨ੍ਹਾਂ ਵਿਚ ਪਰਿਵਾਰਕ ਜੀਆਂ ਵਲੋਂ ਪੈਸੇ, ਜਾਇਦਾਦ ਅਤੇ ਹੋਰ ਕਾਰਨਾਂ ਕਰਕੇ ਇਕ-ਦੂਜੇ ਨੂੰ ਹਿੰਸਾ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਜੋ ਕਿ ਬੇਹੱਦ ਗੰਭੀਰ ਵਰਤਾਰਾ ਹੈ।


ਜਿਸ ਤਰ੍ਹਾਂ ਦਾ ਰਾਜਨੀਤਕ, ਆਰਥਿਕ ਅਤੇ ਸਮਾਜਿਕ ਘਟਨਾਕ੍ਰਮ ਪੰਜਾਬ ਵਿਚ ਇਸ ਬੀਤ ਰਹੇ ਸਾਲ ਵਿਚ ਵਾਪਰਦਾ ਰਿਹਾ ਹੈ, ਉਸ ਨੂੰ ਮੁੱਖ ਰੱਖਦਿਆਂ ਇਹ ਹੀ ਕਿਹਾ ਜਾ ਸਕਦਾ ਹੈ ਜੇਕਰ ਰਾਜ ਦੀਆਂ ਸਿਆਸੀ ਪਾਰਟੀਆਂ ਇਕੱਠੀਆਂ ਹੋ ਕੇ ਪੰਜਾਬ ਦੇ ਭਖਦੇ ਮਸਲਿਆਂ ਸੰਬੰਧੀ ਕੋਈ ਸਾਂਝੀ ਰਾਇ ਬਣਾ ਕੇ ਇਨ੍ਹਾਂ ਨੂੰ ਹੱਲ ਕਰਨ ਲਈ ਅੱਗੇ ਨਹੀਂ ਆਉਂਦੀਆਂ ਅਤੇ ਕੇਂਦਰ ਸਰਕਾਰ ਪੰਜਾਬ ਨੂੰ ਆਰਥਿਕ ਸੰਕਟ ਤੇ ਬੇਰੁਜ਼ਗਾਰੀ ਵਿਚੋਂ ਕੱਢਣ ਲਈ ਵਿਸ਼ੇਸ਼ ਸਨਅਤੀ ਅਤੇ ਆਰਥਿਕ ਪੈਕੇਜ ਦੇ ਕੇ ਪੰਜਾਬ ਦੀ ਮਦਦ ਨਹੀਂ ਕਰਦੀ ਤਾਂ ਰਾਜ ਦਾ ਭਵਿੱਖ 2024 ਵਿਚ ਵੀ ਕੋਈ ਬਹੁਤਾ ਚੰਗਾ ਰਹਿਣ ਦੀ ਸੰਭਾਵਨਾ ਨਹੀਂ।



ਇਸ ਸਾਲ ਲੁਧਿਆਣਾ 'ਚ ਗਿਆਸਪੁਰਾ ਵਿਖੇ ਮੈਨ ਹੋਲਾਂ ਵਿਚੋਂ ਜ਼ਹਿਰੀਲੀ ਗੈਸ ਰਿਸਣ ਨਾਲ 11 ਦੇ ਲਗਭਗ ਲੋਕ ਮਾਰੇ ਗਏ ਅਤੇ ਕਈ ਗੰਭੀਰ ਰੂਪ ਵਿਚ ਬਿਮਾਰ ਹੋ ਗਏ।


# ਸਾਲ 2023 ਦੀਆਂ ਸੁਆਦਲੀਆਂ ਤੇ ਬੇਸੁਆਦਲੀਆਂ ਯਾਦਾਂ

ਹਰ ਵਰ੍ਹਾ ਬਹੁਤ ਸਾਰੀਆਂ ਖੱਟੀਆਂ-ਮਿੱਠੀਆਂ, ਕੌੜੀਆਂ-ਕੁਸੈਲੀਆਂ ਅਤੇ ਖ਼ੁਸ਼ੀ ਦੇਣ ਵਾਲੀਆਂ ਘਟਨਾਵਾਂ ਸਾਡੇ ਪੱਲੇ ਵਿਚ ਪਾ ਕੇ ਰੁਖ਼ਸਤ ਹੋ ਜਾਂਦਾ ਹੈ। ਬੀਤ ਰਹੇ ਵਰ੍ਹੇ ਦੇ ਆਖ਼ਰੀ ਦਿਨਾਂ ਵਿਚ ਅਕਸਰ ਅਸੀਂ ਇਕ ਵਾਰ ਫਿਰ ਪਿੱਛੇ ਵੱਲ ਝਾਤ ਪਾ ਕੇ ਇਹ ਦੇਖਦੇ ਹਾਂ ਕਿ ਇਸ ਵਿਚ ਕੀ ਚੰਗਾ, ਕੀ ਮੰਦਾ ਹੋਇਆ ਹੈ। ਇਸ ਸੰਦਰਭ ਵਿਚ ਹੀ ਜੇਕਰ ਅਸੀਂ ਆਪਣੇ ਦੇਸ਼ ਭਾਰਤ ਦੀ ਗੱਲ ਕਰੀਏ ਤਾਂ ਸਾਲ 2023 ਵਿਚ ਬਹੁਤ ਕੁਝ ਮਾੜਾ-ਚੰਗਾ ਵਾਪਰਿਆ ਹੈ, ਜਿਸ 'ਤੇ ਇਨ੍ਹਾਂ ਕਾਲਮਾਂ ਵਿਚ ਇਕ ਝਾਤ ਪਾਉਣ ਦੀ ਕੋਸ਼ਿਸ਼ ਕਰਾਂਗੇ।



ਦਿੱਲੀ ਵਿਚ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਵੱਡਾ ਝਟਕਾ ਲੱਗਿਆ ਜਦੋਂ ਇਸ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੂੰ ਸੀਬੀਆਈ ਨੇ ਸ਼ਰਾਬ ਘੁਟਾਲੇ ਦੇ ਮਾਮਲੇ ਵਿਚ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਨੂੰ ਅਜੇ ਤੱਕ ਜ਼ਮਾਨਤ ਵੀ ਨਹੀਂ ਮਿਲ ਸਕੀ।

ਜੇਕਰ ਰਾਜਨੀਤੀ ਦੀ ਗੱਲ ਕਰੀਏ ਤਾਂ ਇਸ ਸਾਲ ਵਿਚ ਪਹਿਲਾਂ ਤ੍ਰਿਪੁਰਾ, ਮੇਘਾਲਿਆ, ਨਾਗਾਲੈਂਡ ਆਦਿ ਉੱਤਰ-ਪੂਰਬੀ ਰਾਜਾਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਹੋਈਆਂ। ਤ੍ਰਿਪੁਰਾ ਵਿਚ ਭਾਜਪਾ ਮੁੜ ਆਪਣੀ ਸਰਕਾਰ ਬਣਾਉਣ ਵਿਚ ਸਫ਼ਲ ਹੋਈ। ਮੇਘਾਲਿਆ ਅਤੇ ਨਾਗਾਲੈਂਡ ਵਿਚ ਉਹ ਸਥਾਨਕ ਪਾਰਟੀਆਂ ਨਾਲ ਦੂਜੇ ਦਰਜੇ ਦੀ ਭਾਈਵਾਲ ਵਜੋਂ ਉਥੋਂ ਦੀਆਂ ਸਰਕਾਰਾਂ ਵਿਚ ਸ਼ਾਮਿਲ ਹੋਈ। ਇਸ ਸਾਲ ਕਰਨਾਟਕ ਵਿਧਾਨ ਸਭਾ ਦੀ ਹੋਈ ਚੋਣ ਵਿਚ ਭਾਜਪਾ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਅਤੇ ਕਾਂਗਰਸ ਪਾਰਟੀ ਆਪਣੀ ਸਰਕਾਰ ਬਣਾਉਣ ਵਿਚ ਸਫ਼ਲ ਰਹੀ। ਨਵੰਬਰ ਮਹੀਨੇ ਵਿਚ 5 ਰਾਜਾਂ ਦੀਆਂ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਮੱਧ ਪ੍ਰਦੇਸ਼ ਵਿਚ ਮੁੜ ਸੱਤਾ ਵਿਚ ਆ ਗਈ ਅਤੇ ਇਸ ਤੋਂ ਇਲਾਵਾ ਇਸ ਨੇ ਰਾਜਸਥਾਨ ਅਤੇ ਛੱਤੀਸਗੜ੍ਹ ਵਿਚ ਕਾਂਗਰਸ ਨੂੰ ਹਰਾ ਕੇ ਸੱਤਾ 'ਤੇ ਕਬਜ਼ਾ ਕਰ ਲਿਆ ਅਤੇ ਤੇਲੰਗਾਨਾ ਵਿਚ ਕਾਂਗਰਸ ਪਾਰਟੀ ਭਾਰਤ ਰਾਸ਼ਟਰ ਸਮਿਤੀ ਅਤੇ ਭਾਜਪਾ ਨੂੰ ਹਰਾ ਕੇ ਸੱਤਾਧਾਰੀ ਹੋ ਗਈ। ਮਿਜ਼ੋਰਮ ਵਿਚ ਇਕ ਨਵੀਂ ਸਥਾਨਕ ਪਾਰਟੀ ਜ਼ੋਰਮ ਪੀਪਲਜ਼ ਮੂਵਮੈਂਟ ਸੱਤਾ 'ਤੇ ਕਾਬਜ਼ ਹੋਣ ਵਿਚ ਸਫ਼ਲ ਹੋ ਗਈ। ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਇਸ ਸਾਲ ਦੇਸ਼ ਵਿਚ ਹੋਈਆਂ ਰਾਜ ਵਿਧਾਨ ਸਭਾਵਾਂ ਦੀਆਂ ਚੋਣਾਂ ਵਿਚ ਕਾਂਗਰਸ ਦੇ ਮੁਕਾਬਲੇ ਭਾਰਤੀ ਜਨਤਾ ਪਾਰਟੀ ਦਾ ਹੱਥ ਉੱਪਰ ਰਿਹਾ ਤੇ ਇਸ ਕਾਰਨ 2024 ਦੀਆਂ ਲੋਕ ਸਭਾ ਚੋਣਾਂ ਲਈ ਵੀ ਉਸ ਦੇ ਹੱਕ ਵਿਚ ਹਵਾ ਬਣਦੀ ਨਜ਼ਰ ਆ ਰਹੀ ਹੈ। ਦੂਜੇ ਪਾਸੇ ਕਾਂਗਰਸ ਸਮੇਤ ਦੇਸ਼ ਦੀਆਂ 28 ਦੇ ਲਗਭਗ ਪਾਰਟੀਆਂ ਨੇ ਭਾਜਪਾ ਦਾ ਲੋਕ ਸਭਾ ਚੋਣਾਂ 'ਚ ਸਾਹਮਣਾ ਕਰਨ ਲਈ 'ਇੰਡੀਆ' ਗੱਠਜੋੜ ਕਾਇਮ ਕੀਤਾ ਹੈ। ਪਰ 5 ਰਾਜਾਂ ਦੀਆਂ ਵਿਧਾਨ ਸਭਾਵਾਂ ਦੀਆਂ ਹੋਈਆਂ ਚੋਣਾਂ ਦੌਰਾਨ ਇਸ ਗੱਠਜੋੜ ਦੀਆਂ ਸਰਗਰਮੀਆਂ ਨਾ-ਮਾਤਰ ਹੀ ਰਹੀਆਂ। ਕਾਂਗਰਸ ਨੇ ਇਸ ਗੱਠਜੋੜ ਵਿਚ ਸ਼ਾਮਿਲ ਪਾਰਟੀਆਂ ਨੂੰ ਰਾਜ ਵਿਧਾਨ ਸਭਾਵਾਂ ਦੀਆਂ ਚੋਣਾਂ ਵਿਚ ਕੋਈ ਜ਼ਿਆਦਾ ਮਹੱਤਵ ਨਹੀਂ ਦਿੱਤਾ। ਵਿਧਾਨ ਸਭਾਵਾਂ ਦੀਆਂ ਚੋਣਾਂ ਦੇ 3 ਦਸੰਬਰ ਨੂੰ ਨਤੀਜੇ ਨਿਕਲਣ ਤੋਂ ਬਾਅਦ 'ਇੰਡੀਆ' ਗੱਠਜੋੜ ਦੀਆਂ ਭਾਈਵਾਲ ਪਾਰਟੀਆਂ ਮੁੜ ਸਰਗਰਮ ਹੋਈਆਂ ਹਨ। ਪਰ ਅਜੇ ਇਹ ਦੇਖਣ ਵਾਲੀ ਗੱਲ ਹੋਵੇਗੀ ਕਿ ਸੀਟਾਂ ਦੀ ਸੁਚੱਜੇ ਢੰਗ ਨਾਲ ਵੰਡ ਕਰਕੇ, ਲੋਕਪੱਖੀ ਚੋਣ ਏਜੰਡਾ ਬਣਾ ਕੇ ਅਤੇ ਚੋਣਾਂ ਲੜਨ ਲਈ ਢੁੱਕਵੀਂ ਰਣਨੀਤੀ ਬਣਾਉਣ ਦੇ ਨਾਲ-ਨਾਲ ਵਿੱਤੀ ਸਾਧਨ ਜੁਟਾ ਕੇ ਇਹ ਪਾਰਟੀਆਂ ਭਾਜਪਾ ਨੂੰ ਕਿੰਨੀ ਕੁ ਵੱਡੀ ਚੁਣੌਤੀ ਦੇ ਸਕਣਗੀਆਂ?



ਇਸ ਸਾਲ ਦੀਆਂ ਕੁਝ ਹੋਰ ਰਾਜਨੀਤਕ ਅਤੇ ਗ਼ੈਰ-ਰਾਜਨੀਤਕ ਘਟਨਾਵਾਂ ਦੀ ਗੱਲ ਕਰੀਏ ਤਾਂ ਜਨਵਰੀ ਵਿਚ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜਭੂਸ਼ਨ ਸ਼ਰਨ ਸਿੰਘ ਵਿਰੁੱਧ ਅਨੇਕਾਂ ਪਹਿਲਵਾਨ ਅਤੇ ਮਹਿਲਾ ਪਹਿਲਵਾਨ ਅੰਦੋਲਨ ਕਰਦੇ ਨਜ਼ਰ ਆਏ। ਉਨ੍ਹਾਂ ਨੇ ਬ੍ਰਿਜਭੂਸ਼ਨ ਸ਼ਰਨ ਸਿੰਘ 'ਤੇ ਮਾਨਸਿਕ ਅਤੇ ਸਰੀਰਕ ਸ਼ੋਸ਼ਣ ਕਰਨ ਦੇ ਗੰਭੀਰ ਦੋਸ਼ ਲਗਾਏ। ਉਨ੍ਹਾਂ ਨੇ ਉਸ ਵਿਰੁੱਧ ਕਾਰਵਾਈ ਕਰਨ ਲਈ ਕੇਂਦਰ ਸਰਕਾਰ ਤੱਕ ਪਹੁੰਚ ਕੀਤੀ ਪਰ ਉਨ੍ਹਾਂ ਦੀ ਸੁਣਵਾਈ ਨਾ ਹੋਣ ਕਾਰਨ ਉਹ ਜੰਤਰ ਮੰਤਰ 'ਤੇ ਧਰਨੇ 'ਤੇ ਬੈਠ ਗਏ। ਇਨ੍ਹਾਂ ਪਹਿਲਵਾਨਾਂ ਦੀ ਅਗਵਾਈ ਕਰਨ ਵਾਲਿਆਂ ਵਿਚ ਵਿਨੇਸ਼ ਫੋਗਾਟ, ਸਾਕਸ਼ੀ ਮਲਿਕ ਤੇ ਬਜਰੰਗ ਪੂਨੀਆ ਆਦਿ ਪਹਿਲਵਾਨ ਸ਼ਾਮਿਲ ਸਨ। ਦਿੱਲੀ ਪੁਲਿਸ ਨੇ ਇਕ ਸਮੇਂ ਇਨ੍ਹਾਂ 'ਤੇ ਕਾਰਵਾਈ ਕਰਕੇ ਇਨ੍ਹਾਂ ਦੇ ਧਰਨੇ ਨੂੰ ਉਖਾੜ ਦਿੱਤਾ ਸੀ ਪਰ ਬਾਅਦ 'ਚ ਕੁਸ਼ਤੀ ਸੰਘ ਦੇ ਪ੍ਰਧਾਨ ਬ੍ਰਿਜਭੂਸ਼ਨ ਸ਼ਰਨ ਸਿੰਘ ਵਿਰੁੱਧ ਸੁਪਰੀਮ ਕੋਰਟ ਦੇ ਦਖਲ ਉਪਰੰਤ ਕੇਸ ਦਰਜ ਹੋਣ ਨਾਲ ਪਹਿਲਵਾਨ ਕੁਝ ਸ਼ਾਂਤ ਹੋ ਗਏ, ਪਰ ਹਾਲ ਹੀ ਵਿਚ ਕੁਸ਼ਤੀ ਸੰਘ ਦੀਆਂ ਹੋਈਆਂ ਨਵੀਆਂ ਚੋਣਾਂ ਵਿਚ ਬ੍ਰਿਜਭੂਸ਼ਨ ਸ਼ਰਨ ਸਿੰਘ ਦੇ ਧੜੇ ਦੇ ਸੰਜੈ ਸਿੰਘ ਦੇ ਪ੍ਰਧਾਨ ਚੁਣੇ ਜਾਣ ਤੋਂ ਬਾਅਦ ਸਾਕਸ਼ੀ ਮਲਿਕ ਨੇ ਕੁਸ਼ਤੀ ਤੋਂ ਸੇਵਾਮੁਕਤ ਹੋਣ ਦਾ ਐਲਾਨ ਕਰ ਦਿੱਤਾ। ਇਸ ਉਪਰੰਤ ਬਜਰੰਗ ਪੂਨੀਆ ਅਤੇ ਵਿਨੇਸ਼ ਫੋਗਾਟ ਅਤੇ ਇਕ ਹੋਰ ਪਹਿਲਵਾਨ ਨੇ ਆਪਣੇ ਪਦਮਸ੍ਰੀ ਸਨਮਾਨ ਵਾਪਸ ਕਰਨ ਦਾ ਫ਼ੈਸਲਾ ਕਰ ਲਿਆ। ਕੇਂਦਰੀ ਸਰਕਾਰ ਨੇ ਕੁਸ਼ਤੀ ਸੰਘ ਦੀ ਨਵੀਂ ਕਾਰਜਕਾਰਨੀ ਨੂੰ ਮੁਅੱਤਲ ਕਰ ਦਿੱਤਾ ਹੈ। ਪਰ ਇਹ ਵਿਵਾਦ ਅਜੇ ਵੀ ਬਣਿਆ ਹੋਇਆ ਹੈ।

ਆਮ ਆਦਮੀ ਪਾਰਟੀ ਲਈ ਇਹ ਸਾਲ ਔਕੜਾਂ ਭਰਿਆ ਹੀ ਰਿਹਾ। ਇਸ ਦੇ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਸ਼ਰਾਬ ਘੁਟਾਲੇ ਵਿਚ ਗ੍ਰਿਫ਼ਤਾਰ ਹੋ ਗਏ ਜਦੋਂ ਕਿ ਇਸ ਦੇ ਇਕ ਮੰਤਰੀ ਸਤਿੰਦਰ ਜੈਨ ਪਹਿਲਾਂ ਹੀ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਜੇਲ੍ਹ ਵਿਚ ਰਹੇ ਹਨ ਅਤੇ ਇਸ ਸਮੇਂ ਜ਼ਮਾਨਤ 'ਤੇ ਹਨ। ਇਸ ਪਾਰਟੀ ਦੇ ਰਾਜ ਸਭਾ ਮੈਂਬਰ ਸੰਜੈ ਸਿੰਘ ਨੂੰ ਵੀ ਈ.ਡੀ. ਨੇ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਹੈ। ਈ.ਡੀ. ਵਲੋਂ ਦਿੱਲੀ ਦੇ ਮੁੱਖ ਮੰਤਰੀ ਨੂੰ ਵੀ ਪੇਸ਼ ਹੋਣ ਲਈ ਕਈ ਨੋਟਿਸ ਜਾਰੀ ਕੀਤੇ ਗਏ ਹਨ।

ਕਾਂਗਰਸ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਇਸ ਸਾਲ ਨਿਰੰਤਰ ਖ਼ਬਰਾਂ ਵਿਚ ਰਹੇ। ਉਨ੍ਹਾਂ ਨੇ ਕੰਨਿਆ ਕੁਮਾਰੀ ਤੋਂ ਲੈ ਕੇ ਕਸ਼ਮੀਰ ਤੱਕ ਲੰਮੀ 'ਭਾਰਤ ਜੋੜੋ ਯਾਤਰਾ' ਕੀਤੀ। ਇਸ ਨੂੰ ਲੋਕਾਂ ਵਲੋਂ ਭਰਵਾਂ ਹੁੰਗਾਰਾ ਮਿਲਿਆ ਪਰ ਉਨ੍ਹਾਂ ਨੂੰ ਮਿਲਿਆ ਇਹ ਹੁੰਗਾਰਾ ਕਾਂਗਰਸ ਲਈ ਵੋਟਾਂ ਵਿਚ ਕੁਝ ਖ਼ਾਸ ਤਬਦੀਲ ਨਹੀਂ ਹੋ ਸਕਿਆ। ਹੁਣ ਕਾਂਗਰਸ ਨੇ ਰਾਹੁਲ ਗਾਂਧੀ ਦੀ ਅਗਵਾਈ ਵਿਚ ਉੱਤਰ-ਪੂਰਬੀ ਰਾਜ ਮਨੀਪੁਰ ਤੋਂ ਮਹਾਰਾਸ਼ਟਰ ਤੱਕ 'ਨਿਆਂ ਯਾਤਰਾ' ਆਰੰਭ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਨੂੰ ਲੋਕਾਂ ਦਾ ਕਿੰਨਾ ਕੁ ਹੁੰਗਾਰਾ ਮਿਲਦਾ ਹੈ, ਇਹ ਦੇਖਣ ਵਾਲੀ ਗੱਲ ਹੋਵੇਗੀ। ਰਾਹੁਲ ਗਾਂਧੀ ਨੂੰ ਇਸ ਸਾਲ ਮੋਦੀ 'ਸਰਨੇਮ' ਦੇ ਨਾਂਅ ਨਾਲ ਜਾਣੇ ਜਾਣ ਵਾਲੇ ਕੇਸ ਵਿਚ ਸੂਰਤ ਦੀ ਇਕ ਅਦਾਲਤ ਨੇ 2 ਸਾਲ ਦੀ ਕੈਦ ਦੀ ਸਜ਼ਾ ਸੁਣਾ ਦਿੱਤੀ ਸੀ, ਜਿਸ ਕਾਰਨ ਉਨ੍ਹਾਂ ਦੀ ਲੋਕ ਸਭਾ ਦੀ ਮੈਂਬਰੀ ਵੀ ਜਾਂਦੀ ਰਹੀ ਪਰ ਸੁਪਰੀਮ ਕੋਰਟ ਦੇ ਦਖ਼ਲ ਕਾਰਨ ਉਨ੍ਹਾਂ ਦੀ ਮੈਂਬਰੀ ਮੁੜ ਬਹਾਲ ਹੋ ਗਈ।





13 ਦਸੰਬਰ ਨੂੰ ਜਦੋਂ ਨਵੇਂ ਸੰਸਦ ਭਵਨ ਵਿਚ ਸੰਸਦ 'ਤੇ 2001 ਵਿਚ ਹਮਲੇ ਦੀ 22ਵੀਂ ਬਰਸੀ ਮਨਾਈ ਜਾ ਰਹੀ ਸੀ ਤਾਂ ਅਚਾਨਕ ਦੋ ਨੌਜਵਾਨ ਦਰਸ਼ਕ ਗੈਲਰੀ ਵਿਚੋਂ ਛਾਲਾਂ ਮਾਰ ਕੇ ਲੋਕ ਸਭਾ ਦੇ ਚੈਂਬਰ ਵਿਚ ਦਾਖਲ ਹੋ ਗਏ ਅਤੇ ਉਨ੍ਹਾਂ ਨੇ ਆਪਣੇ ਹੱਥਾਂ 'ਚ ਫੜੇ ਕਨਸਤਰਾਂ 'ਚੋਂ ਪੀਲੇ ਰੰਗ ਦੀ ਗੈਸ ਛੱਡੀ ਅਤੇ ਨਾਅਰੇਬਾਜ਼ੀ ਕੀਤੀ। ਇਸੇ ਸਮੇਂ ਦੌਰਾਨ ਸੰਸਦ ਦੇ ਬਾਹਰ ਵੀ ਇਕ ਲੜਕੀ ਅਤੇ ਲੜਕੇ ਨੇ ਇਸੇ ਤਰ੍ਹਾਂ ਦੀ ਕਾਰਵਾਈ ਦੁਹਰਾਉਂਦਿਆਂ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਇਸ ਘਟਨਾ 'ਤੇ ਚਿੰਤਾ ਪ੍ਰਗਟ ਕਰਦਿਆਂ ਜਦੋਂ ਵਿਰੋਧੀ ਪਾਰਟੀਆਂ ਦੇ ਸੰਸਦ ਮੈਂਬਰਾਂ ਨੇ ਲੋਕ ਸਭਾ ਤੇ ਰਾਜ ਸਭਾ ਵਿਚ ਰੋਸ ਪ੍ਰਗਟ ਕੀਤਾ ਤਾਂ ਉਨ੍ਹਾਂ ਦੇ 148 ਦੇ ਲਗਭਗ ਸੰਸਦ ਮੈਂਬਰਾਂ ਨੂੰ ਸਰਦ ਰੁੱਤ ਦੇ ਪੂਰੇ ਸੈਸ਼ਨ ਵਿਚੋਂ ਮੁਅੱਤਲ ਕਰ ਦਿੱਤਾ ਗਿਆ।

ਇਸ ਸਾਲ ਮਈ ਵਿਚ ਉੱਤਰ-ਪੂਰਬੀ ਰਾਜ ਮਨੀਪੁਰ ਵਿਚ ਮੈਦਾਨਾਂ ਵਿਚ ਰਹਿਣ ਵਾਲੇ ਮੈਤੇਈ ਫ਼ਿਰਕੇ ਦੇ ਲੋਕਾਂ ਅਤੇ ਪਹਾੜਾਂ ਵਿਚ ਰਹਿਣ ਵਾਲੇ ਕੁੱਕੀ ਕਬੀਲੇ ਦੇ ਲੋਕਾਂ ਵਿਚਕਾਰ ਹਿੰਸਕ ਟਕਰਾਅ ਹੋ ਗਿਆ ਅਤੇ ਇਸ ਨਾਲ ਮਨੀਪੁਰ ਦੇ ਵੱਡੇ ਇਲਾਕੇ ਵਿਚ ਹਿੰਸਾ ਅਤੇ ਕਤਲੋਗਾਰਤ ਦਾ ਦੌਰ ਚਲਦਾ ਰਿਹਾ। ਉਥੋਂ ਦੀ ਭਾਜਪਾ ਦੀ ਅਗਵਾਈ ਵਾਲੀ ਰਾਜ ਸਰਕਾਰ ਅਤੇ ਕੇਂਦਰ ਦੀ ਸਰਕਾਰ ਮਹੀਨਿਆਂ ਤੱਕ ਉਥੇ ਫੈਲੀ ਹਿੰਸਾ 'ਤੇ ਕਾਬੂ ਨਾ ਪਾ ਸਕੀਆਂ। ਉਥੇ ਔਰਤਾਂ ਦੀ ਵੱਡੀ ਪੱਧਰ 'ਤੇ ਬੇਹੁਰਮਤੀ ਸੰਬੰਧੀ ਵਾਇਰਲ ਹੋਈਆਂ ਵੀਡੀਓਜ਼ ਨਾਲ ਦੋਵਾਂ ਕਬੀਲਿਆਂ ਦੇ ਲੋਕਾਂ ਵਿਚ ਤਣਾਅ ਤੇ ਟਕਰਾਅ ਹੋਰ ਵੀ ਵਧ ਗਿਆ ਅਤੇ ਇਹ ਤਣਾਅ ਅਜੇ ਵੀ ਬਣਿਆ ਹੋਇਆ ਹੈ।

ਇਸ ਸਾਲ ਜੁਲਾਈ-ਅਗਸਤ ਮਹੀਨੇ ਵਿਚ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਨੂੰ ਭਿਆਨਕ ਹੜ੍ਹਾਂ ਦਾ ਸਾਹਮਣਾ ਕਰਨਾ ਪਿਆ। ਵਧੇਰੇ ਨੁਕਸਾਨ ਹਿਮਾਚਲ ਵਿਚ ਹੋਇਆ ਜਿਥੇ ਢਿਗਾਂ ਡਿਗਣ ਨਾਲ ਬਹੁਤ ਸਾਰੀਆਂ ਇਮਾਰਤਾਂ ਡਿਗ ਪਈਆਂ। ਬਹੁਤ ਸਾਰੀਆਂ ਸੜਕਾਂ ਤੇ ਪੁਲ ਤਬਾਹ ਹੋ ਗਏ। ਮੰਡੀ, ਕੁੱਲੂ, ਮਨਾਲੀ, ਸ਼ਿਮਲਾ ਅਤੇ ਕਾਂਗੜਾ ਵਿਚ ਵਿਸ਼ੇਸ਼ ਤੌਰ 'ਤੇ ਵਧੇਰੇ ਤਬਾਹੀ ਹੋਈ। ਕੁੱਲ 360 ਲੋਕ ਮਾਰੇ ਗਏ ਅਤੇ 12000 ਦੇ ਲਗਭਗ ਲੋਕਾਂ ਦੇ ਘਰ ਤਬਾਹ ਹੋ ਗਏ। ਸਰਕਾਰੀ ਅੰਦਾਜ਼ੇ ਦੇ ਮੁਤਾਬਿਕ ਇਨ੍ਹਾਂ ਹੜ੍ਹਾਂ ਵਿਚ ਕੁੱਲ 12 ਹਜ਼ਾਰ ਕਰੋੜ ਰੁਪਏ ਦਾ ਨੁਕਸਾਨ



ਪੁਲਾੜ ਖੋਜ ਦੇ ਖੇਤਰ ਵਿਚ ਭਾਰਤ ਦੀ ਇਸ ਸਾਲ ਵੱਡੀ ਪ੍ਰਾਪਤੀ ਇਹ ਰਹੀ ਕਿ ਚੰਦਰਯਾਨ-3 ਚੰਨ ਦੇ ਨੇੜੇ ਪੁੱਜਿਆ ਅਤੇ ਉਸ ਤੋਂ ਵਿਕਰਮ ਲੈਂਡਰ ਸਫ਼ਲਤਾ ਨਾਲ ਚੰਨ ਦੇ ਦੱਖਣੀ ਭਾਗ 'ਤੇ ਉਤਰ ਗਿਆ। ਦੱਖਣੀ ਭਾਗ 'ਤੇ ਅਜਿਹਾ ਕਰਨ ਵਾਲਾ ਭਾਰਤ ਪਹਿਲਾ ਦੇਸ਼ ਬਣ ਗਿਆ ਹੈ।



ਇਸ ਸਾਲ ਭਾਰਤ ਦੇ ਉਤਰ ਪੂਰਬੀ ਰਾਜ ਮਨੀਪੁਰ ਵਿਚ 3 ਮਈ, 2023 ਨੂੰ ਮੈਤੇਈ ਅਤੇ ਕੁੱਕੀ ਕਬੀਲਿਆਂ ਦਰਮਿਆਨ ਹਿੰਸਾ ਭੜਕ ਪਈ ਜੋ ਅਜੇ ਵੀ ਜਾਰੀ ਹੈ।

ਹੋਇਆ।
ਇਸ ਸਾਲ ਦੇਸ਼ ਨੇ ਕੁਝ ਅਹਿਮ ਪ੍ਰਾਪਤੀਆਂ ਵੀ ਹਾਸਿਲ ਕੀਤੀਆਂ, ਜਿਨ੍ਹਾਂ ਦਾ ਇਥੇ ਜ਼ਿਕਰ ਕਰਨਾ ਬਣਦਾ ਹੈ। ਦੇਸ਼ ਨੂੰ ਪਾਰਲੀਮੈਂਟ ਦੀ ਨਵੀਂ ਇਮਾਰਤ ਮਿਲੀ, ਜਿਸ ਦਾ 28 ਮਈ ਨੂੰ ਪ੍ਰਧਾਨ ਮੰਤਰੀ ਵਲੋਂ ਉਦਘਾਟਨ ਕੀਤਾ ਗਿਆ। ਪਰ ਇਸ ਸਮਾਗਮ ਵਿਚ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਨਾ ਬੁਲਾਉਣ ਕਾਰਨ ਵਿਰੋਧੀ ਦਲਾਂ ਵਲੋਂ ਸਮਾਗਮ ਦਾ ਬਾਈਕਾਟ ਕੀਤਾ ਗਿਆ। ਅਗਸਤ ਮਹੀਨੇ ਵਿਚ ਪੁਲਾੜ ਖੋਜ ਦੇ ਖੇਤਰ ਵਿਚ ਦੇਸ਼ ਨੇ ਇਕ ਵੱਡੀ ਪੁਲਾਂਘ ਪੁੱਟੀ। ਚੰਦਰਯਾਨ-3 ਚੰਦਰਮਾ ਦੇ ਨੇੜੇ ਪੁੱਜ ਗਿਆ ਅਤੇ ਉਹ ਸਫ਼ਲਤਾ ਨਾਲ ਵਿਕਰਮ ਲੈਂਡਰ ਨੂੰ ਚੰਦਰਮਾ ਦੇ ਦੱਖਣੀ ਭਾਗ 'ਤੇ ਉਤਾਰਨ ਵਿਚ ਸਫ਼ਲ ਰਿਹਾ ਅਤੇ ਵਿਕਰਮ ਲੈਂਡਰ ਤੋਂ ਵੱਖ ਹੋ ਕੇ ਰੋਵਰ ਨੇ ਚੰਦਰਮਾ ਦੀ ਸਤ?ਹਾ 'ਤੇ ਵਿਚਰਦਿਆਂ ਕਈ ਤਜਰਬੇ ਕੀਤੇ। ਇਸ ਸਾਲ ਸਤੰਬਰ ਮਹੀਨੇ ਵਿਚ ਦਿੱਲੀ 'ਚ ਜੀ-20 ਦੇ ਮੈਂਬਰ ਦੇਸ਼ਾਂ ਦਾ ਸਿਖ਼ਰ ਸੰਮੇਲਨ ਹੋਇਆ, ਜਿਸ ਨਾਲ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦੇ ਰੁਤਬੇ ਵਿਚ ਚੋਖਾ ਵਾਧਾ ਹੋਇਆ। ਇਸੇ ਸਾਲ ਸੁਪਰੀਮ ਕੋਰਟ ਵਲੋਂ ਕੁਝ ਮਹੱਤਵਪੂਰਨ ਫ਼ੈਸਲੇ ਸੁਣਾਏ ਗਏ ਜਿਨ੍ਹਾਂ ਵਿਚੋਂ ਦੋ ਫ਼ੈਸਲੇ ਵਧੇਰੇ ਚਰਚਿਤ ਰਹੇ। ਸੁਪਰੀਮ ਕੋਰਟ ਨੇ ਸਮਲਿੰਗੀਆਂ ਦੇ ਵਿਆਹਾਂ ਨੂੰ ਮਾਨਤਾ ਦੇਣ ਤੋਂ ਨਾਂਹ ਕਰ ਦਿੱਤੀ ਅਤੇ ਕਿਹਾ ਕਿ ਇਸ ਸੰਬੰਧੀ ਵਿਧਾਨ ਪਾਲਿਕਾ ਹੀ ਕੋਈ ਫ਼ੈਸਲਾ ਲੈ ਸਕਦੀ ਹੈ। ਇਸ ਤੋਂ ਇਲਾਵਾ ਸੁਪਰੀਮ ਕੋਰਟ ਨੇ ਲੰਮੀ ਸੁਣਵਾਈ ਤੋਂ ਬਾਅਦ ਜੰਮੂ-ਕਸ਼ਮੀਰ ਵਿਚ ਕੇਂਦਰ ਸਰਕਾਰ ਵਲੋਂ ਹਟਾਈ ਗਈ ਧਾਰਾ 370 ਦੇ ਹੱਕ ਵਿਚ ਫ਼ੈਸਲਾ ਕੀਤਾ ਅਤੇ ਇਸ ਸੰਬੰਧੀ ਦਾਖ਼ਲ ਕੀਤੀਆਂ ਪੁਟੀਸ਼ਨਾਂ ਨੂੰ ਰੱਦ ਕਰ ਦਿੱਤਾ।



ਦੇਸ਼ ਦੀਆਂ ਪ੍ਰਮੁੱਖ ਵਿਰੋਧੀ ਪਾਰਟੀਆਂ ਨੇ 2024 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਨੂੰ ਚੁਣੌਤੀ ਦੇਣ ਲਈ 18 ਜੁਲਾਈ, 2023 ਨੂੰ 'ਇੰਡੀਅਨ ਨੈਸ਼ਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ' (ਇੰਡੀਆ) ਨਾਂਅ ਦਾ ਗਠਜੋੜ ਬਣਾਇਆ, ਇਸ ਦੀ ਸ਼ੁਰੂਆਤ ਬਿਹਾਰ ਤੋਂ ਹੋਈ। ਪਹਿਲਾਂ ਇਸ ਵਿਚ 20 ਦੇ ਲਗਭਗ ਪਾਰਟੀਆਂ ਸਨ, ਪਰ ਹੁਣ ਇਨ੍ਹਾਂ ਦੀ ਗਿਣਤੀ ਵਧ ਕੇ 28 ਦੇ ਲਗਭਗ ਹੋ ਗਈ ਹੈ।

ਇਸ ਸਾਲ 2 ਜੂਨ ਨੂੰ ਓਡੀਸ਼ਾ ਦੇ ਬਾਲਾਸੋਰ ਜ਼ਿਲ੍ਹੇ ਵਿਚ ਕੋਰੋਮੰਡਲ ਐਕਸਪ੍ਰੈੱਸ ਅਤੇ ਐਸ.ਐਮ.ਬੀ.ਟੀ. ਬੰਗਲੁਰੂ-ਹਾਵੜਾ ਐਕਸਪ੍ਰੈੱਸ ਗੱਡੀਆਂ ਆਪਸ ਵਿਚ ਟਕਰਾ ਗਈਆਂ ਤੇ ਇਸ ਹਾਦਸੇ ਵਿਚ 280 ਲੋਕ ਮਾਰੇ ਗਏ ਅਤੇ 850 ਤੋਂ ਵੱਧ ਜ਼ਖ਼ਮੀ ਹੋ ਗਏ।
ਉੱਤਰ ਪ੍ਰਦੇਸ਼ ਵਿਚ ਭਾਵੇਂ ਅਦੱਤਿਆਨਾਥ ਯੋਗੀ ਦੀ ਸਰਕਾਰ ਨੇ ਅਮਨ ਕਾਨੂੰਨ ਦੀ ਸਥਿਤੀ ਨੂੰ ਕਾਫ਼ੀ ਹੱਦ ਤੱਕ ਸੁਧਾਰਨ ਦਾ ਦਾਅਵਾ ਕੀਤਾ ਹੈ ਪਰ ਫਿਰ ਵੀ ਇਸ ਸਾਲ ਅਪ੍ਰੈਲ ਵਿਚ ਇਕ ਸਨਸਨੀਖੇਜ਼ ਘਟਨਾ ਇਹ ਵਾਪਰੀ ਕਿ ਗੈਂਗਸਟਰ ਅਤੀਕ ਅਹਿਮਦ ਅਤੇ ਉਸ ਦੇ ਭਰਾ ਅਸ਼ਰਫ ਨੂੰ ਪ੍ਰਯਾਗਰਾਜ ਵਿਚ ਪੁਲਿਸ ਦੀ ਹਾਜ਼ਰੀ ਵਿਚ ਕੁਝ ਲੋਕਾਂ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ। ਇਸ ਨਾਲ ਪੂਰੇ ਰਾਜ ਵਿਚ ਦਹਿਸ਼ਤ ਫੈਲ ਗਈ। ਉੱਤਰਾਖੰਡ ਵਿਚ ਨਵੰਬਰ ਮਹੀਨੇ ਦੌਰਾਨ ਇਕ ਉਸਾਰੀ ਅਧੀਨ ਸੁਰੰਗ ਵਿਚ ਢਿਗਾਂ ਡਿਗਣ ਨਾਲ 41 ਮਜ਼ਦੂਰ ਘਿਰ ਗਏ ਤੇ ਉਨ੍ਹਾਂ ਨੂੰ ਬਚਾਉਣ ਲਈ ਕਈ ਦਿਨਾਂ ਤੱਕ ਰਾਹਤ ਆਪ੍ਰੇਸ਼ਨ ਚਲਾਉਣਾ ਪਿਆ ਜੋ ਕਿ ਨਿਰੰਤਰ 400 ਘੰਟਿਆਂ ਤੱਕ ਜਾਰੀ ਰਿਹਾ। ਇਸ ਦੌਰਾਨ ਆਧੁਨਿਕ ਮਸ਼ੀਨਾਂ ਦੀ ਵਰਤੋਂ ਵੀ ਕੀਤੀ ਗਈ ਤੇ ਅਖੀਰ ਵਿਚ 14 ਖੁਦਾਈ ਕਰਨ ਵਾਲਿਆਂ ਨੇ ਰਿਵਾਇਤੀ ਢੰਗ ਨਾਲ ਚੂਹਿਆਂ ਦੀ ਤਰ੍ਹਾਂ ਖੁਦਾਈ ਕਰਦਿਆਂ 41 ਮਜ਼ਦੂਰਾਂ ਤੱਕ ਪਹੁੰਚ ਬਣਾਈ ਤੇ ਆਪ੍ਰੇਸ਼ਨ ਸਫ਼ਲ ਰਿਹਾ।
ਜੇਕਰ ਖੇਡਾਂ ਦੀ ਗੱਲ ਕਰੀਏ ਤਾਂ ਇਸ ਸਾਲ ਚੀਨ ਵਿਚ ਹੋਈਆਂ ਏਸ਼ੀਅਨ ਖੇਡਾਂ ਅਤੇ ਕਈ ਹੋਰ ਅੰਤਰਰਾਸ਼ਟਰੀ ਮੁਕਾਬਲਿਆਂ ਵਿਚ ਭਾਰਤ ਦੇ ਖਿਡਾਰੀਆਂ ਨੇ ਵੱਡੀਆਂ ਮੱਲਾਂ ਮਾਰੀਆਂ। ਇਕੱਲੀਆਂ ਏਸ਼ੀਅਨ ਖੇਡਾਂ ਵਿਚ 100 ਤੋਂ ਵੱਧ ਤਗਮੇ ਜਿੱਤਣ ਵਿਚ ਖਿਡਾਰੀ ਸਫ਼ਲ ਰਹੇ। ਪਰ ਭਾਰਤ ਵਿਚ ਹੋਏ ਇਕ ਦਿਨਾ ਵਿਸ਼ਵ ਕ੍ਰਿਕਟ ਕੱਪ ਦੇ ਫਾਈਨਲ ਵਿਚ ਪਹੁੰਚਣ ਦੇ ਬਾਵਜੂਦ ਵਿਸ਼ਵ ਕੱਪ ਜਿੱਤਣ ਤੋਂ ਭਾਰਤ ਦੀ ਕ੍ਰਿਕਟ ਟੀਮ ਖੁੰਝ ਗਈ ਤੇ ਇਹ ਸਫ਼ਲਤਾ ਆਸਟ?ਰੇਲੀਆ ਦੀ ਟੀਮ ਨੂੰ ਹਾਸਿਲ ਹੋਈ।
ਇਸ ਸਾਲ ਦੇ ਅਖ਼ੀਰ ਵਿਚ ਭਾਰਤ ਦੀ ਨਵੀਂ ਬਣੀ ਪਾਰਲੀਮੈਂਟ ਦੀ ਸੁਰੱਖਿਆ ਦੇ ਮਾਮਲੇ ਵਿਚ ਇਕ ਵੱਡੀ ਕੁਤਾਹੀ ਸਾਹਮਣੇ ਆਈ। ਦੋ ਨੌਜਵਾਨ ਦਰਸ਼ਕ ਗੈਲਰੀ ਤੋਂ ਛਾਲਾਂ ਮਾਰ ਕੇ ਲੋਕ ਸਭਾ ਦੇ ਚੈਂਬਰ ਵਿਚ ਦਾਖਲ ਹੋ ਗਏ ਅਤੇ ਉਨ੍ਹਾਂ ਨੇ ਦੋ ਕਨਸਤਰਾਂ ਵਿਚੋਂ ਪੀਲੀ ਜਿਹੀ ਗੈਸ ਛੱਡ ਦਿੱਤੀ ਅਤੇ ਨਾਅਰੇਬਾਜ਼ੀ ਕੀਤੀ। ਇਨ੍ਹਾਂ ਨੌਜਵਾਨਾਂ ਦੇ ਦੋ ਹੋਰ ਸਾਥੀਆਂ ਨੇ ਪਾਰਲੀਮੈਂਟ ਦੇ ਬਾਹਰ ਇਸੇ ਤਰ੍ਹਾਂ ਦੇ ਕਨਸਤਰਾਂ ਵਿਚੋਂ ਪੀਲੀ ਗੈਸ ਛੱਡੀ ਅਤੇ ਸਰਕਾਰ ਵਿਰੁੱਧ ਨਾਅਰੇ ਲਗਾਏ। ਜਦੋਂ ਵਿਰੋਧੀ ਪਾਰਟੀਆਂ ਦੇ ਸੰਸਦ ਮੈਂਬਰਾਂ ਨੇ ਸੰਸਦ ਦੀ ਸੁਰੱਖਿਆ ਦੇ ਮਾਮਲੇ ਵਿਚ ਹੋਈ ਇਸ ਕੁਤਾਹੀ ਦਾ ਮੁੱਦਾ ਉਠਾ ਕੇ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਬਿਆਨ ਦੀ ਮੰਗ ਕੀਤੀ ਤਾਂ ਵਿਰੋਧੀ ਪਾਰਟੀਆਂ ਨਾਲ ਸੰਬੰਧਿਤ 148 ਦੇ ਲਗਭਗ ਰਾਜ ਸਭਾ ਅਤੇ ਲੋਕ ਸਭਾ ਦੇ ਮੈਂਬਰਾਂ ਨੂੰ ਪੂਰੇ ਸੈਸ਼ਨ ਲਈ ਬਰਖ਼ਾਸਤ ਕਰ ਦਿੱਤਾ ਗਿਆ। ਉਨ੍ਹਾਂ ਦੀ ਗ਼ੈਰ-ਹਾਜ਼ਰੀ ਵਿਚ ਹੀ ਕੇਂਦਰੀ ਸਰਕਾਰ ਨੇ ਤਿੰਨ ਫ਼ੌਜਦਾਰੀ ਬਿੱਲਾਂ ਸਮੇਤ ਹੋਰ ਕਈ ਅਹਿਮ ਬਿੱਲ ਸੰਸਦ ਵਿਚੋਂ ਪਾਸ ਕਰਵਾ ਲਏ। ਕੇਂਦਰੀ ਸਰਕਾਰ ਦੇ ਇਸ ਵਤੀਰੇ ਨਾਲ ਦੇਸ਼ ਵਿਚ ਲੋਕਤੰਤਰ ਦੇ ਭਵਿੱਖ ਸੰਬੰਧੀ ਵਿਰੋਧੀ ਹਲਕਿਆਂ ਦੇ ਦਿਲਾਂ ਵਿਚ ਸ਼ੰਕੇ ਮੁੜ ਉੱਭਰੇ ਹਨ। ਕੇਂਦਰ ਸਰਕਾਰ ਦੇ ਇਸ ਵਤੀਰੇ ਵਿਰੁੱਧ ਵਿਰੋਧੀ ਪਾਰਟੀਆਂ ਰੋਸ ਪ੍ਰਗਟ ਕਰ ਰਹੀਆਂ ਹਨ।



ਭਾਰਤੀ ਪਹਿਲਵਾਨਾਂ ਨੇ ਕੁਸ਼ਤੀ ਸੰਘ ਦੇ ਪ੍ਰਧਾਨ ਬ੍ਰਿਜਭੂਸ਼ਨ ਸ਼ਰਨ ਸਿੰਘ ਵਿਰੁੱਧ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਦਾ ਗੰਭੀਰ ਦੋਸ਼ ਲਗਾਉਂਦਿਆਂ ਇਸ ਸਾਲ ਜੰਤਰ-ਮੰਤਰ 'ਤੇ ਧਰਨਾ ਦਿੱਤਾ ਅਤੇ ਇਨਸਾਫ਼ ਹਾਸਿਲ ਕਰਨ ਲਈ ਲੰਮੀ ਲੜਾਈ ਲੜੀ।



ਬਰਤਾਨੀਆ ਦੇ 40ਵੇਂ ਸ਼ਾਸਕ ਵਜੋਂ ਚਾਰਲਸ ਦੀ ਤਾਜਪੋਸ਼ੀ 6 ਮਈ ਨੂੰ ਲੰਡਨ ਵਿਚ ਹੋਈ। ਇਸ ਸਮਾਰੋਹ ਵਿਚ ਦੋ ਸੌ ਤੋਂ ਵੱਧ ਪ੍ਰਤੀਨਿਧ ਪਹੁੰਚੇ। ਉਕਤ ਤਸਵੀਰ ਵਿਚ ਚਾਰਲਸ ਦੇ ਨਾਲ ਉਨ੍ਹਾਂ ਦੀ ਪਤਨੀ ਕੇਮਿਲਾ ਪਾਰਕਰ ਵੀ ਨਜ਼ਰ ਆ ਰਹੇ ਹਨ।



ਰੂਸ ਦੇ ਚਰਚਿਤ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਜੋ 2024 ਦੀਆਂ ਰਾਸ਼ਟਰਪਤੀ ਚੋਣਾਂ ਲੜਨ ਦਾ ਐਲਾਨ ਕਰ ਚੁੱਕੇ ਹਨ।



ਚੀਨ ਦੀ ਸੱਤਾ 'ਤੇ ਸ਼ੀ-ਜਿਨਪਿੰਗ ਦਾ ਲਗਾਤਾਰ ਦਬਦਬਾ ਬਣਿਆ ਹੋਇਆ ਹੈ। 10 ਮਾਰਚ, 2023 ਨੂੰ ਉਹ ਤੀਜੀ ਵਾਰ ਚੀਨ ਦੇ ਰਾਸ਼ਟਰਪਤੀ ਚੁਣੇ ਗਏ।




ਇਸ ਸਾਲ ਵਿਸ਼ਵ ਬੈਂਕ ਦੇ ਮੁਖੀ ਬਣੇ ਅਜੈਪਾਲ ਸਿੰਘ ਬੰਗਾ, ਉਨ੍ਹਾਂ ਨਾਲ ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਵੀ ਨਜ਼ਰ ਆ ਰਹੇ ਹਨ।



ਇਸ ਸਾਲ 6 ਫਰਵਰੀ ਨੂੰ ਤੁਰਕੀ ਅਤੇ ਉਤਰ ਪੱਛਮੀ ਸੀਰੀਆ ਵਿਚ 7.8 ਰੈਕਟਰ ਸਕੇਲ ਦਾ ਭਿਆਨਕ ਭੂਚਾਲ ਆਇਆ। ਇਸ ਭੂਚਾਲ ਨਾਲ ਵੱਡੀ ਪੱਧਰ 'ਤੇ ਤਬਾਹੀ ਹੋਈ। ਤੁਰਕੀ ਵਿਚ 50,000 ਦੇ ਲਗਭਗ ਅਤੇ ਉਤਰ ਪੱਛਮੀ ਸੀਰੀਆ ਵਿਚ 8400 ਦੇ ਲਗਭਗ ਲੋਕ ਮਾਰੇ ਗਏ।



ਕੈਨੇਡਾ ਅਤੇ ਭਾਰਤ ਦੇ ਸਬੰਧਾਂ ਵਿਚ ਇਸ ਸਾਲ ਬੇਹੱਦ ਤਣਾਅ ਦੇਖਣ ਨੂੰ ਮਿਲਿਆ। ਕੈਨੈਡਾ ਦੀ ਪਾਰਲੀਮੈਂਟ ਵਿਚ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਨੇ ਖ਼ਾਲਿਸਤਾਨ ਆਗੂ ਤੇ ਕੈਨੇਡਾ ਦੇ ਨਾਗਰਿਕ ਹਰਦੀਪ ਸਿੰਘ ਨਿੱਝਰ ਦੇ ਕਤਲ ਪਿਛੇ ਭਾਰਤ ਸਰਕਾਰ ਦੇ ਏਜੰਟਾਂ ਦਾ ਹੱਥ ਹੋਣ ਦਾ ਗੰਭੀਰ ਦੋਸ਼ ਲਗਾਇਆ ਸੀ।




ਇਸ ਸਾਲ ਨਵੀਂ ਦਿੱਲੀ ਵਿਚ ਜੀ-20 ਮੈਂਬਰ ਦੇਸ਼ਾਂ ਦਾ 18ਵਾਂ ਸਿਖਰ ਸੰਮੇਲਨ 9-10 ਸਤੰਬਰ ਨੂੰ ਹੋਇਆ। ਇਸ ਦਾ ਆਯੋਜਨ ਮੰਡਪਮ ਇੰਟਰਨੈਸ਼ਨਲ ਐਗਜ਼ੀਬਿਸ਼ਨ ਕਨਵੈਨਸ਼ਨ ਸੈਂਟਰ ਪ੍ਰਗਤੀ ਮੈਦਾਨ ਵਿਚ ਕੀਤਾ ਗਿਆ। ਇਸ ਦਾ ਥੀਮ 'ਇਕ ਪ੍ਰਿਥਵੀ, ਇਕ ਪਰਿਵਾਰ' ਰੱਖਿਆ ਗਿਅ ਸੀ। ਇਸ ਦੀ ਵੱਡੀ ਪ੍ਰਾਪਤੀ ਇਹ ਰਹੀ ਕਿ ਰੂਸ-ਯੂਕਰੇਨ ਜੰਗ ਦੇ ਬਾਵਜੂਦ ਬਹੁਤ ਸਾਰੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਜੀ-20 ਦੇ ਮੈਂਬਰ ਦੇਸ਼ ਸਾਂਝਾ ਐਲਾਨਨਾਮਾ ਜਾਰੀ ਕਰਨ ਵਿਚ ਸਫ਼ਲ ਰਹੇ। ਪਿਛਲੇ ਸਾਲ ਭਾਰਤ ਨੂੰ ਜੀ-20 ਦੀ ਪ੍ਰਧਾਨਗੀ ਮਿਲਣ ਤੋਂ ਬਾਅਦ ਭਾਰਤ ਵਿਚ ਇਹ ਪਹਿਲਾ ਸਿਖ਼ਰ ਸੰਮੇਲਨ ਸੀ, ਇਸ ਨਾਲ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਅਤੇ ਭਾਰਤ ਦੇ ਪ੍ਰਭਾਵ ਵਿਚ ਚੋਖਾ ਵਾਧਾ ਹੋਇਆ।



ਜਰਮਨ ਦੇ 15 ਅਪ੍ਰੈਲ 2023 ਨੂੰ ਆਪਣੇ ਆਖ਼ਰੀ ਤਿੰਨ ਬਿਜਲੀ ਪ੍ਰਮਾਣੂ ਪਲਾਂਟਾਂ ਨੂੰ ਬੰਦ ਕਰ ਦਿੱਤਾ।



5 ਜੂਨ ਨੂੰ ਅਫ਼ਗਾਨਿਸਤਾਨ ਦੇ 2 ਪ੍ਰਾਇਮਰੀ ਸਕੂਲਾਂ ਵਿਚ 77 ਵਿਦਿਆਰਥਣਾਂ ਨੂੰ ਜ਼ਹਿਰ ਦੇ ਦਿੱਤਾ ਗਿਆ।



3 ਨਵੰਬਰ ਨੂੰ ਭਾਰਤ ਦੇ ਗੁਆਂਢੀ ਦੇਸ਼ ਨਿਪਾਲ ਵਿਚ 5.7 ਰੈਕਟਰ ਸਕੇਲ ਦਾ ਭੂਚਾਲ ਆਇਆ, ਜਿਸ ਵਿਚ 153 ਲੋਕ ਮਾਰੇ ਗਏ ਅਤੇ 375 ਜ਼ਖ਼ਮੀ ਹੋ ਗਏ।

# ਯੂਕਰੇਨ ਤੋਂ ਗਾਜ਼ਾ ਪੱਟੀ ਤੱਕ-ਬਰਬਾਦੀ ਨੇ ਦੁਨੀਆ ਨੂੰ ਝੰਜੋੜਿਆ

ਲੋਕ ਮਿੱਤਰ ਗੌਤਮ

ਇਸ ਸਾਲ ਸਤੰਬਰ ਦੇ ਆਖਰੀ ਦਿਨਾਂ ਵਿਚ ਅਮਰੀਕਾ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੇਕ ਸੁਲੇਵਨ ਕਾਫੀ ਸੰਤੁਸ਼ਟ ਨਜ਼ਰ ਆ ਰਹੇ ਸਨ। ਅਜਿਹਾ ਹੋਣਾ ਸੁਭਾਵਿਕ ਸੀ ਕਿਉਂਕਿ ਆਖਰਕਾਰ ਅਮਰੀਕੀ ਕੂਟਨੀਤੀ ਲਈ ਹਮੇਸ਼ਾ ਸਿਰਦਰਦੀ ਬਣੀ ਰਹਿਣ ਵਾਲੀ ਮੱਧ ਪੂਰਬ ਦੀ ਸਥਿਤੀ ਇਸ ਪੂਰੇ ਸਾਲ ਵਿਚ ਕਾਫੀ ਆਸ ਭਰਪੂਰ ਸੀ। ਅਬਰਾਹਮ ਸਮਝੌਤੇ ਨਾਲ ਇਜ਼ਰਾਈਲ ਅਤੇ ਅਰਬ ਦੇਸ਼ਾਂ ਵਿਚਾਲੇ ਸੰਬੰਧ ਲਗਾਤਾਰ ਬਿਹਤਰ ਹੁੰਦੇ ਜਾ ਰਹੇ ਸਨ। ਇਸ ਸਮਝੌਤੇ ਦੇ ਚਲਦਿਆਂ ਨਾ ਸਿਰਫ਼ ਸੰਯੁਕਤ ਅਰਬ ਅਮੀਰਾਤ ਨੇ ਹੈਰਾਨੀਜਨਕ ਰੂਪ 'ਚ ਇਜ਼ਰਾਈਲ ਨੂੰ ਮਾਨਤਾ ਦਿੱਤੀ ਬਲਕਿ ਇਹ ਅਟਕਲਾਂ ਵੀ ਤੇਜ਼ ਸਨ ਕਿ ਇਜ਼ਰਾਈਲ ਇਸੇ ਸਾਲ ਦੇ ਅੰਤ ਤੱਕ ਸਾਊਦੀ ਅਰਬ ਨਾਲ ਵੀ ਰਾਜਨੀਤਕ ਸੰਬੰਧ ਸਥਾਪਿਤ ਕਰ ਸਕਦਾ ਹੈ। ਇਸ ਸਾਲ ਯਮਨ 'ਚ ਵੀ ਭਿਆਨਕ ਗ੍ਰਹਿ ਯੁੱਧ ਤੋਂ ਰਾਹਤ ਮਿਲੀ ਸੀ, ਕਿਉਂਕਿ ਯੁੱਧਬੰਦੀ ਲਗਾਤਾਰ ਸਫਲਤਾ ਨਾਲ ਜਾਰੀ ਸੀ। ਇਨ੍ਹਾਂ ਹਾਲਤਾਂ ਨੂੰ ਦੇਖ ਕੇ ਹੀ ਸੁਲੇਵਨ ਨੇ ਇਕ ਵਾਰਤਾ 'ਚ ਕਿਹਾ, 'ਮੱਧ ਪੂਰਬ ਖੇਤਰ 'ਚ ਪਿਛਲੇ ਦੋ ਸਾਲਾਂ ਤੋਂ ਕਾਫੀ ਹੱਦ ਤੱਕ ਅਮਨ ਹੈ'। ਪਰ ਲਗਦਾ ਹੈ ਇਸ ਜੁਮਲੇ ਨਾਲ ਮੱਧ ਪੂਰਬ ਦੀ ਸ਼ਾਂਤੀ ਨੂੰ ਨਜ਼ਰ ਲੱਗ ਗਈ ਕਿਉਂਕਿ ਇਸ ਜੁਮਲੇ ਦੇ ਅੱਠਵੇਂ ਦਿਨ ਹੀ ਉਹ ਹੋ ਗਿਆ, ਜੋ ਪਹਿਲਾਂ ਕਦੀ ਨਹੀਂ ਹੋਇਆ ਸੀ। 7 ਅਕਤੂਬਰ ਨੂੰ ਫਿਲਸਤੀਨੀ ਹਥਿਆਰਬੰਦ ਗਰੁੱਪ 'ਹਮਾਸ' ਨੇ ਗਾਜ਼ਾਪੱਟੀ 'ਚ ਅਚਾਨਕ ਇਜ਼ਰਾਈਲ ਉਤੇ ਰਾਕੇਟ ਹਮਲਿਆਂ ਨਾਲ ਮੂਸਲਾਧਾਰ ਮੀਂਹ ਵਰ੍ਹਾ ਦਿੱਤਾ। ਆਪ੍ਰੇਸ਼ਨ ਅਲ ਅਕਸਾ ਫਲੱਡ ਦਾ ਐਲਾਨ ਕਰਦੇ ਹੋਏ ਹਮਾਸ ਨੇ ਮਹਿਜ਼ 20 ਮਿੰਟਾਂ 'ਚ ਗਾਜ਼ਾ ਪੱਟੀ ਤੋਂ ਇਜ਼ਰਾਈਲ 'ਤੇ 3000 ਤੋਂ ਜ਼ਿਆਦਾ ਰਾਕੇਟ ਦਾਗ਼ ਦਿੱਤੇ। ਏਨਾ ਹੀ ਨਹੀਂ ਹਮਾਸ ਦੀਆਂ ਪੰਜ ਆਤਮਘਾਤੀ ਟੀਮਾਂ, ਇਜ਼ਰਾਈਲ ਦੇ ਅੰਦਰ ਤੱਕ ਵੜ ਗਈਆਂ। ਇਨ੍ਹਾਂ ਆਤਮਘਾਤੀ ਟੀਮਾਂ ਨੇ ਔਰਤਾਂ ਤੋਂ ਲੈ ਕੇ ਬਜ਼ੁਰਗਾਂ ਅਤੇ ਬੱਚਿਆਂ ਤੱਕ ਨਾਲ ਉਹ ਹੈਵਾਨੀਅਤ ਭਰਿਆ ਤੇ ਵਹਿਸ਼ੀਪੁਣੇ ਵਾਲਾ ਕਾਰਾ ਕੀਤਾ, ਜਿਸ ਨੂੰ ਦੇਖ ਕੇ ਕਿਸੇ ਵੀ ਦੇਸ਼ ਦੀ ਰੂਹ ਕੰਬ ਜਾਵੇ। ਕੁਝ ਹੀ ਘੰਟਿਆਂ ਵਿਚ ਲਗਭਗ 1200 ਇਜ਼ਰਾਈਲੀ ਜਿਨ੍ਹਾਂ ਵਿਚ ਬਜ਼ੁਰਗ, ਬੱਚੇ ਅਤੇ ਔਰਤਾਂ ਸਨ, ਮੌਤ ਦੇ ਘਾਟ ਉਤਾਰ ਦਿੱਤੇ ਗਏ ਅਤੇ ਕਰੀਬ 240 ਲੋਕਾਂ ਨੂੰ ਅਗਵਾ ਕਰ ਲਿਆ ਗਿਆ। ਇਜ਼ਰਾਈਲ ਦੇ ਇਤਿਹਾਸ ਵਿਚ ਇਹ ਸਭ ਤੋਂ ਕਾਲਾ ਦਿਨ ਸੀ ਪਰ ਹਮਾਸ ਦੀ ਇਹ ਇਕਤਰਫ਼ਾ ਕਾਰਵਾਈ ਬਸ ਕੁਝ ਹੀ ਘੰਟਿਆਂ ਤੱਕ ਸੀਮਤ ਸੀ। ਇਸ ਤੋਂ ਬਾਅਦ ਸ਼ੁਰੂ ਹੋਇਆ ਇਜ਼ਰਾਈਲੀ ਫ਼ੌਜਾਂ ਦਾ ਕਹਿਰ, ਜੋ ਇਨ੍ਹਾਂ ਸਤਰਾਂ ਦੇ ਲਿਖੇ ਜਾਣ ਤੱਕ ਵੀ ਜਾਰੀ ਹੈ। ਇਜ਼ਰਾਈਲ ਦੀ ਨੇਤਨਯਾਹੂ ਦੀ ਸਰਕਾਰ ਨੇ ਹਮਾਸ ਨੂੰ ਜੜ੍ਹ ਤੋਂ ਪੁੱਟ ਦੇਣ ਦਾ ਨਿਸ਼ਚਾ ਕੀਤਾ ਹੋਇਆ ਹੈ। ਇਸ ਦੇ ਚਲਦਿਆਂ 10 ਦਸੰਬਰ, 2023 ਤੱਕ 13,600 ਤੋਂ ਜ਼ਿਆਦਾ ਫਿਲਸਤੀਨੀ ਮਾਰੇ ਜਾ ਚੁੱਕੇ ਸਨ, ਜਿਨ੍ਹਾਂ 'ਚ 6100 ਤੋਂ ਜ਼ਿਆਦਾ ਮਾਸੂਮ ਬੱਚੇ ਸਨ। ਹਮਾਸ ਦੇ ਹਮਲੇ ਤੋਂ ਕੁਝ ਹੀ ਘੰਟਿਆਂ ਬਾਅਦ ਇਜ਼ਰਾਈਲ ਨੇ ਗਾਜ਼ਾ ਪੱਟੀ ਦੇ ਵੱਡੇ ਖੇਤਰ ਨੂੰ ਬੰਬਾਂ ਅਤੇ ਗੋਲੇ-ਬਾਰੂਦ ਨਾਲ ਤਬਾਹ ਕਰ ਦਿੱਤਾ। ਅਸਲ 'ਚ ਇਜ਼ਰਾਈਲ 'ਤੇ ਹਮਾਸ ਦਾ ਕਹਿਰ ਕੁਝ ਘੰਟਿਆਂ ਤੱਕ ਹੀ ਰਿਹਾ, ਇਸ ਤੋਂ ਬਾਅਦ ਹੁਣ ਤੱਕ ਇਜ਼ਰਾਈਲ ਦਾ ਗਾਜ਼ਾ ਉਤੇ ਕਹਿਰ ਜਾਰੀ ਹੈ।



7 ਅਕਤੂਬਰ, 2023 ਨੂੰ ਅਚਾਨਕ ਹਮਾਸ ਦੇ ਲੜਾਕਿਆਂ ਵਲੋਂ ਗਾਜ਼ਾ ਪੱਟੀ ਤੋਂ ਸੈਂਕੜੇ ਰਾਕੇਟ ਦਾਗ਼ ਕੇ ਅਤੇ ਘੁਸਪੈਠ ਕਰਕੇ ਇਜ਼ਰਾਇਲ 'ਤੇ ਵੱਡਾ ਹਮਲਾ ਕਰ ਦਿੱਤਾ ਗਿਆ। ਇਸ ਹਮਲੇ ਵਿਚ ਔਰਤਾਂ, ਬਜ਼ੁਰਗਾਂ ਅਤੇ ਬੱਚਿਆਂ ਸਮੇਤ 1200 ਲੋਕ ਮਾਰੇ ਗਏ ਅਤੇ ਹਮਾਸ ਦੇ ਲੜਾਕਿਆਂ ਨੇ 240 ਦੇ ਲਗਭਗ ਇਜ਼ਰਾਈਲੀਆਂ ਨੂੰ ਬੰਦੀ ਵੀ ਬਣਾ ਲਿਆ। ਇਸ ਤੋਂ ਪਿਛੋਂ ਇਜ਼ਰਾਇਲ ਨੇ ਗਾਜ਼ਾ ਪੱਟੀ 'ਤੇ ਲਗਾਤਾਰ ਬੰਬਾਰੀ ਕਰਕੇ 20,000 ਦੇ ਲਗਭਗ ਫ਼ਿਲਸਤੀਨੀਆਂ ਨੂੰ ਮਾਰ ਦਿੱਤਾ। ਇਹ ਲੜਾਈ ਬੇਹੱਦ ਭਿਆਨਕ ਰੂਪ ਲੈ ਚੁੱਕੀ ਹੈ ਅਤੇ ਅਜੇ ਵੀ ਜਾਰੀ ਹੈ। ਕੌਮਾਂਤਰੀ ਭਾਈਚਾਰਾ ਇਸ ਲੜਾਈ ਨੂੰ ਰੁਕਵਾਉਣ ਵਿਚ ਅਜੇ ਤੱਕ ਅਸਫ਼ਲ ਹੀ ਰਿਹਾ।



ਹਮਾਸ-ਇਜ਼ਰਾਈਲ ਜੰਗ ਜਿਥੇ ਇਸ ਸਾਲ ਅੰਤਰਰਾਸ਼ਟਰੀ ਪੱਧਰ 'ਤੇ ਸਭ ਤੋਂ ਵੱਡੀ ਅਤੇ ਵਧੇਰੇ ਸੁਰਖੀਆਂ ਲੈਣ ਵਾਲੀ ਅਚਾਨਕ ਵਾਪਰੀ ਘਟਨਾ ਰਹੀ, ਉਥੇ ਧਰਤੀ ਦਾ ਬਿਨਾਂ ਰੁਕੇ ਲਗਾਤਾਰ ਵਧ ਰਿਹਾ ਤਾਪਮਾਨ ਇਸ ਸਾਲ ਦੁਨੀਆ ਨੂੰ ਸਭ ਤੋਂ ਜ਼ਿਆਦਾ ਹੈਰਾਨ ਅਤੇ ਚਿੰਤਤ ਕਰਨ ਵਾਲੀ ਦੂਜੀ ਘਟਨਾ ਰਹੀ। ਵਧਦੇ ਹੋਏ ਵਿਸ਼ਵ ਵਿਆਪੀ ਤਾਪਮਾਨ ਨੇ ਇਸ ਸਾਲ ਸਾਰੇ ਰਿਕਾਰਡ ਤੋੜ ਦਿੱਤੇ। ਜਲਵਾਯੂ ਤਬਦੀਲੀ ਹੁਣ ਭਵਿੱਖ ਦਾ ਖ਼ਤਰਾ ਨਹੀਂ ਹੈ, ਸਗੋਂ ਦਹਿਲੀਜ਼ 'ਤੇ ਖੜ੍ਹਾ ਵਰਤਮਾਨ ਦਾ ਸੰਕਟ ਹੈ, ਝੁਲਸਦੀ ਧਰਤੀ ਦੁਨੀਆ ਦੀ ਨਵੀਂ ਅਸਲੀਅਤ ਹੈ। ਜਦੋਂ ਤੋਂ ਦੁਨੀਆ ਦਾ ਤਾਪਮਾਨ ਰਿਕਾਰਡ ਕੀਤਾ ਜਾ ਰਿਹਾ ਹੈ, ਸਾਲ 2023 ਹੁਣ ਤੱਕ ਦਾ ਸਭ ਤੋਂ ਗਰਮ ਸਾਲ ਰਿਹਾ ਹੈ। ਵਿਗਿਆਨੀਆਂ ਦੀ ਮੰਨੀਏ ਤਾਂ 1,25,000 ਸਾਲਾਂ 'ਚ ਧਰਤੀ ਦਾ ਤਾਪਮਾਨ ਕਦੀ ਵੀ ਏਨਾ ਗਰਮ ਨਹੀਂ ਰਿਹਾ।

ਸਾਲ 2015 'ਚ ਪੈਰਿਸ ਸਮਝੌਤੇ ਸਮੇਂ ਵਿਨਾਸ਼ ਦਾ ਤੌਖਲਾ ਪੈਦਾ ਕਰਨ ਵਾਲਾ, ਧਰਤੀ ਦੇ ਤਾਪਮਾਨ 'ਚ 2 ਡਿਗਰੀ ਸੈਲਸੀਅਸ ਦਾ ਵਾਧਾ ਆਸ ਤੋਂ ਪਹਿਲਾਂ ਹੀ ਆ ਧਮਕਿਆ ਹੈ। ਇਸ ਕਾਰਨ ਹੀ ਜਿਥੇ ਜੰਗਲ 'ਚ ਅੱਗ ਲੱਗਣ ਦੀਆਂ ਇਸ ਸਾਲ ਅਨੇਕਾਂ ਘਟਨਾਵਾਂ ਵਾਪਰੀਆਂ, ਉਥੇ ਦੁਨੀਆ ਦੇ ਕਈ ਹਿੱਸਿਆਂ 'ਚ ਇਕੱਠੇ ਸੋਕੇ ਅਤੇ ਹੜ੍ਹਾਂ ਦੀ ਮਾਰ ਨੇ ਵੀ ਰਿਕਾਰਡ ਬਣਾਇਆ ਹੈ। ਇਹ ਪਹਿਲਾ ਸਾਲ ਹੈ, ਜਦੋਂ ਦੁਨੀਆ ਨੇ ਦੇਖਿਆ ਅਤੇ ਸਮਝਿਆ ਕਿ ਕਿਸ ਤਰ੍ਹਾਂ ਉੱਚ ਪੱਧਰ ਦੀ ਨਮੀ ਭਾਵ ਵਾਸ਼ਪੀਕਰਨ ਨਾਲ ਉੱਚ ਤਾਪਮਾਨ ਵੀ ਮੌਤ ਦਾ ਕਾਰਨ ਬਣ ਸਕਦਾ ਹੈ। ਇਸ ਸਭ 'ਤੇ ਚਰਚਾ ਕਰਨ ਲਈ 28ਵੀਂ ਸੀ.ਓ.ਪੀ.-28 ਦੀ ਬੈਠਕ 1 ਤੋਂ 2 ਦਸੰਬਰ ਤੱਕ ਦੁਬਈ 'ਚ ਹੋਈ ਸੀ।

ਪਿਛਲੇ ਸਾਲ ਜਦੋਂ ਰੂਸ ਨੇ ਯੂਕਰੇਨ 'ਤੇ ਹਮਲਾ ਕੀਤਾ ਸੀ, ਉਦੋਂ ਕਿਸੇ ਨੂੰ ਖਿਆਲ ਵੀ ਨਹੀਂ ਸੀ, ਕਿ ਇਹ ਜੰਗ ਇਕ ਪੰਦ ?ਹਰਵਾੜੇ ਤੋਂ ਜ਼ਿਆਦਾ ਚੱਲੇਗੀ, ਪਰ ਯੂਕਰੇਨ ਨੇ ਪੱਛਮੀ ਦੇਸ਼ਾਂ ਦੀ ਮਦਦ ਨਾਲ ਨਾ ਸਿਰਫ਼ ਰੂਸ ਨੂੰ ਲਗਾਤਾਰ ਨਿਰਣਾਇਕ ਜਿੱਤ ਲਈ ਨਿਰਾਸ਼ ਕੀਤਾ ਬਲਕਿ ਇਸ ਸਾਲ ਦੀ ਸ਼ੁਰੂਆਤ ਵਿਚ ਉਮੀਦ ਇਹ ਲਗਾ ਲਈ ਗਈ ਕਿ ਯੂਕਰੇਨ ਦਾ ਜਵਾਬੀ ਹਮਲਾ ਪੂਰਬੀ ਯੂਕਰੇਨ ਅਤੇ ਸੰਭਾਵਿਤ ਕ੍ਰੀਮੀਆ 'ਤੇ ਰੂਸ ਦੀ ਪਕੜ ਨੂੰ ਤੋੜ ਸਕਦਾ ਹੈ। ਇਹ ਜਵਾਬੀ ਕਾਰਵਾਈ ਜੂਨ ਦੇ ਸ਼ੁਰੂਆਤ ਵਿਚ ਹੋਈ ਸੀ। ਪਰ ਸੈਨਿਕਾਂ ਨੂੰ ਵੱਡੀ ਪੱਧਰ 'ਤੇ ਨੁਕਸਾਨ ਪਹੁੰਚਾਉਣ ਦੇ ਬਾਵਜੂਦ ਯੁੱਧ ਰੇਖਾ ਮੁਸ਼ਕਿਲ ਨਾਲ ਹੀ ਅੱਗੇ ਵਧੀ। ਰੂਸੀ ਫ਼ੌਜ ਨੇ ਸਰਦੀਆਂ ਅਤੇ ਬਸੰਤ ਨੂੰ ਕਾਰਵਾਈ ਲਈ ਚੁਣਿਆ ਕਿਉਂਕਿ ਇਹ ਸਮਾਂ ਜਿੱਤ ਦੀ ਵਿਊ ਰਚਨਾ ਲਈ ਢੁਕਵਾਂ ਸੀ।

ਪੂਰੀ ਦੁਨੀਆ ਦਾ ਧਿਆਨ ਖਿੱਚਣ ਵਾਲੀ ਇਸ ਸਾਲ ਦੀ ਇਕ ਵੱਡੀ ਘਟਨਾ ਇਹ ਰਹੀ ਕਿ ਭਾਰਤ ਦੁਨੀਆ 'ਚ ਸਭ ਤੋਂ ਜ਼ਿਆਦਾ ਆਬਾਦੀ ਵਾਲੇ ਦੇਸ਼ ਦੇ ਰੂਪ ਵਿਚ ਚੀਨ ਤੋਂ ਅੱਗੇ ਨਿਕਲ ਗਿਆ। ਪਿਛਲੀ ਸਦੀ ਵਿਚ ਕਾਫ਼ੀ ਲੰਬੇ ਸਮੇਂ ਤੱਕ ਅਤੇ ਮੌਜੂਦਾ ਸਦੀ ਦੇ ਲਗਭਗ ਸਾਢੇ 23 ਸਾਲਾਂ ਤੱਕ ਚੀਨ ਦੇ ਸਿਰ 'ਤੇ ਸਭ ਤੋਂ ਜ਼ਿਆਦਾ ਆਬਾਦੀ ਦਾ ਤਾਜ ਰਿਹਾ ਹੈ। ਆਮ ਗਿਆਨ ਭਾਵ ਜਨਰਲ ਨਾਲੇਜ ਦੀਆਂ ਕਿਤਾਬਾਂ ਵਿਚ ਦਹਾਕਿਆਂ ਤੱਕ ਇਹ ਅੰਕੜਾ ਮੌਜੂਦ ਰਿਹਾ, ਪਰ ਹੁਣ ਇਹ ਅੰਕੜਾ ਬਦਲ ਗਿਆ ਹੈ। ਅੱਜ ਭਾਰਤ ਦੀ ਦੁਨੀਆ 'ਚ ਸਭ ਤੋਂ ਜ਼ਿਆਦਾ ਲਗਭਗ 1.43 ਅਰਬ ਦੀ ਆਬਾਦੀ ਹੈ ਅਤੇ ਆਸ ਹੈ ਕਿ ਅਗਲੇ ਦਹਾਕਿਆਂ ਤੱਕ ਇਹ ਤਾਜ ਭਾਰਤ ਦੇ ਸਿਰ 'ਤੇ ਸਜਿਆ ਰਹੇਗਾ। ਮਾਹਿਰਾਂ ਦਾ ਅੰਦਾਜ਼ਾ ਹੈ ਕਿ ਭਾਰਤ ਦੀ ਆਬਾਦੀ ਔਸਤ 29 ਸਾਲਾਂ ਦੀ ਉਮਰ ਨਾਲ ਸਦੀ ਦੇ ਅੱਧ ਤੱਕ 1.7 ਅਰਬ ਤੱਕ ਪਹੁੰਚ ਜਾਵੇਗੀ।

ਸਾਲ 2023 ਨੂੰ ਫਿਰ ਤੋਂ ਸ਼ੁਰੂ ਹੋਈ ਪੁਲਾੜ 'ਚ ਜਾਣ ਦੀ ਹੋੜ ਵਜੋਂ ਜਾਣਿਆ ਜਾਵੇਗਾ। ਨਾ ਸਿਰਫ਼ ਵੱਖ-ਵੱਖ ਦੇਸ਼ਾਂ ਬਲਕਿ ਦਰਜਨਾਂ ਕਾਰਪੋਰੇਟ ਕੰਪਨੀਆਂ ਵੀ ਇਸ ਦੌੜ 'ਚ ਸ਼ਾਮਿਲ ਹੋ ਗਈਆਂ ਹਨ। ਪੁਲਾੜ ਸੈਰ-ਸਪਾਟੇ ਦਾ ਨਵਾਂ ਸੁਪਨਮਈ ਥਾਂ ਬਣ ਗਿਆ ਹੈ। ਵੱਖ-ਵੱਖ ਦੇਸ਼ ਅਤੇ ਅਨੇਕਾਂ ਵੱਡੀਆਂ ਕਾਰਪੋਰੇਟ ਕੰਪਨੀਆਂ ਅੱਜਕਲ੍ਹ ਪੁਲਾੜ 'ਤੇ ਵੱਡਾ ਦਾਅ ਖੇਡ ਰਹੀਆਂ ਹਨ। ਅੱਜ ਦੁਨੀਆ ਦੇ 77 ਦੇਸ਼ਾਂ ਵਿਚ ਪੁਲਾੜ ਏਜੰਸੀਆਂ ਹਨ। 16 ਦੇਸ਼ ਪੁਲਾੜ ਵਿਚ ਪੇਲੋਡ ਲਾਂਚ ਕਰ ਸਕਦੇ ਹਨ। ਚੰਦਰਮਾ ਇਸ ਸਾਲ ਪੁਲਾੜ ਵਿਗਿਆਨੀਆਂ ਦੀ ਹੀ ਨਹੀਂ, ਬਹੁਤ ਸਾਰੇ ਦੇਸ਼ਾਂ ਦੇ ਸ਼ਾਸਕਾਂ ਦੀ ਵੀ ਵਿਸ਼ੇਸ਼ ਰੁਚੀ ਦਾ ਵਿਸ਼ਾ ਬਣ ਗਿਆ। ਇਸ ਸਾਲ ਰੂਸ ਦਾ ਚੰਦਰਮਾ 'ਤੇ ਫ਼ਤਹਿ ਪਾਉਣ ਦਾ ਇਕ ਹੋਰ ਯਤਨ ਨਿਰਾਸ਼ਾ ਨਾਲ ਸਮਾਪਤ ਹੋ ਗਿਆ, ਜਦੋਂ ਉਸ ਦਾ ਲੈਂਡਰ ਚੰਦਰਮਾ ਦੀ ਸਤ ?ਹਾ 'ਤੇ ਦੁਰਘਟਨਾਗ੍ਰਸਤ ਹੋ ਗਿਆ। ਪਰ ਇਸ ਤੋਂ ਕੁਝ ਹੀ ਦਿਨਾਂ ਬਾਅਦ ਭਾਰਤ ਚੰਦਰਮਾ 'ਤੇ ਮਨੁੱਖ ਤੋਂ ਬਿਨਾਂ ਲੈਂਡਰ ਯਾਨ ਉਤਾਰਨ ਵਾਲਾ ਦੁਨੀਆ ਦਾ ਚੌਥਾ ਦੇਸ਼ ਬਣ ਗਿਆ। ਜਦੋਂ ਕਿ ਚੰਦਰਮਾ ਦੇ ਦੱਖਣੀ ਧਰੁਵੀ ਖੇਤਰ ਦੇ ਨੇੜੇ ਅਜਿਹਾ ਕਰਨ ਵਾਲਾ ਦੁਨੀਆ ਦਾ ਉਹ ਸਭ ਤੋਂ ਪਹਿਲਾ ਦੇਸ਼ ਬਣ ਗਿਆ। ਦੋ ਹਫ਼ਤੇ ਬਾਅਦ ਭਾਰਤ ਨੇ ਸੂਰਜ ਦਾ ਅਧਿਐਨ ਕਰਨ ਲਈ ਜੋ ਅਦਿੱਤਿਆ ਐਲ-1 ਮਿਸ਼ਨ ਭੇਜਿਆ, ਉਸ ਦਾ ਵੀ ਪੂਰੀ ਦੁਨੀਆ ਨੇ ਮਹੱਤਵਪੂਰਨ ਕਦਮ ਦੇ ਰੂਪ ਵਿਚ ਨੋਟਿਸ ਲਿਆ। ਚੀਨ ਅਤੇ ਅਮਰੀਕਾ ਨੇ ਵੀ ਆਪਣੀਆਂ ਚੰਦਰਮਾ ਸੰਬੰਧੀ ਮਹੱਤਵਪੂਰਨ ਯੋਜਨਾਵਾਂ ਦਾ ਇਸ ਸਾਲ ਐਲਾਨ ਕੀਤਾ ਹੈ। ਨਾਸਾ ਦਾ ਨਿਸ਼ਾਨਾ 2025 ਤੱਕ ਚੰਦਰਮਾ 'ਤੇ ਪੁਲਾੜ ਯਾਤਰੀਆਂ ਨੂੰ ਭੇਜ ਕੇ ਵਾਪਸ ਲਿਆਉਣ ਦਾ ਹੈ। ਹਾਲਾਂਕਿ ਇਸ ਸਾਲ ਪੁਲਾੜ 'ਚ ਪਹੁੰਚਣ ਦੀ ਨਵੀਂ ਹੋੜ ਨੇ ਇਹ ਖ਼ਦਸ਼ਾ ਪੈਦਾ ਕਰ ਦਿੱਤਾ ਹੈ ਕਿ ਇਸ ਨਾਲ ਭੂ-ਰਾਜਨੀਤਕ ਮੁਕਾਬਲੇਬਾਜ਼ੀ ਅਤੇ ਪੁਲਾੜ ਦੇ ਫੌਜੀਕਰਨ ਨੂੰ ਵੀ ਤਰਜੀਹ ਮਿਲੇਗੀ।

ਸਮੁੰਦਰੀ ਖੋਜ ਅਤੇ ਸੈਰ-ਸਪਾਟੇ ਲਈ ਇਹ ਸਾਲ ਬਹੁਤ ਹੀ ਦੁੱਖ ਭਰਿਆ ਸਾਬਤ ਹੋਇਆ। ਜਦੋਂ ਓਸ਼ਨਗੇਟ ਕੰਪਨੀ ਵਲੋਂ ਬਣਾਈ ਗਈ ਟਾਈਟਨ ਸਬਮਰੀਨ ਪਨਡੁੱਬੀ ਜੋ ਕਿ ਅਮੀਰ ਲੋਕਾਂ ਨੂੰ ਡੁੱਬੇ ਹੋਏ ਟਾਈਟੈਨਿਕ ਜਹਾਜ਼ ਦਾ ਮਲਬਾ ਦਿਖਾਉਣ ਲਈ ਉਨ੍ਹਾਂ ਨੂੰ ਸਮੁੰਦਰ ਅੰਦਰ ਤੱਕ ਲੈ ਜਾਂਦੀ ਸੀ, ਲਾਪਤਾ ਹੋ ਗਈ। ਇਸ ਨੂੰ ਲੱਭਣ ਲਈ 4 ਦਿਨ ਤੋਂ ਜ਼ਿਆਦਾ ਸਮਾਂ ਲੱਗਾ। ਇਸ ਪਨਡੁੱਬੀ 'ਚ ਪੰਜ ਲੋਕ ਸਵਾਰ ਸਨ, ਜਿਨ੍ਹਾਂ ਵਿਚੋਂ ਇਕ ਦੀ ਉਮਰ ਮਹਿਜ਼ 19 ਜਾਂ ਇਸ ਤੋਂ ਥੋੜ੍ਹੀ ਜ਼ਿਆਦਾ ਸੀ। ਅਸਲ 'ਚ ਪਾਣੀ ਦੇ ਅੰਦਰ ਵਧੇਰੇ ਦਬਾਅ ਦੇ ਕਾਰਨ ਇਹ ਸਬਮਰੀਨ ਫਟ ਗਈ ਸੀ ਅਤੇ ਇਸ ਦਾ ਮਲਬਾ ਕਈ ਕਿੱਲੋਮੀਟਰ ਤੱਕ ਫੈਲ ਗਿਆ ਸੀ। ਇਨ੍ਹਾਂ ਅਮੀਰ ਲੋਕਾਂ ਦੀ ਮੌਤ ਤੋਂ ਦੁਖੀ ਸੈਰ-ਸਪਾਟੇ ਦੇ ਮਾਹਿਰਾਂ ਨੇ ਇਕ ਸੁਰ 'ਚ ਕਿਹਾ ਸੀ ਕਿ ਜੇਕਰ ਇਸ ਨਮੋਸ਼ੀਜਨਕ, ਨਿਰਾਥਰਕ ਸੈਰ-ਸਪਾਟੇ ਨੂੰ ਸਮਾਪਤ ਕਰ ਦਿੱਤਾ ਜਾਵੇ ਤਾਂ ਉਨ੍ਹਾਂ ਦੀ ਮੌਤ ਵਿਅਰਥ ਨਹੀਂ ਜਾਵੇਗੀ। ਇਸ ਸਾਲ ਦੀਆਂ ਦੁਨੀਆ ਨੂੰ ਹੈਰਾਨ ਕਰਨ ਦੇਣ ਵਾਲੀਆਂ ਘਟਨਾਵਾਂ 'ਚ ਤੁਰਕੀ-ਸੀਰੀਆ 'ਚ ਆਇਆ ਭੁਚਾਲ ਵੀ ਰਿਹਾ, ਜਿਥੇ ਅਸਮਾਨ ਛੂੰਹਦੀਆਂ ਇਮਾਰਤਾਂ ਵਾਕਈ ਤਾਸ਼ ਦੇ ਪੱਤਿਆਂ ਵਾਂਗ ਢਹਿ ਗਈਆਂ। ਇਸ ਵਿਨਾਸ਼ਕਾਰੀ ਭੁਚਾਲ ਦੀ ਗਤੀ ਰੈਕਟਰ ਸਕੇਲ 'ਤੇ 7.8 ਸੀ। ਇਸ ਭੁਚਾਲ 'ਚ ਅਣਗਿਣਤ ਜਾਨਾਂ ਗਈਆਂ। ਇਹ 2010 'ਚ ਹੈਤੀ 'ਚ ਆਏ ਭੁਚਾਲ ਤੋਂ ਬਾਅਦ ਦੁਨੀਆ ਦੇ ਕਿਸੇ ਵੀ ਕੋਨੇ 'ਚ ਆਏ ਭੁਚਾਲ ਤੋਂ ਬਹੁਤ ਜ਼ਿਆਦਾ ਘਾਤਕ ਸਾਬਤ ਹੋਇਆ ਸੀ। ਇਸ ਸਾਲ ਦੀਆਂ ਕਈ ਹੋਰ ਵਿਸ਼ਵ ਦੀਆਂ ਮਹੱਤਵਪੂਰਨ ਘਟਨਾਵਾਂ 'ਚ ਮੈਨਹੈਟਨ, ਗ੍ਰੈਂਡ ਜਿਊਰੀ ਵਲੋਂ ਰਾਸ਼ਟਰਪਤੀ ਟਰੰਪ 'ਤੇ ਲਗਾਇਆ ਗਿਆ ਮਹਾਂਦੋਸ਼, ਭਾਰਤ 'ਚ ਜੀ-20 ਦਾ ਸ਼ਾਨਦਾਰ ਸੰਮੇਲਨ ਜਿਸ ਦੇ ਬਾਅਦ ਨਿਊਯਾਰਕ 'ਚ ਭਾਰਤ, ਇਜ਼ਰਾਈਲ, ਯੂ.ਏ.ਈ. ਅਤੇ ਅਮਰੀਕਾ ਵਿਚਾਲੇ ਆਈ-2 ਯੂ-2 ਸਮੂਹ ਵਲੋਂ ਸਾਂਝੇ ਪੁਲਾੜ ਸਹਿਯੋਗ ਦਾ ਐਲਾਨ ਅਤੇ 14 ਜੁਲਾਈ ਨੂੰ ਫਰਾਂਸ ਦੀ ਬੇਸਤਿਲ ਡੇ ਪਰੇਡ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸ਼ਾਮਿਲ ਹੋਣਾ ਰਿਹਾ।





ਰੂਸ ਵਲੋਂ 24 ਫਰਵਰੀ, 2022 ਨੂੰ ਆਪਣੇ ਗੁਆਂਢੀ ਦੇਸ਼ ਯੂਕਰੇਨ 'ਤੇ ਹਮਲਾ ਕੀਤਾ ਗਿਆ ਸੀ। ਇਸ ਨਾਲ ਪੱਛਮੀ ਦੇਸ਼ਾਂ ਦੀ ਮਦਦ ਦੇ ਬਾਵਜੂਦ ਯੂਕਰੇਨ ਦੀ ਭਾਰੀ ਤਬਾਹੀ ਹੋਈ ਅਤੇ ਉਸ ਦੇ ਕਈ ਸੂਬਿਆਂ 'ਤੇ ਰੂਸ ਨੇ ਕਬਜ਼ਾ ਕਰ ਲਿਆ ਹੈ। ਇਸ ਸਾਲ ਵੀ ਰੂਸ ਅਤੇ ਯੂਕਰੇਨ ਦਰਮਿਆਨ ਇਹ ਜੰਗ ਜਾ ਰਹੀ।

# ਬਦਲਾਅ ਲਿਆਉਣ ਵੱਲ ਤੁਰਿਆ ਪੰਜਾਬੀ ਸਿਨਮਾ


**ਸੁਰਜੀਤ ਜੱਸਲ**





ਪੰਜਾਬੀ ਸਿਨਮਾ ਨੇ ਇਸ ਸਾਲ ਦਰਸ਼ਕਾਂ ਨੂੰ ਨਵੀਆਂ ਕਹਾਣੀਆਂ ਨਾਲ ਰੂ-ਬ-ਰੂ ਕਰਵਾ ਕੇ ਸਿਨਮਾ ਦਾ ਰੂਪ ਹੀ ਬਦਲ ਦਿੱਤਾ। ਨਿਰਦੇਸ਼ਕ ਅਮਰ ਹੁੰਦਲ ਦੀ ਪੰਜਾਬੀ ਫਿਲਮ 'ਵਾਰਨਿੰਗ' ਦੇ ਰਿਲੀਜ਼ ਤੋਂ ਬਾਅਦ ਅੱਗੇ ਆਉਣ ਵਾਲੀਆਂ ਫਿਲਮਾਂ ਦੀ ਕਹਾਣੀ ਵਿੱਚ ਗੰਭੀਰਤਾ ਆਉਣ ਲੱਗੀ। 2023 ਵਿੱਚ ਪੰਜਾਬੀ ਸਿਨਮਾ ਨੇ ਸਾਨੂੰ 50 ਦੇ ਕਰੀਬ ਫਿਲਮਾਂ ਦਿੱਤੀਆਂ, ਜਿਨ੍ਹਾਂ ਨੇ ਸਾਡੀ ਜ਼ਿੰਦਗੀ ਨੂੰ ਹਰ ਪੱਖ ਤੋਂ ਪ੍ਰਭਾਵਿਤ ਕੀਤਾ।

ਫਰਵਰੀ ਵਿੱਚ ਹਰਿੰਦਰ ਕੌਰ ਵੱਲੋਂ ਲਿਖੀ ਅਤੇ ਵਿਜੈ ਕੁਮਾਰ ਅਰੋੜਾ ਵੱਲੋਂ ਨਿਰਦੇਸ਼ਿਤ ਕੀਤੀ ਫਿਲਮ 'ਕਲੀ ਜੋਟਾ' ਔਰਤ ਦੀ ਸਮਾਜ ਵਿੱਚ ਮਾੜੀਆਂ ਪ੍ਰਸਥਿਤੀਆਂ ਵਿੱਚੋਂ ਗੁਜ਼ਰ ਕੇ ਆਪਣੀ ਮਾਨਸਿਕ ਸਥਿਤੀ ਗਵਾ ਦੇਣਾ ਵਿਖਾਉਂਦੀ ਹੈ। ਨੀਰੂ ਬਾਜਵਾ ਦੇ ਕਿਰਦਾਰ 'ਰਾਬੀਆ' ਵਿੱਚ ਉਸ ਦੀ ਬਾਕਮਾਲ ਅਦਾਕਾਰੀ ਦਿਲਾਂ ਨੂੰ ਹਲੂਣ ਦਿੰਦੀ ਹੈ। ਕਾਲਜ ਦੇ ਪਿਆਰ ਤੋਂ ਸਕੂਲ ਅਧਿਆਪਕ ਅਤੇ ਅਧਿਆਪਕ ਤੋਂ ਪਾਗਲਖਾਨੇ ਤੱਕ ਦਾ ਉਸ ਦਾ ਸਫ਼ਰ ਸਾਨੂੰ ਸਮਾਜ 'ਤੇ ਵਿਚਾਰ ਕਰਨ ਲਈ ਮਜਬੂਰ ਕਰਦਾ ਹੈ। ਫਿਲਮ ਦਾ ਇਹ ਵਿਸ਼ਾ ਸਮਾਜ ਦੀ ਅਸਲ ਮਾਨਸਿਕਤਾ ਦੱਸਦਾ ਹੋਇਆ ਸਾਨੂੰ ਆਪਣੀ ਸੋਚ ਵਿੱਚ ਤਬਦੀਲੀ ਲਿਆਉਣ ਦੀ ਸਲਾਹ ਦਿੰਦਾ ਹੈ। ਇਸ ਫਿਲਮ ਦਾ ਖ਼ੂਬਸੂਰਤ ਗੀਤ 'ਰੁਤਬਾ' ਵੀ ਪ੍ਰਸ਼ੰਸਕਾਂ ਦੇ ਬੁੱਲ੍ਹਾਂ 'ਤੇ ਕਾਫ਼ੀ ਸਮੇਂ ਤੱਕ ਗੂੰਜਦਾ ਰਿਹਾ। ਇਹ ਫਿਲਮ ਸਾਲ ਦੀ ਸ਼ੁਰੂਆਤ ਵਿੱਚ ਆਪਣੀ ਸਫਲਤਾ ਦੇ ਝੰਡੇ ਗੱਡਦੀ ਹੋਈ ਪੰਜਾਬੀ ਦਰਸ਼ਕਾਂ ਵਿੱਚ ਚਰਚਾ ਦਾ ਵਿਸ਼ਾ ਬਣੀ।




ਇਸੇ ਮਹੀਨੇ ਤਿੰਨ ਹੋਰ ਫਿਲਮਾਂ- 'ਤੂੰ ਹੋਵੇਂ ਮੈਂ ਹੋਵਾਂ', 'ਗੋਲ ਗੱਪੇ' ਅਤੇ 'ਜੀ ਵਾਈਫ ਜੀ' ਰਿਲੀਜ਼ ਹੋਈਆਂ। ਇਨ੍ਹਾਂ ਵਿੱਚੋਂ 'ਤੂੰ ਹੋਵੇਂ ਮੈਂ ਹੋਵਾਂ' ਫਿਲਮ ਵਿਆਹੇ ਜੋੜੇ ਦੇ ਰਿਸ਼ਤੇ ਦੀਆਂ ਟੁੱਟਦੀਆਂ ਗੰਢਾਂ ਦਾ ਪ੍ਰਭਾਵ, ਉਨ੍ਹਾਂ ਦੇ ਬੱਚਿਆਂ ਦੇ ਨਜ਼ਰੀਏ ਅਤੇ ਉਨ੍ਹਾਂ ਦੀ ਆਪਣੀ ਜ਼ਿੰਦਗੀ ਦੀ ਉਲਟ-ਪੁਲਟ ਵਿੱਚ ਵਿਖਾਇਆ ਗਿਆ ਹੈ। ਇਹ ਫਿਲਮ ਭਾਵੁਕਤਾ ਦੇ ਨਾਲ-ਨਾਲ ਕਾਮੇਡੀ ਭਰਪੂਰ ਵੀ ਹੈ। 'ਗੋਲ ਗੱਪੇ' ਅਤੇ 'ਜੀ ਵਾਈਫ ਜੀ' ਦੋਵੇਂ ਫਿਲਮਾਂ ਦਰਸ਼ਕਾਂ ਲਈ ਮਨੋਰੰਜਨ ਭਰਪੂਰ ਸਾਬਤ ਹੋਈਆਂ। ਮਾਰਚ ਮਹੀਨੇ ਦੀ ਸ਼ੁਰੂਆਤ ਗਿੱਪੀ ਗਰੇਵਾਲ ਦੀ ਫਿਲਮ 'ਮਿੱਤਰਾਂ ਦਾ ਨਾਂ ਚੱਲਦਾ' ਨਾਲ ਹੁੰਦੀ ਹੈ। ਇਹ ਫਿਲਮ ਚਾਰ ਕੁੜੀਆਂ 'ਤੇ ਲੱਗੇ ਇਲਜ਼ਾਮ ਦੀ ਵਕਾਲਤੀ ਜੰਗ ਨੂੰ ਹਕਲਾਅ ਕੇ ਗੱਲ ਕਰਨ ਵਾਲੇ ਇਨਸਾਨ ਦੇ ਨਜ਼ਰੀਏ ਤੋਂ ਪੇਸ਼ ਕਰਦੀ ਹੈ। ਇਸ ਫਿਲਮ ਵਿੱਚ ਔਰਤਾਂ 'ਤੇ ਹੁੰਦੇ ਅੱਤਿਆਚਾਰਾਂ ਦੀ ਪੇਸ਼ਕਾਰੀ ਕੀਤੀ ਗਈ ਹੈ।

ਜਗਦੀਪ ਵੜਿੰਗ ਵੱਲੋਂ ਲਿਖੀ ਅਤੇ ਉਦੈ ਪ੍ਰਤਾਪ ਸਿੰਘ ਵੱਲੋਂ ਨਿਰਦੇਸ਼ਿਤ ਫਿਲਮ 'ਐਸ ਜਹਾਨੋਂ ਦੂਰ ਕਿਤੇ ਚੱਲ ਜਿੰਦੀਏ' ਬਾਕੀ ਫਿਲਮਾਂ ਨਾਲੋਂ ਚੰਗੀ ਸਾਬਤ ਹੋਈ। ਬੇਗਾਨੇ ਮੁਲਕ ਵਿੱਚ ਵੱਸਦੇ ਪੰਜਾਬੀਆਂ ਦੀ ਅਣਕਹੀ ਕਹਾਣੀ 'ਤੇ ਬਣੀ ਇਹ ਫਿਲਮ ਦਰਸ਼ਕਾਂ ਦੀਆਂ ਅੱਖਾਂ ਵਿੱਚੋਂ ਹੰਝੂ ਕੱਢਾ ਕੇ ਆਪਣਾ ਸੁਨੇਹਾ ਦਿੰਦੀ ਹੈ। ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਬਾਹਰ ਗਏ ਪੰਜਾਬੀਆਂ ਨੂੰ ਜਦ ਉਧਰਲੇ ਸਮਾਜ ਦੇ ਵੱਖਰ ਤੌਰ ਤਰੀਕਿਆਂ ਅਤੇ ਪ੍ਰਸਥਿਤੀਆਂ ਵਿੱਚੋਂ ਗੁਜ਼ਰ ਕੇ ਸੰਘਰਸ਼ ਕਰਨਾ ਪੈਂਦਾ ਹੈ, ਉਦੋਂ ਉਨ੍ਹਾਂ ਨੂੰ ਆਪਣੀ ਮਿੱਟੀ ਤੋਂ ਵੱਖ ਹੋਣ ਦਾ ਮੁੱਲ ਪਤਾ ਲੱਗਦਾ ਹੈ।

ਮਨਦੀਪ ਬੈਨੀਪਾਲ ਵੱਲੋਂ ਨਿਰਦੇਸ਼ਿਤ ਫਿਲਮ 'ਯਾਰਾਂ ਦਾ ਰੁਤਬਾ' ਐਕਸ਼ਨ ਫਿਲਮ ਤਾਂ ਹੈ ਹੀ, ਪ੍ਰੰਤੂ ਇਹ ਤੁਹਾਨੂੰ ਇੱਕ ਅਲੱਗ ਤਰ੍ਹਾਂ ਦੇ ਰਹੱਸਮਈ ਸਫ਼ਰ 'ਤੇ ਲੈ ਕੇ ਜਾਂਦੀ ਹੈ। ਇੱਕ ਹੋਰ ਐਕਸ਼ਨ ਭਰਪੂਰ ਫਿਲਮ ਸਿਮਰਨਜੀਤ ਸਿੰਘ ਹੁੰਦਲ ਵੱਲੋਂ ਲਿਖੀ 'ਮਾਈਨਿੰਗ- ਰੇਤੇ 'ਤੇ ਕਬਜ਼ਾ' ਵੀ ਰਿਲੀਜ਼ ਹੋਈ। ਇਹ ਫਿਲਮ ਪੰਜਾਬ ਦੀ ਧਰਤੀ ਦੀਆਂ ਜੜ੍ਹਾਂ ਪੋਲੀਆਂ ਕਰਨ ਵਾਲੇ ਲੋਕਾਂ ਦੀ ਖੂਨੀ ਜ਼ਿੰਦਗੀ ਦੀ ਕਹਾਣੀ ਬਿਆਨਦੀ ਹੈ।

ਮਈ ਮਹੀਨੇ ਦੀ ਸ਼ੁਰੂਆਤ 'ਚ ਰਿਲੀਜ਼ ਹੋਈ ਅੰਬਰਦੀਪ ਸਿੰਘ ਵੱਲੋਂ ਲਿਖੀ ਅਤੇ ਨਿਰਦੇਸ਼ਿਤ ਫਿਲਮ 'ਜੋੜੀ' 1980 ਦੇ ਦਹਾਕੇ ਵਾਲੇ ਪੰਜਾਬ ਦੀ ਦੋਗਾਣਾ ਗਾਇਕੀ ਦੇ ਸੱਭਿਆਚਾਰ ਤੋਂ ਜਾਣੂ ਕਰਵਾਉਂਦੀ ਹੈ। ਦਿਲਜੀਤ ਦੁਸਾਂਝ ਦਾ ਕਿਰਦਾਰ ਅਮਰ (ਸਿਤਾਰਾ) ਕਿਵੇਂ ਮਾਪਿਆਂ ਬਗੈਰ ਉਸਤਾਦਾਂ ਦਾ ਸਾਜ਼ੀ ਬਣ ਕੇ ਵੱਡਾ ਹੋਇਆ ਅਤੇ ਖੁਦ ਗਾਇਕ ਬਣਨ ਦੀ ਉਸ ਦੀ ਉਮੰਗ ਉਸ ਨੂੰ ਇੰਡਸਟਰੀ ਦੀਆਂ ਚੰਗਿਆਈਆਂ ਦੇ ਨਾਲ-ਨਾਲ ਬੁਰਾਈਆਂ, ਲੋਕਾਂ ਦੀ ਆਲੋਚਨਾ, ਸਹਿ ਗਾਇਕਾਂ ਦੀ ਧੱਕੇਸ਼ਾਹੀ ਅਤੇ ਈਰਖਾ ਦਾ ਵੀ ਸਾਹਮਣਾ ਕਰਵਾਉਂਦੀ ਹੈ। ਨਿਮਰਤ ਖਹਿਰਾ ਦੇ ਕਿਰਦਾਰ ਕਮਲਜੋਤ ਨਾਲ ਉਸ ਦੀ ਜੋੜੀ ਇਸ ਫਿਲਮ ਦੀ ਪ੍ਰਸਿੱਧੀ ਵਿੱਚ ਚਾਰ ਚੰਨ ਲਾਉਂਦੀ ਹੈ। ਫਿਲਮ ਦਾ 'ਕੱਲਾ 'ਕੱਲਾ ਗੀਤ ਪੁਰਾਣੇ ਪੰਜਾਬ ਦੀ ਗੀਤਕਾਰੀ ਦੀ ਝਾਕੀ ਦਿਖਾਉਂਦਾ ਪੁਰਾਣੀਆਂ ਯਾਦਾਂ ਤਾਜ਼ੀਆਂ ਕਰਵਾ ਦਿੰਦਾ ਹੈ। ਬਲਵਿੰਦਰ ਬੁਲਟ, ਹਰਦੀਪ ਗਿੱਲ, ਦ੍ਰਿਸ਼ਟੀ ਗਰੇਵਾਲ, ਗੁਰਸ਼ਬਦ ਸਿੰਘ, ਮਿੰਟੂ ਕਾਪਾ, ਰਵਿੰਦਰ ਮੰਡ, ਸੁਖਵਿੰਦਰ ਰਾਜ, ਹਰਸਿਮਰਤ ਸਿੰਘ ਆਦਿ ਕਲਾਕਾਰਾਂ ਨੇ ਵੀ ਇਸ ਫਿਲਮ ਵਿੱਚ ਆਪਣੀ ਅਦਾਕਾਰੀ ਦੀ ਉਚੇਰੀ ਸੀਮਾ ਨੂੰ ਛੂਹਿਆ ਹੈ। ਇਨ੍ਹਾਂ ਸਭ ਕਾਰਨਾਂ ਕਰਕੇ ਇਹ ਫਿਲਮ ਸਾਲ 2023 ਦੀਆਂ ਪ੍ਰਸਿੱਧ ਫਿਲਮਾਂ ਵਿੱਚੋਂ ਇੱਕ ਬਣੀ।

ਵ੍ਹਾਈਟ ਹਿੱਲ ਸਟੂਡੀਓਜ਼ ਦੇ ਬੈਨਰ ਹੇਠ ਬਣੀ ਤੇ ਤਾਜ ਵੱਲੋਂ ਨਿਰਦੇਸ਼ਿਤ ਕੀਤੀ ਗਈ ਫਿਲਮ 'ਪੇਂਟਰ' ਇੱਕ ਨੌਜਵਾਨ ਦੇ ਦੁਨੀਆ ਵੱਲ ਉਸ ਦੇ ਵੱਖਰੇ ਨਜ਼ਰੀਏ ਦੀ ਪੇਸ਼ਕਾਰੀ ਹੈ। ਰੰਗਾਂ ਦੀ ਦੁਨੀਆ ਵਿੱਚ ਰੰਗਿਆ, ਮਨਭਾਉਂਦੀਆਂ ਚੀਜ਼ਾਂ ਨੂੰ ਤਸਵੀਰ ਬਣਾ ਕੇ ਕੈਦ ਕਰਦਾ ਇਹ ਨੌਜਵਾਨ ਫਿਲਮ ਇੰਡਸਟਰੀ 'ਚ ਧੱਕੇ ਖਾ ਰਹੀ ਇੱਕ ਕੁੜੀ ਵਾਸਤੇ ਫਰਿਸ਼ਤਾ ਸਾਬਤ ਹੁੰਦਾ ਹੈ। ਮੁੱਖ ਤੌਰ 'ਤੇ ਇਹ ਫਿਲਮ ਇੱਕ ਵੱਖਰੇ ਵਿਸ਼ੇ ਦੀ ਫਿਲਮ ਹੁੰਦਿਆਂ ਹੋਇਆਂ ਵੀ ਬਦਕਿਸਮਤੀ ਨਾਲ ਦਰਸ਼ਕਾਂ ਦਾ ਧਿਆਨ ਆਪਣੇ ਵੱਲ ਜ਼ਿਆਦਾ ਨਾ ਖਿੱਚ ਸਕੀ।

ਪੰਜਾਬ ਵਿੱਚ ਇੱਕ ਵੇਲੇ ਅਜਿਹਾ ਸਮਾਂ ਹੁੰਦਾ ਸੀ ਜਦੋਂ ਔਰਤਾਂ ਨੂੰ ਵਿਆਹ ਦੀ ਬਰਾਤ ਵਿੱਚ ਸ਼ਾਮਲ ਨਹੀਂ ਸੀ ਹੋਣ ਦਿੱਤਾ ਜਾਂਦਾ। ਫਿਲਮ 'ਗੋਡੇ ਗੋਡੇ ਚਾਅ' ਉਸ ਵੇਲੇ ਦੀਆਂ ਔਰਤਾਂ ਦੇ ਇਨ੍ਹਾਂ ਚਾਵਾਂ ਦੀ ਆਵਾਜ਼ ਬਣਦੀ ਹੈ। ਜਗਦੀਪ ਸਿੱਧੂ ਵੱਲੋਂ ਲਿਖੀ ਅਤੇ ਵਿਜੈ ਕੁਮਾਰ ਅਰੋੜਾ ਵੱਲੋਂ ਨਿਰਦੇਸ਼ਿਤ ਇਹ ਫਿਲਮ 2023 ਦੀਆਂ ਪ੍ਰਸਿੱਧ ਫਿਲਮਾਂ ਦੀ ਸੂਚੀ ਵਿੱਚ ਵੱਖਰੀ ਕਾਮੇਡੀ, ਕਹਾਣੀ ਅਤੇ ਸਕਰੀਨਪਲੇ ਦੀ ਸਰਲਤਾ ਕਰਕੇ ਸ਼ਾਮਲ ਹੁੰਦੀ ਹੈ।

ਗਿੱਪੀ ਗਰੇਵਾਲ ਆਪਣੀ 'ਕੈਰੀ ਆਨ ਜੱਟਾ' ਫਰੈਂਚਾਇਜ਼ ਕਰਕੇ ਬਹੁਤ ਪ੍ਰਸਿੱਧ ਹੈ। ਇਸ ਸਾਲ ਜੂਨ ਮਹੀਨੇ ਵਿੱਚ ਇਸ ਦਾ ਇੱਕ ਹੋਰ ਪਾਰਟ 'ਕੈਰੀ ਆਨ ਜੱਟਾ 3' ਰਿਲੀਜ਼ ਹੋਇਆ। ਜਿਸ ਨੇ ਦਰਸ਼ਕਾਂ ਨੂੰ ਹਰ ਵਾਰ ਦੀ ਤਰ੍ਹਾਂ ਹਸਾ ਕੇ ਲੋਟ-ਪੋਟ ਤਾਂ ਕੀਤਾ ਹੀ, ਪ੍ਰੰਤੂ ਇਸ ਨੇ ਹੋਰ ਵੀ ਕਈ ਰਿਕਾਰਡ ਤੋੜੇ। ਪੰਜਾਬੀ ਸਿਨਮਾ ਦੀ ਇਹ ਪਹਿਲੀ ਫਿਲਮ ਬਣ ਗਈ ਜਿਸ ਨੇ 100 ਕਰੋੜ ਤੋਂ ਵੱਧ ਦੀ ਕਮਾਈ ਕੀਤੀ। ਇੰਗਲੈਂਡ ਦੇ ਲੰਡਨ ਸ਼ਹਿਰ 'ਚ ਰੱਖੀ ਇਸ ਫਿਲਮ ਦੀ ਨੀਂਹ ਇਸ ਦੇ ਵੱਖਰੇ ਵਾਤਾਵਰਨ ਸਦਕਾ ਕੈਨੇਡਾ ਵਿੱਚ ਵਸਦੇ ਪੰਜਾਬੀਆਂ ਦੀ ਪ੍ਰਸ਼ੰਸਾ ਦਾ ਵੀ ਕੇਂਦਰ ਬਣੀ।

ਜੈ ਰੰਧਾਵਾ ਦੀ ਫਿਲਮ 'ਮੈਡਲ' ਦਾ ਐਕਸ਼ਨ ਬੌਲੀਵੁੱਡ ਅਤੇ ਸਾਊਥ ਦੀਆਂ ਸ਼ਾਨਦਾਰ ਫਿਲਮਾਂ ਦੇ ਐਕਸ਼ਨ ਦਾ ਪੱਧਰ ਨਾਲ ਆ ਕੇ ਖੜ੍ਹਦਾ ਹੈ। ਫਿਲਮ ਵਿੱਚ ਜੈ ਰੰਧਾਵਾ ਵੱਲੋਂ ਨਿਭਾਏ ਕਿਰਦਾਰ ਦੀ ਜ਼ਿੰਦਗੀ ਦੇ ਦੋ ਪਹਿਲੂ ਉਸ ਨੂੰ ਕਲਾ ਪ੍ਰਤੀ ਗੰਭੀਰ ਅਦਾਕਾਰ ਸਿੱਧ ਕਰਦੇ ਹਨ। ਫਿਲਮ ਦੀ ਐਕਸ਼ਨ ਕੋਰਿਓਗ੍ਰਾਫ਼ੀ ਇਸ ਦੀ ਜਾਨ ਹੈ।

'ਮੌੜ' ਫਿਲਮ ਵੀ ਖ਼ੂਬ ਚਰਚਾ ਵਿੱਚ ਰਹੀ। ਜਿਉਣਾ ਮੌੜ ਦੇ ਕਿਰਦਾਰ ਦੀ ਅਦਾਕਾਰੀ ਇਸ ਵਾਰ ਐਮੀ ਵਿਰਕ ਨੇ ਕੀਤੀ, ਜਿਸ ਨੂੰ ਲੋਕਾਂ ਨੇ ਐਨਾ ਪਸੰਦ ਨਹੀਂ ਕੀਤਾ। ਫਿਲਮ ਦੀ ਥੀਮ ਅਤੇ ਵੱਖਰੀ ਸਿਨੇਮੈਟੋਗ੍ਰਾਫ਼ੀ ਲੋਕਾਂ ਨੂੰ ਚੰਗੀ ਲੱਗੀ। ਐਮੀ ਵਿਰਕ ਤੋਂ ਇਲਾਵਾ ਦੇਵ ਖਰੋੜ, ਨਾਇਕਾਰਾ ਕੌਰ, ਗੁਰਲੇਜ਼ ਅਖ਼ਤਰ, ਕੁਲਜਿੰਦਰ ਸਿੱਧੂ, ਬਲਜਿੰਦਰ ਕੌਰ, ਵਿਕਰਮ ਜੀਤ ਵਿਰਕ, ਰਾਮ ਔਜਲਾ, ਜਰਨੈਲ ਸਿੰਘ, ਅਮੀਕ ਵਿਰਕ ਨੇ ਚੰਗੇ ਕਿਰਦਾਰ ਨਿਭਾਏ। ਧੀਰਜ ਕੁਮਾਰ ਇਸ ਬਾਰ ਫਿਰ ਆਪਣੀ ਫਿਲਮ 'ਪੌਣੇ 9' ਕਰਕੇ ਚਰਚਾ ਵਿੱਚ ਰਿਹਾ। ਬਲਜੀਤ ਨੂਰ ਵੱਲੋਂ ਡਾਇਰੈਕਟ ਕੀਤੀ ਇਹ ਥ੍ਰਿਲਰ ਫਿਲਮ ਦਰਸ਼ਕਾਂ ਨੂੰ ਇਸ ਦੀ ਵੱਖਰੀ ਕਹਾਣੀ ਕਰਕੇ ਬਹੁਤ ਪਸੰਦ ਆਈ।

ਅਗਸਤ ਵਿੱਚ ਸਰਨ ਆਰਟ ਵੱਲੋਂ ਨਿਰਦੇਸ਼ਿਤ ਫਿਲਮ 'ਮਸਤਾਨੇ' ਰਿਲੀਜ਼ ਹੁੰਦੀ ਹੈ ਜਿਸ ਦੇ ਪ੍ਰਭਾਵ ਸਦਕਾ ਅਗਲੇ ਇੱਕ ਮਹੀਨੇ ਤੱਕ ਇਸ ਦੇ ਸਾਰੇ ਸ਼ੋਅ ਹਾਊਸਫੁੱਲ ਰਹੇ। ਬੌਲੀਵੁੱਡ ਪੱਧਰ ਦੇ ਸੈੱਟ ਡਿਜ਼ਾਇਨ 'ਚ ਨਵਾਬਾਂ ਦੇ ਰਾਜ ਵੇਲੇ ਦੀ ਕਹਾਣੀ ਦੱਸਦੀ ਇਹ ਫਿਲਮ ਔਰਤਾਂ 'ਤੇ ਹੁੰਦੇ ਅੱਤਿਆਚਾਰਾਂ ਦਾ ਟਾਕਰਾ ਕਰਨ ਲਈ ਸਿੱਖਾਂ ਦਾ ਸੰਘਰਸ਼ ਵਿਖਾਉਂਦੀ ਹੈ। ਪੰਜਾਬੀ ਤੋਂ ਇਲਾਵਾ ਇਸ ਫਿਲਮ ਨੂੰ ਤਮਿਲ, ਤੇਲਗੂ ਅਤੇ ਮਰਾਠੀ ਵਿੱਚ ਵੀ ਡੱਬ ਕਰਕੇ ਰਿਲੀਜ਼ ਕੀਤਾ ਗਿਆ। ਤਰਸੇਮ ਜੱਸੜ, ਗੁਰਪ੍ਰੀਤ ਘੁੱਗੀ, ਬਨਿੰਦਰ ਬਨੀ, ਕਰਮਜੀਤ ਅਨਮੋਲ, ਹਨੀ ਮੱਟੂ ਦੇ ਮਸਤ ਕਿਰਦਾਰਾਂ 'ਤੇ ਪਿਆ ਸਿੱਖਾਂ ਦਾ ਪ੍ਰਭਾਵ ਫਿਲਮ ਦੇ ਕਲਾਈਮੈਕਸ ਵਿੱਚ ਦਸਤਾਰ ਸਜਾ ਕੇ ਮੁਗਲਾਂ ਨਾਲ ਲੜਨ ਵਿੱਚ ਵਿਖਾਇਆ ਗਿਆ ਹੈ। ਫਿਲਮ ਦੇ ਆਖ਼ਰ ਵਿੱਚ ਗੁਰਪ੍ਰੀਤ ਘੁੱਗੀ ਦੇ ਕਿਰਦਾਰ ਵੱਲੋਂ ਕੀਤੀ ਅਰਦਾਸ ਵਿੱਚ ਸਿਨਮਾ ਅੰਦਰ ਬੈਠੇ ਦਰਸ਼ਕ ਵੀ ਸੀਟ ਤੋਂ ਖੜ੍ਹੇ ਹੋ ਕੇ ਸਿਰ ਢੱਕ ਕੇ ਸ਼ਾਮਲ ਹੋਏ। ਇਸ ਤੋਂ ਵੱਡਾ ਸਿਨਮਾ ਦਾ ਦਰਸ਼ਕਾਂ ਉੱਪਰ ਪ੍ਰਭਾਵ ਹੋਰ ਕਿਤੇ ਨਹੀਂ ਵੇਖਿਆ ਗਿਆ ਹੋਵੇਗਾ। ਇਸ ਫਿਲਮ ਨੇ 69 ਕਰੋੜ ਦੀ ਕਮਾਈ ਕੀਤੀ।

ਅਮੀਕ ਵਿਰਕ ਦੀ ਫਿਲਮ 'ਜੂਨੀਅਰ' ਵੀ ਇਸ ਦੀ ਅਪਰਾਧ ਦੀ ਦੁਨੀਆ ਦੀ ਕਹਾਣੀ ਅਤੇ ਐਕਸ਼ਨ ਕਰਕੇ ਦਰਸ਼ਕਾਂ ਦੀ ਪਸੰਦ ਬਣੀ। ਨੀਰੂ ਬਾਜਵਾ ਦੀ ਫਿਲਮ 'ਬੂਹੇ-ਬਾਰੀਆਂ' ਔਰਤਾਂ ਦੇ ਹੱਕਾਂ ਦੀ ਰਾਖੀ ਲਈ ਬਣਾਈ ਗਈ ਇੱਕ ਸਮਾਜਿਕ ਫਿਲਮ ਸੀ, ਜਿਸ ਨੂੰ ਉਦੈ ਪ੍ਰਤਾਪ ਸਿੰਘ ਨੇ ਨਿਰਦੇਸ਼ਿਤ ਕੀਤਾ। ਇਸੇ ਵਿਸ਼ੇ 'ਤੇ ਅਕਤੂਬਰ ਵਿੱਚ ਪ੍ਰੇਮ ਸਿੰਘ ਸਿੱਧੂ ਵੱਲੋਂ ਡਾਇਰੈਕਟ ਕੀਤੀ ਫਿਲਮ 'ਚਿੜੀਆਂ ਦਾ ਚੰਬਾ' ਵੀ ਰਿਲੀਜ਼ ਹੋਈ। ਜਿਸ ਵਿਚਲੀ ਵਿਖਾਈ ਗਈ ਚਾਰ ਕੁੜੀਆਂ ਦੀ ਸਮਾਜਿਕ ਪ੍ਰਸਥਿਤੀ ਨਾਲ ਜੂਝਣ ਸਦਕਾ ਹੋਈ ਮਾੜੀ ਦਸ਼ਾ ਇਸ ਨੂੰ ਸਾਡੇ ਲਈ ਭਾਵੁਕ ਭਰਿਆ ਬਣਾ ਦਿੰਦੀ ਹੈ। ਇਸ ਦੌਰਾਨ ਡਾਇਰੈਕਟਰ ਸਿਮਰਨ ਸਿੰਘ ਦੀ ਫਿਲਮ 'ਪਿੰਡ ਅਮਰੀਕਾ' ਨੇ ਦਰਸ਼ਕਾਂ ਨੂੰ ਬਾਹਰ ਗਏ ਮਾਪਿਆਂ ਦੀ ਨੂੰਹ-ਪੁੱਤਰਾਂ ਵੱਲੋਂ ਕੀਤੀ ਜਾਂਦੀ ਬੇਕਦਰੀ ਦੀ ਕਹਾਣੀ ਵਿਖਾਈ, ਪ੍ਰੰਤੂ ਇਹ ਦਰਸ਼ਕਾਂ ਦਾ ਭਰਵਾਂ ਹੁੰਗਾਰਾ ਹਾਸਲ ਨਾ ਕਰ ਸਕੀ।

ਨਸ਼ਿਆਂ ਦੇ ਮੁੱਦੇ ਨੂੰ ਲੈ ਕੇ ਇਸ ਸਾਲ ਦੋ ਫਿਲਮਾਂ 'ਜ਼ਿੰਦਗੀ ਜ਼ਿੰਦਾਬਾਦ' ਅਤੇ 'ਵ ?ਹਾਈਟ ਪੰਜਾਬ' ਰਿਲੀਜ਼ ਹੋਈਆਂ। 'ਜ਼ਿੰਦਗੀ ਜ਼ਿੰਦਾਬਾਦ' ਰਾਹੀਂ ਪ੍ਰੇਮ ਸਿੰਘ ਸਿੱਧੂ ਨੇ ਨਸ਼ਿਆਂ ਦੇ ਦਲਦਲ ਨੂੰ ਹਰ ਪੱਖੋਂ ਵਿਖਾ ਕੇ ਨਿਰਦੇਸ਼ਿਤ ਕੀਤਾ। ਦੂਜੇ ਪਾਸੇ ਫਿਲਮ 'ਵ ?ਹਾਈਟ ਪੰਜਾਬ' 'ਚ ਵੀ ਨਸ਼ੇ ਦੇ ਜਾਲ 'ਚ ਫਸੀ ਪੰਜਾਬ ਦੀ ਨੌਜਵਾਨੀ ਨੂੰ ਬਾਹਰ ਕੱਢਣ ਦਾ ਯਤਨ ਕੀਤਾ ਗਿਆ।

ਇੰਗਲੈਂਡ ਦੇ ਸ਼ਹਿਰ ਸਾਊਥਾਲ ਇਲਾਕੇ ਵਿੱਚ ਬਣੀਆਂ ਦੋ ਪੰਜਾਬੀ ਫਿਲਮਾਂ 'ਮੁੰਡਾ ਸਾਊਥਾਲ ਦਾ' ਅਤੇ 'ਸਿੱਧੂਜ਼ ਆਫ ਸਾਊਥਾਲ' ਵੀ ਰਿਲੀਜ਼ ਹੋਈਆਂ। ਦੋਵੇਂ ਫਿਲਮਾਂ ਨੇ ਦਰਸ਼ਕਾਂ ਦਾ ਚੰਗਾ ਮਨੋਰੰਜਨ ਕੀਤਾ। ਦਲਜਿੰਦਰ ਬਸਰਾ ਵੱਲੋਂ ਨਿਰਦੇਸ਼ਿਤ ਫਿਲਮ 'ਯੂਥ ਫੈਸਟੀਵਲ' ਵਿੱਚ ਵਿਦਿਆਰਥੀਆਂ ਦੇ ਟਰਾਫ਼ੀ ਜਿੱਤਣ ਪ੍ਰਤੀ ਵਿਖਾਏ ਜੋਸ਼ ਅਤੇ ਮਿਹਨਤ ਵਾਲੀ ਕਹਾਣੀ ਨੇ ਦਰਸ਼ਕਾਂ ਦਾ ਚੰਗਾ ਮਨੋਰੰਜਨ ਕੀਤਾ।

ਇਸ ਸਾਲ ਓ.ਟੀ.ਟੀ. ਫ਼ਿਲਮਾਂ ਦੀ ਦੌੜ ਵੀ ਚੰਗੀ ਰਹੀ। ਚੌਪਾਲ 'ਤੇ ਰਿਲੀਜ਼ ਹੋਈਆਂ 'ਬੇਨਕਾਬ ਚਿਹਰੇ',' ਫੁੱਲ ਮੂਨ', 'ਹਵਾ', 'ਬੰਦੇ ਖਾਣੀ ਬੰਦੂਕ ਨਾਗਣੀ', 'ਹਾਈ ਸਕੂਲ ਲਵ', 'ਝੂਠਨੀ ਦੇ', 'ਘੋੜਾ ਢਾਈ ਕਦਮ', 'ਸਭ ਫੜੇ ਜਾਣਗੇ' ਵਰਗੀਆਂ ਫਿਲਮਾਂ ਨੇ ਵੀ ਦਰਸ਼ਕਾਂ ਦਾ ਮਨਪ੍ਰਚਾਵਾ ਕੀਤਾ। ਖ਼ਾਸ ਕਰ ਧੀਰਜ ਕੁਮਾਰ ਦੀ ਫਿਲਮ 'ਫੁੱਲ ਮੂਨ' ਨੇ ਇਸ ਦੇ ਵੱਖਰੇ ਵਿਸ਼ੇ ਦੀ ਪੇਸ਼ਕਾਰੀ ਸਦਕਾ ਦਰਸ਼ਕਾਂ ਦੀ ਪ੍ਰਸ਼ੰਸਾ ਪ੍ਰਾਪਤ ਕੀਤੀ।

ਇਸ ਸਾਲ ਪੰਜਾਬੀ ਸਿਨਮਾ ਨੇ ਆਪਣੇ ਜੌਹਰ ਹਰ ਜਗ੍ਹਾ ਵਿਖਾਏ। ਫਿਲਮ 'ਮਸਤਾਨੇ' ਅਤੇ 'ਚੇਤਾ ਸਿੰਘ' ਦੀ ਬੌਲੀਵੁੱਡ ਦੀਆਂ ਫਿਲਮਾਂ ਨਾਲ ਤੁਲਨਾ ਕਰਕੇ ਵੱਖ ਵੱਖ ਮੀਡੀਆ ਚੈਨਲਾਂ ਨੇ ਇਸ ਦੀ ਪ੍ਰਸ਼ੰਸਾ ਕੀਤੀ। ਫਿਲਮਾਂ ਦਾ ਮਕਸਦ ਦਰਸ਼ਕਾਂ ਦਾ ਮਨੋਰੰਜਨ ਕਰਨ ਦੇ ਨਾਲ ਨਾਲ ਸਮਾਜ ਪ੍ਰਤੀ ਨਜ਼ਰੀਏ ਵਿੱਚ ਇੱਕ ਤਬਦੀਲੀ ਲਿਆਉਣਾ ਵੀ ਹੈ। ਪੰਜਾਬੀ ਸਿਨਮਾ ਦਾ ਰੂਪ ਹਰ ਸਾਲ ਬਦਲ ਰਿਹਾ ਹੈ। ਕਹਾਣੀਆਂ ਵਿੱਚ ਆ ਰਹੀ ਗਹਿਰਾਈ ਅਤੇ ਪਾਤਰਾਂ ਦੀ ਗੰਭੀਰਤਾ ਮੁੱਖ ਚੀਜ਼ ਬਣ ਗਈ ਹੈ।



# ਸਸਤੀ ਸ਼ੋਹਰਤ ਹਮੇਸ਼ਾ ਥੋੜ੍ਹਚਿਰੀ ਹੁੰਦੀ ਹੈ ਇਸ ਲਈ ਹਰ ਗੀਤਕਾਰ ਨੂੰ ਇਸ ਸਮਾਜ ਦੇ ਭਲੇ ਲਈ ਵੀ ਸੋਚਣਾ ਚਾਹੀਦਾ

## ਵਿਰਸੇ ਦੀਆਂ ਨਿਸ਼ਾਨੀਆਂ ਸਾਂਭਣ ਵਾਲਾ ਬੱਬੂ ਮਾਹਿਲਪੁਰੀ

**ਅਕਸਰ ਦੇਖਿਆ ਜਾਂਦਾ ਹੈ ਜਦੋਂ ਕਿਸੇ ਵਿਆਕਤੀ ਨੂੰ ਕੋਈ ਚੇਟਕ ਲੱਗ ਜਾਵੇ ਤਾਂ ਉਹ ਹਰ ਸਮੇ ਉਸ ਨੂੰ ਸਮਰਪਿਤ ਹੋ ਕੇ ਨਿਰੰਤਰ ਕਰਦਾ ਰਹਿੰਦਾ ਹੈ ਤੇ ਆਪਣੀ ਮੰਜਿਲ ਤੈਅ ਕਰ ਲੈਂਦਾ ਹੈ ਇਸੇ ਤਰ੍ਹਾਂ ਦੀ ਸ਼ਖ਼ਸੀਅਤ ਹੈ ਬੱਬੂ ਮਾਹਿਲ ਪੁਰੀ ਜਿਨ੍ਹਾਂ ਨਾਲ ਕੀਤੀ ਗਈ ਗੱਲਬਾਤ ਨੂੰ ਸ਼ਬਦਾਂ ਦੇ ਰੂਪ ਵਿੱਚ ਅਮਰੀਕਾ ਦੇ ਸ਼ਹਿਰ ਕੈਲੇਫੋਨੀਆਂ ਤੋਂ ਛਪਦੇ ਹਫਤਾਵਾਰੀ ਪੇਪਰ 'ਸਾਡੇ ਲੋਕ' ਵਿੱਚ ਆਪਣੇ ਪਾਠਕਾਂ ਦੇ ਰੂਬਰੂ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ।**

ਗਾਇਕਾਂ ਵਾਂਗ ਹੀ ਗੀਤਕਾਰਾਂ ਦੀ ਲੜੀ ਵੀ ਬੜੀ ਲੰਬੀ ਹੈ। ਪਰ ਕੁਝ ਕੁ ਅਜਿਹੇ ਗੀਤਕਾਰ ਹਨ ਜਿਹੜੇ ਆਪਣੇ ਅਮੀਰ ਸੱਭਿਆਚਾਰ ਦੀ ਪ੍ਰਫੁਲਤਾ ਲਈ ਜੁਟੇ ਹੋਏ ਹਨ। ਉਹਨਾਂ ਵਿਚ ਹੀ ਇਕ ਨਾਂ ਸ਼ਾਮਿਲ ਹੁੰਦਾ ਹੈ ਬੱਬੂ ਮਾਹਿਲਪੁਰੀ ਦਾ ਬੱਬੂ ਨਾਂ ਉਸਦੀ ਮਾਤਾ ਹਰਭਜਨ ਕੌਰ ਨੇ ਲਾਡ ਵਿਚ ਰੱਖਿਆ ਹੋਇਆ ਹੈ। ਉਸਨੇ ਵੀ ਇਸੇ ਨਾਂ ਨੂੰ ਚਾਰ ਚੰਨ ਲਾਉਂਦੀਆਂ ਪੂਰੀ ਔਰਤ ਜਾਤੀ ਦਾ ਮਾਣ ਸਨਮਾਨ ਵਧਾਉਣ ਦਾ ਉਪਰਾਲਾ ਕੀਤਾ ਹੈ। ਸਵਰਗਵਾਸੀ ਕਵੀ ਸ. ਧਰਮ ਸਿੰਘ ਖਾਲਸਾ ਦਾ ਇਹ ਲਾਡਲਾ ਐਮ.ਏ.ਬੀਐੱਡ ਮਾਹਿਲਪੁਰ ਦੇ ਖਾਲਸਾ ਕਾਲਜ ਤੋਂ ਕਰਕੇ ਅੱਜ ਕਲ ਲੋਟਸ ਪਬਲਿਕ ਸਕੂਲ ਦੇ ਡਾਇਰੈਕਟਰ ਵਜੋਂ ਸੇਵਾਵਾਂ ਨਿਭਾਅ ਰਿਹਾ ਹੈ। ਉਸ ਕੋਲ ਇਨਸਾਨੀ ਕਦਰਾਂ ਕੀਮਤਾਂ ਦਾ ਤਕੜਾ ਭੰਡਾਰ ਹੋਣ ਕਰਕੇ ਹਰ ਗੀਤ ਦੀ ਰਚਨਾਂ ਆਪਣੀ ਅਮੀਰ ਵਿਰਾਸਤ ਨੂੰ ਨਵੀਂ ਪੀੜੀ ਦੇ ਹਵਾਲੇ ਕਰਨ ਦੇ ਇਰਾਦੇ ਨਾਲ ਹੀ ਕਰਦਾ ਹੈ। ਉਸਦਾ ਕਹਿਣਾ ਹੈ ਕਿ ਸਸਤੀ ਸ਼ੋਹਰਤ ਹਮੇਸ਼ਾ ਥੋੜ੍ਹ ਚਿਰੀ ਹੁੰਦੀ ਹੈ। ਇਸ ਲਈ ਹਰ ਗੀਤਕਾਰ ਨੂੰ ਇਸ ਸਮਾਜ ਦੇ ਭਲੇ ਲਈ ਵੀ ਸੋਚਣਾ ਚਾਹੀਦਾ ਹੈ। ਮੁੰਡਿਆਂ ਨੂੰ ਖੁਸ਼ ਕਰਕੇ ਕਦੀ ਕੋਈ ਗੀਤਕਾਰ ਨਹੀਂ ਬਣ ਸਕਦਾ। ਇਸ ਲਈ ਉਹ ਪੂਰੀ ਲਗਨ ਤੇ ਮਿਹਨਤ ਨਾਲ ਬਾਬੂ ਰਜਬ ਅਲੀ, ਸ਼ਿਵ ਕੁਮਾਰ ਬਟਾਲਵੀ, ਸਰਜੀਤ ਪਾਤਰ ਅਤੇ ਦੇਬੀ ਮਖਸੂਸਪੁਰੀ ਵਰਗੇ ਸਾਇਰਾਂ ਨੂੰ ਨਿਰੰਤਰ ਪੜ੍ਹ ਰਿਹਾ ਹੈ। ਇਸੇ ਕਰਕੇ ਉਸਦੇ ਗੀਤਾਂ ਵਿਚ ਸਾਹਿਤ ਤੇ ਸੱਭਿਆਚਾਰ ਦੀ ਖੁਸ਼ਬੋ ਆਉਂਦੀ ਹੈ। ਜਿਵੇਂ

**ਮਾਂ ਦਾ ਮਾਣ ਤੂੰ ਰੱਖ ਲਈਂ,**
**ਉਹਨੇ ਜਗ ਦਿਖਇਆ ਏ**
**ਪਿਉ ਨੇ ਉਂਗਲੀ ਫੜਕੇ ਤੁਰਨਾ ਵੀ ਸਿਖਾਇਆ ਏ**
**ਭੁੱਲ ਨਾ ਜਾਵੀਂ ਕਿੱਧਰੇ ਦਾਦਾ,**
**ਦਾਦੀ, ਨਾਨੀ ਨੂੰ**
**ਸਾਂਭ ਕੇ ਰੱਖ ਦਸਤਾਰ ਵਿਰਸੇ ਦੀ ਨਿਸ਼ਾਨੀ ਨੂੰ।**

ਬੱਬੂ ਨੇ ਨੌਵੀਂ ਕਲਾਸ ਵਿਚ ਪੜ੍ਹਦਿਆਂ ਬੁੱਧ ਸਿੰਘ ਨੀਲੋਂ ਦੀ ਪ੍ਰੇਰਨਾ ਨਾਲ ਗੀਤ ਲਿਖਣੇ ਅਰੰਭ ਕੀਤੇ। ਫਿਰ ਭੰਗੜਾ ਸਿਖ ਕੇ ਕਈ ਸਾਲ ਗੱਭਰੂਆਂ ਨੂੰ ਇਸਦੀ ਕੋਚਿੰਗ ਦਿੱਤੀ। ਹਰਮੋਨੀਅਮ ਅਤੇ ਤਬਲੇ ਤੇ ਵੀ ਹੱਥ ਅਜ਼ਮਾਇਆ। ਇੰਜ ਉਹ ਇਕ ਬਹੁ ਪੱਖੀ ਕਲਾਕਾਰ ਬਣ ਗਿਆ। ਦੂਰਦਰਸ਼ਨ ਦੇ ਚਰਚਿਤ ਪ੍ਰੋਗਰਾਮਾਂ ਵਿਚ ਉਹ ਬੜੇ ਮਾਣ ਨਾਲ ਭੰਗੜਾ ਪਾਉਂਦਾ ਰਿਹਾ। ਕਲਾ, ਸਾਹਿਤ ਅਤੇ ਸੱਭਿਆਚਾਰ ਨਾਲ ਪਿਆਰ ਕਰਕੇ ਵੀ ਉਹ ਬਾਲਾਂ ਨੂੰ ਸਮੇਂ ਦੇ ਹਾਣੀ ਬਣਾਉਣ ਦੇ ਨਾਲ ਨਾਲ ਚੰਗੀ ਕਲਾ ਨੂੰ ਵੀ ਲੋਟਸ ਰਿਕਾਰਡਜ਼ ਰਾਹੀਂ ਪ੍ਰਫੁੱਲਤ ਕਰਨ ਵਿਚ ਜੁਟਿਆ ਹੋਇਆ ਹੈ। ਇਹਨਾਂ ਸਾਰੇ ਕਾਰਜਾਂ ਵਿਚ ਕਲਾ ਦੀ ਪਾਰਖੂ ਉਸਦੀ ਜੀਵਨ ਸਾਥਣ ਤਜਿੰਦਰ ਕੌਰ ਉਸ ਨਾਲ ਮੋਢਾ ਮੇਚ ਕੇ ਚੱਲ ਰਹੀ ਹੈ।ਬੱਬੂ ਨੂੰ ਇਸ ਗੱਲ ਦਾ ਵੀ ਲਾਭ ਰਿਹਾ ਹੈ ਕਿ ਉਸਦੇ ਪਰਿਵਾਰ ਵਿਚ ਅੱਧੀ ਦਰਜਨ ਦੇ ਕਰੀਬ



ਦਲਜੀਤ ਸਿੰਘ ਅਜਨੋਹਾ
ਬਿਊਰੋ ਚੀਫ਼
98721-83601



ਲੋਕ ਸਾਹਿਤ ਨਾਲ ਹੀ ਜੁੜੇ ਹੋਏ ਹਨ। ਉਸਦਾ ਚਾਚਾ ਰਾਜਿੰਦਰ ਸਿੰਘ ਫਲੋਰਾ, ਫੁੱਫੜ ਬੁੱਧ ਸਿੰਘ ਚਿੱਤਰਕਾਰ ਵੀ ਸਾਹਿਤਕਾਰ ਹਨ। ਇਸੇ ਤਰ੍ਹਾਂ ਉਹਨਾਂ ਦੇ ਜੱਦੀ ਪਿੰਡ ਡਾਂਡੀਆਂ ਦੇ ਮਹਾਂ ਕਾਵਿ ਰਚਣ ਵਾਲੇ ਸ਼ਾਇਰ ਅਜਾਇਬ ਕਮਲ ਉਸਦੇ ਪਿਤਾ ਦੇ ਗੁਰੂ ਰਹੇ ਹਨ। ਇੰਜ ਉਸ ਅੰਦਰ ਗੀਤਕਾਰੀ ਦਾ ਵਿਰਾਸਤੀ ਗੁਣ ਹੈ। ਭੱਜਲਾਂ ਵਿਖੇ 2011 ਵਿਚ ਉਸਨੂੰ ਢਾਡੀ ਅਮਰ ਸਿੰਘ ਸ਼ੌਕੀ ਮੇਲੇ ਵਿਚ ਇਹਨਾਂ ਸੇਵਾਵਾਂ ਲਈ ਸ਼ਾਨਦਾਰ ਪੁਰਸਕਾਰ ਨਾਲ ਨਿਵਾਜਿਆ ਗਿਆ। ਉਸਨੇ ਭੰਗੜੇ ਤੇ ਗੀਤਕਾਰੀ ਦੇ ਵੀ ਕਈ ਮੁਕਾਬਲੇ ਜਿੱਤੇ ਹੋਏ ਹਨ।ਬੱਬੂ ਮਾਹਿਲਪੁਰੀ ਦੀ ਕਾਵਿ ਪੁਸਤਕ ਫਰਿਆਦ ਦੀ ਵੀ ਸਾਹਿਤਕ ਹਲਕਿਆਂ ਵਿਚ ਬਚੀ ਚਰਚਾ ਹੋਈ। ਇਸ ਕਿਰਤ ਨਾਲ ਸਾਹਿਤਕ ਗੀਤਕਾਰੀ ਵਿਚ ਉਸਦਾ ਮੁਕਾਮ ਪੱਕਾ ਹੋ ਗਿਆ।

ਉਸਦੇ ਗੀਤਾਂ ਨੂੰ ਇਰਸ਼ਾਦ ਮੁਹੰਮਦ, ਜੱਸੀ ਧੰਜਲ, ਪਲਵਿੰਦਰ ਚੀਮਾ, ਸੈਬੀ ਧਾਲੀਵਾਲ ਅਤੇ ਸੁਰਦੀਪਕ ਵਰਗੇ ਗਾਇਕਾਂ ਨੇ ਆਪਣੀ ਸੁਰੀਲੀ ਅਵਾਜ਼ ਵਿਚ ਗਾਇਆ ਹੈ। ਅੱਜ ਤੱਕ ਉਹ ਸੱਤ ਸੌ ਦੇ ਕਰੀਬ ਧਾਰਮਿਕ, ਇਤਿਹਾਸਕ, ਸੱਭਿਆਚਾਰਕ ਅਤੇ ਰੋਮਾਂਟਿਕ ਗੀਤ ਲਿਖ ਚੁੱਕਾ ਹੈ। ਜਿੰਨਾ ਵਿਚੋਂ ਬਹੁਤੇ ਮੇਲਿਆਂ ਵਿਚ ਫਰਮਾਇਸ਼ਾਂ ਨਾਲ ਸੁਣੇ ਜਾਂਦੇ ਹਨ। ਜਿਵੇਂ:

**ਚਰਖੇ ਦੀ ਘੂਕ ਹੋਵੇ ਮਾਣਕੇ ਦੀ ਹੂਕ ਹੋਵੇ।**
**ਧੀਆਂ ਫੁਲਕਾਰੀ ਲੈਣ ਗਿੱਧੇ ਭੰਗੜੇ ਵੀ ਪੈਣ**
**ਰਲ਼ ਭਾਈਆਂ ਨੂੰ ਇਕੱਠਿਆਂ ਬਿਠਾ ਲਈਂ**
**ਪਹਿਲਾਂ ਵਾਲਾ ਉਹ ਪੰਜਾਬ ਰੱਬਾ ਵਾਪਿਸ ਮੋੜਕੇ ਲਿਆਦੇ।**

ਬੱਬੂ ਦੇ ਹਰ ਗੀਤ ਵਿਚ ਇਕ ਨਰੋਆ ਸੰਦੇਸ਼ ਹੈ। ਉਹ ਗੱਭਰੂਆਂ ਦਾ ਮਨੋਰੰਜਨ ਤਾਂ ਕਰਦਾ ਹੈ ਪਰ ਇਕ ਪਾਏਦਾਰ ਤਰੀਕੇ ਨਾਲ ਜਿਵੇਂ:

**ਪੈਸਾ ਘੱਟ ਕਮਾਇਆ ਸੱਜਣਾ ਤਾਂ ਵੀ ਤਾਂ ਸਰ ਜਾਣਾ**
**ਇਕ ਵਕਤ ਦੀ ਮਿਲੀ ਨਾ ਰੋਟੀ**
**ਤਾਂ ਕਿਹੜਾ ਮਰ ਜਾਣਾ**
**ਉਠ ਸਵੇਰੇ ਕੱਢ ਬੈਠਕਾਂ ਸੈਰ ਦਿਵਾਉਂਦੀ ਚੁਸਤੀ**
**ਮੰਗਣੀ ਤਾਂ ਮੰਗ ਮਿੱਤਰਾਂ ਰੱਬ ਕੋਲੋ ਤੰਦਰੁਸਤੀ।**


ਬੱਬੂੀ ਦਾ ਹਰ ਵਿਹਲਾ ਪਲ ਸਾਹਿਤ ਅਤੇ ਕਲਾ ਦੇ ਲੇਖੇ ਲਗਦਾ ਹੈ। ਉਹ ਸਰਦੂਲ ਸਿਕੰਦਰ, ਸਤਿੰਦਰ ਸਿਰਤਾਜ ਵਰਗੇ ਕਲਾਕਾਰਾਂ ਨੂੰ ਅਕਸਰ ਸੁਣਦਾ ਰਹਿੰਦਾ ਹੈ। ਗੀਤ ਸੰਗੀਤ ਦੀ ਦੁਨੀਆਂ ਵਿਚ ਉਹ ਇਕ ਸਿਤਾਰੇ ਵਾਂਗ ਚਮਕਣ ਲਈ ਦਿਨ ਰਾਤ ਮਿਹਨਤ ਕਰ ਰਿਹਾ ਹੈ । ਉਸਦੀ ਉਸਾਰੂ ਤੇ ਰਚਨਾਤਮਿਕ ਸੋਚ ਕਰਕੇ ਉਸਦੀ ਗੀਤਕਾਰੀ ਬਹੁਤ ਸਤਿਕਾਰੀ ਜਾ ਰਹੀ ਹੈ। ਉਸਦੀ ਨਰੋਈ ਤੇ ਠੇਠ ਸ਼ਬਦਾਵਲੀ ਹੋਰ ਬੁਲੰਦੀ ਵਲ ਲਿਜਾ ਰਹੀ ਹੈ। ਅਜਕਲ ਉਹ ਲੋਟਸ ਰਿਕਾਰਡਜ਼ ਕੰਪਨੀ ਰਾਹੀਂ ਕਈ ਨਵੀਆਂ ਸੁਰਾਂ ਨੂੰ ਸੁਆਰਨ ਅਤੇ ਸ਼ਿੰਗਾਰਨ ਲਈ ਯਤਨਸ਼ੀਲ ਹੈ। ਉਸਦੀ ਕੋਸ਼ਿਸ਼ ਹੈ ਕਿ ਸਮਾਜ ਨੂੰ ਮਿਆਰੀ ਮਨੋਰੰਜਨ ਦਿੱਤਾ ਜਾਵੇ। ਗੰਨ ਤੇ ਗੋਲੀਆਂ ਦੀ ਖੇਡ ਨੂੰ ਨਿੰਦਦਾ ਹੋਇਆ ਪੰਜਾਬੀ ਸੱਭਿਆਚਾਰ ਵਿਚ ਸੰਦਲੀ ਪੈੜਾਂ ਪਾਉਣ ਲਈ ਤਤਪਰ ਹੈ। ਉਸਦਾ ਕਹਿਣਾ ਹੈ ਕਿ ਕਲਾਕਾਰ ਸਾਡੀ ਵਿਰਾਸਤ ਦੇ ਰਾਖੇ ਹਨ। ਜੇਕਰ ਉਹ ਆਪਣੀ ਜ਼ਿੰਮੇਵਾਰੀ ਭੁੱਲ ਗਏ ਫਿਰ ਅਸੀਂ ਕਿਸ ਤੋਂ ਆਸ ਰੱਖ ਸਕਦੇ ਹਾਂ। ਇਸ ਲਈ ਗਾਇਕ ਤੋਂ ਪਹਿਲਾਂ ਗੀਤਕਾਰ ਦੀ ਇਹ ਮੁੱਖ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਥੋੜਚਿਰੀ ਸ਼ੋਹਰਤ ਲਈ ਰਿਸ਼ਤਿਆਂ ਦਾ ਘਾਣ ਨਾ ਕਰੇ। ਇੰਜ ਬੱਬੂ ਮਾਹਿਲਪੁਰੀ ਇਕੋ ਵੇਲੇ ਗੀਤਕਾਰੀ, ਪੇਸ਼ਕਾਰੀ ਅਤੇ ਨਿਰਮਾਣ ਕਾਰਜਾਂ ਵਿਚ ਬਰਾਬਰ ਨਿਭ ਰਿਹਾ ਹੈ। ਦੋ ਬੇਟੀਆਂ ਦਾ ਇਹ ਬਾਪ ਕਦੀ ਵੀ ਭਾਸ਼ਾ ਦੇ ਨਾਮ ਤੇ ਕੋਈ ਸਮਝੌਤਾ ਨਹੀਂ ਕਰਦਾ। ਪੰਜਾਬੀ ਖਾਸ ਕਰ ਸਿਖਿਆ ਜਗਤ ਨੂੰ ਉਸ ਤੋਂ ਭਰਪੂਰ ਉਮੀਦਾਂ ਹਨ।

# ਸਰਹੰਦ 'ਚ ਖੋਤਿਆਂ ਨਾਲ ਹਲ ਵਾਹੇ

1764 ਨੂੰ ਖ਼ਾਲਸੇ ਨੇ ਅਰਦਾਸ ਕਰਕੇ ਸਰਹਿੰਦ ਉੱਪਰ ਚੜ੍ਹਾਈ ਕੀਤੀ ਅਬਦਾਲੀ ਦੇ ਵੱਲੋਂ ਥਾਪੇ ਹੋਏ ਜਰਨੈਲ ਜੈਨ ਖਾਂ ਨੂੰ ਸੋਧਿਆ ਫਿਰ ਸਰਹਿੰਦ ਦੀ ਉਹ ਤਬਾਹੀ ਕੀਤੀ, ਜੋ ਦੁਬਾਰਾ ਸਰਹਿੰਦ ਕਦੇ ਨਾ ਵੱਸੀ ਵੱਡੀਆਂ ਵੱਡੀਆਂ ਸ਼ਾਹੀ ਇਮਾਰਤਾਂ ਬਰੂਦ ਭਰ ਭਰ ਕੇ ਉਡਾ ਦਿੱਤੀਆਂ।

ਹਥੌੜਿਆਂ ਨਾਲ ਢਾਹਿਆ ਗਿਆ, ਜਦੋਂ ਇਮਾਰਤਾਂ ਢਾਹੀਆਂ ਜਾ ਰਹੀਆਂ ਸੀ, ਉਸ ਵੇਲੇ ਪਾਪੀ ਵਜ਼ੀਰ ਖਾਨ ਟਹਿਲਦਾ ਹੁੰਦਾ ਸੀ ਉੱਥੇ ਸਰਦਾਰਾਂ ਨੇ ਆਪ ਖੋਤਿਆਂ ਦੇ ਨਾਲ ਹਲ ਵਾਹ ਕੇ

ਗੁਰੂ ਬਚਨ ਨੂੰ ਕਮਾਇਆ।
ਫੇਰ ਲਏ ਕਈ ਗਧੇ ਮੰਗਾਇ।
ਹਲ ਬਣਾਏ ਤਹਿ ਦਈ ਵਗਾਇ।
ਬੱਡੇ ਸਰਦਾਰ ਆਪ ਹੱਥ ਲਾਇਓ।
ਸਤਿਗੁਰ ਬਚ ਕਹਿ ਪੰਥ ਕਮਾਓ।



ਸਰਦਾਰ ਰਤਨ ਸਿੰਘ ਭੰਗੂ ਲਿਖਦੇ ਨੇ,
ਮੇਰੇ ਪਿਤਾ ਸਰਦਾਰ ਰਾਏ ਸਿੰਘ ਸਰਹੰਦ ਦੀ ਤਬਾਹੀ ਸਮੇਂ ਤੇ ਹਲ ਵਾਹੁਣ ਵਾਲੇ ਸਰਦਾਰਾਂ ਵਿੱਚ ਸ਼ਾਮਲ ਸੀ, ਉਨ੍ਹਾਂ ਨੇ ਮੈਨੂੰ ਦੱਸਿਆ ਤੇ ਮੈਂ ਲਿਖਿਆ ਹੈ,
ਹੁਤੋ ਬਾਪ ਥੋ ਹਮਾਰੋ ਸਾਥ ।
ਸੋਊ ਲਿਖੀ ਜੁ ਉਨ ਕਹੀ ਬਾਤ।

ਇਕ ਬਜੁਰਗ ਸਿੱਖ ਨੇ ਆ ਕੇ ਸ: ਜੱਸਾ ਸਿੰਘ ਆਹਲੂਵਾਲੀਆ ਨੂੰ ਦੱਸਿਆ ਕੇ ਕਲਗੀਧਰ ਪਿਤਾ ਜੀ ਦੇ ਬਚਨ ਹੋਏ ਨੇ ਸਮਾਂ ਆਵੇਗਾ ਸਰਹਿੰਦ ਵਿੱਚ
**ਖੋਤਿਆਂ ਨਾਲ ਹਲ ਵਗਣਗੇ**
ਗੱਲ ਸੁਣ ਕੇ ਸਰਦਾਰ ਆਹਲੂਵਾਲੀਆ ਜੀ ਨੇ ਉਸੇ ਸਮੇਂ ਬਾਕੀ ਸਰਦਾਰਾਂ ਨਾਲ ਗੱਲ ਕੀਤੀ ਕਿ ਗੁਰੂ ਪਿਤਾ ਜੀ ਦੇ ਬਚਨਾਂ ਨੂੰ ਪੂਰਿਆ ਕਰਨ ਦਾ ਇਹੀ ਸਮਾਂ ਹੈ,
ਉਸੇ ਵੇਲੇ ਬਹੁਤ ਸਾਰੇ ਖੋਤੇ ਮੰਗਵਾਏ ਗਏ ਤੇ ਜਿੰਨਾ ਸ਼ਾਹੀ ਬਾਗ ਬਗੀਚਿਆਂ ਦੇ ਵਿੱਚ ਕਦੇ (ਪ੍ਰਚੀਨ ਪੰਥ ਪ੍ਰਕਾਸ਼)

ਡਾ: ਗੰਡਾ ਸਿੰਘ ਲਿਖਦੇ ਨੇ
ਉਸ ਵੇਲੇ ਜੋ ਸਰਹਿੰਦ ਦੀ ਤਬਾਹੀ ਹੋਈ,
ਇਸ ਦਾ ਅੰਦਾਜ਼ਾ ਮੀਲਾਂ ਵਿੱਚ ਖਿੱਲਰੀਆਂ ਉਚੀਆਂ ਅਟਾਰੀਆਂ ਮਹਿਲ,ਹਵੇਲੀਆਂ, ਦੇ ਪਏ ਖੰਡਰਾਂ ਤੋਂ ਲਗਾਇਆ ਜਾ ਸਕਦਾ ਹੈ, ਇਸ ਤੋਂ ਏ ਪਤਾ ਚੱਲਦਾ ਹੈ,
ਜਦੋਂ ਰੱਬ ਇਨਸਾਫ ਕਰਦਾ ਹੈ ਤਾਂ ਵੱਡੇ ਵੱਡੇ ਮਹਿਲ ਮਾੜੀਆਂ ਸੁਆਹ ਹੋ ਜਾਂਦੇ ਹਨ।
ਗੁਰੂ ਕਿਰਪਾ ਕਰੇ।

**-ਸੁਖਜੀਤ ਕੌਰ ਸੁਖ**

# ਮਾਹਿਲਪੁਰ ਇਲਾਕੇ ਦਾ ਚਰਚਿਤ ਗਾਇਕ ਤੇ ਗੀਤਕਾਰ-ਜਿੰਦਰ ਖਾਨਪੁਰੀ

ਦੋਆਬੇ ਦਾ ਇਲਾਕਾ ਮਾਹਿਲਪੁਰ ਪੂਰੀ ਦੁਨੀਆਂ ਵਿਚ ਆਪਣੀਆਂ ਵਿਲੱਖਣ ਕਲਾਵਾਂ ਕਰਕੇ ਮਸ਼ਹੂਰ ਹੈ। ਇਸਦਾ ਇਤਿਹਾਸ ਸਦੀਆਂ ਪੁਰਾਣਾ ਹੋਣ ਕਰਕੇ ਇਥੇ ਸਮੇਂ-ਸਮੇਂ ਤੇ ਕਲਾ, ਸਾਹਿਤ, ਸਭਿਆਚਾਰ, ਖੇਡਾਂ ਅਤੇ ਸੈਨਾਵਾਂ ਵਿਚ ਅਗਵਾਈ ਕਰਨ ਵਾਲੇ ਯੋਧੇ ਪੈਦਾ ਹੁੰਦਾ ਰਹੇ ਹਨ। ਕਹਿੰਦੇ ਨੇ ਚੀਨੀ ਯਾਤਰੀ ਰਿਊਨਸਾਂਗ 400 ਵੀਸਵੀ ਵਿਚ ਇਥੋਂ ਦੇ ਰਾਜਾ ਮਾਹਿਲ ਦੇਵ ਦੇ ਘਰ ਆਇਆ ਸੀ। ਇਥੇ ਹੀ ਬਸ ਨਹੀਂ ਸਗੋਂ ਇਸ ਧਰਤੀ ਨੇ ਗੀਤ ਸੰਗੀਤ ਦੀ ਦੁਨੀਆਂ ਵਿਚ ਵੀ ਮਾਰਕੇ ਮਾਰਨ ਵਾਲੇ ਪ੍ਰੋ. ਦਰਸ਼ਨ ਸਿੰਘ ਕੋਮਲ, ਮਨੋਮੋਹਨ ਵਾਰਿਸ, ਸੰਗਤਾਰ, ਕਮਲ ਹੀਰ, ਦੀਪਕ ਬਾਲੀ, ਦੇਬੀ ਮਖਸੂਸਪਰੀ, ਆਤਿਸ਼ ਵਰਗੇ ਕਲਾਕਾਰਾਂ ਨੂੰ ਆਪਣੀ ਗੋਦ ਦਾ ਨਿੱਘ ਪ੍ਰਦਾਨ ਕੀਤਾ।

ਨਵੀਂ ਪਨੀਰੀ ਵਿਚ ਹੁਣ ਚਰਚਿਤ ਹੋਇਆ ਹੈ ਪਿੰਡ ਖਾਨਪੁਰ ਦਾ ਗੱਭਰੂ ਕਲਾਕਾਰ ਜਿੰਦਰ ਖਾਨਪੁਰੀ ਜੋ ਗਾਇਕੀ ਅਤੇ ਗੀਤਕਾਰੀ ਦੇ ਖੇਤਰ ਵਿਚ ਸੰਦਲੀ ਪੈੜਾਂ ਪਾ ਰਿਹਾ ਹੈ। ਉਸਨੇ ਤਾਂ ਕਦੀ ਇਹ ਸੁਪਨਾ ਵੀ ਨਹੀਂ ਸੀ ਲਿਆ ਕਿ ਉਹ ਇਸ ਖੇਤਰ ਵਿਚ ਐਨੀ ਸ਼ੁਹਰਤ ਕਮਾਵੇਗਾ। ਗੀਤ ਸੁਣਦਾ ਸੁਣਦਾ ਗੀਤਕਾਰੀ ਕਰਨ ਲੱਗ ਪਿਆ। ਉਘੇ ਕਲਾਕਾਰ ਦੇਬੀ ਮਖਸੂਸਪੁਰੀ ਨੂੰ ਗੁਰੂ ਧਾਰਿਆ ਤਾਂ ਗਾਇਕੀ ਦੇ ਖੇਤਰ ਵਿਚ ਵੀ ਸਰਗਰਮ ਹੋ ਗਿਆ। ਉਸਨੂੰ ਗੀਤ ਆਪ ਮੁਹਾਰੇ ਹੀ ਉਤਰਦੇ ਹਨ। ਇਸਨੂੰ ਕਹਿੰਦੇ ਨੇ ਉਸ ਮਾਲਕ ਦੀ ਕਿਰਪਾ। ਉਸ ਉਤੇ ਮਾਤਾ ਸਰਸਵਤੀ ਦੀ ਐਨੀ ਕਿਰਪਾ ਹੈ ਕਿ ਉਸਨੇ ਗਾਇਕੀ ਅਤੇ ਗੀਤਕਾਰੀ ਦੇ ਖੇਤਰ ਵਿਚ ਬਰਾਬਰੀ ਨਾਲ ਭੱਲ ਖੱਟੀ ਹੈ। ਅਦਾਕਾਰੀ ਵੀ ਕਮਾਲ ਦੀ ਕਰ ਲੈਂਦਾ ਹੈ। ਆਪਣੇ ਬਹੁਤੇ ਗੀਤਾਂ ਵਿਚ ਉਸਨੇ ਮਾਡਲਿੰਗ ਨਾਲ ਵੀ ਜਵਾਨ ਦਿਲਾਂ ਦੀ ਧੜਕਣ ਤੇਜ਼ ਕੀਤੀ ਹੈ। ਉਸਦੇ ਗੀਤਾਂ ਦਾ ਮੁੱਖ ਵਿਸ਼ਾ ਮੌਜੂਦਾ ਸਮਾਜ ਅਤੇ ਨੌਜਵਾਨ ਪੀੜ੍ਹੀ





ਹੈ। ਉਸਦੀ ਇਛਾ ਹੈ ਕਿ ਨਵੀਂ ਪੀੜ੍ਹੀ ਨੂੰ ਪਾਏਦਾਰ ਮਨੋਰੰਜਨ ਦਿੱਤਾ ਜਾਵੇ ਤਾਂ ਕਿ ਉਹ ਨਰੋਈ ਸੋਚ ਦੇ ਮਾਲਕ ਬਣਕੇ ਦੇਸ਼ ਕੌਮ ਦੇ ਨਵ ਨਿਰਮਾਣ ਵਿਚ ਨਿੱਗਰ ਯੋਗਦਾਨ ਪਾ ਸਕਣ। ਇਸ ਵਾਸਤੇ ਆਪਣੀ ਕਲਾ ਨੂੰ ਤਰਾਸ਼ਣ ਲਈ ਦਿਨ ਰਾਤ ਅਭਿਆਸ ਕਰਦਾ ਹੈ।


ਸੱਭਿਆਚਾਰਕ ਹਲਕਿਆਂ ਵਿਚ ਉਸਦੇ ਗੀਤਾਂ ਦੀ ਅਕਸਰ ਚਰਚਾ ਹੁੰਦੀ ਹੈ। ਕਾਰਨ ਇਹ ਹੈ ਕਿ ਉਸਨੇ ਜੱਸਾ ਫਤਹਿਪੁਰੀਆ ਤੋਂ ਲੈ ਕੇ ਉੱਘੀ ਕਲਾਕਾਰ ਮਿੱਸ ਪੂਜਾ ਤਕ ਦੀਆਂ ਅਵਾਜ਼ਾਂ ਵਿਚ ਗੀਤ ਰਿਕਾਰਡ ਕਰਵਾਏ ਹਨ। ਉਸਦੇ ਬਹੁ ਚਰਚਿਤ ਗੀਤਾਂ ਵਿਚ ਦੀਵਾਨਾ-ਮਿੱਸ ਪੂਜਾ, ਪਰਪੋਜ਼ ਭੁਪਿੰਦਰ ਗਿੱਲ-ਜੰਨਤ ਕੌਰ, ਸਰਦਾਰੀ-ਦੀਪ ਢਿੱਲੋਂ, ਮੰਡਾ ਨੱਚਦੀ ਨੂੰ- ਅੰਮ੍ਰਿਤਾ ਵਿਰਕ, ਕਰਾਊਡ-ਰਵੀ ਰਾਜ ਆਦਿ ਨਾਮ ਜ਼ਿਕਰਯੋਗ ਹਨ। ਉਸਨੇ ਆਪਣੀ ਆਵਾਜ਼ ਵਿਚ ਬੀਕਾਨੇਰ, ਆਊਟ ਆਫ ਰੇਂਜ ਅਤੇ ਆਫਰਾਂ ਆਦਿ ਗੀਤ ਵੀ ਰਿਕਾਰਡ ਕਰਵਾਏ ਹਨ। ਵੱਖ-ਵੱਖ ਚੈਨਲਾਂ ਤੇ ਚੱਲੇ ਇਹਨਾਂ ਗੀਤਾਂ ਨੂੰ ਕਾਫੀ ਸਲਾਹਿਆ ਗਿਆ। ਤਿੰਨਾ ਭੈਣਾਂ ਦੇ ਇਸ ਲਾਡਲੇ ਵੀਰ ਨੂੰ ਪਿਤਾ ਅਸ਼ੋਕ ਕੁਮਾਰ ਬਾਂਸਲ ਅਤੇ ਮਾਤਾ ਕਮਲੇਸ਼ ਰਾਣੀ ਨੇ ਬੜੇ ਚਾਵਾਂ ਤੇ ਲਾਡਾਂ ਨਾਲ ਪਾਲ਼ਿਆ। ਉਸਨੂੰ ਨੈਤਿਕ ਕਦਰਾਂ ਕੀਮਤਾਂ ਦਾ ਧਾਰਨੀ ਬਣਾਕੇ ਸਕੂਲ ਕਾਲਜ ਤੋਰਿਆ ਤਾਂ ਉਹ ਕਾਲਜ ਦਾ ਸਟਾਰ ਵਿਦਿਆਰਥੀ ਬਣ ਗਿਆ। ਮਾਹਿਲਪੁਰ ਦੇ ਖਾਲਸਾ ਕਾਲਜ ਵਿਚ ਪੜ੍ਹਦਾ ਹੀ ਉਹ ਕਲਾ ਦੇ ਅੰਬਰ ਤੇ ਉੱਚੀਆਂ ਉਡਾਰੀਆਂ ਮਾਰਨ ਲੱਗ ਪਿਆ। ਕਲਮ ਦਾ ਸਾਥ ਮਿਲਿਆ ਤੇ ਖੇਤਰ ਹੋਰ ਵਿਸ਼ਾਲ ਹੋ ਗਿਆ। ਹੁੰਦੜਹੇਲ ਮੁਟਿਆਰ ਇਸ਼ੂ ਦੇ ਸਾਥ ਨੇ ਉਸਦੇ ਜੀਵਨ ਵਿਚ ਸੱਤੇ ਰੰਗ ਭਰ ਦਿੱਤੇ। ਬੇਟੀ ਮਾਨਿਆ ਅਤੇ ਬੇਟੇ ਆਰਵ ਬਾਂਸਲ ਦੀਆਂ ਕਿਲਕਾਰੀਆਂ ਨੇ ਰੌਣਕਾਂ ਲਾ ਖੁਸ਼ੀਆਂ ਨਾਲ ਵਿਹੜਾ ਭਰ ਦਿੱਤਾ। ਇਸ ਤਰਾਂ ਉਹ ਪਰਿਵਾਰਕ ਜੀਵਨ ਤੋਂ ਸੰਤੁਸ਼ਟ ਹੋ ਕੇ ਕਲਾ ਜਗਤ ਨੂੰ ਸਮਰਪਿਤ ਹੋ ਚੁੱਕਾ ਹੈ। ਆਪਣੀ ਹੀ ਮੌਜ ਵਿਚ ਲਿਖਦਾ ਤੇ ਗਾਉਂਦਾ ਹੈ। ਉਸਦਾ ਕਹਿਣਾ ਹੈ ਕਿ ਅਜੇ ਮੰਜ਼ਿਲਾਂ ਬਹੁਤ ਦੂਰ ਨੇ। ਇਸ ਲਈ ਉਹ ਸਦਾ ਮਿਹਨਤ ਦਾ ਲੜ ਫੜਕੇ ਹੋਰ ਅੱਗੇ ਵਧ ਰਿਹਾ ਹੈ। ਕਈ ਸੰਸਥਾਵਾਂ ਵਲੋਂ ਸਨਮਾਨ ਹਾਸਲ ਕਰਕੇ ਉਹ ਆਪਣੀ ਜ਼ਿੰਮੇਵਾਰੀ ਪ੍ਰਤੀ ਹੋਰ ਸੁਚੇਤ ਹੋ ਗਿਆ ਹੈ। ਕੁੱਝ ਗੀਤ ਫੀਚਰ ਫਿਲਮਾਂ ਵਿਚ ਵੀ ਸ਼ਾਮਲ ਕੀਤੇ ਜਾ ਰਹੇ ਹਨ।


**ਦਲਜੀਤ ਅਜਨੋਹਾ ਬਿਊਰੋ ਚੀਫ਼**
98721/83601

# ਦਮਾ (ਬ੍ਰਾਂਕਾਇਟਿਸ) ਦਮ ਨਾਲ ਨਹੀਂ-ਇਲਾਜ਼ ਨਾਲ ਜਾਂਦਾ ਹੈ

*''ਸਾਹ ਮੁਸ਼ਕਲ ਆਉਣਾ, ਗਲੇ ਵਿੱਚ ਖਰਾਸ਼, ਬਲਗਮ ਜਾਂ ਬਿਨਾਂ ਬਲਗਮ ਖਾਂਸੀ, ਬੁਖਾਰ, ਛਾਤੀ ਵਿੱਚ ਦਰਦ, ਸਿਰ-ਦਰਦ, ਹਮੇਸ਼ਾ ਥਕਾਵਟ ਮਹਿਸੂਸ ਹੋਣਾ, ਵਗੈਰਾ ਲੱਛਣ ਲਗਾਤਾਰ ਹਫਤੇ ਤੋਂ ਵੱਧ ਰਹਿਣ ਦੀ ਹਾਲਤ ਵਿੱਚ ਬਿਨਾ ਦੇਰੀ ਇਲਾਜ਼ ਸ਼ੁਰੂ ਕਰਨ ਦੀ ਲੋੜ ਹੁੰਦੀ ਹੈ'' - ਅਨਿਲ ਧੀਰ. ਕਾਲਮਨਿਸਟ. ਥੈਰਾਪਿਸਟ. ਹੈਲਥ ਐਜੂਕੇਟਰ ਅਵਾਰਡ ਵਿਜੇਤਾ. ਸੋਸ਼ਲ ਐਕਟੀਵਿਸਟ*

ਹੈਲਥ ਮੀਡੀਆ ਕੈਨੇਡਾ : ਠੰਢੇ ਮੌਸਮ ਦੌਰਾਣ ਜ਼ੁਕਾਮ, ਖੰਘ, ਬ੍ਰੋਨਕਾਈਟਸ (ਦਮਾ) ਦੇ ਘੇਰੇ 'ਚ ਹਰ ਉਮਰ ਦਾ ਵਿਅਕਤੀ ਦੇਖਆ ਜਾ ਰਿਹਾ ਹੈ ਲਗਾਤਾਰ ਜ਼ੁਕਾਮ, ਖੰਘ ਰਹਿਣ ਦੀ ਹਾਲਤ ਵਿੱਚ ਦਮਾ ਹੋ ਜਾਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਇਸ ਮੌਸਮ ਵਿੱਚ ਵਾਇਰਸ-ਬੈਟੀਰੀਆ ਦੁਆਰਾ ਇਨਫੈਕਸ਼ਨ ਹੋ ਜਾਣਾ ਆਮ ਗੱਲ ਹੈ। ਦਮੇ ਦੀ ਸ਼ਿਕਾਇਤ 'ਚ ਸਾਹ ਨਲੀਆਂ ਸੁੱਜ ਜਾਂਦੀਆਂ ਹਨ ਅਤੇ ਬਲਗਮ ਜ਼ਿਆਦਾ ਬਣਦੀ ਹੈ।




**ਠੰਢ ਦੌਰਾਨ ਆਪਣਾ ਖਿਆਲ ਰੱਖੋ :**

• ਪਰਿਵਾਰ 'ਚ ਬਜ਼ੁਰਗ, ਗਰਭਵਤੀ ਔਰਤਾਂ ਅਤੇ ਛੋਟੇ ਬੱਚਿਆਂ ਦਾ ਖਾਸ ਖਿਆਲ ਰੱਖੋ।

• ਆਮ ਹਾਲਤ ਵਿੱਚ ਇਲਾਜ਼ ਦੇ ਨਾਲ-ਨਾਲ ਸਰੀਰ ਅਤੇ ਮਨ ਨੂੰ ਆਰਾਮ ਦੇਣ ਦੀ ਲੋੜ ਹੁੰਦੀ ਹੈ।

• ਘਰੇਲੂ ਰੇਮੇਡੀਜ਼ ਵਿੱਚ ਡੇਲੀ 3-4 ਬਾਰ ਸਟੀਮ ਯਾਨਿ ਭਾਫ ਲਵੋ। ਕੋਸੇ ਤਰਲ-ਪਦਾਰਥ ਜ਼ਿਆਦਾ ਪੀਓ।

• ਗਰਮ ਪਾਣੀ ਨਾਲ ਸਨਾਨ ਕਰੋ। ਨਮਕ-


ਅਨਿਲ ਧੀਰ
ਕਾਲਮਨਿਸਟ
healthmedia1@hotmail.com

ਪਾਣੀ ਦੇ ਗਰਾਰੇ ਕਰਦੇ ਰਹੋ। ਗਲੇ ਨੂੰ ਆਰਾਮ ਦੇਣ ਲਈ ਅਦਰਕ ਰੱਸ ਸ਼ਹਿਦ ਮਿਲਾ ਕੇ ਸੇਵਨ ਕਰੋ। ਛੋਟੀ ਇਲਾਚੀ, ਲੌਂਗ, ਮਿਸਰੀ ਚੂਸਦੇ ਰਹੋ।

• ਭਰੀ ਹੋਈ ਨੱਕ ਤੋਂ ਛੁਟਕਾਰਾ ਪਾਉਣ ਲਈ ਸੇਲਾਈਨ-ਵਾਟਰ, ਸਪ੍ਰੇ ਅਤੇ ਨੱਕ ਖੋਲਣ ਵਾਲੇ ਡ੍ਰਾਪਸ ਇਸਤੇਮਾਲ ਕਰ ਸਕਦੇ ਹੋ।

• ਘਰ ਅੰਦਰ ਹਿਊਮਿਡੀਫਾਇਰ ਜਾਂ ਠੰਡਾ ਮਿਸਟ ਵੈਪੋਰਾਜ਼ਿਰ ਇਸਤੇਮਾਲ ਕਰੋ।

• ਹੈਲਦੀ ਫੈਟ : ਆਮ ਤੌਰ 'ਤੇ ਪੌਦਿਆਂ ਤੋਂ ਤਿਆਰ ਮੋਨੋਅਨਸੈਚੁਰੇਟਿਡ ਅਤੇ ਪੌਲੀਅਨਸੇਚੁਰੇਟਿਡ ਫੈਟ ਸੋਜਸ਼ ਨੂੰ ਘੱਟ ਕਰਕੇ, ਅਸਾਨੀ ਨਾਲ ਸਾਹ ਲੈਣ ਵਿੱਚ ਮਦਦ ਕਰਦੇ ਹਨ। ਖੁਰਾਕ ਵਿੱਚ ਅੰਡੇ, ਆਲਿਵ-



ਤੇਲ, ਗਿਰੀਦਾਰ ਫੱਲ ਅਤੇ ਆਵਾਕੇਡੋ ਸ਼ਾਮਿਲ ਕਰ ਸਕਦੇ ਹੋ।

• ਪ੍ਰੋਟੀਨ : ਪ੍ਰੋਟੀਨ ਸਰੀਰ ਦੇ ਇਮੀਊਨ ਸਿਸਟਮ ਨੂੰ ਮਜਬੂਤ ਕਰਕੇ ਸਾਹ ਦੇ ਸੈੱਲਾਂ ਨੂੰ ਹੈਲਦੀ ਰੱਖ ਕੇ ਫੇਫੜੇ ਮਜਬੂਤ ਕਰਦਾ ਹੈ। ਲੀਨ ਮੀਟ, ਫਲਿਆਂ, ਅੰਡੇ

• ਕੰਪਲੈਕਸ ਕਾਰਬੋਹਾਈਡਰੇਟ : ਵਿੱਚ ਫਾਈਬਰ ਜ਼ਿਆਦਾ ਹੁੰਦਾ ਹੈ, ਜੋ ਪਾਚਨ ਪ੍ਰਣਾਲੀ ਨੂੰ ਠੀਕ ਰੱਖਦਾ ਹੈ। ਰੂਟੀਨ ਵਿੱਚ ਹੋਲ-ਵੀਟ ਖਾਣ-ਪੀਣ ਵਾਲੀਆਂ ਚੀਜ਼ਾਂ ਇਸਤੇਮਾਲ ਕਰਨ ਨਾਲ ਫੇਫੜਿਆਂ ਨੂੰ ਤਾਕਤ ਮਿਲਦੀ ਹੈ।

• ਤਾਜ਼ੇ ਫੱਲ ਸਬਜ਼ੀਆਂ : ਫਰੋਜ਼ਨ ਚੀਜ਼ਾਂ ਦੀ ਥਾਂ ਤਾਜ਼ੇ ਫੱਲ-ਸਬਜ਼ੀਆਂ ਹੀ ਖਾਓ।

• ਸਰੀਰ ਅੰਦਰ ਪੋਟਾਸ਼ੀਅਮ ਦੀ ਸਹੀ ਮਾਤਰਾ ਬਣਾ ਕੇ ਰੱਖਣ ਲਈ ਪੱਕਿਆ ਕੇਲਾ, ਹਰੀ ਪੱਤੇਦਾਰ ਸਬਜ਼ੀਆਂ, ਚੁਕੰਦਰ, ਆਦਿ ਖੁਰਾਕ ਵਿੱਚ ਸ਼ਾਮਿਲ ਕਰਕੇ ਫੇਫੜੇ ਤੰਦਰੁਸਤ ਰੱਖੋ।

• ਇੰਡਸਰੀਅਲ ਅਤੇ ਸਿਗਰੇਟ-ਬੀੜੀ ਦੇ ਧੂੰਏ ਕਾਰਨ ਫੇਫੜਿਆਂ ਨੂੰ ਨੁਕਸਾਨ ਪਹੁੰਚਦਾ ਹੈ।

ਸੇਬ ਅੰਦਰ ਮੌਜੂਦ ਐਂਟੀਆਕਸੀਡੈਂਟ ਕਵੇਰਸੇਟਿਨ ਹੋਣ ਕਰਕੇ ਡੇਲੀ 1-2 ਐਪਲ ਖਾ ਸਕਦੇ ਹੋ।

• ਨਮਕ ਯਾਨਿ ਸੋਡੀਅਮ ਜ਼ਿਆਦਾ ਲੈਣ ਨਾਲ ਫੇਫੜਿਆਂ ਦੇ ਰੋਗੀ ਨੂੰ ਸਾਹ ਲੈਣ ਵਿੱਚ ਮੁਸ਼ਕਲ ਹੋ ਸਕਦੀ ਹੈ। ਗਰੋਸਰੀ ਕਰਨ ਵਾਲੇ ਫੂਡ ਲੇਵਲ ਨੂੰ ਧਿਆਣ ਨਾਲ ਦੇਖ ਕੇ ਹੀ ਲਵੋ।

• ਲੱਛਣਾਂ ਦੀ ਹਾਲਤ ਵਿੱਚ ਤਲੀਆਂ, ਮਿਰਚ-ਮਸਾਲੇਦਾਰ, ਠੰਢੇ ਖਾਣ-ਪੀਣ ਵਾਲੇ ਪਦਾਰਥ ਅਤੇ ਜੰਕ-ਫੂਡ ਅਤੇ ਨਸ਼ਿਆਂ ਦਾ ਇਸਤੇਮਾਲ ਫੇਫੜਿਆਂ ਨੂੰ ਕਮਜ਼ੋਰ ਕਰ ਸਕਦਾ ਹੇ। ਪ੍ਰਹੇਜ਼ ਕਰੋ।

**ਨੋਟ :** ਖੰਘਣ ਜਾਂ ਛਿੱਕਣ ਵੇਲੇ ਹਮੇਸ਼ਾ ਆਪਣਾ ਮੂੰਹ-ਨੱਕ ਢੱਕੋ ਕੇ ਰੱਖੋ। ਪਰਸਨਲ ਹਾਈਜ਼ੀਨ ਘਰ, ਬਾਹਰ ਅਤੇ ਵਰਕ-ਪਲੇਸ 'ਤੇ ਹੱਥਾਂ ਨੂੰ ਚੰਗੇ ਸੋਪ ਨਾਲ ਧੋਵੋ। ਮਾਸਕ ਨਾਲ ਆਪਣਾ ਮੂੰਹ ਢੱਕ ਕੇ ਰੱਖੋ। ਸਿਗਰਟ ਨਾ ਪੀਓ ਅਤੇ ਸੈਕਿੰਡ ਹੈਂਡ ਸਮੋਕ ਤੋਂ ਬਚੋ। ਸਮੇਂ 'ਤੇ ਫਲੂ ਦਾ ਵੈਕਸੀਨ ਜਰੂਰ ਲਗਵਾਓ।



# ਗੁਣਾਂ ਦਾ ਖਜ਼ਾਨਾ ਅੰਜੀਰ

-ਡਾ. ਹਰਸ਼ਿੰਦਰ ਕੌਰ

ਅੰਜੀਰ ਦੀ ਸਭ ਤੋਂ ਵੱਧ ਮਹੱਤਤਾ ਇਸ ਨਾਲ ਮਿਲਦੇ ਮਰਦਾਨਾ ਕਮਜ਼ੋਰੀ ਵਿਚ ਫ਼ਾਇਦੇ ਸਦਕਾ ਹੈ। ਅਣਗਿਣਤ ਆਯੁਰਵੈਦਿਕ ਦਵਾਈਆਂ, ਐਲੋਪੈਥਿਕ ਖੋਜਾਂ ਅਤੇ ਵਿਸ਼ਵ ਪ੍ਰਸਿੱਧ ਵਿਗਿਆਨੀਆਂ ਵਲੋਂ ਸੁਝਾਏ ਨੁਕਤਿਆਂ ਅਨੁਸਾਰ ਮਰਦਾਨਾ ਕਮਜ਼ੋਰੀ ਲਈ ਰਾਤ ਭਰ ਭਿਉਂ ਕੇ ਰੱਖੀਆਂ ਦੋ ਅੰਜੀਰਾਂ, 4 ਬਦਾਮ ਅਤੇ 2 ਅਖਰੋਟ ਜਦੋਂ ਗਰਮ ਦੁੱਧ ਨਾਲ ਸਵੇਰੇ ਲੈ ਲਏ ਜਾਣ ਤਾਂ ਮਰਦਾਨਾ ਕਮਜ਼ੋਰੀ ਵਿਚ ਬਹੁਤ ਫ਼ਰਕ ਪੈ ਜਾਂਦਾ ਹੈ। ਖੋਜਾਂ ਇਹ ਵੀ ਸਪੱਸ਼ਟ ਕਰ ਚੁੱਕੀਆਂ ਹਨ ਕਿ ਸਰੀਰ ਲਈ ਲੋੜੀਂਦੇ ਤੱਤ ਜਿਵੇਂ ਸੀਲੀਨੀਅਮ, ਵਿਟਾਮਿਨ ਈ, ਜ਼ਿੰਕ, ਓਮੇਗਾ ਤਿੰਨ ਫੈਟੀ ਏਸਿਡ, ਫੋਲੇਟ ਆਦਿ ਸਭ ਅੰਜੀਰ ਵਿਚ ਮੌਜੂਦ ਹਨ ਤੇ ਪੂਰੀ ਮਾਤਰਾ ਵਿਚ ਹਨ। ਇਸੇ ਲਈ ਸੁਪਰ-ਫੂਡ ਮੰਨੀ ਜਾ ਚੁੱਕੀ ਅੰਜੀਰ ਨੂੰ ਹੁਣ ਕਈ ਲੋਕ ਰਾਤ ਭਰ ਭਿਉਂ ਕੇ ਉਸ ਨਾਲ ਭਿੱਜੇ ਬਦਾਮ, ਅਖਰੋਟ ਅਤੇ ਨਾਲੋ-ਨਾਲ ਹੇਜ਼ਲ ਨੱਟ ਵੀ ਖਾਣ ਲੱਗ ਪਏ ਹਨ।

ਲੋਹ ਕਣਾਂ ਨਾਲ ਭਰਪੂਰ ਹੋਣ ਸਦਕਾ ਅੰਜੀਰ ਲਹੂ ਦੀ ਕਮੀ ਨਾਲ ਜੂਝਦੇ ਮਰੀਜ਼ਾਂ ਲਈ ਵੀ ਵਰਦਾਨ ਸਾਬਤ ਹੋ ਚੁੱਕੀ ਹੈ। ਥਕਾਨ ਬਾਅਦ ਜੇ ਦੋ ਅੰਜੀਰਾਂ ਖਾ ਲਈਆਂ ਜਾਣ ਤਾਂ ਝਟਪਟ ਥਕਾਵਟ ਦੂਰ ਹੋ ਜਾਂਦੀ ਹੈ। ਜੇ ਯੂਰਿਕ ਏਸਿਡ ਵਧਿਆ ਹੋਵੇ ਤਾਂ ਪੂਰੀ ਦਵਾਈ ਖਾਣ ਦੇ ਨਾਲੋ-ਨਾਲ ਖਾਣ-ਪੀਣ ਵਿਚ ਪਰਹੇਜ਼ ਕਰਨ ਅਤੇ ਇਕ ਮਹੀਨੇ ਲਈ ਅੰਜੀਰ ਖਾਣ ਨਾਲ ਯੂਰਿਕ ਏਸਿਡ ਛੇਤੀ ਘੱਟ ਹੋ ਜਾਂਦਾ ਹੈ। ਫਾਈਬਰ ਭਰਪੂਰ ਹੋਣ ਕਾਰਨ ਇਸ ਨੂੰ ਖਾਣ ਨਾਲ ਕਬਜ਼ ਵੀ ਠੀਕ ਹੋ ਸਕਦੀ ਹੈ। ਕੈਲਸ਼ੀਅਮ ਤੇ ਫ਼ਾਸਫੋਰਸ ਕਾਰਨ ਅੰਜੀਰ ਹੱਡੀਆਂ ਵੀ ਤੰਦਰੁਸਤ ਰੱਖਦੀ ਹੈ। ਦਿਲ ਸਿਹਤਮੰਦ ਰੱਖਣ ਵਿਚ ਵੀ ਅੰਜੀਰ ਲਾਹੇਵੰਦ ਹੈ।

ਸ਼ੱਕਰ ਰੋਗੀਆਂ ਲਈ ਅੰਜੀਰ ਰੱਬੀ ਸੁਗਾਤ ਹੀ ਮੰਨੀ ਜਾ ਸਕਦੀ ਹੈ, ਕਿਉਂਕਿ ਇਸ ਵਿਚ ਸ਼ੱਕਰ ਦੀ ਮਾਤਰਾ ਕਾਫੀ ਘੱਟ ਹੈ। ਇਸ ਵਿਚ ਨਮਕ ਵੀ ਕਾਫੀ ਘੱਟ ਹੈ ਤੇ ਥਿੰਦਾ ਉੱਕਾ ਹੀ ਨਹੀਂ ਹੈ। ਗਰਭਵਤੀ ਔਰਤਾਂ ਵੀ ਜੇ ਰੋਜ਼ ਰਾਤ ਦੋ ਅੰਜੀਰਾਂ ਭਿਉਂ ਕੇ ਸਵੇਰੇ ਖਾਂਦੀਆਂ ਰਹਿਣ ਤਾਂ ਜੱਚਾ-ਬੱਚਾ, ਦੋਵਾਂ ਨੂੰ ਹੀ ਫ਼ਾਇਦਾ ਪਹੁੰਚ ਜਾਂਦਾ ਹੈ। ਜੇ ਮਾਂਹਵਾਰੀ ਦੌਰਾਨ ਥਕਾਨ, ਪੀੜ, ਚੱਕਰ ਆਦਿ ਆਉਂਦੇ ਹੋਣ ਤਾਂ ਦਵਾਈ ਦੇ ਨਾਲ ਉਨ੍ਹਾਂ ਦਿਨਾਂ ਵਿਚ ਅੰਜੀਰ ਜ਼ਰੂਰ ਖਾ ਲੈਣੀ ਚਾਹੀਦੀ ਹੈ।

ਜਿਨ੍ਹਾਂ ਦੀ ਮਾਂਹਵਾਰੀ ਬੰਦ ਹੋ ਚੁੱਕੀ ਹੋਵੇ, ਉਨ੍ਹਾਂ ਲਈ ਵੀ ਮਾੜੇ ਲੱਛਣ ਘਟਾਉਣ ਵਿਚ ਅੰਜੀਰ ਮਦਦ ਕਰਦੀ ਹੈ। ਜਿਨ੍ਹਾਂ ਵਿਚ ਹਾਰਮੋਨਾਂ ਦੀ ਗੜਬੜੀ ਹੋਵੇ, ਉਨ੍ਹਾਂ ਔਰਤਾਂ ਨੂੰ ਵੀ ਤਿੰਨ ਮਹੀਨੇ ਲਗਾਤਾਰ ਰੋਜ਼ ਸਵੇਰੇ ਰਾਤ ਦੀਆਂ ਭਿਉਂ ਕੇ ਰੱਖੀਆਂ ਤਿੰਨ ਅੰਜੀਰਾਂ ਗਰਮ ਦੁੱਧ ਨਾਲ ਖਾ ਲੈਣੀਆਂ ਚਾਹੀਦੀਆਂ ਹਨ। ਇੱਕ ਗੱਲ ਚੇਤੇ ਰੱਖਣ ਦੀ ਲੋੜ ਹੈ ਕਿ ਨਾਲੋ-ਨਾਲ ਡਾਕਟਰੀ ਇਲਾਜ ਜ਼ਰੂਰ ਕਰਨਾ ਚਾਹੀਦਾ ਹੈ। ਜਿਨ੍ਹਾਂ ਨੂੰ ਨੀਂਦਰ ਠੀਕ ਨਾ ਆਉਂਦੀ ਹੋਵੇ,ਉਨ੍ਹਾਂ ਨੂੰ ਵੀ ਰਾਤ ਵੇਲੇ ਤਣਾਅ ਘਟਾ ਕੇ, ਮਧੁਰ ਸੰਗੀਤ ਸੁਣਦਿਆਂ, ਤਲੀਆਂ ਚੀਜ਼ਾਂ ਖਾਣ ਦੀ ਥਾਂ ਗਰਮ ਦੁੱਧ ਵਿਚ ਦੋ ਅਜ਼ੀਰਾਂ ਉਬਾਲ ਕੇ ਜ਼ਰੂਰ ਖਾ ਲੈਣੀਆਂ ਚਾਹੀਦੀਆਂ ਹਨ।

ਵਾਲਾਂ ਲਈ : ਅੰਜੀਰ ਵਿਚਲੇ ਮੈਗਨੀਸ਼ੀਅਮ, ਵਿਟਾਮਿਨ ਸੀ ਅਤੇ ਈ ਇਸ ਨੂੰ ਵਾਲ ਵਧਾਉਣ ਲਈ ਵਧੀਆ ਦਵਾਈ ਬਣਾ ਦਿੰਦੇ ਹਨ।

ਭਾਰ ਘਟਾਉਣ ਲਈ : ਰੋਜ਼ਾਨਾ ਕਸਰਤ ਤੇ ਸੰਤੁਲਿਤ ਖ਼ੁਰਾਕ ਦੇ ਨਾਲ ਰੋਜ਼ ਦੋ ਅੰਜੀਰਾਂ ਖਾਣ ਨਾਲ ਇਸ ਵਿਚਲੇ ਫਾਈਬਰ ਸਦਕਾ ਭਾਰ ਕਾਬੂ ਵਿਚ ਰੱਖਿਆ ਜਾ ਸਕਦਾ ਹੈ। ਜੇ ਰੋਜ਼ 6 ਤੋਂ ਵੱਧ ਅੰਜੀਰਾਂ ਖਾਧੀਆਂ ਜਾਣ ਤਾਂ ਭਾਰ ਵਧਣ ਲੱਗ ਸਕਦਾ ਹੈ, ਤਗੜੀ ਐਲਰਜੀ ਹੋ ਸਕਦੀ ਹੈ, ਤਿੱਖੀ ਢਿੱਡ ਪੀੜ ਹੋ ਸਕਦੀ ਹੈ, ਅਫ਼ਾਰਾ ਹੋ ਸਕਦਾ ਹੈ, ਬਲੱਡ ਪ੍ਰੈੱਸ਼ਰ ਘੱਟ ਹੋ ਸਕਦਾ ਹੈ, ਟੱਟੀਆਂ ਲੱਗ ਸਕਦੀਆਂ ਹਨ, ਨਿੱਛਾਂ ਆ ਸਕਦੀਆਂ ਹਨ, ਲਹੂ ਵਿਚ ਸ਼ੱਕਰ ਦੀ ਮਾਤਰਾ ਕਾਫੀ ਘੱਟ ਹੋ ਜਾਂਦੀ ਹੈ ਤੇ ਅੱਖ ਦੀ ਅੰਦਰਲੀ ਪਰਤ ਵਿਚ ਲਹੂ ਤੱਕ ਚਲ ਸਕਦਾ ਹੈ। ਹਾਲਾਂਕਿ ਕਈ ਇਨਸਾਨਾਂ ਉੱਤੇ ਹੋਈ ਖੋਜ ਇਹ ਤੱਥ ਸਾਬਤ ਨਹੀਂ ਕਰ ਸਕੀ ਪਰ ਚੂਹਿਆਂ ਉੱਤੇ ਹੋਈ ਖੋਜ ਇਹ ਸਾਬਤ ਕਰ ਚੁੱਕੀ ਹੈ ਕਿ ਅੰਜੀਰ ਲਹੂ ਵਗਣ ਵਿਚ ਰੋਕ ਲਾ ਸਕਦੀ ਹੈ, ਕਿਉਂਕਿ ਇਸ ਦੇ ਅਸਰ ਅਧੀਨ ਲਹੂ ਦੀਆਂ ਨਾੜੀਆਂ ਸੁੰਗੜ ਜਾਂਦੀਆਂ ਹਨ।

ਲੋਹ ਕਣ ਭਰਪੂਰ ਫਲ ਸਬਜ਼ੀਆਂ :ਅੰਜੀਰ ਤਾਂ ਲੋਹ ਕਣਾਂ ਨਾਲ ਭਰਪੂਰ ਹੈ ਹੀ, ਪਰ ਜੇ ਸਭ ਦੀ ਰੋਜ਼ਾਨਾ ਦੀ ਖ਼ੁਰਾਕ ਵਿਚ ਵੱਖੋ-ਵੱਖ ਫਲ ਸਬਜ਼ੀਆਂ ਸ਼ਾਮਿਲ ਕਰ ਲਈਆਂ ਜਾਣ ਤਾਂ ਲਹੂ ਦੀ ਕਮੀ ਖ਼ਤਮ ਕੀਤੀ ਜਾ ਸਕਦੀ ਹੈ। ਇਹ ਹਨ:-

-ਹਦਵਾਣਾ -ਪਾਲਕ

-ਸੌਂਗੀ -ਸ਼ਕਰਕੰਦੀ

-ਖਜੂਰ -ਮਟਰ

-ਸਟਰਾਅਬੇਰੀ -ਬਰੌਕਲੀ

-ਆੜੂ -ਹਰੀਆਂ ਫਲੀਆਂ

-ਅਲੂਚਾ -ਕੇਲ ਪੱਤਾ

ਸਾਰ : ਕੁਦਰਤ ਨੇ ਸਾਨੂੰ ਬੇਸ਼ਕੀਮਤੀ ਚੀਜ਼ਾਂ ਤੰਦਰੁਸਤ ਰਹਿਣ ਲਈ ਦਿੱਤੀਆਂ ਹੋਈਆਂ ਹਨ। ਜੇ ਅਸੀਂ ਇਨ੍ਹਾਂ ਦੀ ਸਹੀ ਸੰਭਾਲ ਕਰ ਕੇ, ਸਹੀ ਢੰਗ ਨਾਲ ਖਾਣਾ ਸ਼ੁਰੂ ਕਰ ਦੇਈਏ ਤਾਂ ਲੰਮੀ ਉਮਰ ਭੋਗ ਸਕਦੇ ਹਾਂ ਅਤੇ ਅਨੇਕ ਬਿਮਾਰੀਆਂ ਤੋਂ ਬਚ ਵੀ ਸਕਦੇ ਹਾਂ।

CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ
Capital services
*ਇੰਡੀਅਨ ਪਾਸਪੋਰਟ
*ਇੰਡੀਅਨ ਵੀਜਾ, OCI
*ਮੁਖਤਿਆਰਨਾਮਾ
*ਇਮੀਗਰੇਸ਼ਨ ਸਰਵਿਸਜ
*ਸਿਟੀਜਨ, ਗਰੀਨ ਕਾਰਡ
*ਫੈਮਲੀ ਪਟੀਸ਼ਨ

- ਹੋਰ ਸੇਵਾਵਾਂ -
*ਕਾਰ ਟਰਾਂਸਫਰ/ਸਟਿੱਕਰ, *ਇੰਸ਼ੋਰੈਂਸ: ਕਾਰ, ਘਰ ਤੇ ਬਿਜਨਸ
*ਲਾਈਵ ਸਕੈਨ/ਫਿੰਗਰ ਪ੍ਰਿੰਟ, *ਨੋਟਰੀ ਪਬਲਿਕ *ਮੇਲ ਬੌਕਸ
*ਫੈਕਸ, ਕਾਪੀ, ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ।
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ।
Call, Banga (916) 427-4321, Fax (916) 258-0441
email: sacramento99@yahoo.com, website: capitalservices.us

# ਪੋਹ, ਤਵਾ ਲਾਹ ਤੇ ਤੌੜੀ ਧੋ



**ਜੋਗਿੰਦਰ ਕੌਰ ਅਗਨੀਹੋਤਰੀ**

ਸਮੇਂ ਦਾ ਚੱਕਰ ਘੁੰਮਦਾ ਆ ਰਿਹਾ ਹੈ। ਇਹ ਕਿਤੇ ਵੀ ਨਹੀਂ ਰੁਕਦਾ। ਰੁੱਤਾਂ ਬਦਲਦੀਆਂ ਰਹਿੰਦੀਆਂ ਹਨ। ਦਿਨ ਕਦੇ ਵੱਡੇ ਹੁੰਦੇ ਹਨ ਅਤੇ ਕਦੇ ਛੋਟੇ। ਇਸ ਤਰ੍ਹਾਂ ਰੁੱਤਾਂ ਵੀ ਆਪਣੇ ਆਪਣੇ ਸਮੇਂ ’ਤੇ ਆ ਜਾਂਦੀਆਂ ਹਨ। ਸਾਲ ਵਿੱਚ ਛੇ ਰੁੱਤਾਂ ਆਉਂਦੀਆਂ ਹਨ। ਸਰਦੀ, ਪਤਝੜ, ਬਸੰਤ, ਗਰਮੀ, ਬਰਸਾਤ ਤੇ ਹੇਮੰਤ ਰੁੱਤ। ਇਨ੍ਹਾਂ ਰੁੱਤਾਂ ਦਾ ਆਨੰਦ ਮਾਣਨ ਲਈ ਮਨੁੱਖ ਦੇ ਸਭ ਤਰੀਕੇ ਸਫਲ ਹੋਏ ਹਨ। ਉਸ ਨੇ ਹਰ ਰੁੱਤ ਦੇ ਖਾਣ-ਪੀਣ ਤੇ ਰਹਿਣ-ਸਹਿਣ ਤੋਂ ਇਲਾਵਾ ਮੌਸਮ ਅਨੁਸਾਰ ਆਪਣਾ ਪਹਿਰਾਵਾ ਵੀ ਤਿਆਰ ਕੀਤਾ ਹੈ। ਸਰਦੀ ਨੂੰ ਮਾਣਨ ਲਈ ਰਜਾਈਆਂ ਗੱਦਿਆਂ ਦੀ ਕਾਢ ਕੱਢੀ ਤੇ ਗਰਮੀ ਨੂੰ ਮਾਣਨ ਲਈ ਦਰੀਆਂ ਖੇਸ ਆਦਿ ਤਿਆਰ ਕੀਤੇ। ਇਸ ਤਰ੍ਹਾਂ ਮੌਸਮ ਦੇ ਹਿਸਾਬ ਨਾਲ ਹੀ ਉਸ ਨੇ ਖਾਣ ਪੀਣ ਦਾ ਪ੍ਰਬੰਧ ਕੀਤਾ।



ਸਰਦੀ ਦੀ ਰੁੱਤ ਵਿੱਚ ਪੋਹ ਦੇ ਮਹੀਨੇ ਨੂੰ ਜ਼ਿਆਦਾ ਠੰਢਾ ਮੰਨਿਆ ਜਾਂਦਾ ਹੈ। ਇਸ ਮਹੀਨੇ ਦਿਨ ਛੋਟੇ ਹੁੰਦੇ ਹਨ। ਦੇਸੀ ਮਹੀਨੇ ਮੁਤਾਬਿਕ ਅੱਠ ਪੋਹ ਤੱਕ ਦਿਨ ਘਟਦੇ ਹਨ। ਨੌਂ ਪੋਹ ਨੂੰ ਦਿਨ ਖੜ੍ਹ ਜਾਂਦਾ ਹੈ ਤੇ ਦਸ ਪੋਹ ਤੋਂ ਦਿਨ ਵਧਣੇ ਸ਼ੁਰੂ ਹੋ ਜਾਂਦੇ ਹਨ। ਅੰਗਰੇਜ਼ੀ ਮਹੀਨੇ ਯਾਨੀ ਦਸੰਬਰ ਦੀ 25 ਤਰੀਕ ਨੂੰ ਕ੍ਰਿਸਮਿਸ ਦੇ ਦਿਨ ਨੂੰ ਵੀ ਵੱਡਾ ਮੰਨਿਆ ਜਾਂਦਾ ਹੈ ਕਿਉਂਕਿ ਉਸ ਦਿਨ ਤੋਂ ਦਿਨ ਵਧਣੇ ਸ਼ੁਰੂ ਹੋ ਜਾਂਦੇ ਹਨ। ਦੇਸੀ ਮਹੀਨਿਆਂ ਵਿੱਚ ਦਿਨਾਂ ਦੇ ਵੱਧ ਘੱਟ ਹੋਣ ਨਾਲ ਵੀ ਸਹੀ ਦਿਨ ਦਾ ਕਦੇ ਕਦੇ ਮੇਲ ਨਹੀਂ ਖਾਂਦਾ।

ਆਮ ਕਹਾਵਤ ਹੈ, ‘ਪੋਹ ਤਵਾ ਲਾਹ, ਤੌੜੀ ਧੋ’ ਇਸ ਦਾ ਅਰਥ ਹੈ ਕਿ ਦਿਨ ਛੋਟੇ ਹੁੰਦੇ ਹਨ। ਸਵੇਰੇ ਸੂਰਜ ਦੇਰ ਨਾਲ ਚੜ੍ਹਦਾ ਹੈ ਤੇ ਠੰਢ ਕਾਰਨ ਸਭ ਦੇਰੀ ਨਾਲ ਉੱਠਦੇ ਹਨ। ਸਵੇਰੇ ਦੇਰ ਨਾਲ ਉੱਠਣ ਕਾਰਨ ਸਾਡੇ ਸੱਭਿਆਚਾਰ ਅਨੁਸਾਰ ਪਹਿਲਾਂ ਚਾਹ ਪੀਣ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਪਹਿਲੀ ਵਾਰ ਦੀ ਚਾਹ ਤੇ ਦੂਜੀ ਵਾਰ ਦੀ ਚਾਹ। ਉਸ ਤੋਂ ਬਾਅਦ ਰੋਟੀ ਦੀ ਤਿਆਰੀ। ਰੋਟੀ ਬਣਦੇ ਤੇ ਖਾਣ ’ਤੇ ਕਾਫ਼ੀ ਸਮਾਂ ਲੱਗ ਜਾਂਦਾ ਹੈ। ਫਿਰ ਸ਼ਾਮ ਦੇ ਖਾਣ-ਪੀਣ ਦਾ ਪ੍ਰਬੰਧ। ਇਹ ਕਹਾਵਤ ਪਹਿਲੇ ਸਮੇਂ ’ਤੇ ਵੱਧ ਢੁੱਕਦੀ ਹੈ ਕਿਉਂਕਿ ਉਸ ਸਮੇਂ ਸ਼ਾਮ ਨੂੰ ਖਿਚੜੀ (ਬਾਜਰੇ ਦੀ) ਬਣਾਈ ਜਾਂਦੀ ਸੀ ਤੇ ਉਸ ਨੂੰ ਤੌੜੀ ਵਿੱਚ ਰਿੰਨ੍ਹ ?ਆ ਜਾਂਦਾ ਸੀ। ਹਾਰੇ ਵਿੱਚ ਪਾਥੀਆਂ ਭੰਨ ਕੇ ਗੋਹੇ ਬਣਾ ਕੇ ਰੱਖੇ ਜਾਂਦੇ ਤੇ ਫਿਰ ਚੁੱਲ੍ਹੇ ਵਿੱਚੋਂ ਅੱਗ ਲੈ ਕੇ ਉਨ੍ਹਾਂ ਉੱਤੇ ਪਾ ਦਿੱਤੀ ਜਾਂਦੀ। ਕੁੱਝ ਚਿਰ ਬਾਅਦ ਅੱਗ ਧੁਖ ਜਾਂਦੀ ਤੇ ਫਿਰ ਉਸ ਉੱਤੇ ਤੌੜੀ ਵਿੱਚ ਪਾਣੀ ਪਾ ਕੇ ਰੱਖਿਆ ਜਾਂਦਾ। ਪਾਣੀ ਗਰਮ ਹੋਣ ਤੋਂ ਬਾਅਦ ਉਸ ਵਿੱਚ ਖਿਚੜੀ ਪਾ ਦਿੱਤੀ ਜਾਂਦੀ। ਇਹ ਖਿਚੜੀ ਬਣਨ ’ਤੇ ਤਿੰਨ ਘੰਟੇ ਲੱਗ ਜਾਂਦੇ। ਫਿਰ ਇਹ ਪਦਾਰਥ ਤਿਆਰ ਹੁੰਦਾ।

ਇਸ ਪਦਾਰਥ ਨੂੰ ਸਾਰਾ ਪਰਿਵਾਰ ਤਿਉੜ (ਗਾੜ੍ਹੀ ਲੱਸੀ ਵਿੱਚ ਸੱਜਰੇ ਦੁੱਧ ਦੀਆਂ ਧਾਰਾਂ) ਨਾਲ ਖਾਂਦਾ। ਇਹ ਖਿਚੜੀ ਦੁੱਧ, ਦਹੀਂ, ਮੱਖਣ ਤੇ ਘਿਓ ਪਾ ਕੇ ਵੀ ਖਾਧੀ ਜਾਂਦੀ ਹੈ। ਪੋਹ ਦਾ ਮਹੀਨਾ ਠੰਢਾ ਹੈ, ਦਿਨ ਛੋਟੇ ਹਨ, ਪਰ ਫੇਰ ਵੀ ਇਸ ਠੁਰ ਠੁਰ ਕਰਾਉਂਦੀ ਸਰਦੀ ਦਾ ਆਨੰਦ ਹੀ ਵੱਖਰਾ ਹੈ। ਪੋਹ ਦੇ ਮਹੀਨੇ ਵਿੱਚ ਮੂੰਗਫਲੀ, ਰਿਉੜੀਆਂ, ਤਿਲਕੁਟਾ, (ਤਿਲ ਤੇ ਗੁੜ ਨੂੰ ਮਿਲਾ ਕੇ ਕੁੱਟਣਾ। ਇਸ ਨੂੰ ਭੁੱਗਾ ਵੀ ਕਿਹਾ ਜਾਂਦਾ ਹੈ।) ਆਦਿ ਖਾਧੇ ਜਾਂਦੇ ਹਨ। ਬਦਾਮ, ਕਾਜੂ , ਅਖਰੋਟ, ਦਾਖਾਂ ਅਤੇ ਛੁਹਾਰੇ ਵੀ ਖਾਧੇ ਜਾਂਦੇ ਹਨ। ਭਿੰਨ ਭਿੰਨ ਪ੍ਰਕਾਰ ਦੇ ਸੁੱਕੇ ਮੇਵੇ ਪਾ ਕੇ ਪੰਜੀਰੀ ਰਲਾ ਕੇ ਖਾਧੀ ਜਾਂਦੀ ਹੈ। ਖੋਏ ਦੀਆਂ ਪਿੰਨੀਆਂ ਵੀ ਬਣਾਈਆਂ ਜਾਂਦੀਆਂ ਹਨ। ਇਹ ਸਭ ਚੀਜ਼ਾਂ ਸਰੀਰ ਨੂੰ ਗਰਮ ਰੱਖਦੀਆਂ ਹਨ। ਇਸ ਲਈ ਕਿਹਾ ਗਿਆ ਹੈ:

**ਜਿਨ੍ਹਾਂ ਨੇ ਖਾਧਾ ਰੱਜ ਕੇ ਪੋਹ**
**ਸਦਾ ਰਹਿਣਗੇ ਉਹ ਅਰੋਗ।**

ਪੋਹ ਦੇ ਮਹੀਨੇ ਵਿੱਚ ਮੱਕੀ, ਬਾਜਰੇ ਦੀ ਰੋਟੀ ਖਾਣ ਦਾ ਸਵਾਦ ਹੀ ਨਿਰਾਲਾ ਹੈ। ਸਰ੍ਹੋਂ ਦੇ ਸਾਗ ਨੂੰ ਬਣਾਉਣ ਲਈ ਕਾਫ਼ੀ ਸਮਾਂ ਲੱਗਦਾ ਹੈ। ਮਿੱਟੀ ਦੇ ਕੁੱਜੇ ਵਿੱਚ ਬਣਿਆ ਸਾਗ ਬਹੁਤ ਸਵਾਦ ਹੁੰਦਾ ਹੈ। ਮਿੱਟੀ ਦੇ ਕੁੱਜੇ ਨੂੰ ਤਪਲਾ ਵੀ ਕਹਿੰਦੇ ਹਨ। ਸੁੱਘੜ ਸਿਆਣੀ ਔਰਤ ਮਿੱਟੀ ਦੇ ਕੁੱਜੇ ਨੂੰ ਅੱਗ ’ਤੇ ਰੱਖਣ ਤੋਂ ਪਹਿਲਾਂ ਉਸ ਦੇ ਲਿਉ ਲਾਉਂਦੀਆਂ ਹਨ। ਜਿਸ ਕਰਕੇ ਇਹ ਮਿੱਟੀ ਦਾ ਭਾਂਡਾ ਮਚਦੀ ਹੋਈ ਤੇਜ਼ ਅੱਗ ਦੀ ਝਾਲ ਝੱਲ ਜਾਂਦਾ ਹੈ ਤੇ ਟੁੱਟਦਾ ਫੁੱਟਦਾ ਨਹੀਂ। ਇਸ ਤੋਂ ਇਲਾਵਾ ਦੂਜੇ ਨੰਬਰ ’ਤੇ ਭਰਤ (ਸੱਤ ਧਾਤਾਂ ਦੇ ਮਿਸ਼ਰਣ ਤੋਂ ਬਣਿਆ) ਦਾ ਪਤੀਲਾ ਆਉਂਦਾ ਹੈ। ਬਾਕੀ ਸਭ ਸਾਧਨ ਮਜਬੂਰੀ ਦੀ ਭੇਂਟ ਚੜ੍ਹ ਜਾਂਦੇ ਹਨ। ਸਾਗ ਬਣਾਉਣ ਲਈ ਬਹੁਤ ਮਿਹਨਤ ਕਰਨੀ ਪੈਂਦੀ ਹੈ। ਪਹਿਲਾਂ ਸਾਗ ਤੋੜ ਕੇ ਲਿਆਉਣਾ ਪੈਂਦਾ ਹੈ। ਫਿਰ ਉਸ ਨੂੰ ਛਾਂਟ ਕੇ ਦਾਤ ਨਾਲ ਚੀਰਿਆ ਜਾਂਦਾ ਹੈ। ਉਂਜ ਅੱਜਕੱਲ੍ਹ ਸਾਗ ਚੀਰਨ ਵਾਲੀਆਂ ਮਸ਼ੀਨਾਂ ਵੀ ਆ ਗਈਆਂ ਹਨ। ਇਸ ਸਰ੍ਹੋਂ ਦੇ ਸਾਗ ਵਿੱਚ ਪਾਲਕ, ਮੇਥੇ, ਬਾਥੂ ਆਦਿ ਵੀ ਚੀਰ ਕੇ ਪਾਏ ਜਾਂਦੇ ਹਨ। ਇਹ ਵਸਤਾਂ ਸਾਗ ਨੂੰ ਮੁਲਾਇਮ ਤੇ ਸਵਾਦ ਬਣਾਉਂਦੀਆਂ ਹਨ। ਇਸ ਵਿੱਚ ਅਜਿਹੇ ਤੱਤ ਵੀ ਹੁੰਦੇ ਹਨ ਜੋ ਅਨੇਕਾਂ ਬਿਮਾਰੀਆਂ ਨੂੰ ਦੂਰ ਕਰਦੇ ਹਨ। ਇਸ ਵਿੱਚ ਮੋਠਾਂ ਦਾ ਆਲਣ ਵੀ ਪਾਇਆ ਜਾਂਦਾ ਹੈ। ਰਿੱਝ ਰਹੇ ਸਾਗ ਵਿੱਚ ਲਸਣ, ਅਦਰਕ ਅਤੇ ਚਿੱਬੜ ਵੀ ਕੱਟ ਕੇ ਪਾਏ ਜਾਂਦੇ ਹਨ। ਇਸ ਨੂੰ ਸਾਢੇ ਤਿੰਨ ਘੰਟੇ ਲਗਾਤਾਰ ਰਿੰਨ੍ਹ ?ਆ ਜਾਂਦਾ ਹੈ। ਸਾਗ ਰਿੰਨ੍ਹਣ ਲਈ ਬਹੁਤ ਜ਼ਿਆਦਾ ਬਾਲਣ ਲੱਗਦਾ ਹੈ। ਉਸ ਤੋਂ ਇਸ ਵਿੱਚ ਮਿਰਚਾਂ ਤੇ ਨਮਕ ਰਗੜ ਕੇ ਪਾਇਆ ਜਾਂਦਾ ਹੈ। ਇਸ ਤੋਂ ਪਿੱਛੋਂ ਇਸ ਨੂੰ ਕੁੱਝ ਚਿਰ ਰਿੱਝਣ ਤੋਂ ਬਾਅਦ ਮੱਕੀ ਦਾ ਆਟਾ ਜਾਂ ਬਾਜਰੇ ਦਾ ਆਟਾ ਜਾਂ ਬੇਸਣ ਪਾ ਕੇ ਘੋਟਣੇ ਨਾਲ ਘੋਟਿਆ ਜਾਂਦਾ ਹੈ।

ਸਾਗ ਤੋੜਨਾ ਹਰ ਇੱਕ ਦੇ ਵੱਸ ਦੀ ਗੱਲ ਨਹੀਂ। ਕੋਮਲ ਗੰਦਲਾਂ ਦਾ ਸਾਗ ਤੋੜਿਆ ਜਾਂਦਾ ਹੈ। ਕਈ ਵਾਰ ਜਦੋਂ ਕੋਈ ਪਤਲਾ ਤੇ ਨਰਮ ਜਿਹੀ ਕੁੜੀ ਸਾਗ ਤੋੜਦੀ ਹੈ ਤਾਂ ਉਸ ਵੱਲ ਇਸ਼ਾਰਾ ਕਰਕੇ ਇਹ ਵੀ ਕਿਹਾ ਜਾਂਦਾ ਹੈ:

**ਗੰਦਲ ਵਰਗੀ ਕੁੜੀ ਗੰਦਲਾਂ ਤੋੜਦੀ ਫਿਰੇ।**

ਖੇਤਾਂ ਵਿੱਚੋਂ ਸਾਗ ਲਿਆਉਣ ਵੇਲੇ ਕੁੜੀਆਂ ਇਕੱਠੀਆਂ ਹੋ ਕੇ ਤੁਰਦੀਆਂ ਤੇ ਨਾਲ ਆਪਣੇ ਮਨ ਦੇ ਭਾਵਾਂ ਨੂੰ ਇੱਕ ਦੂਜੇ ਨਾਲ ਸਾਂਝੇ ਕਰਦੀਆਂ ਤੇ ਇਹ ਭਾਵ ਲੋਕ ਗੀਤਾਂ ਦਾ ਰੂਪ ਧਾਰਨ ਕਰ ਜਾਂਦੇ:

**ਲੈ ਪੋਣਾ ਕੁੜੀ ਚੱਲੀ ਸਾਗ ਨੂੰ**
**ਖੜ੍ਹੀ ਉਡੀਕੇ ਸਾਥਣ ਨੂੰ**
**ਕੱਚੀ ਕੈਲ ਮਰੋੜੇ ਦਾਤਣ ਨੂੰ।**

ਸਿਆਣਿਆਂ ਦੇ ਕਥਨ ਅਨੁਸਾਰ ਪੋਹ ਦਾ ਮਹੀਨਾ ਮੈਲਾ ਹੁੰਦਾ ਹੈ। ਇਸ ਮਹੀਨੇ ਵਿੱਚ ਵਿਆਹ ਨਹੀਂ ਕੀਤੇ ਜਾਂਦੇ। ਬੇਸ਼ੱਕ ਅਜਿਹੇ ਵਹਿਮਾਂ ਨੂੰ ਅਗਾਂਹਵਧੂ ਸੋਚ ਦੇ ਲੋਕ ਨਹੀਂ ਮੰਨਦੇ ਤੇ ਉਹ ਇਨ੍ਹਾਂ ਦਿਨਾਂ ਵਿੱਚ ਵਿਆਹ ਰੱਖ ਲੈਂਦੇ ਹਨ। ਜੇ ਗ਼ੌਰ ਨਾਲ ਦੇਖਿਆ ਜਾਵੇ ਤਾਂ ਪੋਹ ਦਾ ਮੈਲਾ ਹੋਣਾ ਸਿਰਫ਼ ਇਸ ਲਈ ਹੈ ਕਿ ਦਿਨ ਛੋਟੇ ਹੁੰਦੇ ਹਨ ਤੇ ਸੂਰਜ ਜਲਦੀ ਛਿਪ ਜਾਂਦਾ। ਦਿਨ ਵੇਲੇ ਕਰਨ ਵਾਲੇ ਕੰਮਾਂ ਨੂੰ ਰਾਤ ਨੂੰ ਨਹੀਂ ਕੀਤਾ ਜਾ ਸਕਦਾ। ਇਸ ਵਿੱਚ ਹੋਰ ਵੀ ਸਮੱਸਿਆਵਾਂ ਹੁੰਦੀਆਂ ਸਨ। ਸਭ ਤੋਂ ਪਹਿਲੀ ਗੱਲ ਇਹ ਹੈ ਕਿ ਘਰ ਛੋਟੇ ਹੁੰਦੇ ਸਨ ਤੇ ਸਾਰਿਆਂ ਨੂੰ ਠੰਢ ਤੋਂ ਬਚਾਉਣ ਲਈ ਕਮਰਿਆਂ ਦੀ ਘਾਟ ਹੁੰਦੀ ਸੀ। ਦੂਜੇ ਨੰਬਰ ’ਤੇ ਬਿਸਤਰਿਆਂ ਦੀ ਕਮੀ। ਪਾਉਣ ਵਾਲੇ ਕੱਪੜਿਆਂ ਦੀ ਕਮੀ। ਇਹ ਉਸ ਸਮੇਂ ਦੇ ਲੋਕਾਂ ਦੀ ਮਜਬੂਰੀ ਸੀ। ਉਸ ਸਮੇਂ ਬਰਾਤ ਦੇ ਠਹਿਰਨ ਦਾ ਪ੍ਰਬੰਧ ਪਿੰਡ ਦੀ ਸਾਂਝੀ ਥਾਂ ਹਥਾਈ ਜਾਂ ਕਿਸੇ ਧਰਮਸ਼ਾਲਾ ਵਿੱਚ ਹੁੰਦਾ ਸੀ। ਹੋਰ ਨਹੀਂ ਤਾਂ ਜੇਕਰ ਪਿੰਡ ਵਿੱਚ ਕੋਈ ਸਕੂਲ ਹੁੰਦਾ ਤਾਂ ਉੱਥੇ ਵੀ ਇਹ ਪ੍ਰਬੰਧ ਕੀਤਾ ਜਾਂਦਾ। ਅੱਜ ਵਾਂਗ ਮੈਰਿਜ ਪੈਲੇਸ ਵਿੱਚੋਂ ਹੀ ਲੜਕੀ ਨੂੰ ਵਿਦਾ ਨਹੀਂ ਕੀਤਾ ਜਾਂਦਾ ਸੀ। ਘਰ ਵਿੱਚ ਆਏ ਮੇਲ ਲਈ ਤੇ ਬਰਾਤੀਆਂ ਵਾਸਤੇ ਪਿੰਡ ਵਿੱਚੋਂ ਮੰਜੇ ਬਿਸਤਰੇ ਇਕੱਠੇ ਕੀਤੇ ਜਾਂਦੇ ਸਨ। ਇਨ੍ਹਾਂ ਸਮੱਸਿਆਵਾਂ ਕਰਕੇ ਹੀ ਪੋਹ ਨੂੰ ਮੈਲਾ ਮੰਨਣ ਦਾ ਵਿਚਾਰ ਰੱਖ ਲਿਆ।

ਪੋਹ ਦੇ ਮਹੀਨੇ ਨੂੰ ਇਸ ਕਰਕੇ ਵੀ ਵਿਲੱਖਣ ਮੰਨਿਆ ਜਾਂਦਾ ਹੈ ਕਿ ਪੋਹ ਦੇ ਅਖੀਰਲੇ ਦਿਨ ਲੋਹੜੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਪੋਹ ਦਾ ਮਹੀਨਾ ਉਣੱਤੀ ਦਿਨਾਂ ਦਾ ਵੀ ਹੁੰਦਾ ਹੈ ਤੇ ਕਈ ਵਾਰ ਇਹ ਤੀਹ ਦਿਨਾਂ ਦਾ ਵੀ ਹੁੰਦਾ ਹੈ। ਲੋਹੜੀ ਦਾ ਤਿਉਹਾਰ ਭਾਰਤੀ ਸੰਸਕ੍ਰਿਤੀ ਦਾ ਮਹੱਤਵਪੂਰਨ ਤਿਉਹਾਰ ਹੈ। ਲੋਹੜੀ ਵਾਲੇ ਦਿਨ ਧੂਣੀ ਪਾਉਣ ਦਾ ਮੁੱਖ ਮੰਤਵ ਇਹੀ ਹੈ ਕਿ ਸਰਦੀ ਖ਼ਤਮ ਹੋ ਰਹੀ ਹੈ। ਉਂਜ ਵੀ ਇਹ ਆਮ ਹੀ ਕਿਹਾ ਜਾਂਦਾ ਹੈ ਕਿ ਲੋਹੜੀ ਨੇ ਪਿੱਠ ਦਿੱਤੀ ਤੇ ਪਾਲਾ ਗਿਆ। ਇਸ ਲਈ ਲੋਹੜੀ ਵਾਲੇ ਦਿਨ ਸਾਗ ਜਾਂ ਖਿਚੜੀ ਵੀ ਬਣਾਈ ਜਾਂਦੀ ਹੈ ਤੇ ਅਗਲੇ ਦਿਨ ਖਾਧੀ ਜਾਂਦੀ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਪੋਹ ਰਿੱਧੀ ਮਾਘ ਖਾਧੀ। ਲੋਹੜੀ ਵਾਲੇ ਦਿਨ ਧੂਣੀ ’ਤੇ ਕਾਲੇ ਜਾਂ ਚਿੱਟੇ ਤਿਲ ਪਾ ਕੇ ਕਿਹਾ ਜਾਂਦਾ ਹੈ:

**ਈਸ਼ਰ ਆਏ ਦਲਿੱਦਰ ਜਾਏ**
**ਦਲਿੱਦਰ ਦੀ ਜੜ ਚੁੱਲ੍ਹੇ ਪਾਏ।**


## Change of Name

I, Sodi Singh slo Kabul Singh, VOP Lohian Khas Distt. Jalandhar, Punjab, India, presently residing at 4231 N Cresta Ave Fresno California 93723, has changed my name from Sodi Singh to Sodhi Singh Kaur, all concerned please note.

SINGH TRAVELS
MONEY GRAM OFFICE
NRI PRESS
The Indian---News Paper of USA
Sade Lok---- News Paper of USA
Amritsar Times---News Paper of USA
News Paper
TOUR PACKAGE
Passport,Pan Card
Birth Certificate
ਨੋਟ:- ਚੰਡੀਗੜ ਅਤੇ ਪਟਿਆਲਾ ਹਾਊਸ ਦਿੱਲੀ ਦੇ ਪੇਪਰ ਤਸਦੀਕ ਕਰਵਾਉਣ ਦੀ ਸਲਾਹ ਲਈ ਮਿਲੋ
ਇੱਥੇ ਦੇਸ ਵਿਦੇਸ਼ ਤੋਂ ਪੈਸੇ ਮੰਗਵਾਏ ਜਾਂਦੇ ਹਨ
MoneyGram
WESTERN UNION
MONEY TRANSFER
Trans-Fast
Ph:- 01886-502532
Mob:- 94634-04595

# ਆਓ ਆਪਣੀ ਸੋਚ ਨੂੰ ਸਾਕਾਰਾਤਮਿਕ ਬਣਾਈਏ

ਕਮਲਜੀਤ ਕੌਰ ਗੁੰਮਟੀ

ਮਨੁੱਖੀ ਮਨ ਅੰਦਰ ਦੋ ਤਰ੍ਹਾਂ ਦੇ ਵਿਚਾਰ ਪੈਦਾ ਹੁੰਦੇ ਹਨ ਸਾਕਾਰਾਤਮਿਕ ਅਤੇ ਨਕਾਰਾਤਮਿਕ। ਜੀਵਨ ਨੂੰ ਬਿਹਤਰ ਅਤੇ ਸਾਰਥਕ ਬਣਾਉਣ ਲਈ ਸਕਾਰਾਤਮਕ ਵਿਚਾਰਾਂ ਦਾ ਹੋਣਾ ਬੜਾ ਜ਼ਰੂਰੀ ਹੈ। ਔਖੀਆਂ ਘੜੀਆਂ ਵਿਚ ਸਕਾਰਾਤਮਿਕ ਸੋਚ ਹੀ ਮਨੁੱਖ ਨੂੰ ਸਹਿਜ ਅਤੇ ਦ੍ਰਿੜ ਰੱਖਦੀ ਹੈ। ਜੇਕਰ ਅਸੀਂ ਆਪਣੇ ਸੋਚ ਨੂੰ ਨਕਾਰਾਤਮਕ ਰੱਖਾਂਗੇ ਤਾਂ ਜ਼ਿੰਦਗੀ ਦੀਆਂ ਛੋਟੀਆਂ-ਛੋਟੀਆਂ ਸਮੱਸਿਆਵਾਂ ਵਿਚ ਉਲਝ ਕੇ ਰਹਿ ਜਾਵਾਂਗੇ।

ਸਕਾਰਾਤਮਕ ਸੋਚ ਸਭ ਨੂੰ ਚੰਗੀ ਤਾਂ ਲਗਦੀ ਹੈ, ਇਹ ਸੱਚਾਈ ਹੈ। ਪਰ ਇਸ ਨੂੰ ਵਿਕਸਿਤ ਕਿਵੇਂ ਕਰੀਏ ? ਉਮੀਦ ਅਤੇ ਤਾਜ਼ਗੀ ਜ਼ਿੰਦਗੀ ਵਿਚ ਕਿਵੇਂ ਪੈਦਾ ਕਰੀਏ ? ਜੇਕਰ ਅਸੀਂ ਆਪਣੀ ਸੋਚ ਨੂੰ ਸਕਾਰਾਤਮਿਕ ਰੱਖਣਾ ਹੈ, ਤਾਂ ਉਸ ਲਈ ਸਾਨੂੰ ਉਚਿਤ ਅਧਾਰ ਦੀ ਸਿਰਜਣਾ ਕਰਨੀ ਪਵੇਗੀ।

ਜਦ ਕੋਈ ਦੁੱਖ ਤਕਲੀਫ਼ ਦਾ ਡਰ ਮਨ ਵਿਚ ਹੁੰਦਾ ਹੈ ਤਾਂ ਪਹਿਲਾਂ ਇਹ ਸੋਚਣਾ ਜ਼ਰੂਰੀ ਹੈ ਕਿ ਇਸ ਦਾ ਨਿਵਾਰਨ ਕਿਵੇਂ ਕਰ ਸਕਦੇ ਹਾਂ। ਦੂਜਿਆਂ ਦੀਆਂ ਕਮਜ਼ੋਰੀਆਂ ਨੂੰ ਜਾਨਣ ਤੋਂ ਪਹਿਲਾਂ ਸਾਨੂੰ ਆਪਣੀਆਂ ਕਮਜ਼ੋਰੀਆਂ ਬਾਰੇ ਜਾਗਰੂਕ ਹੋਣਾ ਬੜਾ ਜ਼ਰੂਰੀ ਹੈ। ਇਕ ਚੰਗੇ ਸਮਾਜ ਦੀ ਸਿਰਜਣਾ ਲਈ ਸਿਰਫ਼ ਬੇਸ਼ੁਮਾਰ ਤਰੱਕੀ ਹੀ ਜ਼ਰੂਰੀ ਨਹੀਂ ਸਾਡੀ ਸੋਚ ਸਕਾਰਾਤਮਿਕ ਹੋਣੀ ਜ਼ਰੂਰੀ ਹੈ। ਸਕਾਰਾਤਮਿਕ ਸੋਚ ਹੀ ਸਾਡੇ ਵਿਅਕਤੀਤਵ ਅਤੇ ਜੀਵਨ ਨੂੰ ਆਧਾਰ ਪ੍ਰਦਾਨ ਕਰਦੀ ਹੈ। ਸਾਡਾ ਅੰਦਰੂਨੀ ਰਵੱਈਆ ਸਾਡੀ ਸੋਚ 'ਤੇ ਹੀ ਨਿਰਭਰ ਕਰਦਾ ਹੈ। ਚੀਜ਼ਾਂ ਹਮੇਸ਼ਾ ਇਕੋ ਜਿਹੀਆਂ ਨਹੀਂ ਰਹਿੰਦੀਆਂ। ਚਲਾਇਮਾਨ ਸਮਾਂ ਬੜਾ ਕੁਝ ਆਪਣੇ ਅੰਦਰ ਵਹਾ ਕੇ ਲੈ ਜਾਂਦਾ ਹੈ। ਸਾਡੀ ਸੋਚ ਦਾ ਨਤੀਜਾ ਹੀ ਸਾਨੂੰ ਭਵਿੱਖ ਵਿਚ ਹਾਸਲ ਹੁੰਦਾ ਹੈ। ਔਕੜਾਂ ਅਤੇ ਰੁਕਾਵਟਾਂ ਦੇ ਬਾਵਜੂਦ ਵੀ ਸਾਡਾ ਨਿਸ਼ਚਾ ਦ੍ਰਿੜ ਅਗਾਂਹਵਧੂ ਅਤੇ ਮਜ਼ਬੂਤ ਹੋਣਾ ਚਾਹੀਦਾ ਹੈ। ਜਦ ਮਨ ਅੰਦਰ ਮੋਹ, ਮਮਤਾ, ਗੁੱਸਾ ਅਤੇ ਨਫ਼ਰਤ ਭਾਵਨਾਵਾਂ ਪੈਦਾ ਹੋਣ ਤਾਂ ਸਵੈ ਪੜਚੋਲ ਬੜੀ ਜ਼ਰੂਰੀ ਹੈ। ਪ੍ਰਮਾਤਮਾ ਨੇ ਮਨੁੱਖ ਨੂੰ ਬੜਾ ਸੋਹਣਾ ਅਤੇ ਨਾਜ਼ੁਕ ਬਣਾਇਆ ਹੈ। ਅਸੀਂ ਆਪਣੀ ਨਕਾਰਾਤਮਿਕ ਸੋਚ ਕਰਕੇ ਇਸ ਸਰੀਰ ਦਾ ਨਾਸ਼ ਕਰਨ 'ਤੇ ਤੁਲੇ ਹੋਏ ਹਾਂ। ਜਿੰਨਾ ਚਿਰ ਅਸੀਂ ਆਪਣੀ ਸੋਚ ਨੂੰ ਸਕਾਰਾਤਮਿਕ ਨਹੀਂ ਰੱਖਾਂਗੇ ਸਾਡੇ ਰਸਤੇ ਵਿਚ ਹਮੇਸ਼ਾ ਰੁਕਾਵਟਾਂ ਆਉਣਗੀਆਂ ਅਤੇ ਸਾਡੇ ਮਿੱਥੇ ਕਾਰਜ ਅਧੂਰੇ ਰਹਿ ਜਾਣਗੇ। ਜਦ ਸਾਨੂੰ ਆਪਣੀਆਂ ਯੋਗਤਾਵਾਂ ਤੇ ਭਰੋਸਾ ਨਹੀਂ ਰਹਿੰਦਾ ਤਾਂ ਨਕਾਰਾਤਮਿਕ ਸੋਚ ਨਾਲ ਸਾਡਾ ਲਗਾਓ ਵਧਣਾ ਸ਼ੁਰੂ ਹੋ ਜਾਂਦਾ ਹੈ। ਸਾਡਾ ਅੰਦਰੂਨੀ ਹੌਸਲਾ ਅਤੇ ਤਾਕਤ ਹੀ ਸਾਡੀ ਸੋਚ ਨੂੰ ਸਕਾਰਾਤਮਿਕ ਰੱਖਦੀ ਹੈ। ਸਾਡੇ ਮਨ ਅਤੇ ਤਨ ਦਾ ਆਪਸੀ ਤਾਲਮੇਲ ਸੋਹਣਾ ਹੋਣਾ ਬੜਾ ਜ਼ਰੂਰੀ ਹੈ। ਤੰਗ ਨਜ਼ਰੀਏ ਦੀ ਸੋਚ ਸਾਡੇ ਮਨ ਅੰਦਰ ਨਕਾਰਾਤਮਿਕ ਸੋਚ ਦਾ ਦਾਇਰਾ ਵਿਸ਼ਾਲ ਕਰਦੀ ਹੈ। ਮਨੁੱਖ ਦੇ ਅੰਦਰੂਨੀ ਸਕੂਨ ਦਾ ਸਭ ਤੋਂ ਵੱਡਾ ਅਹਿਸਾਸ ਪਿਆਰ ਹੈ, ਜੋ ਅੱਜਕਲ੍ਹ ਰਿਸ਼ਤਿਆਂ ਵਿਚੋਂ ਮੁੱਕਦਾ ਜਾ ਰਿਹਾ ਹੈ ਮਨੁੱਖ ਦੇ ਦਰਪੇਸ਼ ਨਿੱਤ ਨਵੀਆਂ ਮੁਸ਼ਕਿਲਾਂ ਹਨ ਮਨੁੱਖ ਪ੍ਰਗਤੀ ਦੀ ਟੀਸੀ ਨੂੰ ਛੂਹ ਰਿਹਾ ਹੈ। ਮਨ ਵਿਚ ਬੜਾ ਕੁੱਝ ਹਾਸਲ ਕਰਨ ਦੀ ਤ੍ਰਿਸ਼ਨਾ ਹੈ। ਜੇਕਰ ਇਕ ਵੀ ਤ੍ਰਿਸ਼ਨਾ ਅਧੂਰੀ ਹੈ ਤਾਂ ਮਨ ਵਿਚ ਨਕਾਰਾਤਮਿਕ ਸੋਚ ਦਾ ਵਾਸ ਹੈ। ਕਦੇ-ਕਦੇ ਲਗਦਾ ਹੈ ਕਿ ਤਰੱਕੀ ਵੱਲ ਨੂੰ ਵਧਦੇ ਹੋਏ ਅਸੀਂ ਦੌੜਦੇ-ਦੌੜਦੇ ਆਪਣੀ ਮੰਜ਼ਿਲ ਵੀ ਪਿੱਛੇ ਛੱਡ ਆਏ ਹਾਂ ਤੇ ਕਿਧਰੇ ਦੂਰ ਆ ਨਿਕਲੇ ਹਾਂ।

ਹਰ ਸਥਿਤੀ ਵਿਚ ਆਸ਼ਾਵਾਦੀ ਬਣੇ ਰਹਿਣਾ ਸਕਾਰਾਤਮਿਕ ਸੋਚ ਹੈ। ਜ਼ਿੰਦਗੀ ਵਿਚ ਭਾਵੇਂ ਕਿੰਨੀਆਂ ਵੀ ਕਠਿਨਾਈਆਂ ਕਿਉਂ ਨਾ ਹੋਣ ਆਪਣੀ ਸਕਾਰਾਤਮਿਕ ਸੋਚ ਦੇ ਜ਼ਰੀਏ ਅਸੀਂ ਉਨ੍ਹਾਂ ਨਾਲ ਨਜਿੱਠ ਸਕਦੇ ਹਾਂ। ਸਾਰੇ ਇਸ ਗੱਲ ਨੂੰ ਜਾਣਦੇ ਹਨ ਕਿ 'ਚਿੰਤਾ ਚਿਖਾ ਸਮਾਨ ਹੈ' ਪਰ ਫੇਰ ਵੀ ਚਿੰਤਾ ਛੁਟਦੀ ਨਹੀਂ ਚਿੰਤਾ ਨਕਾਰਾਤਮਿਕ ਸੋਚ ਵਿਚੋਂ ਹੀ ਉਪਜਦੀ ਹੈ। ਮਨੁੱਖ ਨੂੰ ਆਪਣਾ ਦ੍ਰਿਸ਼ਟੀਕੋਣ ਬਦਲਣ ਦੀ ਜ਼ਰੂਰਤ ਹੈ। ਕਹਿੰਦੇ ਹਨ 'ਬੁੱਲਿਆ ਮਨ ਦਾ ਕੀ ਸਮਝਾਉਣਾ ਇੱਧਰੋਂ ਪੁੱਟਣਾ ਉੱਧਰ ਲਾਉਣਾ'। ਜੇਕਰ ਗਹੁ ਨਾਲ ਇਸ ਗੱਲ 'ਤੇ ਅਮਲ ਕੀਤਾ ਜਾਵੇ ਤਾਂ ਨਕਾਰਾਤਮਿਕ ਸੋਚ ਕਿਧਰੇ ਖੰਭ ਲਾ ਕੇ ਉੱਡ ਜਾਵੇਗੀ।



ਅਸੀਂ ਇਕ ਦਿਨ ਵਿਚ ਸਕਾਰਾਤਮਿਕ ਸੋਚ ਦੇ ਧਾਰਨੀ ਨਹੀਂ ਬਣ ਸਕਦੇ। ਇਸ ਲਈ ਯਤਨ, ਸਮਰਪਣ ਅਤੇ ਧੀਰਜ ਦੀ ਲੋੜ ਹੈ। ਜਦ ਇਕ ਵਾਰ ਅਸੀਂ ਸਥਿਰ ਹੋ ਗਏ ਤਾਂ ਜ਼ਿੰਦਗੀ ਦੇ ਰੰਗ ਬਦਲੇ ਨਜ਼ਰ ਆਉਣਗੇ। ਨਕਾਰਾਤਮਿਕ ਸੋਚ ਇੱਕ ਅਜਿਹਾ ਹਨੇਰਾ ਹੈ ਜੋ ਜ਼ਿੰਦਗੀ ਦਾ ਚਾਨਣ ਖੋਹ ਲੈਂਦਾ ਹੈ। ਜੇਕਰ ਅਸੀਂ ਯਤਨ ਜਾਰੀ ਰੱਖੀਏ ਤਾਂ ਸਕਾਰਤਮਿਕ ਸੋਚ ਦੇ ਜ਼ਰੀਏ ਅਸੀਂ ਆਪਣੇ ਧੁਰ ਅੰਦਰ ਅਤੇ ਆਲੇ ਦੁਆਲੇ ਚਾਨਣ ਹੀ ਚਾਨਣ ਮਹਿਸੂਸ ਕਰ ਸਕਦੇ ਹਾਂ। ਕਾਮਯਾਬੀ ਦਾ ਮੂਲ ਮੰਤਰ ਸਾਡੀ ਸਕਾਰਾਤਮਿਕ ਸੋਚ ਹੀ ਹੈ। ਸਾਡਾ ਜੀਵਨ ਸਕਾਰਾਤਮਕ ਸੋਚ ਨਾਲ ਹੀ ਸੰਵਰਦਾ ਹੈ। ਨਕਾਰਾਤਮਿਕ ਸੋਚ ਨਾਲ ਤਾਂ ਅਸੀਂ ਡਾਵਾਂਡੋਲ ਹੁੰਦੇ ਹਾਂ। ਸਮਾਜ ਵਿਚ ਬੜੇ ਲੋਕ ਅਜਿਹੇ ਹਨ ਜਿਨ੍ਹਾਂ ਨੇ ਆਪਣਾ ਸਭ ਕੁਝ ਗਵਾ ਲਿਆ ਪਰ ਉਨ੍ਹਾਂ ਨੇ ਆਪਣੀ ਸੋਚ ਨੂੰ ਸਕਾਰਾਤਮਿਕ ਰੱਖਿਆ। ਬੇਬੱਸ ਲੋਕਾਂ ਦਾ ਸਹਾਰਾ ਬਣ ਗਏ ਬੇਗਾਨਿਆਂ ਵਿਚੋਂ ਆਪਣਿਆਂ ਨੂੰ ਦੇਖਣ ਦਾ ਯਤਨ ਕੀਤਾ। ਸਮਾਜ ਨੂੰ ਸੇਧ ਦਿੱਤੀ ਅਤੇ ਹਮੇਸ਼ਾ ਜਿੱਤ ਹਾਸਲ ਕੀਤੀ। ਅੱਜ ਵੀ ਸਾਡੇ ਸਮਾਜ ਵਿਚ ਕਿਤੇ ਨਾ ਕਿਤੇ ਨਕਾਰਾਤਮਿਕ ਸੋਚ ਕਰਕੇ ਧੀ ਦੇ ਜੰਮਣ ਤੇ ਮੱਥੇ ਵਿਚ ਤਿਊੜੀਆਂ ਪੈਂਦੀਆਂ ਹਨ ਅਤੇ ਦੁੱਖ ਦੇ ਹੰਝੂ ਵਹਾਏ ਜਾਂਦੇ ਹਨ। ਪਰ ਵੱਡੀਆਂ ਹੋ ਕੇ ਉਹ ਧੀਆਂ ਮਾਪਿਆਂ ਦੇ ਸੁਪਨੇ ਸਾਕਾਰ ਕਰਦੀਆਂ ਹਨ ਤੇ ਉਨ੍ਹਾਂ ਦੇ ਜੀਵਨ ਵਿਚ ਸਕਾਰਾਤਮਕਤਾ ਭਰ ਦਿੰਦੀਆਂ ਹਨ। ਸਾਨੂੰ ਆਪਣੀ ਸੋਚ ਅਤੇ ਆਪਣੇ ਮਨ ਨੂੰ ਬਦਲਣ ਦੀ ਲੋੜ ਹੈ। ਇਹ ਨਕਾਰਾਤਮਿਕ ਸੋਚ ਸਾਡੇ ਆਪਣੇ ਮਨ ਦੇ ਅੰਦਰ ਪੈਦਾ ਕੀਤੇ ਵਿਚਾਰ ਹੀ ਹਨ ਹੋਰ ਕੁਝ ਵੀ ਨਹੀ।


## Metrimonial

Suitable match for Parminder Singh Josan Sikh boy, trucking business in Canada, age 29 years, Height 5'-7".
Contact 913-256-9498



R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
e-file
Open 7 Days
Weekends/Evenings
(Year Round Service)
Resonable Rates
Call for Appointment

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
1050 N Carpenter RD STE C, Modesto, CA 95351



TRUCK INSURANCE
TRUCK TAX IFTA



Amarjit S Bir
amarjit@uscipp.org
Lic#0I15593CA
Ph: (925)318-1247

Capital DRUG TESTING
CAPITAL DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



## ਚੜ੍ਹਿਆ ਹੈ ਅੱਜ ਸਾਲ ਨਵਾਂ

ਮਿਟ ਜਾਵੇਗਾ ਕੂੜ-ਹਨੇਰਾ, ਚੜ੍ਹਿਆ ਹੈ ਅੱਜ ਸਾਲ ਨਵਾਂ।
ਛੱਡੀਏ ਕਹਿਣਾ ਮੇਰਾ-ਤੇਰਾ, ਚੜ੍ਹਿਆ ਹੈ ਅੱਜ ਸਾਲ ਨਵਾਂ।

ਧਰਤੀ ਹੋਵੇ ਹਰੀ-ਭਰੀ, ਤੇ ਵੱਢੀਏ ਜੜ੍ਹ ਪ੍ਰਦੂਸ਼ਣ ਦੀ
ਮਹਿਕੇ ਸਾਰਾ ਚਾਰ-ਚੁਫੇਰਾ, ਚੜ੍ਹਿਆ ਹੈ ਅੱਜ ਸਾਲ ਨਵਾਂ।

ਸ਼ਾਨ ਵਧਾਈਏ ਧੀਆਂ ਦੀ, ਤੇ ਕਰੀਏ ਨਾ ਕੁਕਰਮ ਕੋਈ
ਮਿਲੇਗਾ ਸਾਨੂੰ ਸੁੱਖ ਘਣੇਰਾ, ਚੜ੍ਹਿਆ ਹੈ ਅੱਜ ਸਾਲ ਨਵਾਂ।

ਪਾਜ ਉੱਧੜ ਗਏ ਭੇਖੀਆਂ ਦੇ, ਤੇ ਖੁੱਲ੍ਹੀ ਪੋਲ ਹੈ ਬਾਬਿਆਂ ਦੀ
ਆਉਣ ਵਾਲਾ ਹੈ ਸਮਾਂ ਚੰਗੇਰਾ, ਚੜ੍ਹਿਆ ਹੈ ਅੱਜ ਸਾਲ ਨਵਾਂ।

ਨਸ਼ਿਆਂ ਦੀ ਦਲਦਲ ਵਿੱਚ ਫਸ ਕੇ,ਕੰਚਨ ਦੇਹੀ ਗਾਲ ਲਈ
ਨੀਂਦ 'ਚੋਂ ਜਾਗ ਪੰਜਾਬੀ ਸ਼ੇਰਾ,ਚੜਿਆ ਹੈ ਅੱਜ ਸਾਲ ਨਵਾਂ।

ਖਿੱਝਣਾ ਛੱਡੀਏ ਬੀਤੇ ਕੱਲ੍ਹ ਤੇ, ਭਲਕ ਦੀ ਚਿੰਤਾ ਕਰੀਏ ਨਾ
ਵਰਤਮਾਨ ਹੈ ਸੁਹਜ-ਸਵੇਰਾ, ਚੜਿਆ ਹੈ ਅੱਜ ਸਾਲ ਨਵਾਂ।

ਬੀਤ ਗਏ ਦਿਨ ਕਾਲਖ ਵਾਲੇ, ਭਾਂਜ ਪਈ ਹੈ ਗ਼ਮੀਆਂ ਨੂੰ
ਖੁਸ਼ੀਆਂ ਨੇ ਹੁਣ ਲਾਇਆ ਡੇਰਾ, ਚੜ੍ਹਿਆ ਹੈ ਸਾਲ ਨਵਾਂ।

ਸ਼ੁਭ ਕਰਮਾਂ ਨੂੰ ਪੱਲੇ ਬੰਨ੍ਹੀਏ, ਮੂੰਹੋਂ ਬੋਲੀਏ ਬੋਲ ਮਿੱਠੇ
ਟੁੱਟ ਜਾਣਾ ਦੁਸ਼ਮਣ ਦਾ ਘੇਰਾ,ਚੜ੍ਹਿਆ ਹੈ ਸਾਲ ਨਵਾਂ।

ਇੱਕ ਦੂਜੇ ਨੂੰ ਗਲੇ ਲਗਾ ਕੇ, ਦਿਓ ਵਧਾਈ ਮਿਲ-ਜੁਲ ਕੇ
ਸਜਿਆ ਲਾਈਟਾਂ ਨਾਲ ਬਨੇਰਾ, ਚੜ੍ਹਿਆ ਹੈ ਅੱਜ ਸਾਲ ਨਵਾਂ।

ਸਰ ਕਰ ਲੈਣੀ ਮੰਜ਼ਿਲ ਆਪਾਂ, ਮਨ ਵਿਚ ਦ੍ਰਿੜ੍ਹ ਨਿਸ਼ਚਾ ਰੱਖੀਏ।
'ਰੂਹੀ' ਨੇ ਕੀਤਾ ਹੈ ਜੇਰਾ, ਚੜ੍ਹਿਆ ਹੈ ਅੱਜ ਸਾਲ ਨਵਾਂ।

**ਪ੍ਰੋ. ਨਵ ਸੰਗੀਤ ਸਿੰਘ**
9417692015

## ਤਾਜ !

ਤਾਜ ਬੁੱਕਲ ਵਿਚ ਸੀ ਜਾਂ
ਪਿੱਠ ਪਿੱਛੇ ਮੇਰੇ।
ਗਵਾਹੀ ਪਿਆਰ ਦੀ ਸੀ,
ਜਾਂ ਦਿਲ ਦੀ ਮੇਰੇ।
ਇਬਾਦਤ ਉਸ ਦੀ ਸੀ ਜਾਂ
ਕਰਮ ਮੇਰੇ।
ਦੀਦਾਰ ਤਾਜ ਦਾ ਸੀ ਜਾਂ
ਤਾਜ ਦਿਲ ਵਿਚ ਮੇਰੇ।

ਕਿੰਨਿਆਂ ਹੱਥਾਂ ਦੀ ਮਿਹਨਤ !
ਕਰਮ ਕਿਸ ਕਿਸ ਦਾ ਸੀ ?
ਬੱਠਲ, ਤੇਸੇ, ਕਹੀਆਂ ਵੀ ਸਨ,
ਦਿਲ ਵਿਚ ਮੇਰੇ।
ਉਪਾਸ਼ਕ ਉਹ ਵੀ ਸਨ,
ਉਪਾਸ਼ਕ ਮੈਂ ਵੀ ਸਾਂ।
ਉਹਨਾਂ ਦੇ ਹੱਥ ਕੱਟੇ ਸੀ,
ਹੱਥ ਜੁੜ ਗਏ ਸੀ ਮੇਰੇ।
ਜਮੁਨਾ ਵੀ ਸ਼ਾਂਤ ਸੀ,
ਪੱਥਰ ਵੀ,
ਕੁਮਲਾਏ ਜਿਹੇ ਲੱਗੇ।
ਘਾਹ ਵਿਚ ਤੁਰਦਿਆਂ ਜਦੋਂ,
ਪੈਰ ਧਸ ਗਏ ਸੀ ਮੇਰੇ।
ਮੁਮਤਾਜ਼ ਪੁੱਛ ਰਹੀ ਸੀ,
ਕਿਸ ਤਰ੍ਹਾਂ ਲੱਗਿਆ ਤਾਜ !
ਵਾਹ! ਕਹਿਣ ਦੀ ਥਾਂ,
ਆਹ! ਨਿਕਲੀ,
ਬੁੱਲ੍ਹਾਂ 'ਚੋਂ ਮੇਰੇ।

**ਜਸਪਾਲ ਜੱਸੀ**

## ਨਵਾਂ ਸਾਲ.....

ਨਵਾਂ ਸਾਲ ਆਵੇ ਸੁੱਖਾਂ ਦਾ,
ਖਾਤਮਾ ਹੋਵੇ ਸਭ ਦੁੱਖਾਂ ਦਾ।
ਚੱਲੀਏ ਨੇਕ ਤੇ ਸੱਚੇ ਰਾਹ ਤੇ,
ਮੇਹਰ ਦਾਤੇ ਦੀ ਹੋਵੇ ਸਾਹ ਤੇ।
ਦਿਲ ਕਿਸੇ ਦਾ ਦੁਖਾਈਏ ਨਾ,
ਬਦੀ ਕਿਸੇ ਨਾਲ ਕਮਾਈਏ ਨਾ।
ਦੁੱਖ ਸੁੱਖ ਵਿੱਚ ਕੰਮ ਆਈਏ,
ਮਾਨਵਤਾ ਦਾ ਭਲਾ ਮਨਾਈਏ।
ਕਾਦਰ ਦੀ ਕੁਦਰਤ ਨਾਲ ਜੁੜੀਏ,
ਨਦੀ ਕਦੇ ਨਾ ਕਹਿਰ 'ਚ ਰੁੜੀਏ।
ਗੱਲਾਂ ਸੋਹਣੀਆਂ ਚੇਤੇ ਕਰਕੇ,
ਬੰਦ ਕਰ ਦਿਓ 2023 ਦੇ ਵਰਕੇ।
ਯਾਦਾਂ ਨੂੰ ਸਾਂਭ ਕੇ ਆਪਣੇ ਅੰਦਰ,
ਫਰੇਮ ਜੜ੍ਹਾਂ ਕੇ ਰੱਖੀਏ ਮਨ ਮੰਦਰ।
ਸ਼ੁਕਰ ਸ਼ੁਕਰ ਬੱਸ ਕਰਦੇ ਰਹੀਏ,
ਨਾਮ ਗੁਰਾਂ ਦਾ ਸਦਾ ਹੀ ਲਈਏ।



**ਮਨਜੀਤ ਕੌਰ ਧੀਮਾਨ**
9464633059

## ਭੁੱਖੀ ਸੌਂਦੀ ਮਾਂ

ਆਪਣੇ ਲਈ ਮਹਿਲ ਮੁਨਾਰੇ ਛੱਤ ਲਏ
ਕੱਲੇ ਕੱਲੇ ਪੁੱਤ ਕੋਲ ਨੇ ਅੱਜ ਕੋਠੀਆਂ ਕਾਰਾਂ
ਬੁੱਢੇ ਮਾਂ-ਬਾਪ ਨੂੰ ਸਿਰ ਲਕਾਉਣ ਲਈ
ਬੱਸ ਇੱਕ ਦਿੱਤਾ ਪੁੱਤਰਾ ਕੱਚਾ ਢਾਰਾ
ਵੱਡੇ ਦਿਲ ਵਾਲੀ ਮਮਤਾ ਦੀ ਮੂਰਤ ਲਈ
ਦਿਲ ਵਿੱਚ ਪੁੱਤਰਾ ਦੇ ਹੈਨੀ ਭੋਰਾ ਥਾਂ
ਚਾਰ ਪੁੱਤਾ ਦਾ ਢਿੱਡ ਭਰਨ ਵਾਲੀ
ਕਿਉ ਅੱਜ ਖੁੱਦ ਭੁੱਖੀ ਸੌਦੀ ਮਾਂ
ਕਿਉ ਅੱਜ ਖੁੱਦ ਭੁੱਖੀ ਸੌਦੀ ਮਾਂ...

ਨਿੱਕੇ ਹੁੰਦਿਆ ਪੁੱਤ ਦੇ ਕਿੱਧਰੇ ਸੱਟ ਜੇ ਲੱਗਣੀ
ਪੀੜ ਬੜੀ ਮਾਂ ਦੇ ਦਿਲ ਵਿੱਚ ਹੁੰਦੀ ਸੀ
ਰੁੱਸੇ ਹੋਏ ਪੁੱਤ ਨੂੰ ਮਨਾਉਣ ਲਈ
ਆਪਣੇ ਹੱਥੀ ਚੂਰੀ ਕੁੱਟ ਆਪ ਖਵਾਉਂਦੀ ਸੀ
ਜੇ ਕਿੱਧਰੇ ਝਿੜਕੇ ਬਾਪੂ
ਆ ਮੂਹਰੇ ਖੜਦੀ ਸੀ ਹਰ ਥਾਂ
ਚਾਰ ਪੁੱਤਾ ਦਾ ਢਿੱਡ ਭਰਨ ਵਾਲੀ
ਕਿਉ ਅੱਜ ਖੁੱਦ ਭੁੱਖੀ ਸੌਦੀ ਮਾਂ
ਕਿਉ ਅੱਜ ਖੁੱਦ ਭੁੱਖੀ ਸੌਦੀ ਮਾਂ...

ਇਹ ਕਲਯੁੱਗ ਨੇ ਕੈਸਾ ਤਾਣਾ ਤਣਿਆ ਏ
ਬੰਦਾ ਆਪਣਿਆ ਤੋ ਠੋਕਰ ਖਾ ਮੁੜਿਆ ਏ
ਕੁੱਤੇ ਬਿੱਲੀਆ ਬੈਠੇ ਲੈਣ ਨਜ਼ਾਰੇ ਪਲਘਾਂ ਤੇ
ਮਾਂ-ਲਈ ਇੱਕ ਢੰਗ ਦਾ ਮੰਜਾ ਵੀ ਨਾ ਜੁੜਿਆ ਏ
ਐਨੀ ਨੀਵੀਂ ਸੋਚ ਕਿਉ ਹੋ ਗਈ ਲੋਕੋ
ਜਿਸ ਲਈ ਦਿਲ ਵਿੱਚ ਉੱਚੀ ਹੋਣੀ ਚਾਹੀਦੀ ਸੀ ਥਾਂ।
ਚਾਰ ਪੁੱਤਾ ਦਾ ਢਿੱਡ ਭਰਨ ਵਾਲੀ
ਕਿਉ ਅੱਜ ਖੁੱਦ ਭੁੱਖੀ ਸੌਦੀ ਮਾਂ
ਕਿਉ ਅੱਜ ਖੁੱਦ ਭੁੱਖੀ ਸੌਦੀ ਮਾਂ...

**ਬਲਤੇਜ ਸਿੰਘ ਸੰਧੂ (ਸੰਧੂ ਬੁਰਜ ਵਾਲਾ)**
**ਬੁਰਜ ਲੱਧਾ (ਬਠਿੰਡਾ)**


## ਨਵੇਂ ਸਾਲ ਦੀ ਵਧਾਈ

ਆਪਣਿਆਂ ਤੋਂ ਦੂਰ ਸਨ ਜੋ ਰਿਸ਼ਤੇ
ਨਵੇਂ ਸਾਲ ਦੀ ਵਧਾਈ ਨੇ ਮਿਲਾਇਆ ਏ।

ਜਿਸ ਵਿਚ ਕੁਝ ਗਲਤ ਵੀ ਨਹੀਂ ਸੀ
ਲੂੰ ਲੂੰ ਤੇਰੇ ਕਰਦੇ ਦਿਲ ਨੇ ਮਨਾਇਆ ਏ

ਤੂੰ, ਗ਼ਮਖ਼ਾਰ ਦਿਲ ਦਾ ਹਾਣੀ ਪਿਆਰਾ
ਕਰ ਕੰਮ ਦਲੀਲਾਂ ਵਾਲਾ ਦਿਖਾਇਆ ਏ

ਇਸ਼ਕੇ ਸਬਰ ਕਰਨਾ ਸਿਖਿਆ ਹੋਣਾ
ਮੁੱਹਬਤ ਵਾਲਾ ਹੱਥ ਆਣ ਫੜਾਇਆ ਏ



ਅਫਸੋਸ, ਅੱਜ ਆਪਣੀਆਂ ਗਲਤੀ ਉੱਤੇ
'ਕਵਿਤਾ' ਨੇ ਦਿਲ ਖੋਲ੍ਹ ਕੇ ਸਮਝਾਇਆ ਏ

**ਸਵਰਨ ਕਵਿਤਾ**

## ਨਵਾਂ ਸਾਲ

ਨਵਾਂ ਸਾਲ ਇਹੋ ਜਿਹਾ ਚੜ੍ਹਾਈਂ ਮੇਰੇ ਮਾਲਕਾ
ਹਰ ਪਾਸੇ ਸੁੱਖ ਵਰਤਾਈਂ ਮੇਰੇ ਮਾਲਕਾ

ਵੱਡਿਆਂ ਦਾ ਘਰ ਵਿੱਚ ਪੂਰਾ ਸਤਿਕਾਰ ਹੋਵੇ
ਬਿਰਧ ਘਰਾਂ ਵਾਲੀ ਝੱਲਣੀ ਨਾ ਮਾਰ ਹੋਵੇ
ਦਿਲਾਂ ਵਿੱਚ ਰਹਿਮ ਜਗਾਈਂ ਮੇਰੇ ਮਾਲਕਾ
ਹਰ ਪਾਸੇ.....

ਕਰਨ ਕਮਾਈਆਂ ਪੁੱਤ ਕਿਸੇ ਦਾ ਨਾ ਬਾਹਰ ਜਾਵੇ
ਆਪਣੇ ਹੀ ਦੇਸ਼ ਵਿੱਚ ਰਹਿ ਕੇ ਰੁਜ਼ਗਾਰ ਪਾਵੇ
ਐਸੀ ਕੋਈ ਵਿਉਂਤ ਬਣਾਈਂ ਮੇਰੇ ਮਾਲਕਾ
ਹਰ ਪਾਸੇ.....

ਵੱਢੇ ਨਾ ਕੋਈ ਰੁੱਖ ਨਾ ਉਜਾੜੇ ਕੋਈ ਕੁੱਖ ਨੂ
ਬਰਾਬਰ ਦਾ ਹੱਕ ਮਿਲੇ ਧੀ ਅਤੇ ਪੁੱਤ ਨੂੰ
ਪਿਆਰ ਵਾਲੀ ਜੋਤ ਜਗਾਈਂ ਮੇਰੇ ਮਾਲਕਾ
ਹਰ ਪਾਸੇ.....

ਨਸ਼ਿਆਂ ਦਾ ਆਦੀ ਨਾ ਕੋਈ ਗੱਭਰੂ ਜਵਾਨ ਹੋਵੇ
ਉੱਚੀ ਸੁੱਚੀ ਸੋਚ ਹੋਵੇ, ਚੰਗਾ ਇਨਸਾਨ ਹੋਵੇ
ਇਹੋ ਜਿਹੀ ਪੜ੍ਹਤ ਪੜ੍ਹਾਈਂ ਮੇਰੇ ਮਾਲਕਾ
ਹਰ ਪਾਸੇ.....

ਫਸਲਾਂ ਚ ਸਾਡੀਆਂ 'ਚ ਵੱਖਰੀ ਨੁਹਾਰ ਰਹੇ
ਅੰਨ ਦਾਤਾ ਦੁਨੀਆਂ ਦਾ, ਸਦਾ ਖੁਸ਼ਹਾਲ ਰਹੇ
ਨਿਰਮਲ ਕਰੇ ਵਡਿਆਈ ਮੇਰੇ ਮਾਲਕਾ
ਹਰ ਪਾਸੇ ਸੁੱਖ ਵਰਤਾਈਂ ਮੇਰੇ ਮਾਲਕਾ।



**ਨਿਰਮਲਾ ਗਰਗ**

## ਨਵੇਂ ਸਾਲ ਤੋਂ !

ਪਿਛਲੀਆਂ ਗ਼ਲਤੀਆਂ ਭੁਲਾ ਕੇ ਸਾਰੀਆਂ ,
ਅੱਗੇਂ ਤੋਂ ਚੰਗੇਂ ਰਸਤੇ ਤੇਂ ਚੱਲਣ ਦੀ ਸੌਂਹ ਖਾਈਏ,
ਇਸ ਵਾਰ ਨਵੇਂ ਸਾਲ ਤੋਂ, ਆਜੋ!
ਆਪਣੇ ਅੰਦਰ ਦੀਆਂ ਬੁਰਾਈਆਂ ਮਿਟਾਈਏ!

ਵੱਡਿਆਂ ਦਾ ਕਰਨਾਂ ਸਿੱਖੀਏ ਸਤਿਕਾਰ,
ਛੋਟਿਆਂ ਨੂੰ ਵੀ ਕਰੀਏ ਪਿਆਰ,
ਪੈਸੇ ਕਰਕੇ ਜੋ ਰਿਸ਼ਤਿਆਂ ਚ ਫ਼ਿੱਕ ਪੈ ਗਈ,
ਆਜੋ ਉਹਨਾਂ ਰਿਸ਼ਤਿਆਂ ਨੂੰ ਬਚਾਈਏ,
ਇਸ ਵਾਰ ਨਵੇਂ ਸਾਲ ਤੋਂ, ਆਜੋ!
ਆਪਣੇ ਅੰਦਰ ਦੀਆਂ ਬੁਰਾਈਆਂ ਮਿਟਾਈਏ!

ਜੇ ਕੋਈ ਬੋਲਦਾਂ ਏ ਮੰਦਾਂ ,ਬਹੁਤਾ ਦਿਲ ਤੇਂ ਨਾ ਲਾਉ,
ਅਗਲੇ ਨੂੰ ਆਪਣਾ ਸਮਝ ਕੇ, ਪਿਆਰ ਦੇ ਨਾਲ ਸਮਝਾਉ!
ਨਫ਼ਰਤ ਵਾਲੇ ਸਾਰੇ ਚੋਲੇ ਉਤਾਰ ਕੇ,
ਇਸ਼ਕ ਪਿਆਰ ਦੇ ਬੂਟੇ ਲਾਈਏ,
ਇਸ ਵਾਰ ਨਵੇਂ ਸਾਲ ਤੋਂ, ਆਜੋ!
ਆਪਣੇ ਅੰਦਰ ਦੀਆਂ ਬੁਰਾਈਆਂ ਮਿਟਾਈਏ!

ਨਿੰਦਿਆਂ,ਚੁਗ਼ਲੀ ਕਰਨੀ ਛੱਡੀਏ,
ਅਗਲੇ ਤੋਂ ਪਹਿਲਾਂ, ਆਪਣੇ ਵਿੱਚ ਕਮੀਆਂ ਕੱਢੀਏ!
ਗੁੱਸੇ ਨੂੰ ਹਾਸੇ ਨਾਲ ਟਾਲ ਕੇ,
ਵੈਰੀ ਨੂੰ ਵੀ ਗ਼ਲ ਦੇ ਨਾਲ ਲਾਈਏ,
ਇਸ ਵਾਰ ਨਵੇਂ ਸਾਲ ਤੋਂ, ਆਜੋ!
ਆਪਣੇ ਅੰਦਰ ਦੀਆਂ ਬੁਰਾਈਆਂ ਮਿਟਾਈਏ!

ਨਸ਼ਿਆਂ ਤੋਂ ਅੱਗੇ ਤੋਂ ਰੱਖੀਏ ਪਰਹੇਜ਼,
ਧੋਖੇ, ਮਕਾਰੀਆਂ ਤੋਂ ਕਰੀਏ ਗੁਰੇਜ਼!
ਰੱਬ ਦੇ ਨਾਲ ਆਜੋ ਸਾਰੇ ਜੁੜੀਏ,
ਵਿਅਰਥ ਦੇ ਕੰਮਾਂ ਵਿੱਚ ਐਵੇਂ ਸਮਾਂ ਨਾ ਗਵਾਈਏ,
ਇਸ ਵਾਰ ਨਵੇਂ ਸਾਲ ਤੋਂ, ਆਜੋ!
ਆਪਣੇ ਅੰਦਰ ਦੀਆਂ ਬੁਰਾਈਆਂ ਮਿਟਾਈਏ!

ਸੱਚ ਦੇ ਰਸਤੇ ਤੇਂ ਚੱਲਣ ਤੋਂ ਨਾ ਡਰੀਏ,
ਅੱਗੇ ਤੋਂ ਹਰ ਲੋੜਵੰਦ ਦੀ ਮੱਦਦ ਆਪਾਂ ਕਰੀਏ!
ਆਪਣੀ ਕਿਰਤ ਚੋਂ ਦਸਵੰਧ ਕੱਢ ਕੇ,
ਸਮਾਜ ਭਲਾਈ ਦੇ ਕਾਰਜਾਂ ਤੇਂ ਲਾਈਏ,
ਇਸ ਵਾਰ ਨਵੇਂ ਸਾਲ ਤੋਂ, ਆਜੋ!
ਆਪਣੇ ਅੰਦਰ ਦੀਆਂ ਬੁਰਾਈਆਂ ਮਿਟਾਈਏ!

ਭੁੱਲ ਜਾਉ! ਜੋ ਬੀਤ ਗਈ ਰਾਤ,
'ਰਾਹੁਲ ਲੋਹੀਆਂ' ਆਪਣੇ ਤੋਂ ਤੂੰ ਕਰ ਸ਼ੁਰੂਆਤ!
ਆਪਣੀ ਗੱਲ ਤੇਂ ਪਹਿਲਾਂ ਆਪ ਪਹਿਰਾਂ ਦੇ ਕੇ,
ਬਾਅਦ ਵਿੱਚ ਅਗਲੇ ਨੂੰ ਸਮਝਾਈਏ,
ਇਸ ਵਾਰ ਨਵੇਂ ਸਾਲ ਤੋਂ, ਆਜੋ!
ਆਪਣੇ ਅੰਦਰ ਦੀਆਂ ਬੁਰਾਈਆਂ ਮਿਟਾਈਏ!

**ਰਾਹੁਲ ਲੋਹੀਆਂ**

## ਖੁਸ਼ਆਮਦੀਦ 2024

ਕਰਾਂ ਮੈਂ ਖੁਸ਼ਆਮਦੀਦ 2024 ਤੈਨੂੰ
ਐਸਾ ਨਵਾਂ ਸੂਰਜ ਉਗਾਈਂ
ਮਿਟ ਜਾਵੇ ਨ੍ਹੇਰਾ ਦੁੱਖਾਂ, ਦਰਦਾਂ ਤੇ ਗ਼ਮੀਆਂ ਦਾ
ਖੁਸ਼ੀਆਂ ਦਾ ਚਾਨਣ ਵਰ੍ਹਾਈਂ.....

ਹਰ ਇੱਕ ਘਰ ਵਿੱਚ ਹੋਵੇ ਖੁਸ਼ਹਾਲੀ
ਮੰਦਹਾਲੀ ਦੇ ਹਾਲਾਤਾਂ ਤੋਂ ਬਚਾਈਂ
ਪੁੱਟ ਦੇਵੀਂ ਜੜ੍ਹ ਲੱਗੀ ਬੇਰੁਜ਼ਗਾਰੀ ਵਾਲੀ
ਸਾਰਿਆਂ ਨੂੰ ਕੰਮ ਧੰਦੇ ਲਾਈਂ...

ਗੰਢ ਦੇਵੀਂ ਰਿਸ਼ਤੇ ਜੋ ਟੁੱਟ ਗਏ ਸੀ ਕਿਸੇ ਗੱਲੋਂ
ਸੱਭ ਨਾਲ ਨੇੜਤਾ ਵਧਾਈਂ
ਹੋਵੇ ਨਾ ਕੋਈ ਨੰਗਾ ਤਨੋਂ, ਸੌਂਵੇਂ ਨਾ ਕੋਈ ਭੁੱਖਾ
ਰੋਟੀ ਸੱਭ ਨੂੰ ਦੋ ਟਾਈਮ ਦੀ ਖਵਾਈਂ...

ਸਾਰੀ ਦੁਨੀਆਂ ਦੇ ਵਿੱਚ ਸ਼ਾਂਤੀ ਹੋ ਜਾਵੇ ਰੱਬਾ
ਐਸੀ ਕੋਈ ਖੇਡ ਤੂੰ ਰਚਾਈਂ
ਮਿਟ ਜਾਵੇ ਨਫ਼ਰਤ ਧਰਮਾਂ ਤੇ ਜਾਤਾਂ ਵਾਲੀ
ਸੱਭ ਨੂੰ ਸੁਮੱਤ ਬਖ਼ਸ਼ਾਂਈਂ...

ਸਾਰਿਆਂ ਦੇ ਸੁਪਨੇ ਸਾਕਾਰ ਕਰੀਂ ਦੇਖੇ ਜਿਹੜੇ
ਕਾਮਯਾਬੀ ਸਭ ਨੂੰ ਦੁਆਈਂ
'ਦੂਹੜਿਆਂ ਦਾ ਖੁਸ਼ੀ' ਹੱਥ ਬੰਨ੍ਹ ਅਰਜੋਈ ਕਰੇ
ਸਾਰਿਆਂ ਦੇ ਬੇੜੇ ਬੰਨੇ ਲਾਈਂ....

ਕਰਾਂ ਮੈਂ ਖੁਸ਼ਆਮਦੀਦ 2024 ਤੈਨੂੰ
ਐਸਾ ਨਵਾਂ ਸੂਰਜ ਉਗਾਈਂ
ਮਿਟ ਜਾਵੇ ਨ੍ਹੇਰਾ ਦੁੱਖਾਂ, ਦਰਦਾਂ ਤੇ ਗ਼ਮੀਆਂ ਦਾ
ਖੁਸ਼ੀਆਂ ਦਾ ਚਾਨਣ ਵਰ੍ਹਾਈਂ.....



**ਖੁਸ਼ੀ ਮੁਹੰਮਦ 'ਚੱਠਾ'**

## ਚੌਂਵੀ ਨੂੰ ਸਤਿ ਸ੍ਰੀ ਅਕਾਲ !

ਚੰਦ ਅਤੇ ਸੂਰਜ ਬਣਾਈ ਜਾਂਦੇ ਰਾਤ-ਦਿਨ
ਆਈ ਜਾਣ ਰੁੱਤਾਂ ਕਦੇ ਗਰਮੀ ਸਿਆਲ ਜੀ।
ਹਫਤੇ ਮਹੀਨੇ ਰਲ-ਮਿਲ ਕੇ ਬਣਾਉਂਦੇ ਸਾਲ
ਆਦਿ ਕਾਲ ਤੋਂ ਹੀ ਲੀਲ੍ਹਾ ਬਣੀ ਏ ਕਮਾਲ ਜੀ।
'ਟਿੱਕ ਟਿੱਕ' ਘੜੀ ਵਾਲੀ ਦੇਂਦੀ ਏ ਚਿਤਾਵਨੀ
ਪਲਾਂ ਦਾ 'ਵਰਤਮਾਨ' ਬਣੇ 'ਭੂਤ-ਕਾਲ' ਜੀ।
ਸੂਰਜ ਪਿਆਰਾ ਨਿੱਘਾ ਲਗਦਾ ਸਿਆਲ ਵਿੱਚ
ਰੋਹੀ ਵਿੱਚ ਕਰਦਾ ਏ ਜਿਊਣਾ ਈ ਮੁਹਾਲ ਜੀ।
ਪਹਿਲਾਂ ਨਾਲੋਂ 'ਵੱਖਰਾ' ਕਰਕੇ ਦਿਖਾਈਏ ਕੁੱਝ
ਨਫਰਤਾਂ ਤੇ ਸਾੜੇ ਵਾਲੇ ਲਾਹੀਏ 'ਜੰਗਾਲ' ਜੀ।
'ਬਾਏ ਬਾਏ' ਜਾਂਦੇ ਹੋਏ 'ਤੇਈ' ਵੱਲ ਕਰਕੇ 'ਤੇ
'ਚੌਂਵੀ' ਤਾਈਂ ਆਖੀਏ 'ਸਤਿ ਸ੍ਰੀ ਅਕਾਲ' ਜੀ!



**ਤਰਲੋਚਨ ਸਿੰਘ 'ਦੁਪਾਲ ਪੁਰ'**
78146-92724

## ਨਵੇਂ ਸਾਲ ਦੀਆਂ ਵਧਾਈਆਂ

ਕੀ ਬੀਤਿਆ ਕਿਵੇਂ ਬੀਤਿਆ ਸਭ ਜਾਣਦੇ ਹੋ ਤੁਸੀਂ
ਗੱਲਾਂ ਨਵੇਂ ਸਾਲ ਦੀਆਂ ਕੀ ਕੀ ਕਰੀਏ ਅਸੀਂ
ਹਾਲ ਦੇਖੋ ਜਨਤਾ ਦਾ ਪਾਉਂਦਾ ਹੈ ਦੁਹਾਈਆਂ
ਕਿਵੇਂ ਦੇ ਦਈਏ ਨਵੇਂ ਸਾਲ ਦੀਆਂ ਵਧਾਈਆਂ.....

ਸਭ ਤੋਂ ਵੱਡੀ ਮਾਰ ਮਹਿੰਗਾਈ ਦੀ ਸਭ ਨੂੰ ਡੰਗੇ
ਉਹ ਇੱਥੇ ਕੀ ਕਰਨਗੇ ਜੋ ਜੇਬੋਂ ਹੀ ਨੰਗੇ
ਫਿਰ ਵੀ ਹਨ ਆਸਾਂ ਇਧਰ ਉਧਰ ਲਾਈਆਂ
ਕਿਵੇਂ ਦੇ ਦਈਏ ਨਵੇਂ ਸਾਲ ਦੀਆਂ ਵਧਾਈਆਂ......

ਸਰਕਾਰਾਂ ਆਖਣ ਸਭ ਤੋਂ ਪਹਿਲਾਂ ਤੱਕੀਏ ਅਸੀਂ ਗਰੀਬ
ਇਸ ਤੋਂ ਵੱਡੇ ਹੋਰ ਸਾਡੇ ਹੋਣਗੇ ਦੱਸੋ ਕੀ ਨਸੀਬ
ਸਾਡੇ ਤੱਕ ਨਾ ਪੁੱਜਣ ਸਕੀਮਾਂ ਜੋ ਸਾਡੇ ਲਈ ਹੀ ਬਣਾਈਆਂ
ਕਿਵੇਂ ਦੇ ਦੇਈਏ ਨਵੇਂ ਸਾਲ ਦੀਆਂ ਵਧਾਈਆਂ.....

ਧਰਮ ਦੇ ਨਾਂ ਤੇ ਹੀ ਸਰਮਾਇਆ 'ਕੱਠਾ ਕਰਦੇ
ਇੱਕ ਪਾਸੇ ਭੁੱਖਣ ਭਾਣੇ ਲੋਕੀ ਦੇਖੇ ਮਰਦੇ
ਗੁਰਦੁਆਰੇ ਮੰਦਰਾਂ ਵਿੱਚੋਂ ਖਾਨਾਂ ਸੋਨੇ ਦੀਆਂ ਥਿਆਈਆਂ
ਕਿਵੇਂ ਦੇ ਦੇਈਏ ਨਵੇਂ ਸਾਲ ਦੀਆਂ ਵਧਾਈਆਂ.....

ਨਸ਼ਿਆਂ ਦੇ ਵਿੱਚ ਨਵੀਂ ਪੀੜੀ ਹੋਈ ਪਈ ਗ਼ਲਤਾਨ
ਨੇਤਾ ਜੀ ਕਹਿਣ ਆਹ ਚੱਕੋ ਕਰੋ ਵੋਟਾਂ ਦਾ ਭੁਗਤਾਨ
ਵੋਟਾਂ ਵੇਲੇ ਨਸ਼ਿਆਂ ਦੀਆਂ ਭਰ ਭਰ ਗੱਡੀਆਂ ਆਈਆਂ
ਕਿਵੇਂ ਦੇ ਦੇਈਏ ਨਵੇਂ ਸਾਲ ਦੀਆਂ ਵਧਾਈਆਂ...

ਹੁਣ ਤੱਕ ਜੋ ਹੋਏ ਘਟਾਲੇ ਅੱਗੇ ਵੀ ਨੇ ਇਹ ਹੋਣੇ
ਸਾਡੇ ਤਾਂ ਬਸ ਰਹਿਣੇ ਨੇ ਇਸੇ ਤਰ੍ਹਾਂ ਹੀ ਰੋਣੇ ਧੋਣੇ
ਲੁੱਟ ਖਜਾਨੇ ਫਾਈਵ ਸਟਾਰ ਜੇਲਾਂ ਚ ਰਾਤਾਂ ਬਿਤਾਈਆਂ
ਕਿਵੇਂ ਦੇ ਦੇਈਏ ਨਵੇਂ ਸਾਲ ਦੀਆਂ ਵਧਾਈਆਂ.....

ਲਿਖਣ ਸਾਹਿਤ ਅਸਲੀਲ ਗਾਉਂਦੇ ਗੀਤ ਨੇ ਗੰਦੇ
ਲੋਕਾਂ ਦੇ ਗਲ ਪੈਂਦੇ ਦਿਸਣ ਨਾ ਇਹਨਾਂ ਨੂੰ ਫੰਦੇ
ਪੰਜਾਬੀ ਸੱਭਿਆਚਾਰ ਚ ਨੰਗੀਆਂ ਕੁੜੀਆਂ ਨਚਾਈਆਂ
ਕਿਵੇਂ ਦੇ ਦੇਈਏ ਨਵੇਂ ਸਾਲ ਦੀਆਂ ਵਧਾਈਆਂ....

ਨਸ਼ਿਆਂ ਦੇ ਨਾਲ ਮਰੇ ਜਵਾਨੀ ਨਾ ਕੋਈ ਇਹ ਤੱਕੇ
ਨਸ਼ਿਆਂ ਵਾਲੇ ਮਾਮਲੇ ਸੁਣ ਰਹਿ ਜਾਈਏ ਹੱਕੇ ਬੱਕੇ
ਸਰਕਾਰਾਂ ਲੀਡਰ ਪੁਲਿਸ ਨੇ ਜੋਟੀਆਂ ਪਾਈਆਂ
ਕਿਵੇਂ ਦੇ ਦੇਈਏ ਨਵੇਂ ਸਾਲ ਦੀਆਂ ਵਧਾਈਆਂ....

ਵਿਦੇਸ਼ ਤੁਰਗੀ ਨੌਜਵਾਨੀ ਵਿਸਾਰਿਆ ਹੈ ਪੰਜਾਬ
ਨਾ ਹੋ ਰਿਹਾ ਫੁੱਲ ਉਹ ਨਾ ਹੀ ਰਿਹਾ ਗੁਲਾਬ
ਹਾਲੇ ਕਹਿਣ ਭਈਆਂ ਨੇ ਕਿਉਂ ਇੱਥੇ ਮੰਜੀਆਂ ਡਾਹੀਆਂ
ਕਿਵੇਂ ਦੇ ਦੇਈਏ ਨਵੇਂ ਸਾਲ ਦੀਆਂ ਵਧਾਈਆਂ....

ਵਿਕਾਸ ਦੇ ਨਾਮ ਉੱਤੇ ਜਨਤਾ ਗਈ ਹੈ ਲੁੱਟੀ
ਇਕੱਲੀ ਜਨਤਾ ਲੁੱਟੀ ਨਹੀਂ ਰੱਜ ਰੱਜ ਹੈ ਕੁੱਟੀ
ਸਰਕਾਰੀ ਖਜ਼ਾਨੇ ਵਿੱਚੋਂ ਲੀਡਰ ਕਰਦੇ ਐਸ਼ ਤੇ ਕਮਾਈਆਂ
ਕਿਵੇਂ ਦੇ ਦੇਈਏ ਨਵੇਂ ਸਾਲ ਦੀਆਂ ਵਧਾਈਆਂ......

ਵੋਟਾਂ ਵੇਲੇ ਹੋ ਜਾਂਦਾ ਹੈ ਮਾਹੌਲ ਸਭ ਪਾਸੇ ਹਸੀਨ
ਕਿਹਨੂੰ ਜਿੱਤਣਾ ਕੀਹਨੂੰ ਹਰਾਣਾ ਦੱਸੇ ਈ ਵੀ ਐਮ ਮਸ਼ੀਨ
ਹੁੰਦੀ ਬੇਈਮਾਨੀ ਤਾਂ ਹੀ ਪਰਚੀਆਂ ਨਾਲ ਨਾ ਵੋਟਾਂ ਪਾਈਆਂ
ਕਿਵੇਂ ਦੇ ਦੇਈਏ ਨਵੇਂ ਸਾਲ ਦੀਆਂ ਵਧਾਈਆਂ...

ਆਹੀ ਤਾਂ ਇੱਕ ਮੌਕਾ ਹੈ ਹੱਥ ਸਾਡੇ ਵਿੱਚ ਯਾਰੋ
ਜੋ ਵੀ ਗੱਲ ਹੱਕ ਸੱਚ ਦੀ ਕਰਦਾ ਕੱਢ ਕੇ ਪਾਸੇ ਮਾਰੋ
ਹਾਲੇ ਬਹੁਤ ਹਨ ਬਾਕੀ ਕੁਝ ਬੱਬੀ ਤੋਂ ਲਿਖਾਈਆਂ
ਕਿਵੇਂ ਦੇ ਦੇਈਏ ਨਵੇਂ ਸਾਲ ਦੀਆਂ ਵਧਾਈਆਂ.....

**ਬਲਬੀਰ ਸਿੰਘ ਬੱਬੀ**
700 910 7300

# ਜੇਈਈ ਮੇਨ 2024 ਨੂੰ ਕਲੀਅਰ ਕਰਨ ਲਈ ਮਜ਼ਬੂਤ ਮੈਮੋਰੀ ਲਈ ਪ੍ਰਭਾਵੀ ਰੀਵੀਜ਼ਨ ਤਕਨੀਕਾਂ ਮਹੱਤਵਪੂਰਨ ਹਨ

ਕਈ ਵਾਰ ਵਿਦਿਆਰਥੀਆਂ ਨੂੰ ਮਹੱਤਵਪੂਰਨ ਫਾਰਮੂਲੇ ਅਤੇ ਸੰਕਲਪਾਂ ਨੂੰ ਬਰਕਰਾਰ ਰੱਖਣ ਦੇ ਯੋਗ ਨਾ ਹੋਣ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇਈਈ ਮੇਨ 2024 ਨੂੰ ਪਾਸ ਕਰਨ ਲਈ ਮਜ਼ਬੂਤ ਮੈਮੋਰੀ ਦਾ ਹੋਣਾ ਮਹੱਤਵਪੂਰਨ ਹੈ। ਰਸਾਇਣ ਵਿਗਿਆਨ ਵਿੱਚ ਆਵਰਤੀ ਸਾਰਣੀ ਵਰਗੇ ਗੁੰਝਲਦਾਰ ਵਿਸ਼ਿਆਂ ਨੂੰ ਯਾਦ ਕਰਨਾ ਚੁਣੌਤੀਪੂਰਨ ਹੋ ਸਕਦਾ ਹੈ। ਜੇਈਈ ਮੇਨ 2024 ਨੂੰ ਆਸਾਨ ਬਣਾਉਣ ਲਈ ਸੁਝਾਅ ਦੇਖੋ: ਰਸਾਇਣ ਵਿਗਿਆਨ ਵਿੱਚ ਪੀਰੀਅਡਿਕ ਟੇਬਲ ਵਰਗੇ ਗੁੰਝਲਦਾਰ ਵਿਸ਼ਿਆਂ ਨੂੰ ਯਾਦ ਕਰਨਾ ਚੁਣੌਤੀਪੂਰਨ ਹੋ ਸਕਦਾ ਹੈ ਸੰਯੁਕਤ ਪ੍ਰਵੇਸ਼ ਪ੍ਰੀਖਿਆ ਨੂੰ ਅੰਡਰਗ੍ਰੈਜੁਏਟ ਪੱਧਰ 'ਤੇ ਸਭ ਤੋਂ ਮੁਸ਼ਕਲ ਪ੍ਰੀਖਿਆਵਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਸ ਨੂੰ ਗੁੰਝਲਦਾਰ ਵਿਗਿਆਨਕ ਅਤੇ ਗਣਿਤਿਕ ਸੰਕਲਪਾਂ ਦੀ ਸੂਖਮ ਸਮਝ ਦੀ ਲੋੜ ਹੈ। ਇਸ ਇਮਤਿਹਾਨ ਵਿੱਚ ਸਫਲਤਾ ਯਕੀਨੀ ਬਣਾਉਣ ਲਈ, ਵਿਦਿਆਰਥੀਆਂ ਨੂੰ ਨਾ ਸਿਰਫ਼ ਇਹਨਾਂ ਸੰਕਲਪਾਂ ਨੂੰ ਸਿੱਖਣ ਦੀ ਲੋੜ ਹੁੰਦੀ ਹੈ ਸਗੋਂ ਆਪਣੇ ਗਿਆਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਬਰਕਰਾਰ ਰੱਖਣ ਦੀ ਵੀ ਲੋੜ ਹੁੰਦੀ ਹੈ। ਇਸ ਸਬੰਧ ਵਿੱਚ, ਅਸੀਂ ਜੇਈਈ ਲਈ ਪ੍ਰਭਾਵੀ ਸੰਸ਼ੋਧਨ ਤਕਨੀਕਾਂ 'ਤੇ ਇੱਕ ਵਿਆਪਕ ਗਾਈਡ ਤਿਆਰ ਕੀਤੀ ਹੈ ਤਾਂ ਜੋ ਵਿਦਿਆਰਥੀਆਂ ਨੂੰ ਇਮਤਿਹਾਨ ਨੂੰ ਤੋੜਨ ਦੀਆਂ ਸੰਭਾਵਨਾਵਾਂ ਨੂੰ ਵਧਾਉਣ ਦੀ ਇਜਾਜ਼ਤ ਦਿੱਤੀ ਜਾ ਸਕੇ। ਗੁੰਝਲਦਾਰ ਵਿਸ਼ਿਆਂ ਨੂੰ ਤੋੜੋ ਰਸਾਇਣ ਵਿਗਿਆਨ ਵਿੱਚ ਆਵਰਤੀ ਸਾਰਣੀ ਵਰਗੇ ਗੁੰਝਲਦਾਰ ਵਿਸ਼ਿਆਂ ਨੂੰ ਯਾਦ ਕਰਨਾ ਚੁਣੌਤੀਪੂਰਨ ਹੋ ਸਕਦਾ ਹੈ। ਹਾਲਾਂਕਿ, ਤੁਸੀਂ ਇਸਨੂੰ ਛੋਟੇ ਟੁਕੜਿਆਂ ਵਿੱਚ ਵੰਡ ਕੇ ਇਸਨੂੰ ਹੋਰ ਪ੍ਰਬੰਧਨਯੋਗ ਬਣਾ ਸਕਦੇ ਹੋ। ਇੱਕ ਵਾਰ ਵਿੱਚ ਪੂਰੀ ਸਾਰਣੀ ਨੂੰ ਸਿੱਖਣ ਦੀ ਕੋਸ਼ਿਸ਼ ਕਰਨ ਦੀ ਬਜਾਏ, ਵੱਖਰੇ ਸਮੂਹਾਂ ਜਾਂ ਤੱਤਾਂ ਦੇ ਬਲਾਕਾਂ ਨੂੰ ਯਾਦ ਕਰਨ 'ਤੇ ਧਿਆਨ ਕੇਂਦਰਤ ਕਰੋ। ਇਹ ਪਹੁੰਚ ਤੁਹਾਨੂੰ ਆਵਰਤੀ ਸਾਰਣੀ ਨੂੰ ਬਿਹਤਰ ਤਰੀਕੇ ਨਾਲ ਸਮਝਣ ਅਤੇ ਯਾਦ ਨੂੰ ਹੋਰ ਲਾਭਦਾਇਕ ਬਣਾਉਣ ਵਿੱਚ ਮਦਦ ਕਰੇਗੀ। ਸੰਖੇਪ ਸ਼ਬਦ ਬਣਾਓ ਸੰਬੰਧਿਤ ਵਿਸ਼ਿਆਂ ਨੂੰ ਯਾਦ ਰੱਖਣਾ ਜਿਵੇਂ ਕਿ ਤਿਕੋਣਮਿਤੀ ਅਨੁਪਾਤ (sin, cos, tan ) ਇੱਕ ਮੁਸ਼ਕਲ ਕੰਮ ਹੋ ਸਕਦਾ ਹੈ। ਹਾਲਾਂਕਿ, ਸੰਖੇਪ ਵਾਕ ਬਣਾਉਣਾ ਜਾਣਕਾਰੀ ਨੂੰ ਇੱਕ ਯਾਦਗਾਰੀ ਵਾਕਾਂਸ਼ ਵਿੱਚ ਰੂਪ ਦੇ ਕੇ ਕੰਮ ਦੀ ਸਹੂਲਤ ਦੇ ਸਕਦਾ ਹੈ। ਉਦਾਹਰਨ ਲਈ, ÷ਕੁਝ ਪੁਰਾਣੇ ਘੋੜੇ ਹਮੇਸ਼ਾ ਆਪਣੇ ਮਾਲਕਾਂ ਦੀ ਪਹੁੰਚ ਸੁਣ ਸਕਦੇ ਹਨ÷ ਵਰਗਾ ਵਾਕ ਬਣਾਉਣਾ ਤੁਹਾਨੂੰ ਤਿਕੋਣਮਿਤੀ ਅਨੁਪਾਤ ਨੂੰ ਤੇਜ਼ੀ ਨਾਲ ਸਮਝਣ ਵਿੱਚ ਮਦਦ ਕਰ ਸਕਦਾ ਹੈ। ਫਾਰਮੂਲੇ ਲਈ ਯਾਦ ਵਿਗਿਆਨ ਜਦੋਂ ਭੌਤਿਕ ਵਿਗਿਆਨ ਅਤੇ ਗਣਿਤ ਦੇ ਫਾਰਮੂਲਿਆਂ ਨੂੰ ਯਾਦ ਕਰਨ ਦੀ ਗੱਲ ਆਉਂਦੀ ਹੈ ਤਾਂ ਮੈਮੋਨਿਕਸ ਇੱਕ ਸ਼ਕਤੀਸ਼ਾਲੀ ਸਾਧਨ ਵਜੋਂ ਆ ਸਕਦਾ ਹੈ। ਹਰ ਇੱਕ ਫਾਰਮੂਲੇ ਦੇ ਵੱਖੋ-ਵੱਖਰੇ ਹਿੱਸਿਆਂ ਨਾਲ ਜੁੜੀਆਂ ਯਾਦਾਂ ਸੰਬੰਧੀ ਵਾਕਾਂਸ਼ਾਂ ਜਾਂ ਕਹਾਣੀਆਂ ਨੂੰ ਵਿਕਸਿਤ ਕਰਕੇ, ਕੋਈ ਵੀ ਜਟਿਲ ਸਮੀਕਰਨਾਂ ਨੂੰ ਤੇਜ਼ੀ ਨਾਲ ਸਿੱਖ ਸਕਦਾ ਹੈ। ਇਹ ਮਾਨਸਿਕ ਸ਼ਾਰਟਕੱਟ ਫਾਰਮੂਲੇ ਨੂੰ ਯਾਦ ਰੱਖਣ ਵਿੱਚ ਇੱਕ ਪ੍ਰਮੁੱਖ ਭੂਮਿਕਾ ਨਿਭਾਉਂਦੇ ਹਨ ਅਤੇ ਪ੍ਰੀਖਿਆ ਨੂੰ ਪਾਸ ਕਰਨ ਦੀਆਂ ਸੰਭਾਵਨਾਵਾਂ ਨੂੰ ਵਧਾ ਸਕਦੇ ਹਨ। ਕਲਰ ਕੋਡਿੰਗ ਦੀ ਵਰਤੋਂ ਕਰੋ ਵੱਖ-ਵੱਖ ਵਿਸ਼ਿਆਂ, ਵਿਸ਼ਿਆਂ ਜਾਂ ਫਾਰਮੂਲਿਆਂ ਦੀਆਂ ਕਿਸਮਾਂ ਨੂੰ ਖਾਸ ਰੰਗ ਨਿਰਧਾਰਤ ਕਰਨ ਨਾਲ ਵਿਜ਼ੂਅਲ ਐਸੋਸੀਏਸ਼ਨਾਂ ਬਣ ਸਕਦੀਆਂ ਹਨ ਜੋ ਜਾਣਕਾਰੀ ਨੂੰ ਯਾਦ ਰੱਖਣਾ ਅਤੇ ਸਹੀ ਢੰਗ ਨਾਲ ਲਾਗੂ ਕਰਨਾ ਆਸਾਨ ਬਣਾਉਂਦੀਆਂ ਹਨ। ਆਪਣੇ ਨੋਟਸ ਨੂੰ ਉਜਾਗਰ ਕਰਕੇ ਜਾਂ ਉਹਨਾਂ ਨੂੰ ਰੰਗਦਾਰ ਮਾਰਕਰਾਂ ਵਿੱਚ ਲਿਖ ਕੇ, ਤੁਸੀਂ ਮਹੱਤਵਪੂਰਨ ਵੇਰਵਿਆਂ ਨੂੰ ਯਾਦ ਕਰਨ ਦੀ ਆਪਣੀ ਯੋਗਤਾ ਨੂੰ ਵਧਾ ਸਕਦੇ ਹੋ, ਜਿਸ ਨਾਲ ਹੱਥ ਵਿੱਚ ਸਮੱਗਰੀ ਦੀ ਬਿਹਤਰ ਧਾਰਨਾ ਅਤੇ ਸਮਝ ਹੋ ਸਕਦੀ ਹੈ। ਆਪਣੀ ਸਿੱਖਿਆ ਨੂੰ ਜ਼ੁਬਾਨੀ ਬਣਾਓ ਸੰਕਲਪਾਂ ਅਤੇ ਫਾਰਮੂਲਿਆਂ ਦੀ ਬਿਹਤਰ ਸਮਝ ਅਤੇ ਬਰਕਰਾਰ ਰੱਖਣ ਲਈ, ਉਹਨਾਂ ਨੂੰ ਆਪਣੇ ਸ਼ਬਦਾਂ ਵਿੱਚ ਉੱਚੀ ਆਵਾਜ਼ ਵਿੱਚ ਸਮਝਾਉਣ ਦੀ ਕੋਸ਼ਿਸ਼ ਕਰੋ ਜਿਵੇਂ ਕਿ ਤੁਸੀਂ ਕਿਸੇ ਹੋਰ ਨੂੰ ਨਿਰਦੇਸ਼ ਦੇ ਰਹੇ ਹੋ। ਇਹ ਤੁਹਾਡੀ ਸਮਝ ਦੇ ਨਾਲ-ਨਾਲ ਬਾਅਦ ਵਿੱਚ ਜਾਣਕਾਰੀ ਨੂੰ ਯਾਦ ਕਰਨ ਦੀ ਤੁਹਾਡੀ ਯੋਗਤਾ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਦਾ ਹੈ। ਵਿਜ਼ੂਅਲ ਏਡਜ਼ ਦੀ ਵਰਤੋਂ ਕਰੋ ਵਿਜ਼ੂਅਲ ਏਡਜ਼, ਜਿਵੇਂ ਕਿ ਚਿੱਤਰ, ਫਲੋਚਾਰਟ, ਅਤੇ ਮਨ ਦੇ ਨਕਸ਼ੇ, ਗੁੰਝਲਦਾਰ ਵਿਸ਼ਿਆਂ ਨੂੰ ਸਰਲ ਬਣਾਉਣ ਵਿੱਚ ਇੱਕ ਲੰਮਾ ਸਫ਼ਰ ਤੈਅ ਕਰ ਸਕਦੇ ਹਨ। ਇਹ ਟੂਲ ਜਾਣਕਾਰੀ ਦੀ ਦ੍ਰਿਸ਼ਟੀਗਤ ਤੌਰ 'ਤੇ ਦਿਲਚਸਪ ਪੇਸ਼ਕਾਰੀ ਪ੍ਰਦਾਨ ਕਰਦੇ ਹਨ, ਇਸ ਨੂੰ ਹੋਰ ਸਮਝਣ ਯੋਗ ਅਤੇ ਯਾਦਗਾਰੀ ਬਣਾਉਂਦੇ ਹਨ। ਇਸ ਲਈ, ਤੁਹਾਡੇ ਸਿੱਖਣ ਦੇ ਨਤੀਜਿਆਂ ਨੂੰ ਵਧਾਉਣ ਲਈ ਅਧਿਐਨ ਕਰਦੇ ਸਮੇਂ ਵਿਜ਼ੂਅਲ ਏਡਜ਼ ਬਣਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਅਭਿਆਸ ਦੀਆਂ ਸਮੱਸਿਆਵਾਂ ਜੇਈਈ ਪ੍ਰੀਖਿਆ ਦੀ ਤਿਆਰੀ ਕਰਦੇ ਸਮੇਂ, ਅਭਿਆਸ ਦੀਆਂ ਸਮੱਸਿਆਵਾਂ ਨੂੰ ਹੱਲ ਕਰਨਾ ਮਹੱਤਵਪੂਰਨ ਹੁੰਦਾ ਹੈ। ਇਸਦੇ ਨਾਲ, ਤੁਸੀਂ ਨਾ ਸਿਰਫ ਸੰਕਲਪਾਂ ਦੀ ਆਪਣੀ ਸਮਝ ਨੂੰ ਸੁਧਾਰਦੇ ਹੋ ਬਲਕਿ ਉਸ ਗਿਆਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਹੁਨਰ ਵੀ ਵਿਕਸਿਤ ਕਰਦੇ ਹੋ। ਇਸ ਤੋਂ ਇਲਾਵਾ, ਇਕਸਾਰ ਅਭਿਆਸ ਮੈਮੋਰੀ ਧਾਰਨ ਦੀ ਸਹੂਲਤ ਵੀ ਦਿੰਦਾ ਹੈ, ਜਿਸ ਨਾਲ ਤੁਸੀਂ ਜਾਣਕਾਰੀ ਨੂੰ ਲੰਬੇ ਸਮੇਂ ਲਈ ਬਰਕਰਾਰ ਰੱਖ ਸਕਦੇ ਹੋਮਿਆਦ. ਸਮੂਹ ਅਧਿਐਨ ਸਮੂਹਿਕ ਚਰਚਾਵਾਂ ਵਿੱਚ ਸ਼ਾਮਲ ਹੋਣ ਅਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ ਨਾਲ, ਵਿਅਕਤੀ ਗੁੰਝਲਦਾਰ ਵਿਸ਼ਿਆਂ ਦੀ ਚੰਗੀ ਤਰ੍ਹਾਂ ਸਮਝ ਪ੍ਰਾਪਤ ਕਰਨ ਦੇ ਯੋਗ ਹੁੰਦੇ ਹਨ। ਇਸ ਤੋਂ ਇਲਾਵਾ, ਕਿਸੇ ਹੋਰ ਨੂੰ ਇੱਕ ਸੰਕਲਪ ਸਿਖਾਉਣ ਲਈ ਉੱਚ ਪੱਧਰ ਦੀ ਸਮਝ ਦੀ ਲੋੜ ਹੁੰਦੀ ਹੈ, ਜੋ ਬਦਲੇ ਵਿੱਚ ਤੁਹਾਡੇ ਆਪਣੇ ਗਿਆਨ ਅਤੇ ਯਾਦਦਾਸ਼ਤ ਨੂੰ ਮਜ਼ਬੂਤ ਕਰਦਾ ਹੈ। ਧਿਆਨ ਅਤੇ ਧਿਆਨ ਨੂੰ ਗਲੇ ਲਗਾਓ ਆਪਣੇ ਅਧਿਐਨ ਰੁਟੀਨ ਵਿੱਚ ਧਿਆਨ ਅਤੇ ਧਿਆਨ ਦੀਆਂ ਤਕਨੀਕਾਂ ਨੂੰ ਸ਼ਾਮਲ ਕਰਨਾ ਤਣਾਅ ਅਤੇ ਚਿੰਤਾ ਤੋਂ ਛੁਟਕਾਰਾ ਪਾਉਣ ਵਿੱਚ ਅਚਰਜ ਕੰਮ ਕਰ ਸਕਦਾ ਹੈ ਜੋ ਅਕਸਰ ਤੀਬਰ ਅਧਿਐਨ ਸੈਸ਼ਨਾਂ ਨਾਲ ਆਉਂਦੇ ਹਨ। ਧਿਆਨ ਦੇਣ ਦੇ ਅਭਿਆਸਾਂ ਲਈ ਛੋਟੇ ਬ੍ਰੇਕ ਨੂੰ ਯਕੀਨੀ ਬਣਾ ਕੇ, ਤੁਸੀਂ ਪ੍ਰਭਾਵਸ਼ਾਲੀ ਢੰਗ ਨਾਲ ਆਪਣੇ ਮਨ ਨੂੰ ਸ਼ਾਂਤ ਕਰ ਸਕਦੇ ਹੋ ਅਤੇ ਧਿਆਨ ਕੇਂਦਰਿਤ ਕਰਨ ਦੀ ਤੁਹਾਡੀ ਯੋਗਤਾ ਨੂੰ ਵਧਾ ਸਕਦੇ ਹੋ।



ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

# ਇੱਕੀਵੀਂ ਸਦੀ ਅਤੇ 'ਨਾਨਕਸ਼ਾਹੀ ਕੈਲੰਡਰ'

ਕੈਲੰਡਰ ਵਿਗਿਆਨ ਦਾ ਆਰੰਭ ਵੀ, ਇਸ ਧਰਤੀ ਤੇ ਇਨਸਾਨ ਦੇ ਹੋਸ਼ ਸੰਭਾਲਣ ਨਾਲ ਹੀ ਹੋ ਗਿਆ ਸੀ। ਕਦੇ ਇਨਸਾਨ ਨੂੰ ਵੀ ਦਿਨ ਦੇ ਚਾਨਣ ਅਤੇ ਰਾਤ ਦੇ ਅੰਧੇਰੇ ਦਾ ਹੀ ਗਿਆਨ ਸੀ। ਖਿਆਲ ਕਰੋ ਕਿ ਜਦੋਂ ਕਿਸੇ ਸਿਆਣੇ ਨੇ ਚੰਦ ਦੇ ਮੱਸਿਆ ਤੋਂ ਪੁੰਨਿਆ ਤੱਕ ਚਾਨਣੇ ਪੱਖ (ਸੁਦੀ ਪੱਖ) ਅਤੇ ਪੁੰਨਿਆ ਤੋਂ ਮੱਸਿਆ ਦੇ ਹਨੇਰੇ ਪੱਖ (ਵਦੀ ਪੱਖ) ਦੀ ਗਿਣਤੀ ਕਰਕੇ ਕੈਲੰਡਰ ਦਾ ਮੁੱਢ ਬੰਨਿਆਂ ਹੋਵੇਗਾ ਤਾਂ ਇਨਸਾਨ ਦੇ ਜੀਵਨ ਵਿੱਚ ਕਿੰਨੀ ਤਬਦੀਲੀ ਆਈ ਹੋਏਗੀ। ਇਸ ਵਿਚ ਕੋਈ ਸ਼ੱਕ ਨਹੀ ਕਿ ਸਭ ਤੋਂ ਪਹਿਲਾ ਚੰਦ ਅਧਾਰਤ ਕੈਲੰਡਰ ਹੀ ਹੋਂਦ ਵਿੱਚ ਆਇਆ ਸੀ। ਜਿਓ-ਜਿਓ ਮਨੁੱਖ ਨੇ ਤਰੱਕੀ ਕੀਤੀ ਅਤੇ ਮੌਸਮ ਸਬੰਧੀ ਜਾਣਕਾਰੀ ਵਿੱਚ ਵਾਧਾ ਹੋਇਆ ਤਾਂ ਸੂਰਜੀ ਕੈਲੰਡਰ ਹੋਂਦ ਵਿਚ ਆ ਗਏ। ਅੱਜ ਵੀ ਚੰਦ ਅਧਾਰਿਤ ਕੈਲੰਡਰ ਦਾ ਸ਼ੁੱਧ ਰੂਪ ਹਿਜਰੀ ਕੈਲੰਡਰ, ਇਸਲਾਮ ਧਰਮ ਵਿੱਚ ਪ੍ਰਚੱਲਤ ਹੈ। ਹਿੰਦੂ ਧਰਮ ਵਿੱਚ ਚੰਦਰ ਸੂਰਜੀ ਬਿਕ੍ਰਮੀ ਕੈਲੰਡਰ ਪ੍ਰਚੱਲਤ ਹੈ। ਭਾਵੇਂ ਇਹ ਕੋਈ ਧਾਰਮਿਕ ਵਿਸ਼ਾ ਨਹੀ ਹੈ ਫਿਰ ਵੀ ਇਸ ਦਾ ਧਰਮ ਨਾਲ ਗੂੜਾ ਸਬੰਧ ਹੈ। "Today each of the major religions has its own calendar which is used to programme its religious ceremonies, and it is almost as true to say that each calendar has its religion." (E.G.Richards, Mapping Time: The Calendar and Its History) ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ:- ਇਸ ਕੈਲੰਡਰ ਵਿੱਚ ਚੰਦ ਅਤੇ ਸੂਰਜੀ ਕੈਲੰਡਰ ਇਕੱਠੇ ਚਲਦੇ ਹਨ। ਚੰਦ ਧਰਤੀ ਦੇ ਦੁਆਲੇ ਘੁੰਮਦਾ ਹੈ ਇਹ ਚੱਕਰ 29.53 ਦਿਨ ਵਿੱਚ ਪੂਰਾ ਕਰਦਾ ਹੈ। ਚੰਦ ਦੇ ਸਾਲ ਵਿਚ 12 ਮਹੀਨੇ ਅਤੇ 354.37 ਦਿਨ ਹੁੰਦੇ ਹੈ। ਧਰਤੀ ਸੂਰਜ ਦੇ ਦੁਆਲੇ ਘੁੰਮਦੀ ਹੈ ਇਸ ਦਾ ਇਕ ਚੱਕਰ 365.2422 ਦਿਨ ਵਿਚ ਪੂਰਾ ਹੁੰਦਾ ਹੈ ਇਸ ਨੂੰ ਰੁੱਤੀ ਸਾਲ (Tropical year) ਕਹਿੰਦੇ ਹਨ। ਇਸ ਤੋਂ ਸਪੱਸ਼ਟ ਹੈ ਕੇ ਚੰਦ ਦਾ ਸਾਲ ਸੂਰਜੀ ਸਾਲ ਤੋਂ ਲੱਗ-ਭੱਗ 11 ਦਿਨ ਛੋਟਾ ਹੁੰਦਾ ਹੈ। ਹੁਣ ਜਦੋਂ ਇਕ ਸਾਲ ਵਿੱਚ 11 ਦਿਨ ਅਤੇ ਦੋ ਸਾਲਾ ਵਿਚ 22 ਦਿਨ , ਚੰਦ ਦਾ ਸਾਲ ਸੂਰਜੀ ਸਾਲ ਤੋਂ ਪਿਛੇ ਰਹਿ ਜਾਂਦਾ ਹੈ ਤਾ ਚੰਦ ਦੇ ਸਾਲ ਵਿੱਚ ਇਕ ਵਾਧੂ ਮਹੀਨਾ ਜੋੜ ਦਿੱਤਾ ਜਾਂਦਾ ਹੈ ਉਸ ਸਾਲ, ਚੰਦ ਦੇ ਸਾਲ ਦੇ 13 ਮਹੀਨੇ ਅਤੇ 384 ਦਿਨ ਹੁੰਦੇ ਹਨ। ਅਜੇਹਾ 19 ਸਾਲ ਵਿਚ 7 ਵਾਰ ਕੀਤਾ ਜਾਂਦਾ ਹੈ। ਇਸ ਸਾਲ (ਸੰਮਤ 2080 ਬਿਕ੍ਰਮੀ) ਵੀ ਚੰਦ ਦੇ ਸਾਲ ਦੇ 13 ਮਹੀਨੇ ਹਨ ਇਸ ਸਾਲ ਸਾਵਣ ਦੇ ਦੋ ਮਹੀਨੇ ਹਨ। ਤੇਰਵੇਂ ਮਹੀਨੇ ਨੂੰ ਮਲ ਮਾਸ ਕਿਹਾ ਜਾਂਦਾ ਹੈ ਇਸ 'ਚ ਕੋਈ ਸ਼ੁਭ ਕੰਮ ਨਹੀ ਕੀਤਾ ਜਾਂਦਾ। ਇਸ ਮਹੀਨੇ ਤੋਂ ਪਿਛੋਂ ਆਉਣ ਵਾਲੇ ਦਿਹਾੜੇ 18/19 ਦਿਨ, ਪਿਛਲੇ ਸਾਲ ਤੋਂ ਪੱਛੜ ਕੇ ਮਨਾਏ ਜਾਂਦੇ ਹਨ। ਜਿਵੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਪੋਹ ਸੁਦੀ 7 ਮੁਤਾਬਕ ਪਿਛਲੇ ਸਾਲ 29 ਦਸੰਬਰ ਨੂੰ ਮਨਾਇਆ ਗਿਆ ਸੀ। ਉਸ ਤੋਂ ਅੱਗਲਾ ਦਿਹਾੜਾ ਇਸ ਤੋਂ 11 ਦਿਨ ਪਹਿਲਾ ਭਾਵ 18 ਦਸੰਬਰ ਨੂੰ ਆਉਣਾ ਚਾਹੀਦਾ ਸੀ ਪਰ ਨਹੀਂ। ਕਿਉਂਕਿ ਇਸ ਸਾਲ ਚੰਦ ਦੇ ਸਾਲ ਦੇ 13 ਮਹੀਨੇ ਹਨ ਇਸ ਲਈ ਹੁਣ ਇਹ ਦਿਹਾੜਾ 17 ਜਨਵਰੀ 2024 ਨੂੰ ਆਵੇਗਾ। ਉਸ ਤੋਂ ਅੱਗਲਾ ਗੁਰਪੁਰਬ, ਇਸ ਤੋਂ 11 ਦਿਨ ਪਹਿਲਾ ਭਾਵ 6 ਜਨਵਰੀ 2025 ਅਤੇ ਉਸ ਤੋਂ ਅਗਲਾ 27 ਦਸੰਬਰ 2025 ਨੂੰ ਆਵੇਗਾ। ਸੰਮਤ 2083 ਬਿ: (2026 ਈ:) ਵਿੱਚ ਜੇਠ ਦਾ ਮਹੀਨਾ ਦੋ ਵਾਰੀ ਆਵੇਗਾ। ਇਸ ਕਾਰਨ ਗੁਰੂ ਜੀ ਦਾ ਪ੍ਰਕਾਸ਼ ਦਿਹਾੜਾ 15 ਜਨਵਰੀ 2027 ਈ: ਨੂੰ ਆਵੇਗਾ। ਇਸ ਕੈਲੰਡਰ ਮੁਤਾਬਕ ਇਕ ਦਿਨ ਵਿੱਚ, ਚੰਦ ਦਿਆਂ ਦੋ ਤਿੱਥਾਂ (ਦਿਨ) ਜਾਂ ਦੋ ਦਿਨਾਂ ਵਿੱਚ ਚੰਦ ਦੀ ਇਕ ਤਿੱਥ, ਅਕਸਰ ਹੀ ਆ ਜਾਂਦੀਆਂ ਹਨ। ਜਿਵੇ 14 ਜਨਵਰੀ (2024 ਈ:) ਚੰਦ ਦੀ ਪੋਹ ਵਦੀ 3 ਅਤੇ 4 ਇਕ ਦਿਨ ਹੀ ਹਨ। ਇਸ ਕਾਰਨ ਇਸ ਸਾਲ ਇਹ ਦਿਹਾੜਾ ਮੱਸਿਆ ਤੋਂ 7 ਵੇਂ ਦਿਨ ਨਹੀਂ, 6ਵੇਂ ਮਨਾਇਆ ਜਾਵੇਗਾ। ਇਸ ਤੋਂ ਉਲਟ ਜਨਵਰੀ 29 ਅਤੇ 30 ਨੂੰ ਦੋਵੇਂ ਦਿਨ ਮਾਘ ਵਦੀ 4 ਹੋਵੇਗੀ। ਅਜੇਹਾ ਹਰ ਮਹੀਨੇ ਹੁੰਦਾ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇ ਚੰਦ ਦੇ ਕੈਲੰਡਰ ਨੂੰ ਵੀ ਖਿੱਚ-ਧੂਹ ਕੇ ਸੂਰਜੀ ਕੈਲੰਡਰ ਦੇ ਨੇੜੇ ਤੇੜੇ ਹੀ ਕਰਨਾ ਪੈਣਾ ਹੈ ਤਾਂ ਕਿਉਂ ਨਾ ਸੂਰਜੀ ਕੈਲੰਡਰ ਹੀ ਵਰਤ ਲਿਆ ਜਾਵੇ? **ਸੂਰਜੀ ਬਿਕ੍ਰਮੀ ਕੈਲੰਡਰ:-** ਗੁਰੂ ਕਾਲ ਵੇਲੇ ਪ੍ਰਚੱਲਤ ਕੈਲੰਡਰ ਦੇ ਸਾਲ ਦੀ ਲੰਬਾਈ 365.2587 ਦਿਨ ਸੀ। ਸਾਲ ਦੀ ਇਹ ਲੰਬਾਈ ਰੁੱਤੀ ਸਾਲ ਦੀ ਲੰਬਾਈ (365.2422 ਦਿਨ) ਤੋਂ ਲੱਗ ਭੱਗ 24 ਮਿੰਟ ਵੱਧ ਹੋਣ ਕਾਰਨ ਇਹ 60 ਸਾਲ ਪਿਛੋਂ ਇਕ ਦਿਨ ਦਾ ਫਰਕ ਪੈ ਜਾਂਦਾ ਸੀ। ਨਵੰਬਰ 1964 ਵਿੱਚ ਸਾਲ ਦੀ ਇਸ ਲੰਬਾਈ 'ਚ ਸੋਧ ਕਰਕੇ, ਸਾਲ ਦੀ ਲੰਬਾਈ 365.2563 ਦਿਨ ਕਰ ਦਿੱਤੀ ਗਈ । ਹੁਣ ਵੀ ਸਾਲ ਦੀ ਇਹ ਲੰਬਾਈ ਵੀ ਰੁੱਤੀ ਸਾਲ ਤੋਂ ਲੱਗ ਭੱਗ 20 ਮਿੰਟ ਵੱਧ ਹੈ। ਹੁਣ ਇਹ 72 ਸਾਲ ਪਿਛੋਂ ਰੁੱਤੀ ਸਾਲ ਤੋਂ ਇਕ ਦਿਨ ਦਾ ਫਰਕ ਪੈ ਜਾਵੇਗਾ। ਇਸ ਕੈਲੰਡਰ ਦੇ ਮਹੀਨੇ ਦਾ ਅਰੰਭ (ਸੰਗਰਾਂਦ) ਉਸ ਦਿਨ ਹੁੰਦਾ ਹੈ ਜਦੋਂ ਸੂਰਜ ਇਕ ਰਾਸ਼ੀ ਤੋਂ ਦੂਜੀ ਰਾਸ਼ੀ ਵਿੱਚ ਪ੍ਰਵੇਸ਼ ਕਰਦਾ ਹੈ। ਮਹੀਨਿਆਂ ਦੇ ਅਰੰਭ ਦਾ ਦਿਨ ਅਤੇ ਦਿਨਾਂ ਦੀ ਗਿਣਤੀ, ਹਰ ਸਾਲ ਬਦਲਦੇ ਰਹਿੰਦੇ ਹਨ। ਬਿਕ੍ਰਮੀ ਕੈਲੰਡਰ ਮੁਤਾਬਕ ਦਿਨ ਦਾ ਅਰੰਭ ਸੂਰਜ ਦੇ ਚੜਣ ਵੇਲੇ ਹੁੰਦਾ ਹੈ। **ਨਾਨਕਸ਼ਾਹੀ ਕੈਲੰਡਰ:-** ਇਹ ਸੂਰਜੀ ਕੈਲੰਡਰ ਹੈ। ਇਸ ਦੇ ਸਾਲ ਦੀ ਲੰਬਾਈ 365.2425 ਦਿਨ ਹੈ। ਜੋ ਰੁੱਤੀ ਸਾਲ (365.2422 ਦਿਨ) ਦੇ ਬਹੁਤ ਹੀ ਨੇੜੇ ਹੈ। ਹੁਣ ਇਹ ਰੁੱਤੀ ਸਾਲ ਤੋਂ ਲੱਗ ਭੱਗ 3200 ਸਾਲ ਪਿਛੋਂ ਇਕ ਦਿਨ ਦਾ ਫਰਕ ਪਵੇਗਾ। ਇਸ ਦੇ ਮਹੀਨਿਆਂ ਦੇ ਅਰੰਭ ਅਤੇ ਮਹੀਨਿਆਂ ਦੇ ਦਿਨਾਂ ਦੀ ਗਿਣਤੀ, ਸਦਾ ਵਾਸਤੇ ਹੀ ਪੱਕੇ ਹਨ ਜਿਨ੍ਹਾਂ ਦਾ ਸੂਰਜ ਦੇ ਰਾਸ਼ੀ ਪ੍ਰਵੇਸ਼ ਨਾਲ ਕੋਈ ਵੀ ਸਬੰਧ ਨਹੀ ਹੈ। ਨਾਨਕ ਸ਼ਾਹੀ ਕੈਲੰਡਰ ਦੇ ਦਿਨ ਦਾ ਅਰੰਭ ਰਾਤ 12 ਵਜੇ ਤੋਂ ਹੁੰਦਾ ਹੈ। ਇਹ ਕੈਲੰਡਰ ਪੂਰੀ ਤਰ੍ਹਾਂ ਗੁਰਬਾਣੀ ਤੇ ਅਧਾਰਿਤ ਹੈ।

ਨਾਨਕਸ਼ਾਹੀ ਕੈਲੰਡਰ, ਕਨੇਡਾ ਨਿਵਾਸੀ ਸਿੱਖ ਵਿਦਵਾਨ ਸ. ਪਾਲ ਸਿੰਘ ਪੁਰੇਵਾਲ ਜੀ ਨੇ ਬਹੁਤ ਹੀ ਮਿਹਨਤ ਨਾਲ ਬਣਾਇਆ ਸੀ ਅਤੇ ਲੱਗ-ਭੱਗ ਇਕ ਦਹਾਕੇ ਦੀ ਸੋਚ ਵਿਚਾਰ ਤੋਂ ਪਿਛੋਂ ਸ਼੍ਰੋਮਣੀ ਕਮੇਟੀ ਨੇ 2003 ਈ: ਵਿੱਚ ਇਹ ਕੈਲੰਡਰ ਲਾਗੂ ਕੀਤਾ ਗਿਆ ਸੀ। ਦੇਸ-ਵਿਦੇਸ਼ ਦੀਆਂ ਸੰਗਤਾਂ ਨੇ ਇਸ ਨੂੰ ਖ਼ੁਸ਼ੀ-ਖ਼ੁਸ਼ੀ ਪ੍ਰਵਾਨ ਕਰ ਲਿਆ ਸੀ। ਅਚਾਨਕ ਹੀ 17 ਅਕਤੂਬਰ 2009 ਨੂੰ ਇਹ ਖ਼ਬਰ ਆ ਗਈ ਕਿ ਇਸ ਕੈਲੰਡਰ ਵਿੱਚ ਸੋਧ ਕਰਨ ਵਾਸਤੇ ਦੋ ਮੈਂਬਰੀ (ਹਰਨਾਮ ਸਿੰਘ ਧੁੰਮਾ ਅਤੇ ਅਵਤਾਰ ਸਿੰਘ ਮੱਕੜ) ਕਮੇਟੀ ਬਣਾਈ ਜਾ ਰਹੀ ਹੈ। ਇਸ ਕਮੇਟੀ ਨੇ ਚਾਰ ਦਿਹਾੜੇ, ਸ਼ਹੀਦੀ ਗੁਰੂ ਅਰਜਨ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਅਤੇ ਜੋਤੀ ਜੋਤ ਦਿਹਾੜਾ, ਅਤੇ ਗ੍ਰੰਥ ਸਾਹਿਬ ਨੂੰ ਗੁਰ ਗੱਦੀ ਦਿਵਸ, ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਭਾਵ ਵਦੀ-ਸੁਦੀ ਮੁਤਾਬਕ ਮਨਾਉਣ ਅਤੇ ਮਹੀਨੇ ਦੇ ਅਰੰਭ ਦੀ ਤਾਰੀਖ (ਸੰਗਰਾਂਦ) ਨੂੰ ਸੂਰਜ ਦੇ ਰਾਸ਼ੀ ਪ੍ਰਵੇਸ਼ ਦੀ ਤਾਰੀਖ ਨਾਲ ਨੱਥੀ ਕਰਨ ਦੀ ਸਿਫ਼ਾਰਿਸ਼ ਕਰ ਦਿੱਤੀ। 2014 ਈ: ਵਿੱਚ ਚੁਪ ਚੁਪੀਤੇ ਹੀ, ਬਾਕੀ ਗੁਰਪੁਰਬ ਵੀ ਵਦੀ-ਸੁਦੀ ਮੁਤਾਬਕ ਕਰ ਦਿੱਤੇ ਗਏ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਮਾਰਚ 2010 ਈ: ਵਿੱਚ ਜਾਰੀ ਕੀਤੇ ਗਏ ਕੈਲੰਡਰ ਦਾ ਨਾਮ ਨਾਨਕਸ਼ਾਹੀ ਹੀ ਰੱਖਿਆ ਗਿਆ ਹੈ ਪਰ ਸਾਲ ਦੀ ਲੰਬਾਈ 365.2563 ਦਿਨ ਮੰਨੀ ਗਈ ਹੈ। ਮਹੀਨੇ ਦਾ ਅਰੰਭ ਸੂਰਜ ਦੇ ਨਵੀਂ ਰਾਸ਼ੀ 'ਚ ਪ੍ਰਵੇਸ਼ ਨਾਲ, ਜਿਸ ਕਾਰਨ ਹਰ ਸਾਲ ਤਿੰਨ-ਚਾਰ ਸੰਗਰਾਂਦਾਂ ਅਤੇ ਮਹੀਨਿਆਂ ਦੇ ਦਿਨਾਂ ਦੀ ਗਿਣਤੀ ਬਦਲ ਜਾਂਦੀ ਹਨ। ਕੁਝ ਦਿਹਾੜੇ ਚੰਦ ਦੇ ਕੈਲੰਡਰ (354.37 ਦਿਨ) ਮੁਤਾਬਕ, ਕੁਝ ਦਿਹਾੜੇ ਸੂਰਜੀ ਬਿਕ੍ਰਮੀ ਕੈਲੰਡਰ (365.2563 ਦਿਨ) ਮੁਤਾਬਕ ਅਤੇ ਕੁਝ ਦਿਹਾੜੇ ਸੀ: ਈ: ਕੈਲੰਡਰ (365.2425 ਦਿਨ) ਮੁਤਾਬਕ ਦਰਜ ਕੀਤੇ ਜਾਂਦੇ ਹਨ। ਬਹੁਤੇ ਦਿਹਾੜਿਆਂ ਦੇ ਪ੍ਰਵਿਸ਼ਟੇ ਤਾਂ ਨਾਨਕਸ਼ਾਹੀ ਕੈਲੰਡਰ ਵਾਲੇ ਹੀ ਰੱਖੇ ਗਏ ਹਨ ਪਰ ਮਹੀਨੇ ਦਾ ਅਰੰਭ, ਸੂਰਜ ਦੇ ਨਵੀਂ ਰਾਸ਼ੀ 'ਚ ਪ੍ਰਵੇਸ਼ ਕਰਨ ਨਾਲ ਨੱਥੀ ਹੋਣ ਕਾਰਨ ਇਤਿਹਾਸਿਕ ਦਿਹਾੜਿਆਂ ਦੀਆਂ ਤਾਰੀਖਾਂ ਇਕ-ਦੋ ਦਿਨ ਅੱਗੜ-ਪਿੱਛੜ ਹੋ ਜਾਂਦੀਆਂ ਹਨ। ਸ਼੍ਰੋਮਣੀ ਕਮੇਟੀ ਵੱਲੋਂ ਜਾਰੀ ਕੀਤੇ ਗਏ ਸੰਮਤ 555 (2023-24 ਈ:) ਦੇ ਕੈਲੰਡਰ ਵਿੱਚ ਹੋਲਾ-ਮਹੱਲਾ ਦਰਜ ਨਹੀਂ ਹੈ।

| ਸੰਮਤ | ਬਿਕ੍ਰਮੀ ਕੈਲੰਡਰ | | ਨਾਨਕਸ਼ਾਹੀ ਕੈਲੰਡਰ | |
|---|---|---|---|---|
| 547 | 3 ਮਾਘ | 16 ਜਨਵਰੀ | 23 ਪੋਹ | 5 ਜਨਵਰੀ |
| 548 | 22 ਪੋਹ | 5 ਜਨਵਰੀ | 23 ਪੋਹ | 5 ਜਨਵਰੀ |
| 549 | 11 ਪੋਹ | 25 ਦਸੰਬਰ | 23 ਪੋਹ | 5 ਜਨਵਰੀ |
| 550 | 29 ਪੋਹ | 13 ਜਨਵਰੀ | 23 ਪੋਹ | 5 ਜਨਵਰੀ |
| 551 | 18 ਪੋਹ | 2 ਜਨਵਰੀ | 23 ਪੋਹ | 5 ਜਨਵਰੀ |
| 552 | 7 ਮਾਘ | 20 ਜਨਵਰੀ | 23 ਪੋਹ | 5 ਜਨਵਰੀ |
| 553 | 26 ਪੋਹ | 9 ਜਨਵਰੀ | 23 ਪੋਹ | 5 ਜਨਵਰੀ |
| 554 | 14 ਪੋਹ | 29 ਦਸੰਬਰ | 23 ਪੋਹ | 5 ਜਨਵਰੀ |
| 555 | 4 ਮਾਘ | 17 ਜਨਵਰੀ | 23 ਪੋਹ | 5 ਜਨਵਰੀ |
| 556 | 23 ਪੋਹ | 6 ਜਨਵਰੀ | 23 ਪੋਹ | 5 ਜਨਵਰੀ |

ਹੁਣ ਇਸ ਸਵਾਲ ਪੈਦਾ ਹੁੰਦਾ ਹੈ ਕਿ ਜੇ ਹਰ ਸਾਲ ਵੱਡੇ ਸਾਹਿਬਜ਼ਾਦਾ ਦਾ ਸ਼ਹੀਦੀ ਦਿਹਾੜਾ 8 ਪੋਹ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 13 ਪੋਹ ਨੂੰ ਮਨਾਇਆ ਜਾ ਸਕਦਾ ਹੈ ਤਾਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਹਰ ਸਾਲ 23 ਪੋਹ ਨੂੰ ਕਿਉ ਨਹੀਂ ਮਨਾਇਆ ਜਾ ਸਕਦਾ? ਹਰ ਸਾਲ ਗੁਰੂ ਜੀ ਦਾ ਪ੍ਰਕਾਸ਼ ਦਿਹਾੜਾ 23 ਪੋਹ ਨੂੰ ਮਨਾਉਣ ਨਾਲ, ਗੁਰਮਤਿ ਦੇ ਕਿਹੜੇ ਸਿਧਾਂਤ ਦੀ ਅਵੱਗਿਆ ਹੁੰਦੀ ਹੈ? ਖਾਲਸਾ ਜੀ ਜਾਗੋ! ਕੀ ਅਸੀਂ ਸਿਰਫ ਰਾਗੀਆਂ-ਢਾਡੀਆਂ ਤੋਂ ਇਤਿਹਾਸ ਸੁਣਕੇ, ਭੂਤ ਕਾਲ ਬਾਰੇ ਹੀ ਸੋਚਦੇ/ਪਛਤਾਉਂਦੇ ਰਹਾਂਗੇ? ਅਸੀਂ ਵਰਤਨਾਮ ਅਤੇ ਭਵਿੱਖ ਬਾਰੇ ਫਿਕਰਮੰਦ ਕਿਉਂ ਨਹੀਂ ਹੁੰਦੇ? ਕੀ ਅਸੀਂ ਫਰਜ਼ੀ ਰਾਸ਼ੀਆਂ ਨੂੰ ਮੁਖ ਰੱਖ ਕੇ ਬਣਾਏ ਕੈਲੰਡਰ ਦੇ ਮੁਤਾਬਕ ਚਲਣਾ ਹੈ ਜਾਂ ਅਕਾਲ ਪੁਰਖ ਦੇ ਹੁਕਮ ਵਿੱਚ ਧਰਤੀ ਵੱਲੋਂ ਸੂਰਜ ਦੁਆਲੇ ਇਕ ਚੱਕਰ ਪੂਰਾ ਕਰਨ ਦੇ ਸਮੇਂ ਮੁਤਾਬਕ, ਆਪਣੇ ਕੈਲੰਡਰ ਦਾ ਸਾਲ ਨਿਰਧਾਰਿਤ ਕਰਨਾ ਹੈ? ਅੱਜ ਸਿੱਖ ਕੌਮ ਦੁਨੀਆਂ ਭਰ ਵਿੱਚ ਫੈਲ ਚੁੱਕੀ ਹੈ। ਸਾਨੂੰ ਅਜੇਹੇ ਕੈਲੰਡਰ ਦੀ ਲੋੜ ਹੈ ਜਿਸ ਵਿੱਚ ਸਾਡੇ ਇਤਿਹਾਸਕ ਦਿਹਾੜਿਆਂ ਦੇ ਪ੍ਰਵਿਸ਼ਟੇ (ਤਾਰੀਖਾਂ) ਸਦਾ ਵਾਸਤੇ ਹੀ ਪੱਕੇ ਹੋਣ।



ਸਰਵਜੀਤ ਸਿੰਘ
ਸੈਕਰਾਮੈਂਟੋ
lsarbjits@gmail.com

# Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD